






Fourtheenth Year in Publication | ਨਿਊ ਯਾਰਕ ਐਡੀਸ਼ਨ | Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 14, Issue 10, March 9th, 2013 20451 N Plum Grove Rd. Palatine, IL 60074 Ph:847-359-0746, Fax:847-705-9388

# ਕੈਪਟਨ ਦੀ ਥਾਂ ਬਾਜਵਾ ਬਣੇ ਪੰਜਾਬ ਕਾਂਗਰਸ ਦੇ ਪ੍ਰਧਾਨ

## ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦੀਆਂ ਚੂਲਾਂ ਕੱਸਣ ਦੀ ਕਵਾਇਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੋਗਾ ਜ਼ਿਮਨੀ ਚੋਣ ਵਿਚ ਕਾਂਗਰਸ ਦੀ ਹਾਰ ਕੈਪਟਨ ਅਮਰਿੰਦਰ ਵਿਰੋਧੀ ਧੜਿਆਂ ਲਈ ਸ਼ੁਭ ਰਹੀ ਹੈ। ਇਸ ਹਾਰ ਤੋਂ ਬਾਅਦ ਪਾਰਟੀ ਵਿਚ ਪੈਦਾ ਹੋਈ ਖਿੱਚੋਤਾਣ ਨੂੰ ਵੇਖਦਿਆਂ ਕਾਂਗਰਸ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾ ਕੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਨਵਾਂ ਪ੍ਰਦੇਸ਼ ਪ੍ਰਧਾਨ ਥਾਪ ਦਿੱਤਾ ਹੈ। ਬਾਜਵਾ ਲੋਕ ਸਭਾ ਵਿਚ ਗੁਰਦਾਸਪੁਰ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਤੇ ਪਹਿਲਾਂ ਪੰਜਾਬ ਦੇ ਮੰਤਰੀ ਤੇ ਕੁੱਲ ਹਿੰਦ ਯੂਥ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ।

ਮੋਗਾ ਉਪ ਚੋਣ ਵਿਚ ਹਾਰਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਅੱਧੀ ਦਰਜਨ ਤੋਂ ਵੱਧ ਕਾਂਗਰਸ ਆਗੂਆਂ ਨੂੰ ਨੋਟਿਸ ਭੇਜ ਕੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੀ ਗ਼ੈਰਹਾਜ਼ਰੀ ਤੇ ਲਾਪ੍ਰਵਾਹੀ ਕਾਰਨ ਹੀ ਪਾਰਟੀ ਨੂੰ ਇੰਨੀ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਦੋ ਲੋਕ ਸਭਾ ਮੈਂਬਰਾਂ-ਮਹਿੰਦਰ ਸਿੰਘ ਕੇ.ਪੀ. ਤੇ ਸ੍ਰੀਮਤੀ ਸੰਤੋਸ਼ ਚੌਧਰੀ, ਸਾਬਕਾ ਮੰਤਰੀ ਅਵਤਾਰ ਹੈਨਰੀ, ਵਿਧਾਇਕ ਬ੍ਰਹਮ ਮਹਿੰਦਰਾ, ਰਾਜੇਸ਼ ਪਾਂਡੇ ਤੇ ਰਣਦੀਪ ਸਿੰਘ ਨਾਭਾ ਨੂੰ ਨੋਟਿਸ ਭੇਜੇ ਸਨ। ਇਨ੍ਹਾਂ ਆਗੂਆਂ ਨੇ ਨੋਟਿਸ ਭੇਜਣ 'ਤੇ ਸਖ਼ਤ ਇਤਰਾਜ਼ ਕਰਦਿਆਂ ਕੈਪਟਨ ਉਤੇ ਹੀ ਸਵਾਲਾਂ ਦੀ ਵਾਛੜ ਕਰ ਦਿੱਤੀ ਸੀ ਜਿਸ ਤੋਂ ਬਾਅਦ ਮੀਡੀਆ ਵਿਚ ਇਹ ਚਰਚਾ ਵੀ ਸ਼ੁਰੂ ਹੋ ਗਈ ਸੀ ਕਿ ਕੁਝ ਹੋਰ ਕਾਂਗਰਸੀ ਵਿਧਾਇਕ ਅਕਾਲੀ ਦਲ ਦੇ ਲੜ ਲੱਗਣ ਵਾਲੇ ਹਨ। ਇਨ੍ਹਾਂ ਰਿਪੋਰਟਾਂ ਤੋਂ ਬਾਅਦ ਹੀ ਹਾਈ ਕਮਾਨ ਨੇ ਕੈਪਟਨ ਤੋਂ ਕਪਤਾਨੀ ਖੋਹਣ ਦਾ ਸਖ਼ਤ ਫੈਸਲਾ ਕੀਤਾ।

ਜ਼ਿਕਰਯੋਗ ਹੈ ਕਿ ਇਕ ਦਹਾਕੇ ਤੋਂ ਕਾਂਗਰਸ ਨੂੰ ਮਿਲੀ ਹਾਰ-ਦਰ-ਹਾਰ ਦਾ ਭਾਂਡਾ ਕੈਪਟਨ ਅਮਰਿੰਦਰ ਸਿੰਘ ਸਿਰ ਭੱਜ ਰਿਹਾ ਸੀ। ਉਨ੍ਹਾਂ ਦੇ 'ਸ਼ਾਹੀ' ਅਤੇ 'ਧੱਕੜ' ਰਵੱਈਏ ਤੋਂ ਬਹੁਤੇ ਕਾਂਗਰਸੀ ਖ਼ਫ਼ਾ ਸਨ। ਉਨ੍ਹਾਂ ਉਤੇ ਇਹ ਵੀ ਦੋਸ਼ ਲੱਗਦੇ ਰਹੇ ਹਨ ਕਿ ਉਹ ਮਹਿਲਾਂ ਵਿਚ ਬੈਠ ਕੇ ਹੀ ਸਿਆਸਤ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ



ਪ੍ਰਤਾਪ ਸਿੰਘ ਬਾਜਵਾ



ਕੈਪਟਨ ਅਮਰਿੰਦਰ ਸਿੰਘ

ਦਾ ਆਮ ਲੋਕਾਂ ਨਾਲ ਕੋਈ ਸਰੋਕਾਰ ਨਹੀਂ। ਕੈਪਟਨ ਖ਼ਿਲਾਫ਼ ਬੇਸ਼ੱਕ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮਿਲੀ ਅਣਕਿਆਸੀ ਹਾਰ ਤੋਂ ਬਾਅਦ ਹੀ ਬਗਾਵਤ ਉਠ ਖੜ੍ਹੀ ਸੀ, ਪਰ ਹਾਈ ਕਮਾਨ ਨੂੰ ਪੰਜਾਬ ਵਿਚ ਉਨ੍ਹਾਂ ਦੇ ਮੇਚ ਦਾ ਕੋਈ ਹੋਰ ਆਗੂ ਦਿਖਾਈ ਨਹੀਂ ਸੀ ਦੇ ਰਿਹਾ ਜਿਹੜਾ ਅਕਾਲੀਆਂ ਨੂੰ ਖੁੱਲ੍ਹੀ ਵੰਗਾਰ ਦੇ ਸਕੇ। ਪੰਜਾਬ ਕਾਂਗਰਸ ਦਾ ਵਿਰੋਧੀ ਧੜਾ ਲਗਾਤਾਰ ਹਾਈ ਕਮਾਨ 'ਤੇ ਕੈਪਟਨ ਨੂੰ ਲਾਂਭੇ ਕਰਨ ਲਈ ਦਬਾਅ ਪਾ ਰਿਹਾ ਸੀ ਪਰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਇਸ ਮਾਮਲੇ ਨੂੰ ਟਾਲਦੇ ਆ ਰਹੇ ਸਨ।

ਮੋਗਾ ਵਿਧਾਨ ਸਭਾ ਚੋਣ ਵਿਚ ਕਾਂਗਰਸ ਦੀ ਕਰਾਰੀ ਹਾਰ ਅਤੇ ਉਸ ਮਗਰੋਂ ਕੈਪਟਨ ਵੱਲੋਂ ਵਿਰੋਧੀ ਧੜੇ ਦੇ ਕੁਝ ਆਗੂਆਂ ਖ਼ਿਲਾਫ਼ ਸਖਤ ਰਵੱਈਆ ਅਪਨਾਉਣ ਕਰ ਕੇ ਪੰਜਾਬ ਕਾਂਗਰਸ ਵਿਚ ਖਿੱਚੋਤਾਣ ਸਿਖਰ 'ਤੇ ਪਹੁੰਚ ਗਈ। ਕਾਂਗਰਸੀ ਆਗੂਆਂ ਵੱਲੋਂ ਇਕ-ਦੂਜੇ ਖ਼ਿਲਾਫ਼ ਕੀਤੀ ਦੂਸ਼ਣਬਾਜ਼ੀ ਤੋਂ ਲੱਗਣ ਲੱਗਾ ਕਿ ਪਾਰਟੀ ਦੋਫਾੜ ਹੋ ਜਾਵੇਗੀ ਅਤੇ ਹੋਰ ਕਾਂਗਰਸੀ ਆਗੂ ਅਕਾਲੀ ਦਲ ਦੀ ਛਤਰ-ਛਾਇਆ ਹੇਠ ਜਾ ਸਕਦੇ ਹਨ। ਇਨ੍ਹਾਂ ਰਿਪੋਰਟਾਂ ਤੋਂ ਬਾਅਦ ਹਾਈ ਕਮਾਨ ਨੇ ਅਮਰਿੰਦਰ ਸਿੰਘ ਤੋਂ ਕਪਤਾਨੀ ਖੋਹਣ ਦਾ ਕੌੜਾ ਫੈਸਲਾ ਕਰ ਲਿਆ।

ਇਸੇ ਦੌਰਾਨ ਹਾਈ ਕਮਾਨ ਨੇ ਰਾਜਸਥਾਨ ਦੇ ਸੰਸਦ ਮੈਂਬਰ ਹਰੀਸ਼ ਚੌਧਰੀ ਨੂੰ ਕੁਲ ਹਿੰਦ ਕਾਂਗਰਸ ਕਮੇਟੀ ਦਾ ਸਕੱਤਰ ਥਾਪਣ ਤੋਂ ਇਲਾਵਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮਾਮਲਿਆਂ ਦਾ ਇੰਚਾਰਜ ਵੀ ਥਾਪਿਆ ਹੈ ਅਤੇ ਜੰਮੂ ਦੇ ਨੇਤਾ ਗੁਲਚੈਨ ਸਿੰਘ ਚੜ੍ਹਕ ਤੋਂ ਇਹ ਜ਼ਿੰਮੇਵਾਰੀ ਵਾਪਸ ਲੈ ਲਈ ਹੈ।

ਕਾਂਗਰਸ ਸੂਤਰਾਂ ਅਨੁਸਾਰ ਬਾਜਵਾ ਦੀ ਚੋਣ ਤਿੰਨ ਕਾਰਨਾਂ ਕਰਕੇ ਕੀਤੀ ਗਈ। ਪਹਿਲਾ ਇਹ

(ਬਾਕੀ ਸਫਾ 6 'ਤੇ)

# ਕਈ ਇਤਿਹਾਸ ਸਿਰਜ ਗਈ ਮੋਗੇ ਵਾਲੀ ਚੋਣ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੋਗਾ ਜ਼ਿਮਨੀ ਚੋਣ ਕਈ ਗੱਲਾਂ ਕਰ ਕੇ ਇਤਿਹਾਸ ਬਣ ਗਈ ਹੈ। ਇਸ ਚੋਣ ਵਿਚ ਮਿਲੀ ਹਾਰ ਕਾਰਨ ਜਿੱਥੇ ਕੈਪਟਨ ਅਮਰਿੰਦਰ ਸਿੰਘ ਤੋਂ ਪੰਜਾਬ ਕਾਂਗਰਸ ਦੀ ਕਪਤਾਨੀ ਖੁੱਸ ਗਈ ਹੈ, ਉਥੇ ਸ਼੍ਰੋਮਣੀ ਅਕਾਲੀ ਦਲ (ਬ) ਕੋਲ ਵਿਧਾਨ ਸਭਾ ਵਿਚ ਬਹੁਮਤ ਲਈ ਮੈਂਬਰ ਪੂਰੇ ਹੋ ਗਏ ਹਨ ਅਤੇ ਉਹ ਹੁਣ ਭਾਈਵਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਮੁਥਾਜ ਨਹੀਂ ਰਿਹਾ। ਇਸ ਦੇ ਨਾਲ ਹੀ ਇਹ ਵੀ ਚਰਚਾ ਸ਼ੁਰੂ ਹੋ ਗਈ ਹੈ ਕਿ ਪੰਜਾਬ ਵਿਚ ਤੀਜੀ ਵਾਰੀ ਸੱਤਾ ਦਾ ਨਿੱਘਾ ਮਾਣ ਰਹੇ ਅਕਾਲੀ-ਭਾਜਪਾ ਗੱਠਜੋੜ ਵਿਚ ਨਵੇਂ ਸਿਆਸੀ ਸਮੀਕਰਨ ਬਣਨਗੇ ਜਿਨ੍ਹਾਂ ਵਿਚ ਭਾਜਪਾ ਆਪਣਾ ਪਹਿਲਾਂ ਵਾਲਾ ਦਬਕਾ ਕਾਇਮ ਨਹੀਂ ਰੱਖ ਸਕੇਗੀ।

ਮੋਗਾ ਜ਼ਿਮਨੀ ਚੋਣ ਵਿਚ ਜਿੱਤ ਨਾਲ ਵਿਧਾਨ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਾਜਪਾ 'ਤੇ ਨਿਰਭਰਤਾ ਖ਼ਤਮ ਹੋ ਗਈ ਹੈ। ਹੁਣ ਅਕਾਲੀ ਦਲ ਦੇ ਵਿਧਾਨ ਸਭਾ ਵਿਚ ਮੈਂਬਰਾਂ ਦੀ ਗਿਣਤੀ 57 ਹੋ ਗਈ ਹੈ ਅਤੇ ਦੋ ਬਾਗੀ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਦੇ ਐਸੋਸੀਏਟ ਮੈਂਬਰ ਹਨ। ਅਕਾਲੀ ਦਲ ਨੂੰ 59 ਮੈਂਬਰਾਂ ਨਾਲ ਸਪੱਸ਼ਟ ਬਹੁਮਤ ਹਾਸਲ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਾਲੇ 1997 ਤੋਂ ਪਹਿਲਾਂ ਦਾ ਗੱਠਜੋੜ ਬਣਿਆ ਹੋਇਆ ਹੈ। ਇਸ ਗੱਠਜੋੜ ਨੇ ਪਹਿਲੀ ਵਾਰੀ 1997 ਤੋਂ 2002 ਤੱਕ ਰਾਜ ਕੀਤਾ ਅਤੇ ਦੂਜੀ ਵਾਰੀ 2007 ਵਿਚ ਸੱਤਾ ਸੰਭਾਲੀ ਤੇ ਉਸ ਤੋਂ ਬਾਅਦ ਗੱਦੀ 'ਤੇ ਕਾਇਮ ਹਨ।

ਜ਼ਿਕਰਯੋਗ ਹੈ ਕਿ ਭਾਜਪਾ ਦਾ ਪੰਜਾਬ ਵਿਚ ਆਪਣਾ ਕੋਈ ਬਹੁਤਾ ਆਧਾਰ ਨਹੀਂ, ਪਰ ਕੇਂਦਰੀ ਸਿਆਸਤ ਵਿਚ ਪੈਂਠ ਬਣਾਉਣ ਲਈ ਬਾਦਲਾਂ ਨੇ ਇਸ ਪਾਰਟੀ ਨਾਲ ਪਿਛਲੇ ਕਾਫੀ ਸਮੇਂ ਤੋਂ ਯਾਰੀ ਪਾਈ ਹੋਈ ਹੈ। ਹਿੰਦੂ ਅਤੇ ਸ਼ਹਿਰੀ ਵੋਟ ਖਿੱਚਣ ਦੇ ਨਾਂ ਹੇਠ ਭਾਜਪਾ ਅਕਸਰ ਅਕਾਲੀ ਦਲ ਤੋਂ ਵਧੇਰੇ ਸੀਟਾਂ ਲੈਣ ਵਿਚ ਕਾਮਯਾਬ ਰਹਿੰਦੀ ਹੈ।

(ਬਾਕੀ ਸਫਾ 6 'ਤੇ)

# ਸੰਤਾਲੀ ਦੀ ਵੰਡ ਤੋਂ ਬਚ ਸਕਦਾ ਸੀ ਪੰਜਾਬ

**ਚੰਡੀਗੜ੍ਹ:** ਲਹਿੰਦੇ ਪੰਜਾਬ (ਪਾਕਿਸਤਾਨ) ਦੇ ਜੰਮਪਲ ਤੇ ਹੁਣ ਸਵੀਡਨ ਵਸਦੇ ਪ੍ਰੋ. ਇਸ਼ਤਿਆਕ ਅਹਿਮਦ ਨੇ ਚੰਡੀਗੜ੍ਹ ਵਿਚ ਇਕ ਸਮਾਗਮ ਤੋਂ ਬਾਅਦ ਪੱਤਰਕਾਰਾਂ




ਪ੍ਰੋ. ਅਹਿਮਦ ਦੀ ਕਿਤਾਬ ਦਾ ਟਾਈਟਲ

ਨਾਲ ਗੁਫਤਗੂ ਦੌਰਾਨ ਕਿਹਾ ਕਿ ਭਾਰਤ ਦੀ ਵੰਡ ਤਾਂ ਤਕਰੀਬਨ ਤੈਅ ਹੋ ਗਈ ਸੀ ਪਰ ਪੰਜਾਬ ਦੀ ਵੰਡ ਰੁਕ ਸਕਦੀ ਸੀ। ਉਹ ਸਵਾਲ ਕਰਦੇ ਹਨ ਕਿ ਪੰਜਾਬੀ ਹਿੰਦੂ, ਮੁਸਲਮਾਨ ਅਤੇ ਸਿੱਖ ਆਗੂ ਆਪਣਾ ਸੂਬਾ ਇਕੱਠਾ ਰੱਖਣ ਲਈ ਕਿਉਂ ਨਾ ਅੜੇ? ਅਜਿਹੇ ਕਈ ਸਵਾਲ ਉਨ੍ਹਾਂ ਪੰਜਾਬ ਦੀ ਵੰਡ ਬਾਰੇ ਆਪਣੀ ਕਿਤਾਬ 'ਪੰਜਾਬ-ਬਲੱਡੀਡ, ਪਾਰਟੀਸ਼ਨਡ ਐਂਡ ਕਲੀਨਜ਼ਡ' ਦੇ ਚੈਪਟਰ 'ਏ ਥਿਊਰੀ ਆਫ ਐਥਨਿਕ ਕਲੀਨਜ਼ਿੰਗ' ਵਿਚ ਵਿਚਾਰੇ ਹਨ। ਉਨ੍ਹਾਂ ਮੁਤਾਬਕ ਅਨਿਸ਼ਚਿਤ ਭਵਿੱਖ, ਵੱਖ-ਵੱਖ ਭਾਈਚਾਰਿਆਂ ਦੇ ਆਗੂਆਂ ਵਿਚਾਲੇ ਤਾਲਮੇਲ ਦੀ ਕਮੀ, ਅੰਗਰੇਜ਼ੀ ਰਾਜ ਦਾ ਤੇਜ਼ੀ ਨਾਲ ਹੋ ਰਿਹਾ ਪਤਨ, ਸਰਕਾਰੀ ਸੰਸਥਾਵਾਂ ਤੇ ਇਸ ਦੇ ਕਾਮਿਆਂ ਦੀ ਬੇਭਰੋਸਗੀ ਨੇ ਆਮ ਲੋਕਾਂ ਨੂੰ ਬਹੁਤ ਡਰਾ ਦਿੱਤਾ। ਫਿਰ ਉਹੀ ਕੁਝ ਹੋਇਆ ਜੋ ਦੁਨੀਆਂ ਨੇ ਦੇਖਿਆ ਅਤੇ ਜਿਸ ਦਾ ਦਰਦ ਅਸੀਂ ਹੁਣ ਤੱਕ ਹੰਢਾ ਰਹੇ ਹਾਂ।

(ਹੋਰ ਵੇਰਵੇ ਸਫਾ 16 ਉਤੇ ਪੜ੍ਹੋ)



# ਰੇਡੀਓ ਚੰਨ ਪਰਦੇਸੀ ਦੀ ਪਹਿਲੀ ਵਰ੍ਹੇਗੰਢ 23 ਨੂੰ

**ਸ਼ਿਕਾਗੋ (ਬਿਊਰੋ):** ਇੰਟਰਨੈਟ ਅਤੇ ਟੈਲੀਫੋਨ ਰਾਹੀਂ 24 ਘੰਟੇ ਚਲਦੇ ਮਿਡਵੈਸਟ ਦੇ ਪਹਿਲੇ ਰੇਡੀਓ ਸਟੇਸ਼ਨ 'ਰੇਡੀਓ ਚੰਨ ਪਰਦੇਸੀ' ਦੀ ਪਹਿਲੀ ਵਰ੍ਹੇਗੰਢ ਆਉਂਦੀ 23 ਮਾਰਚ ਨੂੰ ਸ਼ਾਮੀ 6 ਤੋਂ ਰਾਤ 9 ਵਜੇ ਤੱਕ ਇਥੇ ਇੰਡੀਆ ਹਾਊਸ, ਸ਼ਾਮਬਰਗ (1521 ਵੈਸਟ ਸ਼ਾਮਬਰਗ ਰੋਡ) ਵਿਖੇ ਮਨਾਈ ਜਾ ਰਹੀ ਹੈ। ਇਸ ਮੌਕੇ ਰੇਡੀਓ ਨਾਲ ਸਬੰਧਤ ਮੇਜ਼ਬਾਨ ਆਏ ਮਹਿਮਾਨਾਂ ਦੇ ਸਨਮੁਖ ਹੋਣਗੇ। ਇਸ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਰਾਜਿੰਦਰ ਸਿੰਘ ਬੈਂਸ ਹੋਣਗੇ। ਰੇਡੀਓ ਦੇ ਸਪਾਂਸਰ ਵੀ ਹਾਜ਼ਰੀ ਭਰਨਗੇ।


ਰਾਜਿੰਦਰ ਸਿੰਘ ਬੈਂਸ

ਇਹ ਜਾਣਕਾਰੀ ਦਿੰਦਿਆਂ ਰੇਡੀਓ ਦੇ ਸੰਚਾਲਕ ਸ੍ਰੀ ਸਰਵਣ ਸਿੰਘ ਟਿਵਾਣਾ ਨੇ ਦੱਸਿਆ ਕਿ ਉਘੇ ਕਲਾਕਾਰ ਬਲਕਾਰ ਦਾਨਿਸ਼ ਤੋਂ ਇਲਾਵਾ ਸਥਾਨਕ ਕਲਾਕਾਰ ਆਏ ਮਹਿਮਾਨਾਂ ਦਾ ਆਪਣੀਆਂ ਰਚਨਾਵਾਂ ਪੇਸ਼ ਕਰਕੇ ਮਨੋਰੰਜਨ ਕਰਨਗੇ। ਜ਼ਿਕਰਯੋਗ ਹੈ ਕਿ ਨਿਊ ਜਰਸੀ ਤੋਂ ਸ੍ਰੀ ਬਲਕਾਰ ਦਾਨਿਸ਼ ਆਪਣੀ ਸੂਫੀ ਤਰਜ ਦੀ ਨਿਵੇਕਲੀ ਗਾਇਕੀ ਕਰਕੇ ਜਾਣੇ ਜਾਂਦੇ ਹਨ। ਇਸ ਮੌਕੇ ਹਿੰਦੋਸਤਾਨ ਦੀ ਅਜ਼ਾਦੀ ਦੇ ਪਰਵਾਨਿਆਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਏਗੀ। ਮੀਡੀਏ ਦੇ ਮੌਜੂਦਾ ਹਾਲਾਤ ਬਾਰੇ ਵੀ ਵੱਖ ਵੱਖ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।

ਜ਼ਿਕਰਯੋਗ ਹੈ ਕਿ ਪੰਜਾਬੀ ਰੇਡੀਓ ਵਜੋਂ ਅਰੰਭ ਹੋਏ ਰੇਡੀਓ ਚੰਨ ਪਰਦੇਸੀ ਤੋਂ ਹੁਣ ਹਿੰਦੀ ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ ਜੋ ਹਿੰਦੀ ਸਰੋਤਿਆਂ ਵਿਚ ਕਾਫੀ ਲੋਕਪ੍ਰਿਅ ਹਨ। ਇਸ ਤੋਂ ਬਿਨਾ ਗੁਰਬਾਣੀ ਲਈ ਇਕ ਵੱਖਰਾ ਚੈਨਲ ਸਮਰਪਿਤ ਹੈ। ਸ੍ਰੀ ਟਿਵਾਣਾ ਅਨੁਸਾਰ ਇਸ ਪ੍ਰੋਗਰਾਮ ਲਈ ਸੀਟਾਂ ਸੀਮਤ ਹਨ। ਆਪਣੀ ਸੀਟ ਰਿਜ਼ਰਵ ਕਰਵਾਉਣ ਲਈ ਉਨ੍ਹਾਂ (ਸ੍ਰੀ ਟਿਵਾਣਾ) ਫੋਨ 219-670-4579 ਅਤੇ ਦਰਸ਼ਨ ਸਿੰਘ ਬਸਰਾਓਂ ਫੋਨ 815-557-4991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।




*ਗੁਰਦੁਆਰਾ ਗੁਰੂ ਰਵਿਦਾਸ ਸਭਾ, ਨਿਊ ਯਾਰਕ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ 3 ਮਾਰਚ ਐਤਵਾਰ ਨੂੰ ਸੰਗਤਾਂ ਵਲੋਂ ਰਵਾਇਤੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਭਾਰੀ ਕੀਰਤਨ ਦਰਬਾਰ ਸਜੇ ਜਿਨ੍ਹਾਂ ਵਿਚ ਪੰਥ ਪ੍ਰਸਿਧ ਰਾਗੀ ਜਥਿਆਂ ਅਤੇ ਕਥਾਵਾਚਕਾਂ ਨੇ ਸ਼ਾਮਲ ਹੋ ਕੇ ਸੰਗਤਾਂ ਨੂੰ ਗੁਰ ਸ਼ਬਦ ਵਿਚਾਰ ਨਾਲ ਨਿਹਾਲ ਕੀਤਾ। ਵੱਡੀ ਗਿਣਤੀ ਵਿਚ ਸ਼ਰਧਾਲੂ ਸੰਗਤਾਂ ਗੁਰੂ ਘਰ ਵਿਖੇ ਨਤਮਸਤਕ ਹੋਈਆਂ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਤਸਵੀਰ ਵਿਚ ਰਾਗੀ ਜਥੇ ਕੀਰਤਨ ਕਰਦੇ ਹੋਏ। ਵਿਸਤ੍ਰਿਤ ਰਿਪੋਰਟ ਅਗਲੇ ਅੰਕ ਵਿਚ ਪੜ੍ਹੋ।*

*(ਤਸਵੀਰ: ਟੀਟੂ, ਫੋਨ: 917-692-4791)*

# ਇਕਬਾਲ ਜੱਬੋਵਾਲੀਆ ਵਲੋਂ ਪਿੰਡ ਦੇ ਸਕੂਲੀ ਬੱਚਿਆਂ ਦੀ ਮਦਦ

**ਨਵਾਂ ਸ਼ਹਿਰ (ਬਿਊਰੋ):** ਖੇਡ ਲੇਖਕ ਇਕਬਾਲ ਜੱਬੋਵਾਲੀਆ ਨੇ ਆਪਣੀ ਇਸ ਵਾਰ ਦੀ ਪੰਜਾਬ ਫੇਰੀ ਦੌਰਾਨ ਵੀ ਆਪਣੇ ਪਿੰਡ ਜੱਬੋਵਾਲ ਦੇ ਸਕੂਲ ਦੇ ਬੱਚਿਆਂ ਲਈ ਕਾਪੀਆਂ, ਕਿਤਾਬਾਂ, ਕੁਰਸੀਆਂ ਅਤੇ ਹੋਰ ਲੋੜੀਦਾਂ ਸਮਾਨ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਮਦਦ ਕੀਤੀ। ਸਕੂਲ ਦੇ ਹੈਡਮਾਸਟਰ ਪਰਮਜੀਤ ਸਿੰਘ ਅਤੇ ਸਮੂਹ ਸਟਾਫ਼ ਨਾਲ ਅੱਗੋਂ ਵੀ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ ਦਾ ਵਾਇਦਾ ਕੀਤਾ।

ਯਾਦ ਰਹੇ ਇਕਬਾਲ ਜੱਬੋਵਾਲੀਆ ਆਪਣੇ ਵੱਡੇ ਵੀਰ ਹੈਡਮਾਸਟਰ ਗਿਆਨ ਸਿੰਘ ਦੇ ਰਾਹਾਂ 'ਤੇ ਚਲਦਾ ਇਲਾਕੇ ਦੇ ਨੌਜਵਾਨ ਗਰੀਬ ਬੱਚਿਆਂ ਦੀ ਸਹਾਇਤਾ ਕਰਦਾ ਹੈ ਅਤੇ ਹੋਣਹਾਰ ਖਿਡਾਰੀਆਂ ਨੂੰ ਖੇਡਾਂ ਵੱਲ ਪ੍ਰੇਰਤ ਕਰਕੇ ਨਸ਼ਿਆਂ ਤੋਂ ਦੂਰ ਰੱਖਣ ਅਤੇ ਪਿੰਡ ਦੇ ਵਿਕਾਸ ਕੰਮਾਂ ਵਿਚ ਹਿੱਸਾ ਪਾਉਂਦਾ ਹੈ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਹੁਸਨ ਲਾਲ ਕਾਲਾ, ਮੌਜੂਦਾ ਸਰਪੰਚ ਅਵਤਾਰ ਸਿੰਘ ਤਾਰੀ ਖਾਲਸਾ ਅਤੇ ਅਜੀਤ ਅਖਬਾਰ ਦੇ ਰਿਪੋਰਟਰ ਮਨਜੀਤ ਜੱਬੋਵਾਲੀਆ ਵੀ ਹਾਜ਼ਰ ਸਨ। ਹੈਡਮਾਸਟਰ ਪਰਮਜੀਤ ਸਿੰਘ ਦਾ ਸ਼ਿਕਵਾ ਸੀ ਕਿ ਸਰਕਾਰ ਬੱਚਿਆਂ ਨੂੰ ਕਿਤਾਬਾਂ ਤਾਂ ਦੇ ਦਿੰਦੀ ਹੈ ਪਰ ਕਾਪੀਆਂ ਨਹੀਂ ਦਿੰਦੀ।


*ਪਿੰਡ ਜੱਬੋਵਾਲ ਦੇ ਸਕੂਲ ਦੇ ਬੱਚਿਆਂ ਅਤੇ ਸਟਾਫ ਨਾਲ ਇਕਬਾਲ ਜੱਬੋਵਾਲ*




ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

DCL Trucking
743 Legacy Blvd,
Greenwood, IN 46143

ਓਨਰ ਅਪਰੇਟਰਾਂ ਦੀ ਲੋੜ ਹੈ



ਪੱਕੇ ਲੋਡ

Quick payment via Direct Deposit

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ

ਸੰਪਰਕ ਕਰੋ: ਪਰਮਿੰਦਰ
ਫੋਨ: 317-399-9800
e-mail: info@DCLTrucking.com

We work in all 48 States
24/7 Dispatch Available

# ਡੇਰਾ ਸੱਚਖੰਡ ਬੱਲਾਂ ਦਾ ਗ੍ਰੰਥ 'ਅੰਮ੍ਰਿਤਬਾਣੀ' ਵਿਵਾਦਾਂ ਵਿਚ ਘਿਰਿਆ

**ਜਲੰਧਰ:** ਡੇਰਾ ਸੱਚਖੰਡ ਬੱਲਾਂ ਦਾ ਗ੍ਰੰਥ 'ਅੰਮ੍ਰਿਤਬਾਣੀ' ਵਿਵਾਦਾਂ ਵਿਚ ਘਿਰ ਗਿਆ ਹੈ। ਡੇਰਾ 'ਦੇਹਰਾ ਗੁਰੂ ਰਵਿਦਾਸ' ਦੇ ਮਹੰਤ ਪ੍ਰਸ਼ੋਤਮ ਲਾਲ ਨੇ ਦੋਸ਼ ਲਾਇਆ ਕਿ ਡੇਰਾ ਸੱਚਖੰਡ ਬੱਲਾਂ ਵੱਲੋਂ ਤਿਆਰ ਕੀਤੇ ਗਏ ਗ੍ਰੰਥ 'ਅੰਮ੍ਰਿਤਬਾਣੀ' ਵਿਚ 'ਸ੍ਰੀ ਰਵਿਦਾਸ ਦੀਪ ਗ੍ਰੰਥ' ਵਿਚੋਂ 80 ਫ਼ੀਸਦੀ ਬਾਣੀ ਲੈ ਕੇ ਸ਼ਾਮਲ ਕੀਤੀ ਗਈ ਹੈ। ਉਨ੍ਹਾਂ ਦਾਆਵਾ ਕੀਤਾ ਹੈ ਕਿ 1908 ਵਿਚ ਸੰਤ ਹੀਰਾ ਦਾਸ ਵੱਲੋਂ ਹੱਥ ਲਿਖਤ 'ਸ੍ਰੀ ਰਵਿਦਾਸ ਦੀਪ ਗ੍ਰੰਥ' ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਗ੍ਰੰਥ ਨੂੰ ਪਹਿਲੀ ਵਾਰ 1912 ਵਿਚ ਛਾਪਿਆ ਗਿਆ ਸੀ ਤੇ ਉਦੋਂ ਸੰਗਤ ਨੂੰ ਇਸ ਦੀਆਂ 500 ਦੇ ਕਰੀਬ ਕਾਪੀਆਂ ਦਿੱਤੀਆਂ ਗਈਆਂ ਸਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 'ਅੰਮ੍ਰਿਤਬਾਣੀ' ਗ੍ਰੰਥ 'ਤੇ ਪਾਬੰਦੀ ਲਾਈ ਜਾਵੇ।

ਉਨ੍ਹਾਂ ਦਾਅਵਾ ਕੀਤਾ ਕਿ ਇਹ ਸਿੱਧਾ ਹੀ ਕਾਪੀਰਾਈਟ ਦੀ ਉਲੰਘਣਾ ਹੈ। ਮਹੰਤ ਪ੍ਰਸ਼ੋਤਮ

### ਡੇਰਾ 'ਦੇਹਰਾ ਗੁਰੂ ਰਵਿਦਾਸ' ਵੱਲੋਂ ਗ੍ਰੰਥ ਉਤੇ ਪਾਬੰਦੀ ਦੀ ਮੰਗ

ਲਾਲ ਨੇ ਦੋਸ਼ ਲਾਇਆ ਕਿ ਅੱਜ ਤੋਂ ਤਿੰਨ ਸਾਲ ਪਹਿਲਾਂ ਡੇਰਾ ਬੱਲਾਂ (ਜਲੰਧਰ) ਦੇ ਸੰਤਾਂ-ਮਹਾਂਪੁਰਖਾਂ ਵੱਲੋਂ ਜੋ 'ਅੰਮ੍ਰਿਤਬਾਣੀ' ਕਾਂਸ਼ੀ (ਬਨਾਰਸ) ਤੋਂ ਰਿਲੀਜ਼ ਕੀਤੀ ਗਈ ਸੀ ਤੇ ਸ੍ਰੀ ਗੁਰੂ ਰਵਿਦਾਸ ਨੂੰ ਮੰਨਣ ਵਾਲੀ ਸੰਗਤ ਨੂੰ ਇਸ




ਨੂੰ ਆਪਣਾ ਧਾਰਮਿਕ ਗ੍ਰੰਥ ਮੰਨਣ ਲਈ ਹੁਕਮ ਕੀਤਾ ਸੀ, ਉਸ ਵਿਚ ਬਹੁਤੀ ਬਾਣੀ ਸੰਤ ਹੀਰਾ ਦਾਸ ਵੱਲੋਂ 1908 ਵਿਚ ਰਚਿਤ ਧਾਰਮਿਕ ਗ੍ਰੰਥ 'ਰਵਿਦਾਸ ਦੀਪ' ਵਿਚੋਂ ਚੋਰੀ ਕਰਕੇ ਦਰਜ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਡੇਰਾ ਬੱਲਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਨੂੰ ਮੰਨਣ ਵਾਲੀ ਦੇਸ਼ ਵਿਦੇਸ਼ ਦੀ ਸੰਗਤ ਨੂੰ ਇਹ ਕਿਹਾ ਗਿਆ ਹੈ ਕਿ ਅੰਮ੍ਰਿਤਬਾਣੀ ਡੇਰਾ ਬੱਲਾਂ ਵੱਲੋਂ ਤਿਆਰ ਕੀਤੀ ਗਈ ਹੈ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਰਵਿਦਾਸਦੀਪ ਗ੍ਰੰਥ ਨੂੰ ਛਾਪਣ ਦੇ ਸਾਰੇ ਹੱਕ ਉਨ੍ਹਾਂ ਕੋਲ ਰਾਖਵੇਂ ਹਨ। ਉਨ੍ਹਾਂ ਦੱਸਿਆਕਿ ਇਸ ਗ੍ਰੰਥ ਨੂੰ ਪਹਿਲੀ ਵਾਰ ਸੰਤ ਹੀਰਾ ਦਾਸ ਨੇ 1908 ਵਿਚ ਆਪਣੇ ਹੱਥੀਂ ਲਿਖਿਆ ਸੀ। ਉਹ ਹੱਥ ਲਿਖਤ ਵੀ ਉਨ੍ਹਾਂ ਕੋਲ ਮੌਜੂਦ ਹੈ।

1912 ਵਿਚ ਇਸ ਨੂੰ ਪੰਜਾਬੀ ਵਿਚ ਛਪਵਾਕੇ ਸੰਗਤ ਨੂੰ ਭੇਟ ਕੀਤਾ ਗਿਆ ਸੀ। ਇਸ ਦੀਆਂ 500 ਕਾਪੀਆਂ ਛਪਵਾਈਆਂ ਗਈਆਂ ਸਨ। ਉਸ ਤੋਂ ਬਾਅਦ 1984 ਵਿਚ ਭਗਤ ਰਾਮ ਦਿਆਲ (ਡੇਰਾ ਸੰਤ ਲਾਲ ਦਾਸ ਗੋਪਾਲ ਮੋਚਨ ਹਰਿਆਣਾ) ਨੇ ਮਹੰਤ ਸ਼ਰਧਾ ਰਾਮ ਤੇ ਮਹੰਤ ਪਰਮਾਨੰਦ ਤੋਂ ਮਨਜ਼ੂਰੀ ਲੈ ਕੇ ਇਸ ਦਾ ਹਿੰਦੀ ਅਨੁਵਾਦ ਛਪਵਾਇਆ। ਮਹੰਤ ਪ੍ਰਸ਼ੋਤਮ ਲਾਲ ਨੇ ਅੱਗੇ ਕਿਹਾ ਕਿ ਅੰਮ੍ਰਿਤਬਾਣੀ ਪੁਸਤਕ ਨੂੰ ਜੇ ਰਵਿਦਾਸ ਦੀਪ ਗ੍ਰੰਥ ਦਾ ਉਤਾਰਾ ਹੀ ਕਹਿ ਲਿਆ ਜਾਵੇ ਤਾਂ ਇਹ ਅੱਤ-ਕਥਨੀ ਨਹੀਂ। ਰਵਿਦਾਸ ਦੀਪ ਗ੍ਰੰਥ ਵਿਚੋਂ ਜੋ ਬਾਣੀ ਲਈ ਗਈ ਹੈ, ਉਸ ਵਿਚ ਮੰਗਲਾ ਚਰਨ, ਬਾਰਾ ਮਾਹਾਂ, 105 ਸ਼ਲੋਕ ਤੇ 46 ਸ਼ਬਦ ਹੂ-ਬਹੂ ਅੰਮ੍ਰਿਤਬਾਣੀ ਵਿਚ ਛਾਪ ਦਿੱਤੇ ਗਏ ਹਨ।

ਫਰਕ ਸਿਰਫ਼ ਇਹ ਪਾਇਆ ਹੈ ਕਿ ਜਿਥੇ-ਜਿਥੇ ਸੰਤ ਹੀਰਾ ਦਾਸ ਦਾ ਨਾਂ ਆਉਂਦਾ ਹੈ, ਉਥੇ ਉਨ੍ਹਾਂ ਨੇ ਉਹ ਲਾਈਨ ਕੱਟ ਕੇ ਕੋਈ ਹੋਰ ਲਾਈਨ ਜੋੜ ਦਿੱਤੀ ਹੈ ਜਾਂ ਕੱਟ ਦਿੱਤੀ ਹੈ। ਮਹੰਤ ਪ੍ਰਸ਼ੋਤਮ ਲਾਲ ਨੇ ਇਹ ਵੀ ਦੱਸਿਆ ਕਿ ਦੇਹਰਾ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਉਹ ਇਤਿਹਾਸਕ ਅਸਥਾਨ ਹੈ, ਜਿਥੇ ਗੁਰੂ ਰਵਿਦਾਸ ਤੇ ਗੁਰੂ ਕਬੀਰ ਚੂਹੜਕਾਣੇ ਨੂੰ ਜਾਂਦੇ ਹੋਏ ਆਏ ਸਨ ਤੇ 70 ਦਿਨ ਇਸੇ ਸਥਾਨ 'ਤੇ ਠਹਿਰੇ ਸਨ।

ਸੰਤ ਹੀਰਾ ਦਾਸ ਨੇ 1855 ਵਿਚ ਇਸ ਸਥਾਨ 'ਤੇ ਮੰ ਦਰ ਦਾ ਨਿਰਮਾਣ ਸ਼ੁਰੂ ਕਰਵਾਇਆ ਤੇ 1888 ਵਿਚ ਇਹ ਤਿਆਰ ਹੋ ਗਿਆ। ਮਹੰਤ ਪ੍ਰਸ਼ੋਤਮ ਲਾਲ ਨੇ ਦਾਅਵਾ ਕੀਤਾ ਕਿ ਸੰਤ ਹੀਰਾ ਦਾਸ ਦੀ ਪੰਜਵੀਂ ਪੀੜ੍ਹੀ ਵਿਚੋਂ ਦਾਸ ਇਸ ਸਥਾਨ ਦੀ ਸੇਵਾ ਨਿਭਾਅ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਡੇਰਾ ਬੱਲਾਂ ਦੇ ਜਿਨ੍ਹਾਂ ਵੀ ਲੋਕਾਂ ਨੇ ਧਾਰਮਿਕ ਗ੍ਰੰਥ ਵਿਚੋਂ ਬਾਣੀ ਚੋਰੀ ਕੀਤੀ ਹੈ, ਉਹ 15 ਦਿਨਾਂ ਦੇ ਵਿਚ ਮੁਆਫ਼ੀ ਮੰਗਣ ਤੇ ਹੁਣ ਤੱਕ ਜਿੰਨੀਆਂ ਵੀ ਅੰਮ੍ਰਿਤਬਾਣੀ ਦੀਆਂ ਕਾਪੀਆਂ ਜਿਥੇ-ਜਿਥੇ ਵੀ ਭੇਜੀਆਂ ਹਨ, ਉਹ ਵਾਪਸ ਮੰਗਵਾ ਕੇ ਸਾਡੇ ਸਪੁਰਦ ਕਰਨ। ਅਜਿਹਾ ਨਾ ਕਰਨ 'ਤੇ ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬਰਾਕ ਓਬਾਮਾ ਨੇ ਕੀਤਾ ਆਰਥਿਕ ਝਟਕਿਆਂ ਲਈ ਖ਼ਬਰਦਾਰ

**ਵਾਸ਼ਿੰਗਟਨ:** ਇਕ ਮਾਰਚ ਤੋਂ ਲਾਗੂ ਹੋਣ ਵਾਲੀਆਂ ਆਰਥਿਕ ਕਟੌਤੀਆਂ ਬਾਰੇ ਖ਼ਬਰਦਾਰ ਕਰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਇਸ ਦੀ ਦੇਸ਼ ਦੇ ਅਰਥਚਾਰੇ 'ਤੇ ਮਾਰ ਪਏਗੀ ਤੇ ਆਲਮੀ ਅਰਥਚਾਰਾ ਵੀ ਮੰਦਾ ਪੈ ਸਕਦਾ ਹੈ। ਖਰਚ 'ਤੇ ਕਟੌਤੀਆਂ ਕਾਰਨ ਸਰਕਾਰ ਨੂੰ 85 ਅਰਬ ਡਾਲਰ ਦੀ ਬਚਤ ਹੋਵੇਗੀ। ਸ੍ਰੀ ਓਬਾਮਾ ਨੇ ਬਿਜ਼ਨਸ ਕੌਂਸਲ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਾਈਵੇਟ ਸੈਕਟਰ ਤੇ ਜਨਤਕ ਸੈਕਟਰ ਦੋਵਾਂ ਦੇ ਅਰਥ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਵਿਕਾਸ ਦੇ ਇਕ ਨੁਕਤੇ ਦਾ ਦੋ-ਤਿਹਾਈ ਹਿੱਸਾ ਜਾਂ ਇਸ ਤੋਂ ਥੋੜ੍ਹਾ ਜ਼ਿਆਦਾ ਗੁਆਚ ਸਕਦਾ ਹੈ। ਇਸ ਦਾ ਮਤਲਬ ਹੈ ਕਿ ਲੱਖਾਂ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲੇਗਾ।


ਬਰਾਕ ਓਬਾਮਾ

ਓਬਾਮਾ ਨੇ ਕਿਹਾ ਕਿ ਇਸ ਦਾ ਇਹ ਵੀ ਮਤਲਬ ਹੈ ਕਿ ਸੇਵਾਵਾਂ ਤੇ ਵਸਤਾਂ ਦੇ ਖਰੀਦਦਾਰ ਵੀ ਘੱਟ ਆਉਣਗੇ। ਇਸ ਦਾ ਮਤਲਬ ਹੈ ਕਿ ਆਲਮੀ ਅਰਥਚਾਰਾ ਹੋਰ ਮਾਂਦ ਪਵੇਗਾ ਕਿਉਂਕਿ ਅਜੇ ਹਾਲਤ ਵਿਚੋਂ ਉਭਰਨ ਲਈ ਲੰਮਾ ਪੈਂਡਾ ਤੈਅ ਕਰਨਾ ਪਵੇਗਾ ਹਾਲਾਂਕਿ ਕਈ ਹੋਰ ਵਿਕਸਤ ਮੁਲਕਾਂ ਦੇ ਮੁਕਾਬਲੇ ਕਾਰਗੁਜ਼ਾਰੀ ਬਿਹਤਰ ਹੈ। ਇਸ ਦਾ ਸਭ ਤੋਂ ਮਾੜਾ ਪਹਿਲੂ ਇਹ ਹੈ ਕਿ ਇਹ ਬਿਲਕੁਲ ਬੇਲੋੜਾ ਹੈ ਤੇ ਇਹ ਕਰਨਾ ਨਹੀਂ ਚਾਹੀਦਾ।

ਓਬਾਮਾ ਪਿਛਲੇ ਕਈ ਮਹੀਨਿਆਂ ਤੋਂ ਕਹਿੰਦੇ ਆ ਰਹੇ ਹਨ ਕਿ ਮਾਲੀ ਖਸਾਰੇ ਬਾਰੇ ਸੰਤੁਲਤ ਪਹੁੰਚ ਤੇ ਟੈਕਸ ਸੁਧਾਰਾਂ ਦਾ ਏਜੰਡਾ ਅਪਣਾਉਣ ਦੀ ਲੋੜ ਹੈ ਤੇ ਇਵੇਂ ਟੈਕਸ ਦਰਾਂ ਵਧਾਏ ਬਗੈਰ ਚੋਖਾ ਧਨ ਮਿਲ ਸਕਦਾ ਹੈ ਜਿਸ ਨਾਲ ਅਗਲੇ ਇਕ ਦਹਾਕੇ ਦੌਰਾਨ ਮਾਲੀ ਘਾਟੇ ਦੀ ਭਰਪਾਈ ਕੀਤੀ ਜਾ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਚੰਗੀ ਖ਼ਬਰ ਇਹ ਹੈ ਕਿ ਚਾਰ ਸਾਲਾਂ ਦੇ ਔਖੇ ਸਮੇਂ ਬਾਅਦ ਅਮਰੀਕੀ ਅਰਥਚਾਰਾ ਮੁੜ ਮਜ਼ਬੂਤੀ ਦੀ ਲੀਹ 'ਤੇ ਆ ਗਿਆ ਹੈ। ਭਾਵੇਂ ਇਸ ਦੀ ਸਥਿਤੀ ਅਜੇ ਕਮਜ਼ੋਰ ਹੀ ਹੈ।

# ਕਤਲ ਕੇਸ: ਸ਼੍ਰੋਮਣੀ ਕਮੇਟੀ ਮੈਂਬਰ ਦਾ ਪੁੱਤ ਗ੍ਰਿਫ਼ਤਾਰ

**ਮੁਹਾਲੀ:** ਇਥੋਂ ਦੇ ਫੇਜ਼-3 ਏ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਅਮਰਪ੍ਰੀਤ ਸਿੰਘ ਸੇਠੀ ਉਰਫ਼ ਲੱਕੀ ਦੀ ਹੱਤਿਆ ਦੇ ਕੇਸ ਵਿਚ ਪੁਲੀਸ ਨੇ ਸੱਤਾਧਾਰੀ ਅਕਾਲੀ ਦਲ ਨਾਲ ਸਬੰਧਤ ਲੁਧਿਆਣਾ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਣਜੀਤ ਸਿੰਘ ਮੰਗਲੀ ਦੇ ਬੇਟੇ ਜਸਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਅਨੁਸਾਰ ਵਕੀਲ ਹੱਤਿਆ ਕਾਂਡ ਵਿਚ ਨਾਮਜ਼ਦ ਸ਼੍ਰੋਮਣੀ ਕਮੇਟੀ ਦੇ ਪੁੱਤਰ ਸਣੇ ਸਾਰੇ ਮੁਲਜ਼ਮ ਨਸ਼ਾ ਕਰਨ ਦੇ ਆਦੀ ਹਨ।

ਮੁਹਾਲੀ ਦੇ ਐਸਐਸਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਜਸਵਿੰਦਰ ਸਿੰਘ ਨੇ ਪਿਛਲੇ ਸਾਲ ਹੀ ਲੁਧਿਆਣਾ ਦੇ ਸਕੂਲ ਵਿਚੋਂ ਬਾਰ੍ਹਵੀਂ ਪਾਸ ਕੀਤੀ ਹੈ। ਪੁਲਿਸ ਅਨੁਸਾਰ ਮੁਲਜ਼ਮਾਂ ਕੋਲ ਜਿੰਨੇ ਵੀ ਹਥਿਆਰ ਹਨ, ਉਹ ਸਾਰੇ ਗ਼ੈਰ ਕਾਨੂੰਨੀ ਹਨ। ਸ਼੍ਰੋਮਣੀ ਕਮੇਟੀ ਦੇ ਬੇਟੇ ਨੇ ਵੀ ਪੁੱਛ-ਗਿੱਛ ਦੌਰਾਨ ਪੁਲਿਸ ਕੋਲ ਮੰਨਿਆ ਹੈ ਕਿ ਉਸ ਕੋਲ 32 ਬੋਰ ਦਾ ਰਿਵਾਲਵਰ ਹੈ ਜੋ ਗ਼ੈਰ ਕਾਨੂੰਨੀ ਹੈ। ਇਹ ਹਥਿਆਰ ਉਸ ਨੇ ਯੂ.ਪੀ. ਵਿਚੋਂ ਖਰੀਦਿਆ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਧਰਮਿੰਦਰ ਸਿੰਘ ਤੇ ਵਿਸ਼ਾਲ ਕੋਠੀ ਨੰਬਰ-282, ਫੇਜ਼-3 ਏ ਵਿਚ ਕਿਰਾਏ 'ਤੇ ਰਹਿੰਦੇ ਸਨ। ਇਹ ਕੋਠੀ ਸਿੱਖਿਆ ਬੋਰਡ ਦੇ ਅਧਿਕਾਰੀ ਜਨਕ ਰਾਜ ਦੀ ਹੈ। ਉਕਤ ਮੁਲਜ਼ਮਾਂ ਕੋਲ ਆਪਣੀਆਂ ਗੱਡੀਆਂ ਹਨ ਜੋ ਅਕਸਰ ਸੜਕ 'ਤੇ ਬੇਤਰਤੀਬ ਢੰਗ ਨਾਲ ਖੜ੍ਹੀਆਂ ਕਰ ਦਿੰਦੇ ਸਨ ਤੇ ਬੀਤੀ 27 ਫਰਵਰੀ ਦੀ ਰਾਤ ਨੂੰ ਵੀ ਗੱਡੀਆਂ ਦੀ ਗ਼ਲਤ ਪਾਰਕਿੰਗ ਨੂੰ ਲੈ ਕੇ ਮਾਮੂਲੀ ਤਕਰਾਰ ਹੋਈ ਜੋ ਬਾਅਦ ਵਿਚ ਖ਼ੂਨੀ ਸੰਘਰਸ਼ ਵਿਚ ਬਦਲ ਗਈ।

ਇਸ ਦੌਰਾਨ ਜਦੋਂ ਗੁਆਂਢ ਵਿਚ ਰਹਿੰਦੇ ਵਕੀਲ ਅਮਰਪ੍ਰੀਤ ਸਿੰਘ ਸੇਠੀ ਨੇ ਨੌਜਵਾਨਾਂ ਨੂੰ ਉਨ੍ਹਾਂ ਦੇ ਘਰ ਅੱਗਿਓਂ ਆਪਣੀ ਕਾਰ ਪਾਸੇ ਕਰਨ ਲਈ ਆਖਿਆ ਤਾਂ ਮੁਲਜ਼ਮਾਂ ਨੇ ਗੋਲੀਆਂ ਮਾਰ ਕੇ ਵਕੀਲ ਦੀ ਹੱਤਿਆ ਕਰ ਦਿੱਤੀ। ਇਸ ਹਾਦਸੇ ਵਿਚ ਵਕੀਲ ਦਾ ਚਚੇਰਾ ਭਰਾ ਗਗਨਜੋਤ ਸਿੰਘ ਸੇਠੀ ਤੇ ਦੋਸਤ ਸਿਮਰਜੀਤ ਸਿੰਘ ਵੀ ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋ ਗਏ ਸੀ। ਦੋਵੇਂ ਜਣੇ ਸਥਾਨਕ ਫੋਰਟਿਸ ਹਸਪਤਾਲ ਵਿੱਚ ਜੇਰੇ ਇਲਾਜ ਹਨ।

# ਪਾਕਿ ਵੱਲੋਂ 109 ਭਗੌੜੇ ਅਤਿਵਾਦੀਆਂ ਦੀ ਸੂਚੀ ਜਾਰੀ

**ਇਸਲਾਮਾਬਾਦ (ਬਿਊਰੋ):** ਪਾਕਿਸਤਾਨ ਸਰਕਾਰ ਨੇ 109 ਭਗੌੜੇ ਅਤਿਵਾਦੀਆਂ ਦੀ ਸੂਚੀ ਜਾਰੀ ਕੀਤੀ ਹੈ ਜਿਸ ਵਿਚ ਲਸ਼ਕਰ-ਏ-ਝਾਂਗਵੀ ਦੇ ਮੈਂਬਰ ਮਤੀ-ਉਰ-ਰਹਿਮਾਨ ਦਾ ਨਾਂ ਵੀ ਸ਼ਾਮਲ ਹੈ। ਰਹਿਮਾਨ 'ਤੇ ਸਾਬਕਾ ਪ੍ਰਧਾਨ ਮੰਤਰੀ ਸ਼ੌਕਤ ਅਜ਼ੀਜ਼ 'ਤੇ ਹਮਲੇ 'ਚ ਸ਼ਾਮਲ ਹੋਣ ਦੇ ਦੋਸ਼ ਹਨ।

ਪੰਜਾਬ ਪੁਲਿਸ ਦੀ ਵੈੱਬਸਾਈਟ 'ਤੇ ਪਾਈ ਇਸ ਸੂਚੀ ਵਿਚ ਪਾਬੰਦੀਸ਼ੁਦਾ ਲਸ਼ਕਰ-ਏ-ਝਾਂਗਵੀ ਦੇ 20 ਮੈਂਬਰਾਂ ਦੇ ਨਾਂ ਸ਼ਾਮਲ ਹਨ। ਇਹ ਜਥੇਬੰਦੀ ਨੇ ਹੁਣੇ ਜਿਹੇ ਕੋਟਾ ਸ਼ਹਿਰ ਵਿਚ ਦੋ ਬੰਬ ਧਮਾਕੇ ਕਰਨ ਦੀ ਜ਼ਿੰਮੇਵਾਰੀ ਲਈ ਸੀ ਜਿਸ ਵਿਚ 200 ਵਿਅਕਤੀ ਮਾਰੇ ਗਏ ਸਨ। ਇਸ ਤੋਂ ਇਲਾਵਾ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਵੱਖ-ਵੱਖ ਧੜਿਆਂ ਦੇ 24 ਮੈਂਬਰਾਂ ਦੇ ਨਾਂ ਇਸ ਭਗੌੜਿਆਂ ਦੀ ਸੂਚੀ ਵਿਚ ਸ਼ਾਮਲ ਹਨ।

ਮਤੀ-ਉਰ-ਰਹਿਮਾਨ ਦੇ ਸਿਰ 'ਤੇ ਇਕ ਕਰੋੜ ਦਾ ਇਨਾਮ ਹੈ। ਉਸ 'ਤੇ 2004 ਵਿਚ ਸਾਬਕਾ ਪ੍ਰਧਾਨ ਮੰਤਰੀ ਸ਼ੌਕਤ ਅਜ਼ੀਜ਼ 'ਤੇ ਆਤਮਘਾਤੀ ਹਮਲਾ ਕਰਨ ਦਾ ਦੋਸ਼ ਹੈ।

### ਪੰਜਾਬ ਪੁਲਿਸ ਦਾ ਅਸਲ ਚਿਹਰਾ ਬੇਨਕਾਬ

# ਛੇੜਖਾਨੀ ਦਾ ਵਿਰੋਧ ਕਰਨ ਵਾਲੀ ਕੁੜੀ ਨੂੰ ਕੁਟਾਪਾ

**ਤਰਨ ਤਾਰਨ:** ਡੀਜੀਪੀ ਸਮੁੇਧ ਸੈਣੀ ਵੱਲੋਂ ਪੰਜਾਬ ਪੁਲਿਸ ਦੀ ਕਮਾਨ ਸੰਭਾਲਣ ਤੋਂ ਬਾਅਦ ਸੂਬੇ ਵਿਚ ਖਾਕੀ ਦੀ ਦਹਿਸ਼ਤ ਫਿਰ ਸਿਰ ਚੁੱਕਣ ਲੱਗੀ ਹੈ। ਪੁਲਿਸ ਦੀਆਂ ਵਧੀਕੀਆਂ ਤੇ ਲਾਪਰਵਾਹੀ ਤੋਂ ਖੁਦ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਔਖੇ ਹਨ ਤੇ ਉਨ੍ਹਾਂ ਨੂੰ ਲਗਾਤਾਰ ਮੀਡੀਆ ਦੇ ਸਵਾਲਾਂ ਅੱਗੇ ਬੇਵੱਸ ਹੋਣਾ ਪੈ ਰਿਹਾ ਹੈ। ਤਰਨ ਤਾਰਨ ਘਟਨਾ ਨੇ ਤਾਂ ਪੁਲਿਸ ਨੂੰ ਸਿਖਰ ਦੀ ਨਮੋਸ਼ੀ ਦਵਾਈ ਹੈ। ਇਸ ਤੋਂ ਇਲਾਵਾ ਫਰੀਦਕੋਟ ਵਿਚ ਛੇੜਖਾਨੀ ਤੋਂ ਤੰਗ ਆ ਕੇ ਵਿਦਿਆਰਥਣ ਨੇ ਆਪਣੇ ਆਪ ਨੂੰ ਅੱਗ ਲਈ ਜਿਸ ਕਰਕੇ ਪੁਲਿਸ ਦੀ ਕਾਰਗੁਜਾਰੀ ਤੇ ਪੰਜਾਬ ਵਿਚ ਔਰਤਾਂ ਦੀ ਸੁਰੱਖਿਆ ਬਾਰੇ ਵੱਡਾ ਸਵਾਲ ਉੱਠ ਖੜ੍ਹਾ ਹੈ।

ਜ਼ਿਕਰਯੋਗ ਹੈ ਕਿ ਤਰਨ ਤਾਰਨ ਥਾਣਾ ਸਿਟੀ ਦੀ ਪੁਲਿਸ ਨੇ ਇਥੋਂ ਦੀ ਗੋਇੰਦਵਾਲ ਸੜਕ 'ਤੇ ਮੈਰਿਜ ਪੈਲੇਸ ਵਿਖੇ ਇਕ ਦਲਿਤ ਲੜਕੀ ਨਾਲ ਅਸ਼ਲੀਲਤਾ ਦੀ ਹੱਦ ਤਕ ਮਾਰ-ਕੁੱਟ ਕੀਤੀ। ਦੱਸਿਆ ਜਾਂਦਾ ਹੈ ਕਿ ਲੜਕੀ ਦਾ ਕਸੂਰ ਸਿਰਫ ਇੰਨਾ ਸੀ ਕਿ ਉਸ ਨੇ ਪੈਲੇਸ ਵਿਚ ਇਕ ਕਾਰ ਡਰਾਈਵਰ ਤੇ ਇਕ ਹੋਰ ਵਿਅਕਤੀ ਵਲੋਂ ਉਸ ਨਾਲ ਕੀਤੀ ਛੇੜਖਾਨੀ ਦਾ ਵਿਰੋਧ ਕੀਤਾ ਸੀ।



ਐਸ ਐਸ ਪੀ ਕੰਵਲਜੀਤ ਸਿੰਘ ਢਿੱਲੋਂ ਨੇ ਦੋ ਪੁਲਿਸ ਮੁਲਾਜ਼ਮਾਂ ਦਵਿੰਦਰ ਸਿੰਘ ਤੇ ਸਰਾਜ ਸਿੰਘ ਨੂੰ ਮੁਅੱਤਲ ਕਰ ਕੇ ਉਨ੍ਹਾਂ ਖ਼ਿਲਾਫ਼ ਵਿਭਾਗੀ ਕਾਰਵਾਈ ਦੇ ਹੁਕਮ ਦੇ ਦਿੱਤੇ ਹਨ।

ਲੜਕੀ ਹਰਬਰਿੰਦਰ ਕੌਰ ਪੁੱਤਰੀ ਕਸ਼ਮੀਰ ਸਿੰਘ ਵਾਸੀ ਉਸਮਾ ਨੇ 17 ਦੇ ਕਰੀਬ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਸਮੇਤ ਕੁੱਲ 20 ਜਣਿਆਂ ਖਿਲਾਫ ਸ਼ਿਕਾਇਤ ਥਾਣਾ ਸਿਟੀ ਵਿਖੇ ਦਰਜ ਕਰਵਾਈ ਹੈ। ਇਕੱਤਰ ਜਾਣਕਾਰੀ ਅਨੁਸਾਰ ਲੜਕੀ ਹਰਬਰਿੰਦਰ ਕੌਰ ਪੈਲੇਸ ਵਿਖੇ ਆਪਣੇ ਪਰਿਵਾਰ ਤੇ ਹੋਰ ਜੀਆਂ ਨਾਲ ਆਈ ਹੋਈ ਸੀ। ਉਥੇ ਉਸ ਨਾਲ ਇਕ ਕਾਰ ਦੇ ਡਰਾਈਵਰ ਸਾਹਿਬ ਸਿੰਘ ਤੇ ਇਕ ਹੋਰ ਵਿਅਕਤੀ ਨੇ ਛੇੜਖਾਨੀ ਕੀਤੀ। ਲੜਕੀ ਨੇ ਇਹ ਮਾਮਲਾ ਆਪਣੇ ਪਰਿਵਾਰ ਵਾਲਿਆਂ ਦੇ ਧਿਆਨ ਵਿਚ ਲਿਆਂਦਾ ਜਿਨ੍ਹਾਂ ਨੇ ਦੋਵਾਂ ਦੀ ਚੰਗੀ ਭੁਗਤ ਸੰਵਾਰੀ।

ਦੋਵਾਂ ਧਿਰਾਂ ਵਿਚ ਕੁਝ ਸਮਾਂ ਲੜਾਈ ਹੁੰਦੀ ਰਹੀ। ਇੰਨੇ ਨੂੰ ਸਾਹਿਬ ਸਿੰਘ ਤੇ ਸੋਸ਼ੀ ਨੇ ਆਪਣੇ ਅਸਰ-ਰਸੂਖ਼ ਨਾਲ ਥਾਣਾ ਸਿਟੀ ਦੀ ਪੁਲਿਸ ਨੂੰ ਬੁਲਾ ਲਿਆ। ਮੌਕੇ 'ਤੇ ਪਹੁੰਚੀ ਪੁਲਿਸ ਨੇ ਲੜਕੀ ਤੇ ਉਸ ਦੇ ਰਿਸ਼ਤੇਦਾਰਾਂ ਦੀ ਭਾਰੀ ਮਾਰ-ਕੁੱਟ ਕੀਤੀ। ਹਰਬਰਿੰਦਰ ਕੌਰ ਨੇ ਦੋਸ਼ ਲਾਇਆ ਕਿ ਪੁਲਿਸ ਵਾਲਿਆਂ ਨੇ ਉਸ ਨਾਲ ਭਾਰੀ ਮਾਰ-ਕੁੱਟ ਤੇ ਅਸ਼ਲੀਲਤਾ ਦੀ ਹੱਦ ਤਕ ਤਸ਼ੱਦਦ ਕੀਤਾ। ਪੁਲਿਸ ਨੇ ਉਸ ਦੀ ਚੁੰਨੀ ਲਾਹ ਦਿੱਤੀ ਤੇ ਕੰਨਾਂ ਦੀਆਂ ਵਾਲੀਆਂ ਖਿੱਚ ਲਈਆਂ। ਪੁਲਿਸ ਪਾਰਟੀ ਨੇ ਹਰ ਉਸ ਵਿਅਕਤੀ ਦੀ ਕੁੱਟ-ਮਾਰ ਕੀਤੀ ਜਿਹੜਾ ਵੀ ਵਿਆਹ ਵਿਚ ਸ਼ਾਮਲ ਹੋਣ ਵਾਲਿਆਂ ਦਾ ਬਚਾਅ ਕਰਨ ਲਈ ਆਇਆ।


**Wanted**

**Server & Dishwasher**

***For Indian Restaurant in Florida***

**ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ**

**ਫਲੋਰਿਡਾ ਵਿਚ ਭਾਰਤੀ ਰੈਸਟੋਰੈਂਟ ਲਈ ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ**

ਚੰਗੀ ਤਨਖਾਹ, ਰਿਹਾਇਸ਼ ਦਾ ਵੀ ਇੰਤਜ਼ਾਮ ਹੋ ਸਕਦਾ ਹੈ।

**ਸੰਪਰਕ ਕਰੋ: 850-510-3466**

# ਨਾਮਧਾਰੀ ਸੰਪਰਦਾਇ ਦੀ ਗੱਦੀਨਸ਼ੀਨੀ ਦਾ ਰੇੜਕਾ ਬਰਕਰਾਰ

**ਚੰਡੀਗੜ੍ਹ:** ਨਾਮਧਾਰੀ ਸੰਪਰਦਾਇ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਗੱਦੀਨਸ਼ੀਨੀ ਦੀ ਦਾਅਵੇਦਾਰੀ ਦੇ ਮਾਮਲੇ ਸਬੰਧੀ ਨਾਮਧਾਰੀ ਸੰਪਰਦਾਇ ਵਿਚ ਉਠੇ ਹਿੰਸਕ ਵਿਵਾਦ ਤੋਂ ਬਾਅਦ ਪੁਲਿਸ ਨੇ ਸੰਪਦਾਇ ਦੇ ਮੌਜੂਦਾ ਮੁਖੀ ਠਾਕੁਰ ਉਦੈ ਸਿੰਘ ਦੀ ਸੁਰੱਖਿਆ ਛੱਤਰੀ ਵਧਾ ਦਿੱਤੀ ਹੈ। ਦੂਜੇ ਪਾਸੇ ਬਾਬਾ ਉਦੈ ਸਿੰਘ ਦੇ ਪੈਰੋਕਾਰ ਤੇ ਹਮਾਇਤੀ ਵੀ ਚੌਕਸ ਹੋ ਗਏ ਹਨ।


ਸੰਤ ਉਦੈ ਸਿੰਘ

ਬਾਬਾ ਉਦੈ ਸਿੰਘ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਹੇਠ ਧਾਰਮਿਕ ਪ੍ਰਚਾਰ ਜਾਰੀ ਹੈ। ਉਨ੍ਹਾਂ ਠਾਕੁਰ ਦਲੀਪ ਸਿੰਘ ਦੇ ਧੜੇ ਦੀ ਦਾਅਵੇਦਾਰੀ ਨੂੰ ਮੂਲੋਂ ਰੱਦ ਕਰਦਿਆਂ ਕਿਹਾ ਹੈ ਕਿ ਦੂਜੇ ਧੜੇ ਦਾ ਕੋਈ ਵਜੂਦ ਨਹੀਂ ਹੈ, ਉਹ ਬਸ ਭਟਕ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਗੱਦੀਨਸ਼ੀਨੀ ਸਤਿਗੁਰੂ ਜਗਜੀਤ ਸਿੰਘ ਦੀ ਪਤਨੀ ਮਾਤਾ ਚੰਦ ਕੌਰ ਨੇ ਸੌਂਪੀ ਹੈ ਤੇ ਉਹ ਖੁਦ ਉਨ੍ਹਾਂ ਨਾਲ ਧਾਰਮਿਕ ਪ੍ਰਚਾਰ ਤੇ ਪਸਾਰ ਵਿਚ ਜੁਟੇ ਹੋਏ ਹਨ। ਜ਼ਿਕਰਯੋਗ ਹੈ ਕਿ ਨਾਮਧਾਰੀ ਸੰਪਰਦਾਇ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਗੱਦੀਨਸ਼ੀਨੀ ਦਾ ਮਾਮਲਾ ਸੰਪਦਾਇ ਵਿਚ ਵਿਵਾਦ ਦਾ ਮੁੱਦਾ ਬਣ ਗਿਆ ਹੈ। ਇਸੇ ਕਾਰਨ ਅੰਮ੍ਰਿਤਸਰ ਵਿਖੇ ਇਕ ਸਮਾਗਮ ਦੌਰਾਨ ਬਾਬਾ ਉਦੈ ਸਿੰਘ ਦੇ ਸਮਰਥਕ ਤੇ ਠਾਕੁਰ ਦਲੀਪ ਸਿੰਘ ਦੇ ਪੈਰੋਕਾਰ ਆਪਸ ਵਿਚ ਉਲਝ ਪਏ ਸਨ। ਦੂਜੀ ਧਿਰ ਦੇ ਸਮਰਥਕਾਂ ਨੇ ਬਾਬਾ ਉਦੈ ਸਿੰਘ ਦੇ ਸਾਰੇ ਭਵਿੱਖ ਦੇ ਸਮਾਗਮਾਂ ਵਿਚ ਵਿਘਨ ਪਾਉਣ ਦੀ ਚਿਤਾਵਨੀ ਦਿੱਤੀ ਸੀ। ਇਸ ਦੇ ਮੱਦੇਨਜ਼ਰ ਬਾਬਾ ਉਦੈ ਸਿੰਘ ਦੀ ਸੁਰੱਖਿਆ ਛੱਤਰੀ ਵਧਾ ਦਿੱਤੀ ਗਈ ਹੈ ਤਾਂ ਜੋ ਮੁੜ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

# ਪੰਜਾਬ ਵੱਲੋਂ ਗ੍ਰਾਂਟ ਹਾਸਲ ਨਾ ਕਰਨ ਤੋਂ ਕੇਂਦਰ ਸਰਕਾਰ ਖ਼ਫ਼ਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਇੰਦਰਾ ਆਵਾਸ ਯੋਜਨਾ ਤਹਿਤ ਰਾਜ ਵਿਚ 23,696 ਘਰਾਂ ਦੇ ਮਿਥੇ ਟੀਚੇ ਵਿਚੋਂ ਸਿਰਫ 1851 ਮਕਾਨ ਮਨਜ਼ੂਰ ਕਰ ਸਕੀ ਹੈ।



ਪੰਜਾਬ ਸਰਕਾਰ ਦੀ ਇਸ ਕਾਰਗੁਜ਼ਾਰੀ ‘ਤੇ ਭਾਰਤ ਦੇ ਪੇਂਡੂ ਵਿਕਾਸ ਮੰਤਰੀ ਜੈਰਾਮ ਰਮੇਸ਼ ਨੇ ਰੋਸ ਪ੍ਰਗਟਾਇਆ ਹੈ। ਸ੍ਰੀ ਰਮੇਸ਼ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜੇ ਅਰਧ-ਸਰਕਾਰੀ ਪੱਤਰ ਰਾਹੀਂ ਕਿਹਾ ਹੈ ਕਿ 2012-13 ਦੌਰਾਨ ਇੰਦਰਾ ਆਵਾਸ ਯੋਜਨਾ ਤਹਿਤ ਪੰਜਾਬ ਵਿਚ 23,696 ਮਕਾਨ ਬਣਾਉਣ ਦਾ ਟੀਚਾ ਮਿਥਿਆ ਗਿਆ ਸੀ ਪਰ ਉਨ੍ਹਾਂ ਨੂੰ ਰਿਪੋਰਟ ਮਿਲੀ ਹੈ ਕਿ ਸਿਰਫ 1851 ਮਕਾਨ ਮਨਜ਼ੂਰ ਕੀਤਾ ਗਏ ਹਨ।

ਇਸ ਬਾਰੇ ਭਾਰਤ ਸਰਕਾਰ ਵੱਲੋਂ 75 ਫੀਸਦੀ ਕੇਂਦਰੀ ਹਿੱਸੇ ਵਜੋਂ 6.59 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਇਸ ਵਿੱਤੀ ਵਰ੍ਹੇ ਦੇ ਸ਼ੁਰੂ ਵਿਚ ਹੀ ਜਾਰੀ ਕਰ ਦਿੱਤੀ ਗਈ ਸੀ। ਇਹ ਪਹਿਲੀ ਕਿਸ਼ਤ ਸਿਰਫ ਚਾਰ ਜ਼ਿਲ੍ਹਿਆਂ ਲਈ ਜਾਰੀ ਕੀਤੀ ਗਈ ਸੀ ਤੇ ਹੋਰ ਜ਼ਿਲ੍ਹੇ 2011-12 ਦੌਰਾਨ ਦੂਸਰੀ ਕਿਸ਼ਤ ਹਾਸਲ ਨਹੀਂ ਕਰ ਸਕੇ ਸਨ। ਕੇਂਦਰੀ ਮੰਤਰੀ ਨੇ ਕਿਹਾ ਕਿ 2012-13 ਲਈ ਦੂਸਰੀ ਕਿਸ਼ਤ ਹਾਸਲ ਕਰਨ ਵਾਸਤੇ ਰਾਜ ਵੱਲੋਂ ਹਾਲੇ ਤੱਕ ਕੋਈ ਤਜਵੀਜ਼ ਨਹੀਂ ਭੇਜੀ ਗਈ ਜੋ ਫਿਕਰ ਦਾ ਵਿਸ਼ਾ ਹੈ। ਉਨ੍ਹਾਂ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ ਹੈ ਕਿ ਕੇਂਦਰੀ ਪੇਂਡੂ ਵਿਕਾਸ ਦੇ ਅਧਿਕਾਰੀ ਨਿਰੰਤਰ ਇਸ ਬਾਰੇ ਚਿੱਠੀ-ਪੱਤਰ ਕਰਦੇ ਆ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਇਸ ਸਕੀਮ ਬਾਬਤ ਲੋੜੀਂਦੀ ਸੂਚਨਾ ਤੁਰੰਤ ਭੇਜੀ ਜਾਵੇ ਤਾਂ ਜੋ ਪੰਜਾਬ ਨੂੰ ਬਣਦੀ ਰਾਸ਼ੀ ਜਾਰੀ ਕੀਤੀ ਜਾ ਸਕੇ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਚੌਧਰੀ ਸੁਨੀਲ ਜਾਖੜ ਨੇ ਕਿਹਾ ਕਿ ਇਸ ਪੱਤਰ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਕੇਂਦਰ ‘ਤੇ ਰਾਜ ਨਾਲ ਵਿਤਕਰਾ ਕਰਨ ਦੇ ਬੇਬੁਨਿਆਦ ਦੋਸ਼ ਲਾਉਣ ਦੀ ਆਦੀ ਹੈ ਕਿਉਂਕਿ ਕੇਂਦਰ ਸਰਕਾਰ ਪੰਜਾਬ ਨੂੰ ਵੱਧ ਤੋਂ ਵੱਧ ਗ੍ਰਾਂਟਾਂ ਦੇਣ ਨੂੰ ਤਿਆਰ ਹੈ ਪਰ ਸੂਬਾ ਸਰਕਾਰ ਖੁਦ ਹੀ ਇਸ ਬਾਰੇ ਅਣਗਹਿਲੀਆਂ ਕਰ ਰਹੀ ਹੈ।

# ਪੰਜਾਬ ਦੇ ਪਾਣੀਆਂ ’ਚ ਘੁਲਿਆ ਜ਼ਹਿਰ...

**ਚੰਡੀਗੜ੍ਹ:** ਪੰਜਾਬ ਦੇ ਇਕ ਹਜ਼ਾਰ ਤੋਂ ਵੱਧ ਪਿੰਡਾਂ ਦੇ ਵਾਸੀ ਧਾਤਾਂ-ਯੁਕਤ ਪਾਣੀ ਪੀਣ ਲਈ ਮਜਬੂਰ ਹਨ। ਇਹ ਤੱਥ ਜਲ ਸਪਲਾਈ ਵਿਭਾਗ ਵੱਲੋਂ ਪੀਣ ਵਾਲੇ ਪਾਣੀ ਦੇ ਲਏ ਗਏ ਨਮੂਨਿਆਂ ਤੋਂ ਬਾਅਦ ਸਾਹਮਣੇ ਆਏ ਹਨ। ਜਨਵਰੀ ਮਹੀਨੇ ਦੌਰਾਨ ਹੀ ਵਿਭਾਗ ਨੂੰ ਹਾਸਲ ਹੋਈਆਂ ਰਿਪੋਰਟਾਂ ਮੁਤਾਬਕ ਸੂਬੇ ਦੇ 1012 ਪਿੰਡਾਂ ਵਿਚ ਲੋਕਾਂ ਨੂੰ ਅਜਿਹਾ ਪਾਣੀ ਪੀਣ ਲਈ ਸਪਲਾਈ ਹੋ ਰਿਹਾ ਹੈ ਜਿਸ ਵਿਚ ਯੂਰੇਨੀਅਮ, ਸਿੱਕਾ, ਨਿੱਕਲ, ਫਲੋਰਾਈਡ ਵਰਗੇ ਤੱਤ ਹਨ।

ਮਾਹਿਰਾਂ ਮੁਤਾਬਕ ਇਹ ਜ਼ਹਿਰੀਲੇ ਤੱਤ ਕੈਂਸਰ, ਟੀ.ਬੀ., ਹੱਡੀਆਂ ਤੇ ਦੰਦਾਂ ਦੇ ਰੋਗ ਵਰਗੀਆਂ ਗੰਭੀਰ ਬੀਮਾਰੀਆਂ ਦਾ ਆਧਾਰ ਵੀ ਬਣਦੇ ਹਨ। ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਮੋਗਾ, ਜਲੰਧਰ, ਲੁਧਿਆਣਾ ਤੇ ਸੰਗਰੂਰ ਜ਼ਿਲ੍ਹਿਆਂ ਦੇ ਪਾਣੀ ਵਿਚ ਸਭ ਤੋਂ ਵੱਧ ਜ਼ਹਿਰਾਂ ਘੁਲੀਆਂ ਹੋਈਆਂ ਹਨ। ਕੇਂਦਰ ਦੇ ਪਰਮਾਣੂ ਊਰਜਾ ਵਿਭਾਗ ਵੱਲੋਂ ਵੀ ਪੰਜਾਬ ਦੇ ਦੱਖਣੀ ਜ਼ਿਲ੍ਹਿਆਂ ਵਿਚ ਸਪਲਾਈ ਹੁੰਦੇ ਪਾਣੀ ਦੇ ਸੈਂਪਲ ਲੈ ਕੇ ਟੈਸਟ ਕੀਤਾ ਗਿਆ ਸੀ। ਵਿਭਾਗ ਮੁਤਾਬਕ ਫਰੀਦਕੋਟ ਦੇ ਪਿੰਡਾਂ ਵਿਚ ਯੂਰੇਨੀਅਮ ਖ਼ਤਰਨਾਕ ਹੱਦ ਤੱਕ ਪਹੁੰਚਿਆ ਹੋਇਆ ਹੈ। ਜਲ ਸਪਲਾਈ ਵਿਭਾਗ ਦੀਆਂ ਤਾਜ਼ਾ ਰਿਪੋਰਟਾਂ ਮੁਤਾਬਕ ਮਾਝੇ ਦੇ ਤਰਨ ਤਾਰਨ ਜ਼ਿਲ੍ਹੇ ਤੇ ਦੋਆਬੇ ਦੇ ਕਈ ਪਿੰਡਾਂ ਦੇ ਪਾਣੀ ਵਿਚ ਵੀ ਯੂਰੇਨੀਅਮ ਦੇ ਤੱਤ ਪਾਏ ਗਏ ਹਨ।

ਪੰਜਾਬ ਸਰਕਾਰ ਵੱਲੋਂ ਪਾਣੀ ਦੇ ਨਮੂਨੇ ਨੈਸ਼ਨਲ ਐਕਰੇਡੇਸ਼ਨ ਬੋਰਡ ਆਫ਼ ਲੈਬਾਰਟਰੀਜ਼ (ਐਨਏਬੀਐਲ) ਵੱਲੋਂ ਮਾਨਤਾ ਪ੍ਰਾਪਤ ਇਕ ਤੋਂ ਵੱਧ ਲੈਬਾਰਟਰੀਆਂ ਤੋਂ ਟੈਸਟ ਕਰਾਏ ਗਏ ਹਨ ਤਾਂ ਜੋ ਸਪੱਸ਼ਟ ਤੱਥ ਸਾਹਮਣੇ ਆ ਸਕਣ। ਪਾਣੀ ਦੇ ਨਮੂਨਿਆਂ ਦੀਆਂ ਤਾਜ਼ਾ ਰਿਪੋਰਟਾਂ ਮੁਤਾਬਕ ਬਰਨਾਲਾ, ਬਠਿੰਡਾ, ਫਰੀਦਕੋਟ, ਜਲੰਧਰ, ਨਵਾਂ ਸ਼ਹਿਰ ਤੇ ਲੁਧਿਆਣਾ ਦੇ ਪਾਣੀਆਂ ਵਿਚ ਸਭ ਤੋਂ ਖ਼ਤਰਨਾਕ ਧਾਤ ਸਿੱਕਾ ਪਾਇਆ ਜਾ ਰਿਹਾ ਹੈ।

ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਧਾਤ ਦੇ ਮਨੁੱਖੀ ਸਰੀਰ ਵਿਚ ਜਾਣ ਨਾਲ ਹਾਈ ਬਲੱਡ ਪ੍ਰੈਸ਼ਰ, ਗੁਰਦਿਆਂ ਦਾ ਫੇਲ੍ਹ ਹੋਣਾ, ਪੇਟ ਤੇ ਅੰਤੜੀਆਂ ਦੀਆਂ ਬੀਮਾਰੀਆਂ,

**ਬਰਨਾਲਾ, ਬਠਿੰਡਾ, ਜਲੰਧਰ, ਫਰੀਦਕੋਟ, ਨਵਾਂ ਸ਼ਹਿਰ ਤੇ ਲੁਧਿਆਣਾ ’ਚ ਹਾਲਤ ਗੰਭੀਰ**

ਨਰਵਸ ਸਿਸਟਮ ਦਾ ਕਮਜ਼ੋਰ ਹੋਣਾ ਤੇ ਔਰਤਾਂ ਵਿਚ ਬਾਂਝਪਣ ਆਉਣ ਵਰਗੀਆਂ ਬੀਮਾਰੀਆਂ ਆ ਸਕਦੀਆਂ ਹਨ। ਇਨ੍ਹਾਂ ਰਿਪੋਰਟਾਂ ਮੁਤਾਬਕ ਸੂਬੇ ਦੇ 4233 ਪਿੰਡਾਂ ਦਾ ਪਾਣੀ ਧਾਤਾਂ ਯੁਕਤ ਹੈ ਪਰ ਬਹੁਤੇ ਪਿੰਡਾਂ ਦੇ ਪਾਣੀ ਵਿਚ ਧਾਤਾਂ ਹੁਣ ਖ਼ਤਰਨਾਕ ਹੱਦ ਤੱਕ ਨਹੀਂ ਰਹੀਆਂ ਸਿਰਫ਼ 1012 ਪਿੰਡ ਅਜਿਹੇ ਹਨ ਜਿੱਥੇ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਪਿੰਡਾਂ ਵਿਚਲੇ ਹੱਥ ਨਲਕੇ ਜੋ ਧਰਤੀ ਦੀ ਉਪਰਲੀ ਸਤਹਿ ‘ਤੇ ਲੱਗੇ ਹੋਏ ਹਨ, ਦਾ ਪਾਣੀ ਤਾਂ ਬੇਹੱਦ ਖ਼ਤਰਨਾਕ ਮੰਨਿਆ ਜਾਂਦਾ ਹੈ।

ਜਲ ਸਪਲਾਈ ਵਿਭਾਗ ਵੱਲੋਂ ਪੂਰੇ ਪੰਜਾਬ ਦੇ ਪਾਣੀ ਨੂੰ ਟੈਸਟ ਕਰਨ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ। ਵਿਭਾਗ ਮੁਤਾਬਕ ਦਿਹਾਤੀ ਖੇਤਰਾਂ ਵਿਚ ਕੁੱਲ 13657 ਜਲ ਸਪਲਾਈ ਦੇ ਕੇਂਦਰ ਹਨ। ਪੰਜਾਬ ਦੇ 70 ਫੀਸਦੀ ਤੋਂ ਵੱਧ ਪਿੰਡਾਂ ਵਿਚ ਸਪਲਾਈ ਹੁੰਦਾ ਪੀਣ ਵਾਲਾ ਪਾਣੀ ਮਨੁੱਖਾਂ ਦੇ ਪੀਣਯੋਗ ਨਹੀਂ ਹੈ ਪਰ ਵਿਭਾਗ ਵੱਲੋਂ ਪਾਣੀ ਨੂੰ ਸ਼ੁੱਧ ਕਰਨ ਲਈ ਆਰ.ਓ. ਸਿਸਟਮ ਸਥਾਪਤ ਕੀਤੇ ਜਾ ਚੁੱਕੇ ਹਨ। ਲੁਧਿਆਣਾ ਤੇ ਜਲੰਧਰ ਸ਼ਹਿਰਾਂ ਦੇ ਆਸ ਪਾਸ ਪਿੰਡਾਂ ਦੇ ਪਾਣੀ ਵਿਚ ਭਾਰੀ ਧਾਤਾਂ ਹੋਣ ਦਾ ਕਾਰਨ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਹੀ ਮੰਨਿਆ ਜਾਂਦਾ ਹੈ।

ਇਨ੍ਹਾਂ ਸ਼ਹਿਰਾਂ ਦੀਆਂ ਫੈਕਟਰੀਆਂ ਵਿਚੋਂ ਨਿਕਲਦਾ ਗੰਦਾ ਪਾਣੀ ਦਰਿਆਈ ਪਾਣੀਆਂ ਨੂੰ ਵੀ ਦੂਸ਼ਿਤ ਕਰਦਾ ਹੈ ਤੇ ਪੰਜਾਬ ਦੇ ਵੱਡੇ ਹਿੱਸੇ ਵਿਚ ਪੀਣ ਲਈ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਪਿੰਡਾਂ ਵਿਚ ਸਤਲੁਜ ਦਰਿਆ ਦਾ ਪਾਣੀ ਸਪਲਾਈ ਹੁੰਦਾ ਹੈ ਉਥੇ ਭਾਰੀ ਧਾਤਾਂ ਪਾਈਆਂ ਗਈਆਂ ਹਨ। ਤਰਨਤਾਰਨ ਜ਼ਿਲ੍ਹੇ ਦੇ ਪਿੰਡਾਂ ਦੇ ਪਾਣੀ ਵਿਚ ਯੂਰੇਨੀਅਮ ਆਉਣ ਦਾ ਕਾਰਨ ਵਿਭਾਗ ਨੂੰ ਅਜੇ ਪਤਾ ਨਹੀਂ ਲੱਗ ਰਿਹਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਦਾ ਵੀ ਅਧਿਐਨ ਕੀਤਾ ਜਾ ਰਿਹਾ ਹੈ।

ਜਲ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਿੰਡਾਂ ਨੂੰ ਸ਼ੁੱਧ ਪਾਣੀ ਦੇਣ ਦੇ ਮਾਮਲੇ ‘ਤੇ ਗੰਭੀਰ ਹਨ। ਆਉਂਦੇ ਦੋ ਸਾਲਾਂ ਦੌਰਾਨ ਪੀਣ ਵਾਲੇ ਪਾਣੀ ਨੂੰ ਸ਼ੁੱਧ ਕਰਨ ਤੇ ਆਰ.ਓ. ਸਿਸਟਮ ਲਾਉਣ ‘ਤੇ 945 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਸਟੇਟ ਹੈਲਥ ਸਰਵੇ ਰਿਸੋਰਸ ਸੈਂਟਰ ਦੇ ਕਾਰਜਕਾਰੀ ਡਾਇਰੈਕਟਰ ਡਾ. ਪਿਆਰੇ ਲਾਲ ਦਾ ਕਹਿਣਾ ਹੈ ਕਿ ਪੰਜਾਬ ਦੇ ਪਾਣੀਆਂ ਵਿਚ ਜ਼ਹਿਰਾਂ ਘੁਲਣ ਦਾ ਕਾਰਨ ਉਦਯੋਗਾਂ ਦਾ ਗੰਦਾ ਪਾਣੀ ਹੈ। ਇਸ ਬਾਰੇ ਕਿਸਾਨਾਂ ਨੂੰ ਦੋਸ਼ੀ ਠਹਿਰਾਉਣਾ ਠੀਕ ਨਹੀਂ।

# ਪੰਜਾਬ ਸਰਕਾਰ ਵਲੋਂ ਹੋਰ ਟੈਕਸ ਲਾਉਣ ਦੀ ਤਿਆਰੀ

**ਜਲੰਧਰ:** ਪੰਜਾਬ ਦਾ ਬਜਟ 20 ਮਾਰਚ ਨੂੰ ਪੇਸ਼ ਕੀਤਾ ਜਾ ਰਿਹਾ ਹੈ ਤੇ ਇਸ ਲਈ ਵਿੱਤ ਵਿਭਾਗ ਨੇ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਕਰ ਦਿੱਤੀਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਵਾਰ ਬਜਟ ਤਿਆਰ ਕਰਨ ਲਈ ਅਰਥ ਸ਼ਾਸਤਰੀਆਂ ਦੀ ਮਦਦ ਲਈ ਜਾ ਰਹੀ ਹੈ ਤਾਂ ਜੋ ਸੂਬੇ ਦੀ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ ਜਾ ਸਕੇ। ਬਜਟ ਪੇਸ਼ ਹੋਣ ਤੋਂ ਬਾਅਦ ਤਿੰਨ ਦਿਨਾਂ ਤੱਕ ਇਸ ‘ਤੇ ਚਰਚਾ ਹੋਏਗੀ। ਅਕਾਲੀ-ਭਾਜਪਾ ਸਰਕਾਰ ਦੇ ਦੂਸਰੇ ਕਾਰਜਕਾਲ ਵਿਚ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੂਸਰੀ ਵਾਰ ਬਜਟ ਪੇਸ਼ ਕਰਨਗੇ।

ਇਸ ਵਾਰ ਪੇਸ਼ ਕੀਤੇ ਜਾਣ ਵਾਲੇ ਬਜਟ ਵਿਚ ਵਿਕਾਸ ਦੇ ਮਾਮਲੇ ਵਿਚ ਕੁਝ ਨਵੇਂ ਟੈਕਸਾਂ ਦਾ ਲੋਕਾਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ। ਸ਼ਹਿਰੀ ਵਿਕਾਸ ਦੇ ਮਾਮਲੇ ਵਿਚ ਫ਼ੰਡ ਨਾ ਹੋਣ ਕਾਰਨ ਨੁਕਸਾਨ ਹੋ ਰਿਹਾ ਹੈ। ਪ੍ਰਾਪਰਟੀ ਟੈਕਸ ਪਹਿਲਾਂ ਹੀ ਲਾ ਦਿੱਤਾ ਗਿਆ ਹੈ। ਸੂਬੇ ਵਿਚ ਮੈਡੀਕਲ ਸਹੂਲਤ, ਸਿੱਖਿਆ, ਵਿਕਾਸ ਲਈ ਸਰਕਾਰ ਨੂੰ ਫ਼ੰਡਾਂ ਦੀ ਕਾਫ਼ੀ ਲੋੜ ਹੈ ਤੇ ਇਸ ਲਈ ਬਜਟ ਵਿਚ ਕੁਝ ਨਵੇਂ ਸਰੋਤ ਵੀ ਸਾਹਮਣੇ ਲਿਆਂਦੇ ਜਾ ਸਕਦੇ ਹਨ।

ਵਿੱਤ ਮੰਤਰੀ ਨੇ ਸਾਲ 2012-13 ਦਾ 57648 ਕਰੋੜ ਦਾ ਬਜਟ ਪੇਸ਼ ਕੀਤਾ ਸੀ ਜਿਸ ਵਿਚੋਂ 14512 ਕਰੋੜ ਰੁਪਏ ਖਰਚਾ ਤਨਖਾਹਾਂ ਲਈ ਕੀਤਾ ਗਿਆ। ਪੈਨਸ਼ਨਾਂ ਤੇ ਸੇਵਾਮੁਕਤੀ ਦੇ ਲਾਭ ਦੀ ਰਕਮ 4753 ਕਰੋੜ ਰੁਪਏ ਸੀ। ਪਿਛਲੇ ਸਾਲ ਤੱਕ ਬਿਜਲੀ ਸਬਸਿਡੀ 4632 ਕਰੋੜ ਰੁਪਏ ਸਰਕਾਰ ਵੱਲੋਂ ਦਿੱਤੀ ਗਈ ਸੀ ਪਰ ਇਸ ਵਾਰ ਬਿਜਲੀ ਦੀਆਂ ਦਰਾਂ ਵਧਣ ਨਾਲ ਇਹ ਸਬਸਿਡੀ ਦੇ 5000 ਕਰੋੜ ਰੁਪਏ ਤੋਂ ਜ਼ਿਆਦਾ ਟੱਪ ਜਾਣ ਦੀ ਉਮੀਦ ਹੈ। ਸਰਕਾਰ ਨੂੰ ਲਏ ਉਧਾਰ ਦੀ ਮੂਲਧਨ ਦੀ ਰਕਮ ‘ਤੇ 3605 ਕਰੋੜ ਰੁਪਏ ਵਿਆਜ ਦੀ ਅਦਾਇਗੀ ਕੀਤੀ ਗਈ ਸੀ। ਇਸ ਵੇਲੇ ਸੂਬੇ ਵਿਚ ਖ਼ਰਚੇ ਵਧੇ ਹਨ ਪਰ ਉਸ ਮੁਤਾਬਕ ਮਾਲੀਏ ਵਿਚ ਵਾਧਾ ਨਹੀਂ ਹੋਇਆ ਸੀ। ਵੈਟ ਵਸੂਲੀ ਕਰਨ ਵਿਚ ਆਬਕਾਰੀ ਤੇ ਕਰ ਵਿਭਾਗ ਕਾਫ਼ੀ ਯਤਨ ਕਰਦਾ ਰਿਹਾ ਹੈ ਪਰ ਵਿਭਾਗ ਦੇ ਢਾਂਚੇ ਵਿਚ ਸੁਧਾਰ ਕਰਨ ਲਈ ਕੋਈ ਕਦਮ ਨਹੀਂ ਉਠਾਏ ਜਾ ਰਹੇ ਹਨ। ਕੁਝ ਸਾਲਾਂ ਪਹਿਲਾਂ ਵਿਭਾਗ ਦੀਆਂ ਆਪਣੀਆਂ ਇਮਾਰਤਾਂ ਤੇ ਗੱਡੀਆਂ ਖ਼ਰੀਦਣ ਲਈ ਸ਼ਰਾਬ ‘ਤੇ ਸੈੱਸ ਲਾਇਆ ਗਿਆ ਸੀ ਪਰ 30 ਕਰੋੜ ਤੋਂ ਜ਼ਿਆਦਾ ਇਕੱਠੀ ਕੀਤੀ ਸੈਸ ਦੀ ਰਕਮ ਵੀ ਹੋਰ ਕੰਮਾਂ ਲਈ ਖ਼ਰਚ ਕਰ ਦਿੱਤੀ ਗਈ ਹੈ।

ਜੇਕਰ ਵਿਭਾਗ ਨੂੰ ਸਹੂਲਤਾਂ ਦਿੱਤੀਆਂ ਜਾਣ ਤਾਂ ਆਬਕਾਰੀ ਤੇ ਕਰ ਵਿਭਾਗ ਦਾ ਸਟਾਫ਼ ਹਰ ਸਾਲ 500 ਕਰੋੜ ਤੋਂ ਜ਼ਿਆਦਾ ਦੇ ਮਾਲੀਏ ਦੀ ਵਸੂਲੀ ਦਾ ਵਾਧਾ ਕਰ ਸਕਦਾ ਹੈ। ਕੇਂਦਰੀ ਬਜਟ ਤੋਂ ਬਾਅਦ ਪੰਜਾਬ ਦੇ ਲੋਕਾਂ ਤੇ ਸਨਅਤਕਾਰਾਂ ਦੀਆਂ ਨਜ਼ਰਾਂ 20 ਮਾਰਚ ਨੂੰ ਵਿੱਤ ਮੰਤਰੀ ਵੱਲੋਂ ਪੇਸ਼ ਕੀਤੇ ਜਾਣ ਵਾਲੇ ਬਜਟ ‘ਤੇ ਲੱਗੀਆਂ ਹਨ।

# ਆਈਫੋਨ ‘ਤੇ ਵੀ ਮੁਹੱਈਆ ਹੋਏਗਾ ਹਰਿਮੰਦਰ ਤੋਂ ਕੀਰਤਨ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਚੱਲਦੇ ਗੁਰਬਾਣੀ ਕੀਰਤਨ, ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਨਿਤਨੇਮ ਦੀਆਂ ਬਾਣੀਆਂ ਨੂੰ ਹੁਣ ਇੰਟਰਨੈੱਟ ਰਾਹੀਂ ਆਈਫੋਨ ਤੇ ਆਈਪੈਡ ‘ਤੇ ਸੁਣਿਆ ਤੇ ਪੜ੍ਹਿਆ ਜਾ ਸਕੇਗਾ। ਆਈਫੋਨ ਅਤੇ ਆਈਪੈਡ ‘ਤੇ ਚੱਲਣ ਵਾਲੀ ਇਸ ਐਪਲੀਕੇਸ਼ਨ ਦਾ ਆਰੰਭ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਕਰਦਿਆਂ ਇਸ ਕਾਰਜ ਦੀ ਸ਼ਲਾਘਾ ਕੀਤੀ ਹੈ।

ਉਨ੍ਹਾਂ ਆਖਿਆ ਕਿ ਇਸ ਨਾਲ ਦੇਸ਼ ਵਿਦੇਸ਼ ਦੀ ਸੰਗਤ ਆਸਾਨੀ ਨਾਲ ਮੋਬਾਈਲ ‘ਤੇ ਹੀ ਗੁਰਬਾਣੀ ਦੇ ਕੀਰਤਨ ਦਾ ਆਨੰਦ ਲੈ ਸਕੇਗੀ। ਇਸ ਸਾਫਟਵੇਅਰ ਨੂੰ ਸ਼੍ਰੋਮਣੀ ਕਮੇਟੀ ਦੇ ਇੰਟਰਨੈੱਟ ਵਿਭਾਗ ਦੇ ਇੰਚਾਰਜ ਜਸਪਾਲ ਸਿੰਘ ਨੇ ਤਿਆਰ ਕੀਤਾ ਹੈ। ਇਸ ਸਾਫਟਵੇਅਰ ਵਿਚ ਪੰਜਾਬੀ ਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਦੀ ਸਹੂਲਤ ਮੁਹੱਈਆ ਹੈ। ਜਦੋਂ ਕੋਈ ਸ਼ਰਧਾਲੂ ਆਈ ਫੋਨ ਜਾਂ ਆਈ ਪੈਡ ‘ਤੇ ਇਹ ਐਪਲੀਕੇਸ਼ਨ ਚਾਲੂ ਕਰੇਗਾ ਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ




ਚੱਲ ਰਿਹਾ ਕੀਰਤਨ ਆਪਣੇ-ਆਪ ਚੱਲਣਾ ਸ਼ੁਰੂ ਹੋ ਜਾਵੇਗਾ। ਸ੍ਰੀ ਹਰਿਮੰਦਰ ਸਾਹਿਬ ਤੋਂ ਆਉਣ ਵਾਲਾ ਰੋਜ਼ਾਨਾ ਮੁੱਖਵਾਕ ਵੀ ਇਸ ਉਪਰ ਆਸਾਨੀ ਨਾਲ ਪੜ੍ਹਿਆ ਜਾ ਸਕੇਗਾ ਜਿਸ ਦਾ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਹੋਵੇਗਾ। ਹੁਕਮਨਾਮੇ ਨੂੰ ਸੰਗਤ ਸੁਣ ਵੀ ਸਕੇਗੀ। 2002 ਤੋਂ ਲੈ ਕੇ ਹੁਣ ਤੱਕ ਦੇ ਕਿਸੇ ਵੀ ਦਿਨ ਦੇ ਹੁਕਮਨਾਮੇ ਨੂੰ ਸੁਣਿਆ ਜਾ ਸਕਦਾ ਹੈ। ਇਸੇ ਤਰ੍ਹਾਂ ਸ੍ਰੀ ਮੁਖਵਾਕ ਦੀ ਕਥਾ ਜੋ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਕੀਤੀ ਜਾਂਦੀ ਹੈ, ਨੂੰ ਵੀ ਇਸ ਮਾਧਿਅਮ ਰਾਹੀਂ ਸੰਗਤ ਸੁਣ ਸਕਦੀ ਹੈ।

ਸਾਫਟਵੇਅਰ ਵਿਚ ਗੁਰਬਾਣੀ ਸੈਕਸ਼ਨ ਵੀ ਬਣਾਇਆ ਗਿਆ ਹੈ ਜਿਸ ਵਿਚ ਨਿਤਨੇਮ ਤੇ ਹੋਰ ਬਾਣੀਆਂ ਸੁਣੀਆਂ ਤੇ ਪੜ੍ਹੀਆਂ ਜਾ ਸਕਣਗੀਆਂ। ਇਸੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਸਾਨੀ ਨਾਲ ਪੜ੍ਹਿਆ ਅਤੇ ਸੁਣਿਆ ਜਾ ਸਕੇਗਾ। ਜਦੋਂ ਕੋਈ ਸ਼ਰਧਾਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਈ ਵੀ ਅੰਗ ਪੜ੍ਹਨਾ ਸ਼ੁਰੂ ਕਰੇਗਾ ਤਾਂ ਉਸ ਨਾਲ ਸਬੰਧਤ ਬਾਣੀ ਆਡੀਓ ਰੂਪ ਵਿਚ ਵੀ ਚੱਲਣੀ ਸ਼ੁਰੂ ਹੋ ਜਾਵੇਗੀ ਜਿਸ ਨਾਲ ਗੁਰਬਾਣੀ ਦੇ ਸ਼ੁੱਧ ਉਚਾਰਨ ਵਿਚ ਸਹਾਇਤਾ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਸਾਫਟਵੇਅਰ ਨੂੰ ਸਮਾਰਟ ਫੋਨ ‘ਤੇ ਮੁਹੱਈਆ ਕਰਾਉਣ ਲਈ ਵੀ ਯਤਨ ਸ਼ੁਰੂ ਕੀਤੇ ਗਏ ਹਨ।

# ਜ਼ਮੀਨ ਪਿਛੇ ਪੁੱਤਰ ਹੱਥੋਂ ਪਿਓ ਦਾ ਕਤਲ

**ਸੰਗਰੂਰ:** ਇਥੋਂ ਨੇੜਲੇ ਪਿੰਡ ਬਡਰੁੱਖਾਂ ਵਿਚ ਜ਼ਮੀਨ ਦੇ ਲਾਲਚ ਕਾਰਨ ਪੁੱਤਰ ਵੱਲੋਂ ਆਪਣੀ ਪਤਨੀ ਤੇ ਦੋ ਹੋਰ ਨੌਜਵਾਨਾਂ ਨਾਲ ਮਿਲ ਕੇ ਆਪਣੇ ਪਿਤਾ ਦਾ ਕਤਲ ਕਰਕੇ ਲਾਸ਼ ਨਹਿਰ ਵਿਚ ਸੁੱਟ ਦਿੱਤੀ ਗਈ। ਪੁਲਿਸ ਨੇ ਕਤਲ ਤੇ ਲਾਸ਼ ਖੁਰਦ ਬੁਰਦ ਕਰਨ ਦੇ ਦੋਸ਼ ਤਹਿਤ ਮ੍ਰਿਤਕ ਕਿਸਾਨ ਦੇ ਪੁੱਤਰ ਬੂਟਾ ਸਿੰਘ ਤੇ ਨੂੰਹ ਰਾਜਪ੍ਰੀਤ ਕੌਰ ਤੋਂ ਇਲਾਵਾ ਦੋ ਹੋਰ ਨੌਜਵਾਨਾਂ ਨਿਰਮਲ ਸਿੰਘ ਨਿੰਮਾ ਤੇ ਸਰਬਜੀਤ ਸਿੰਘ ਉਰਫ ਹੈਪੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪੁਲਿਸ ਅਨੁਸਾਰ 28 ਫਰਵਰੀ ਨੂੰ ਪਿੰਡ ਬਡਰੁੱਖਾਂ ਦਾ ਕਿਸਾਨ ਜੱਗਰ ਸਿੰਘ ਉਸ ਵੇਲੇ ਭੇਤਭਰੀ ਹਾਲਤ ਵਿਚ ਲਾਪਤਾ ਹੋ ਗਿਆ ਜਦੋਂਕਿ ਉਹ ਖੇਤ ਗਿਆ। ਪਰਿਵਾਰ ਵੱਲੋਂ ਉਸ ਦੀ ਕਾਫ਼ੀ ਤਲਾਸ਼ ਕੀਤੀ ਗਈ ਪਰ ਉਸ ਦਾ ਕੋਈ ਸੁਰਾਗ ਨਹੀਂ ਮਿਲਿਆ। ਇਸ ਤੋਂ ਬਾਅਦ ਜੱਗਰ ਸਿੰਘ ਦੀ ਪਤਨੀ ਜਸਵੰਤ ਕੌਰ ਨੇ ਉਸੇ ਦਿਨ ਸ਼ਾਮ ਪੁਲੀਸ ਚੌਕੀ ਬਡਰੁੱਖਾਂ ਆਪਣੇ ਪਤੀ ਦੀ ਗੁੰਮਸ਼ੁਦਗੀ ਬਾਰੇ ਰਿਪੋਰਟ ਦਰਜ ਕਰਵਾ ਦਿੱਤੀ। ਪੜਤਾਲ ਦੌਰਾਨ ਪੁਲਿਸ ਨੂੰ ਖੁਫ਼ੀਆ ਇਤਲਾਹ ਮਿਲੀ ਕਿ ਜੱਗਰ ਸਿੰਘ ਨੂੰ ਉਸ ਦੇ ਛੋਟੇ ਲੜਕੇ ਬੂਟਾ ਸਿੰਘ, ਉਸ ਦੀ ਪਤਨੀ ਰਾਜਪ੍ਰੀਤ ਕੌਰ, ਰਾਜਪ੍ਰੀਤ ਕੌਰ ਦੇ ਮਾਮੇ ਦੇ ਲੜਕੇ ਸਰਬਜੀਤ ਸਿੰਘ ਉਰਫ਼ ਹੈਪੀ ਵਾਸੀ ਪਿੰਡ ਪਲਾਸੌਰ ਤੇ ਨਿਰਮਲ ਸਿੰਘ ਨਿੰਮਾ ਵਾਸੀ ਪਿੰਡ ਖਦਾਦਪੁਰ ਥਾਣਾ ਸਮਾਣਾ ਨੇ ਜ਼ਮੀਨ ਦੇ ਲਾਲਚ ਵਿਚ ਆ ਕੇ ਕਤਲ ਕਰ ਦਿੱਤਾ ਹੈ।

ਪੁਲਿਸ ਵੱਲੋਂ ਕਤਲ ਦੀ ਘਟਨਾ ਸਬੰਧੀ ਚਾਰਾਂ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੁਲਜ਼ਮਾਂ ਤੋਂ ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮ੍ਰਿਤਕ ਜੱਗਰ ਸਿੰਘ ਕੋਲ 12 ਏਕੜ ਜ਼ਮੀਨ ਹੈ ਜਿਸ ਦੇ ਦੋ ਲੜਕੇ ਤਰਸੇਮ ਸਿੰਘ ਤੇ ਬੂਟਾ ਸਿੰਘ ਹਨ। ਜੱਗਰ ਸਿੰਘ ਆਪਣੇ ਵੱਡੇ ਲੜਕੇ ਤਰਸੇਮ ਸਿੰਘ ਨਾਲ ਪਿੰਡ ਵਿੱਚ ਰਹਿੰਦਾ ਸੀ ਜਦੋਂਕਿ ਛੋਟਾ ਲੜਕਾ ਬੂਟਾ ਸਿੰਘ ਖੇਤ ਵਿਚ ਬਣਾਏ ਮਕਾਨ ਵਿਚ ਰਹਿੰਦਾ ਸੀ ਜਿਸ ਨੂੰ ਪਿਤਾ ਨੇ ਚਾਰ ਏਕੜ ਜ਼ਮੀਨ ਦਿੱਤੀ ਹੋਈ ਸੀ। ਵੱਡਾ ਲੜਕਾ ਤਰਸੇਮ ਸਿੰਘ ਆਪਣੇ ਮਾਤਾ-ਪਿਤਾ ਨਾਲ ਰਹਿੰਦਾ ਹੋਣ ਕਰਕੇ ਅੱਠ ਏਕੜ ਜ਼ਮੀਨ ਦੀ ਵਾਹੀ ਕਰਦਾ ਸੀ। ਬੂਟਾ ਸਿੰਘ ਆਪਣੇ ਨਾਂ ਜ਼ਮੀਨ ਕਰਾਉਣ ਲਈ ਪਿਤਾ ‘ਤੇ ਦਬਾਅ ਪਾਉਂਦਾ ਸੀ ਜਿਸ ਨਾਲ ਜੱਗਰ ਸਿੰਘ ਸਹਿਮਤ ਨਹੀਂ ਸੀ। ਬੂਟਾ ਸਿੰਘ ਪਿਤਾ ਨਾਲ ਇਹੋ ਰੰਜਿਸ਼ ਰੱਖਦਾ ਸੀ।

# ਬਿਕਰਮ ਮਜੀਠੀਆ ਰਾਣਾ ਗੁਰਜੀਤ ਦੇ ਪਿੱਛੇ ਪਿਆ!

**ਅੰਮ੍ਰਿਤਸਰ:** ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਨੇ ਦੋਸ਼ ਲਾਇਆ ਕਿ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਸਮਰਥਕਾਂ ਰਾਹੀਂ ਉਸ ਦੀ ਪਿੰਡ ਬੁੱਟਰ ਸਿਵੀਆਂ ਸਥਿਤ ਖੰਡ ਮਿੱਲ ਨੂੰ ਜਾਂਦੇ ਰਸਤੇ ਨੂੰ ਬੰਦ ਕਰਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜੇਕਰ ਉਨ੍ਹਾਂ ਨਾਲ ਕੋਈ ਵਧੀਕੀ ਹੋਈ ਤਾਂ ਇਸ ਲਈ ਕੈਬਨਿਟ ਮੰਤਰੀ ਜ਼ਿੰਮੇਵਾਰ ਹੋਵੇਗਾ। ਦੂਜੇ ਪਾਸੇ ਮਜੀਠੀਆ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ।



ਰਾਣਾ ਗੁਰਜੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਮਜੀਠੀਆ ਦੇ ਸਮਰਥਕਾਂ ਵੱਲੋਂ ਖੰਡ ਮਿੱਲ ਨੂੰ ਜਾਣ ਵਾਲੇ ਰਸਤੇ ਨੂੰ ਬੰਦ ਕਰਨ ਦਾ ਯਤਨ ਕੀਤਾ ਗਿਆ ਹੈ ਜੋ ਕਿ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨ ਦਾ ਯਤਨ ਹੈ। ਉਨ੍ਹਾਂ ਆਖਿਆ ਕਿ ਇਹ ਸਭ ਕੁਝ ਵਿਧਾਨ ਸਭਾ ਵਿਚ ਵਾਪਰੀ ਘਟਨਾ ਦੇ ਸਿੱਟੇ ਵਜੋਂ ਬਦਲਾ ਲੈਣ ਦੀ ਭਾਵਨਾ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਕ ਪਾਸੇ ਤਾਂ ਸਰਕਾਰ ਫ਼ਸਲੀ ਵਿਭਿੰਨਤਾ ਦੀ ਗੱਲ ਕਰਦੀ ਹੈ ਤੇ ਦੂਜੇ ਪਾਸੇ ਉਨ੍ਹਾਂ ਦੀ ਖੰਡ ਮਿੱਲ ਨੂੰ ਬਰਬਾਦ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਬੀਤੇ ਦਿਨ ਹਾਕਮ ਧਿਰ ਨਾਲ ਸਬੰਧਤ ਸੱਤ-ਅੱਠ ਵਿਅਕਤੀਆਂ ਨੇ ਖੰਡ ਮਿੱਲ ਨੂੰ ਜਾਣ ਵਾਲੇ ਰਸਤੇ ਨੂੰ ਬੰਦ ਕਰ ਦਿੱਤਾ ਤੇ ਮਿੱਲ ਦੀ ਬਾਹਰੀ ਕੰਧ ਦਾ ਕੁਝ ਹਿੱਸਾ ਤੋੜ ਕੇ ਅੰਦਰ ਦਾਖ਼ਲ ਹੋਣ ਦਾ ਯਤਨ ਕੀਤਾ। ਇਸ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਤੇ ਹਮਲਾਵਰਾਂ ਦੀ ਸ਼ਨਾਖ਼ਤ ਵੀ ਕੀਤੀ ਹੈ ਪਰ ਹੁਣ ਤੱਕ ਕਿਸੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ।

ਦੂਜੇ ਪਾਸੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਾਂਗਰਸੀ ਆਗੂ ਵੱਲੋਂ ਲਾਏ ਦੋਸ਼ਾਂ ਨੂੰ ਨਿਰਆਧਾਰ ਤੇ ਬੇਬੁਨਿਆਦ ਕਰਾਰ ਦਿੰਦਿਆਂ ਆਖਿਆ ਕਿ ਉਨ੍ਹਾਂ ਦਾ ਇਸ ਮਾਮਲੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਬਦਲੇ ਦੀ ਭਾਵਨਾ ਨਾਲ ਕਾਰਵਾਈ ਕੀਤੇ ਜਾਣ ਦੇ ਲਾਏ ਗਏ ਦੋਸ਼ਾਂ ਬਾਰੇ ਉਨ੍ਹਾਂ ਆਖਿਆ ਕਿ ਵਿਧਾਨ ਸਭਾ ਦਾ ਮਾਮਲਾ ਉਥੇ ਹੀ ਹੱਲ ਹੋ ਗਿਆ ਸੀ। ਉਨ੍ਹਾਂ ਆਖਿਆ ਕਿ ਕਿਸੇ ਖ਼ਿਲਾਫ਼ ਵੀ ਸਿਆਸੀ ਮੁਫਾਦਾਂ ਤਹਿਤ ਕੋਈ ਕਾਰਵਾਈ ਨਹੀਂ ਕੀਤੀ।

## ਸਿੱਖੀ ਦੇ ਪ੍ਰਚਾਰ ਵਾਸਤੇ 24 ਘੰਟੇ ਚਲਣ ਵਾਲਾ ਰੇਡਿਓ

**ਨਿਊ ਯਾਰਕ:** ਸਿੱਖੀ ਦੇ ਪ੍ਰਚਾਰ ਲਈ ਰੇਡਿਓ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਦਾ ਨਾਮ 'ਖਾਲਸਾ ਬਾਗੀ ਜਾਂ ਬਾਦਸ਼ਾਹ' ਰੱਖਿਆ ਗਿਆ ਹੈ। ਇਹ ਪ੍ਰੋਗਰਾਮ 24 ਘੰਟੇ ਚਲਦਾ ਹੈ ਅਤੇ ਇਸ ਵਿਚ ਕੋਈ ਮਸ਼ਹੂਰੀ ਨਹੀਂ ਦਿੱਤੀ ਜਾਂਦੀ। ਕੋਈ ਵੀ ਸਰੋਤਾ ਆਪਣੇ ਫੋਨ 'ਤੇ ਇਹ ਪ੍ਰੋਗਰਾਮ ਸੁਣ ਸਕਦਾ ਹੈ। ਇਸ ਲਈ ਕਿਸੇ ਰੇਡਿਓ ਦੀ ਲੋੜ ਨਹੀਂ। ਫੋਨ ਨੰਬਰ 605-475-6853 ਉਤੇ ਡਾਇਲ ਕਰਕੇ ਸੁਣਿਆ ਜਾ ਸਕਦਾ ਹੈ।

ਇਹ ਜਾਣਕਾਰੀ ਦਿੰਦਿਆਂ ਰਣਜੀਤ ਸਿੰਘ ਸੰਗੋਜਲਾ ਨੇ ਦੱਸਿਆ ਕਿ ਇਸ ਰੇਡੀਓ ਵਿਚ 9 ਚੈਨਲ ਹਨ। ਨੰਬਰ 1 ਦਬਾਉਣ 'ਤੇ ਕਥਾ, ਨੰਬਰ 2 'ਤੇ ਸਿਮਰਨ, ਨੰਬਰ 3 'ਤੇ ਕੀਰਤਨ, ਨੰਬਰ 4 'ਤੇ ਢਾਡੀ ਵਾਰਾਂ ਜਾਂ ਕਵੀਸ਼ਰ, ਨੰਬਰ 5 'ਤੇ ਸੰਤ ਸਿੰਘ ਮਸਕੀਨ ਦੀ ਕਥਾ, ਨੰਬਰ 6 'ਤੇ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਤੋਂ ਕਥਾ, ਨੰਬਰ 7 'ਤੇ ਦਮਦਮੀ ਟਕਸਾਲ ਦੇ ਰਾਗੀ ਭਾਈ ਗੁਰਸ਼ਰਨ ਸਿੰਘ ਵਲੋਂ ਗੁਰਬਾਣੀ ਸੰਥਿਆ, ਨੰਬਰ 8 'ਤੇ ਧਾਰਮਿਕ ਰਾਜਨੀਤਕ ਅਤੇ ਸਮਾਜਕ ਪ੍ਰੋਗਰਾਮ, ਨੰਬਰ 9 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੜੀਵਾਰ ਪਾਠ ਸੁਣਿਆ ਜਾ ਸਕਦਾ ਹੈ। ਰੇਡੀਓ ਨਾਲ ਸੰਪਰਕ ਫੋਨ 214-347-7598 ਰਾਹੀਂ ਕੀਤਾ ਜਾ ਸਕਦਾ ਹੈ। ਇੰਟਰਨੈਟ 'ਤੇ ਸਾਰਾ ਪ੍ਰੋਗਰਾਮ www.radiokbjb.com 'ਤੇ ਸੁਣਿਆ ਜਾ ਸਕਦਾ ਹੈ।


## ਤਬਲਾ ਵਾਦਕ ਦੀ ਲੋੜ ਹੈ

**ਨਾਰਥ ਕੈਰੋਲਾਈਨਾ ਵਿਚ ਦੁਰਹਮ ਦੇ ਗੁਰਦੁਆਰਾ ਸਾਹਿਬ ਲਈ ਅੰਮ੍ਰਿਤਧਾਰੀ ਤਬਲਾ ਵਾਦਕ ਸਿੰਘ ਦੀ ਲੋੜ ਹੈ**

ਉਮੀਦਵਾਰ ਨੇ ਪੰਜਾਬ ਦੀ ਕਿਸੇ ਨਾਮਵਰ ਮਾਨਤਾ ਪ੍ਰਾਪਤ ਸੰਸਥਾ ਤੋਂ ਘੱਟੋ ਘੱਟ ਦੋ ਸਾਲ ਦਾ ਗੁਰਮਤਿ ਕੋਰਸ ਕੀਤਾ ਹੋਵੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਲਈ ਹੋਵੇ। ਗੁਰਬਾਣੀ ਕਥਾ ਕੀਰਤਨ ਅਤੇ ਗੁਰੂ ਘਰ ਦੀ ਸੇਵਾ ਸੰਭਾਲ ਸੁਚੱਜੇ ਢੰਗ ਨਾਲ ਕਰਨ ਦੇ ਨਾਲ ਨਾਲ ਬੱਚਿਆਂ ਨੂੰ ਕੀਰਤਨ ਅਤੇ ਤਬਲਾ ਸਿਖਾਉਣ ਦੀ ਮੁਹਾਰਤ ਰੱਖਦਾ ਹੋਵੇ। ਵੱਧ ਤੋਂ ਵੱਧ ਯੋਗਤਾ ਵਾਲੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ।

**ਸੰਪਰਕ ਕਰੋ:**

**919-477-7035 ਜਾਂ 252-218-6700**


## Matrimonials

### ਵਰ ਦੀ ਲੋੜ ਹੈ

ਰਾਮਦਾਸੀਆ ਸਿੱਖ, ਪੰਜਾਬ ਰਹਿੰਦੀ, 26 ਸਾਲ, 5'-5", ਰੰਗ ਸਾਫ, ਬੀ.ਐਸਸੀ (ਨਾਨਮੈਡੀਕਲ) ਐਮ. ਐਸ ਸੀ ਮੈਥ, ਬੀ.ਐਡ, ਅੰਮ੍ਰਿਤਧਾਰੀ ਲੜਕੀ ਵਾਸਤੇ ਯੋਗ ਵਰ ਦੀ ਲੋੜ ਹੈ। ਤਾਇਆ ਤੇ ਭੂਆ ਪਰਿਵਾਰ ਅਮਰੀਕਾ ਦੇ ਪੱਕੇ ਬਾਸ਼ਿੰਦੇ। ਪੂਰੇ ਵੇਰਵੇ ਤੇ ਫੋਟੋ ਸਹਿਤ ਸੰਪਰਕ ਕਰੋ, ਈਮੇਲ: doabasatluj@gmail.com

### ਕੰਨਿਆ ਦੀ ਲੋੜ ਹੈ

ਰਵਿਦਾਸੀਆ ਸਿੱਖ ਲੜਕੇ, 36, 5'-7" ਵੈਸ਼ਨੋ ਕਲੀਨਸ਼ੇਵ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਇਮੀਗਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-730-8029

---

ਸੋਹਣੇ ਸੁਨੱਖੇ ਜੱਟ ਸਿੱਖ ਅਮਰੀਕੀ ਸਿਟੀਜ਼ਨ ਲੜਕੇ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-704-2588 ਜਾਂ ਈਮੇਲ ਕਰੋ: matrimonial.1986@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਅਟਵਾਲ, ਉਮਰ 38, ਕੱਦ 5'-9" ਕਲੀਨਸ਼ੇਵ ਤਲਾਕਸ਼ੁਦਾ ਅਮਰੀਕਾ ਰਹਿੰਦੇ ਲੜਕੇ ਲਈ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ 'ਚ ਚੰਗਾ ਸੈਟਲ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਸੰਪਰਕ ਕਰੋ, ਫੋਨ: 408-775-0975

---

ਇੰਡੀਆ ਰਹਿੰਦੇ ਸਰਕਾਰੀ ਮੁਲਾਜ਼ਮ ਵਾਲੀਆ ਸਿੱਖ, ਐਮ ਐਸ ਸੀ ਕੈਮਿਸਟਰੀ ਲੜਕੇ, 27 ਸਾਲ, 5'-8' ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਵਿਚਾਰ ਨਹੀਂ। ਸੰਪਰਕ ਕਰੋ, ਫੋਨ: 575-815-8536, ਇੰਡੀਆ 91-94641-21807 ਜਾਂ ਈਮੇਲ: walia@gmail.com

---

**Companion Wanted**

Wanted a Punjabi lady live in help to take care of my household needs. I am a senior retiree, age 80, healthy, widower, living alone, US citizen, busy writing a book in Philadelphia, PA. Write to PO Box 342, Plainsboro, NJ 08536

## ਗੁਰਦੁਆਰਿਆਂ ਦੇ ਇਤਿਹਾਸ ਬਾਰੇ ਪੁਸਤਕ ਰਿਲੀਜ਼

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਗੁਰਦੁਆਰਿਆਂ ਦਾ ਇਤਿਹਾਸ ਦਰਸਾਉਂਦੀ ਪੁਸਤਕ 'ਗੁਰਦੁਆਰਾ ਕੋਸ਼' ਤਿਆਰ ਕੀਤੀ ਹੈ ਜਿਸ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਜਾਰੀ ਕੀਤਾ। ਇਸ ਪੁਸਤਕ ਨੂੰ ਡਾ. ਜਸਬੀਰ ਸਿੰਘ ਸਰਨਾ ਤੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਤਿਆਰ ਕੀਤਾ ਹੈ।

ਇਸ ਪੁਸਤਕ ਬਾਰੇ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸਮੁੱਚੇ ਗੁਰਦੁਆਰਿਆਂ ਦੀ ਜਾਣਕਾਰੀ ਇਕੱਤਰ ਕਰਨੀ ਸ਼ਲਾਘਾਯੋਗ ਤੇ ਲਾਹੇਵੰਦ ਹੈ। ਉਨ੍ਹਾਂ ਕਿਹਾ ਕਿ ਪਿੰਡਾਂ, ਨਗਰਾਂ, ਕਸਬਿਆਂ ਤੇ ਸ਼ਹਿਰਾਂ ਵਿਚ ਸਥਿਤ ਗੁਰਦੁਆਰਿਆਂ ਬਾਰੇ ਅਹਿਮ ਪਰ ਸੰਖੇਪ ਰੂਪ ਵਿਚ ਇਸ ਕੋਸ਼ ਵਿਚ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਦੇਸ਼ ਵਿਦੇਸ਼ ਦੀ ਸੰਗਤ ਲਈ ਸਹਾਈ ਹੋਵੇਗੀ।


## HK Transport Company

**Wanted Owner Operator & Drivers**

**Indianapolis based trucking company needs experienced CDL class A company drivers and owner operators to haul dry freights all over 48 states.**

**For company drivers-We provide Good and clean trucks, Pay every 15 days, direct deposit and weekend home.**

**For Owner operators with nice and good condition trucks who want to make more money with flexible dispatch options, we are the right choice.**

*Medical Benefits and sign-in Bonus offered*

**Contact Phone: 317-837-8577**

Fax: 317-837-1004 email: ginny@hktransportinc.com

## OKKJI Transfer LLC.

**15238 Radiance Dr., Noblesville, IN, 46060**

## ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ:

**Toll Free: 1-855-966-5554**

Manny Sandhu: 317-603-1000, Sam Bhullar: 732-486-9045, Fax: 317-774-9665

## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

### ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No minimums

**Call Paul at 1-800-705-3863**

**Transportation Funding Group, Inc.**

Minneapolis , MN 55426

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਦੀ ਅੱਖ ਲੋਕ ਸਭਾ ਚੋਣਾਂ ਉਤੇ

## ਮੋਦੀ ਨੂੰ ਮੁੱਖ ਆਗੂ ਵਜੋਂ ਸ਼ਿੰਗਾਰਿਆ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਆਪਣੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਦੀ ਸਮਾਪਤੀ ਦੇ ਨਾਲ ਹੀ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਬਿਗਲ ਵਜਾ ਦਿੱਤਾ ਹੈ। ਕਾਰਜਕਾਰਨੀ ਦੀ ਇਹ ਮੀਟਿੰਗ ਪਾਰਟੀ ਦੇ ਨਵੇਂ ਚੁਣੇ ਪ੍ਰਧਾਨ ਰਾਜਨਾਥ ਸਿੰਘ ਨੇ ਆਪਣੀ ਨਵੀਂ ਟੀਮ ਬਣਾਉਣ ਲਈ ਉਚੇਚੇ ਤੌਰ 'ਤੇ ਸੱਦੀ ਸੀ। ਇਸ ਮੀਟਿੰਗ ਵਿਚ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਬੜਾ ਮਾਣ-ਤਾਣ ਕੀਤਾ ਗਿਆ। ਉਨ੍ਹਾਂ ਨੂੰ ਮੀਟਿੰਗ ਦੌਰਾਨ ਬੋਲਣ ਲਈ ਵੀ ਖੁੱਲ੍ਹਾ ਸਮਾਂ ਦਿੱਤਾ ਗਿਆ। ਆਪਣੀ ਤਕਰੀਰ ਦੌਰਾਨ ਉਨ੍ਹਾਂ ਕਾਂਗਰਸ ਉਤੇ ਤਿੱਖੇ ਹਮਲੇ ਕੀਤੇ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਚੌਕੀਦਾਰ (ਨਾਈਟ ਵਾਚਮੈਨ) ਤੱਕ ਕਹਿ ਦਿੱਤਾ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਦੇਸ਼ ਨੂੰ ਘੁਣ ਵਾਂਗ ਖਾ ਰਹੀ ਕਾਂਗਰਸ ਤੋਂ ਸੱਤਾ ਖੋਹਣਾ ਹੁਣ ਸਮੇਂ ਦੀ ਵੱਡੀ ਲੋੜ ਹੈ।



ਇਸ ਮੌਕੇ ਸੀਨੀਅਰ ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਵੀ ਭਾਜਪਾ ਗੁਜਰਾਤ ਵਾਂਗ ਹੈਟਟ੍ਰਿਕ ਬਣਾਏਗੀ। ਵੈਂਕਈਆ ਨਾਇਡੂ ਨੇ ਅਖੌਤੀ ਤੀਜੇ ਮੋਰਚੇ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਜਿਹੀਆਂ ਪਾਰਟੀਆਂ ਯੂ.ਪੀ.ਏ. ਨੂੰ ਚਲਾਉਣ ਵਿਚ ਹੀ ਸਹਾਇਕ ਹੁੰਦੀਆਂ ਹਨ। ਇਸ ਲਈ ਅਜਿਹੀਆਂ ਪਾਰਟੀਆਂ ਨੂੰ ਚੋਣਾਂ ਵਿਚ ਹਰਾਉਣਾ ਜ਼ਰੂਰੀ ਹੈ। ਭਾਜਪਾ ਨੇ ਆਪਣੇ ਸਿਆਸੀ ਮਤੇ ਵਿਚ ਦੇਸ਼ ਵਿਚ ਔਰਤਾਂ ਦੀ ਸੁਰੱਖਿਆ, ਭ੍ਰਿਸ਼ਟਾਚਾਰ, ਅੰਦਰੂਨੀ ਸੁਰੱਖਿਆ, ਅਤਿਵਾਦ ਅਤੇ ਬੰਗਲਾਦੇਸ਼ ਵਿਚੋਂ ਪਰਵਾਸ ਵਰਗੇ ਮੁੱਦੇ ਛੂਹੇ। ਨਾਲ ਹੀ ਐਨ.ਡੀ.ਏ. ਦੇ ਵਿਸਥਾਰ ਦਾ ਸੱਦਾ ਦਿੱਤਾ।

ਇਸੇ ਦੌਰਾਨ ਕਾਂਗਰਸ ਨੇ ਭਾਜਪਾ ਆਗੂ ਨਰਿੰਦਰ ਮੋਦੀ ਵੱਲੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਗਾਂਧੀ ਪਰਿਵਾਰ ਖ਼ਿਲਾਫ਼ ਮੰਦੇ ਸ਼ਬਦ ਬੋਲਣ, ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਨੂੰ ਭੰਡਣ ਅਤੇ ਭਾਜਪਾ ਦੇ ਗੁਣ ਗਾਉਣ ਉਪਰ ਤਿੱਖੀ ਟਿੱਪਣੀ ਕੀਤੀ ਹੈ। ਕੇਂਦਰੀ ਮੰਤਰੀ ਰਾਜੀਵ ਸ਼ੁਕਲਾ ਨੇ ਕਿਹਾ ਕਿ ਮੋਦੀ ਵੱਲੋਂ ਵਰਤੀ ਭਾਸ਼ਾ ਕਿਸੇ ਕੌਮੀ ਪੱਧਰ ਦੇ ਨੇਤਾ ਦੀ ਨਹੀਂ।

ਕਾਂਗਰਸ ਆਗੂ ਮਨੀਸ਼ ਤਿਵਾੜੀ ਨੇ ਕਿਹਾ ਕਿ ਸ੍ਰੀ ਮੋਦੀ ਜਿਹੜੇ ਹੁਣ ਸ੍ਰੀ ਅਟਲ ਬਿਹਾਰੀ ਵਾਜਪਾਈ ਦੇ ਗੁਣ ਗਾ ਰਹੇ ਹਨ, ਉਨ੍ਹਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਗੁਜਰਾਤ ਦੰਗਿਆਂ ਦੌਰਾਨ ਸ੍ਰੀ ਵਾਜਪਾਈ ਨੇ ਸ੍ਰੀ ਮੋਦੀ ਨੂੰ ਕਿਹਾ ਸੀ ਕਿ ਉਹ ਰਾਜ ਧਰਮ ਨਿਭਾਉਣ।

# ਮਲਾਲਾ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ

**ਓਸਲੋ:** ਲੜਕੀਆਂ ਦੀ ਸਿੱਖਿਆ ਲਈ ਤਾਲਿਬਾਨੀਆਂ ਨਾਲ ਲੋਹਾ ਲੈਣ ਵਾਲੀ ਪਾਕਿਸਤਾਨੀ ਸਕੂਲੀ ਵਿਦਿਆਰਥਣ ਮਲਾਲਾ ਯੂਸਫਜ਼ਈ ਨੂੰ ਸ਼ਾਂਤੀ ਲਈ 'ਨੋਬਲ ਸ਼ਾਂਤੀ ਪੁਰਸਕਾਰ' ਦੇਣ ਲਈ ਨਾਮਜ਼ਦ ਕੀਤਾ ਗਿਆ ਹੈ। ਮਲਾਲਾ ਤੋਂ ਇਲਾਵਾ ਕੋਲੰਬੀਆ ਵਿਚ ਅੱਧੀ ਸਦੀ ਤੋਂ ਜਾਰੀ ਫਾਰਸ ਗੁਰੀਲਿਆਂ ਦੇ ਸੰਘਰਸ਼ ਨੂੰ ਖਤਮ ਕਰਨ ਲਈ ਕੀਤੇ ਯਤਨਾਂ ਸਦਕਾ ਕੋਲੰਬੀਆ ਦੇ ਰਾਸ਼ਟਰਪਤੀ ਜੁਆਨ ਮੈਨੁਅਲ ਸੰਤੋਸ ਵੀ ਇਨ੍ਹਾਂ ਪੁਰਸਕਾਰਾਂ ਦੀ ਮੁਢਲੀ ਸੂਚੀ ਵਿਚ ਸ਼ਾਮਲ ਹਨ।



*ਮਲਾਲਾ*

ਮਿਆਂਮਾਰ ਵਿਚ ਦਹਾਕਿਆਂ ਤੋਂ ਚੱਲ ਰਹੀ ਤਾਨਾਸ਼ਾਹੀ ਨੂੰ ਖਤਮ ਕਰਨ ਲਈ ਕੀਤੇ ਸੰਘਰਸ਼ ਕਾਰਨ ਮਿਆਂਮਾਰ ਦੇ ਥੀਨ ਸੀਨ ਨੂੰ ਵੀ ਇਸ ਵਾਸਤੇ ਚੁਣਿਆ ਗਿਆ ਹੈ। ਇਸ ਤੋਂ ਇਲਾਵਾ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਆਪਣੇ ਚੈਰਿਟੀ ਕੰਮਾਂ ਕਾਰਨ ਇਸ ਦੌੜ ਵਿਚ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਪੀਸ ਰਿਸਰਚ ਇੰਸਟੀਚਿਊਟ ਦੀ ਡਾਇਰੈਕਟਰ ਕਰੀਸਟੀਨ ਬਰਗ ਹਰਪਵਿਕੇਨ ਨੇ ਦੱਸਿਆ ਕਿ 15 ਸਾਲਾ ਲੜਕੀ ਨੂੰ ਨੋਬਲ ਪੁਰਸਕਾਰ ਦੇਣਾ ਉਨ੍ਹਾਂ ਲਈ ਇਕ ਚੁਣੌਤੀ ਭਰਪੂਰ ਕਦਮ ਹੋਵੇਗਾ ਕਿਉਂਕਿ ਅੱਜ ਤੱਕ ਉਨ੍ਹਾਂ 30 ਸਾਲ ਤੋਂ ਘੱਟ ਉਮਰ ਦੇ ਉਮੀਦਵਾਰ ਨੂੰ ਇਹ ਪੁਰਸਕਾਰ ਨਹੀਂ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਯਮਨ ਦੀ ਸ਼ਾਂਤੀ ਕਾਰਜਕਰਤਾ ਤਵੱਕੋਈ ਕਰਮਨ ਨੂੰ 32 ਸਾਲ ਦੀ ਉਮਰ ਵਿਚ ਨੋਬਲ ਪੁਰਸਕਾਰ ਦਿੱਤਾ ਗਿਆ ਸੀ ਜੋ ਹੁਣ ਤੱਕ ਦੀ ਸਭ ਤੋਂ ਘੱਟ ਉਮਰ ਦੀ ਉਮੀਦਵਾਰ ਹੈ।

# ਵੈਨੇਜ਼ੁਏਲਾ ਦੇ ਰਾਸ਼ਟਰਪਤੀ ਸ਼ਾਵੇਜ਼ ਦਾ ਦੇਹਾਂਤ

**ਕਰਾਕਸ:** ਵੈਨੇਜ਼ੁਏਲਾ ਦੇ ਰਾਸ਼ਟਰਪਤੀ ਹਿਊਗੋ ਸ਼ਾਵੇਜ਼ ਦਾ ਦੇਹਾਂਤ ਹੋ ਗਿਆ ਹੈ। ਉਹ 58 ਵਰ੍ਹਿਆਂ ਦੇ ਸਨ ਅਤੇ ਪਿਛਲੇ ਦੋ ਸਾਲ ਤੋਂ ਕੈਂਸਰ ਦੀ ਬਿਮਾਰੀ ਨਾਲ ਘੁਲ ਰਹੇ। ਦੇਸ਼ ਦੇ ਗਰੀਬ ਤਬਕੇ ਵਿਚ ਉਨ੍ਹਾਂ ਦਾ ਬਹੁਤ ਮਾਣ-ਤਾਣ ਸੀ, ਜਦਕਿ ਧਨਾਢ ਉਨ੍ਹਾਂ ਦੀਆਂ ਨੀਤੀਆਂ ਤੋਂ ਬਹੁਤੇ ਖੁਸ਼ ਨਹੀਂ ਸਨ। ਉਨ੍ਹਾਂ ਦੇਸ਼ ਦੀ ਵਾਗਡੋਰ 14 ਸਾਲ ਸੰਭਾਲੀ ਰੱਖੀ।



ਇਸੇ ਦੌਰਾਨ ਉਪ ਰਾਸ਼ਟਰਪਤੀ ਨਿਕੋਲਸ ਮਾਦੁਰੋ, ਜਿਸ ਨੂੰ ਸ਼ਾਵੇਜ਼ ਨੇ ਆਪਣਾ ਉਤਰਾਧਿਕਾਰੀ ਥਾਪ ਦਿੱਤਾ ਸੀ, ਨੇ ਕਿਹਾ ਕਿ ਸ਼ਾਵੇਜ਼ ਦੀਆਂ ਸਮਾਜਵਾਦੀ ਨੀਤੀਆਂ ਜਾਰੀ ਰੱਖੀਆਂ ਜਾਣਗੀਆਂ। ਉਂਜ, ਹੁਣ ਦੇਸ਼ ਵਿਚ 30 ਦਿਨਾਂ ਦੇ ਅੰਦਰ-ਅੰਦਰ ਚੋਣਾਂ ਹੋਣਗੀਆਂ। ਪਿਛਲੇ ਸਾਲ ਅਕਤੂਬਰ ਵਿਚ ਹੋਈਆਂ ਚੋਣਾਂ ਵਿਚ ਸ਼ਾਵੇਜ਼ ਵੱਡੇ ਫਰਕ ਨਾਲ ਜਿੱਤਿਆ ਸੀ ਅਤੇ ਵਿਰੋਧੀ ਧਿਰ ਦਾ ਉਮੀਦਵਾਰ ਹੈਨਰਿਕ ਕੈਪਰਾਈਲਜ਼ ਹਾਰ ਗਿਆ ਸੀ। ਹਾਲ ਹੀ ਵਿਚ ਹੋਏ ਸਰਵੇਖਣਾਂ ਵਿਚ ਮਾਦੁਰੋ ਨੂੰ 50 ਫੀਸਦੀ ਅਤੇ ਕੈਪਰਾਈਲਜ਼ ਨੂੰ 36 ਫੀਸਦੀ ਲੋਕਾਂ ਨੇ ਆਪਣਾ ਪਸੰਦੀਦਾ ਆਗੂ ਦੱਸਿਆ ਸੀ।

# ਕੈਪਟਨ ਦੀ ਥਾਂ ਬਾਜਵਾ ਬਣੇ ਪੰਜਾਬ ਕਾਂਗਰਸ ਦੇ ਪ੍ਰਧਾਨ

*(ਸਫਾ ਇਕ ਦੀ ਬਾਕੀ)*

ਕਿ ਉਹ ਜੱਟ ਸਿੱਖ ਹਨ, ਦੂਜਾ ਚੋਣ ਪਿੜ ਵਿਚ ਉਨ੍ਹਾਂ ਦਾ ਆਧਾਰ ਹੈ ਜਿਸ ਦਾ ਮੁਜ਼ਾਹਰਾ ਉਹ ਗੁਰਦਾਸਪੁਰ ਤੋਂ ਲੋਕ ਸਭਾ ਚੋਣ ਜਿੱਤਣ ਤੋਂ ਇਲਾਵਾ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਵੀ ਕਰ ਚੁੱਕੇ ਹਨ ਅਤੇ ਤੀਜਾ ਉਨ੍ਹਾਂ ਵਿਚ ਹੋਰਾਂ ਨੂੰ ਨਾਲ ਲੈ ਕੇ ਤੁਰਨ ਦੀ ਸਮਰੱਥਾ ਵੀ ਹੈ। ਉਂਜ, ਇਹ ਵੀ ਕੌੜਾ ਸੱਚ ਹੈ ਕਿ ਉਹ ਨਾ ਤਾਂ ਅਮਰਿੰਦਰ ਸਿੰਘ ਵਰਗੇ ਕੱਦਾਵਰ ਆਗੂ ਹਨ ਤੇ ਨਾ ਹੀ ਉਨ੍ਹਾਂ ਦੇ ਹਮਾਇਤੀਆਂ ਦਾ ਘੇਰਾ ਬਹੁਤਾ ਵਿਸ਼ਾਲ ਹੈ।

ਸ. ਬਾਜਵਾ ਚਾਰ ਸਾਬਕਾ ਕਾਂਗਰਸੀ ਮੁੱਖ ਮੰਤਰੀਆਂ ਮਰਹੂਮ ਬੇਅੰਤ ਸਿੰਘ ਤੇ ਹਰਚਰਨ ਸਿੰਘ ਬਰਾੜ ਤੋਂ ਇਲਾਵਾ ਬੀਬੀ ਰਾਜਿੰਦਰ ਕੌਰ ਭੱਠਲ ਤੇ ਕੈਪਟਨ ਅਮਰਿੰਦਰ ਸਿੰਘ ਦੀਆਂ ਸਰਕਾਰਾਂ ਵਿਚ ਮੰਤਰੀ ਰਹਿ ਚੁਕੇ ਹਨ। ਪਾਰਟੀ ਵੱਲੋਂ ਉਨ੍ਹਾਂ ਨੂੰ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਗੁਰਦਾਸਪੁਰ ਤੋਂ ਭਾਜਪਾ ਦੇ ਵਿਨੋਦ ਖੰਨਾ ਦੇ ਮੁਕਾਬਲੇ ਉਮੀਦਵਾਰ ਬਣਾਇਆ ਗਿਆ ਤੇ ਉਹ ਸਰਹੱਦੀ ਖੇਤਰ ਵਿਚੋਂ ਚੋਣ ਜਿੱਤਣ ਵਾਲੇ ਇਕੱਲੇ ਪਾਰਟੀ ਉਮੀਦਵਾਰ ਸਨ ਜਦੋਂਕਿ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਕਾਦੀਆ ਤੋਂ ਉਨ੍ਹਾਂ ਦੀ ਪਤਨੀ ਚਰਨਜੀਤ ਕੌਰ ਬਾਜਵਾ ਇਸ ਵੇਲੇ ਵਿਧਾਇਕ ਹਨ।

55 ਸਾਲਾ ਪ੍ਰਤਾਪ ਸਿੰਘ ਬਾਜਵਾ ਦਾ ਨਾਂ ਕੁਝ ਸਮੇਂ ਤੋਂ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਲਈ ਚੱਲ ਰਿਹਾ ਸੀ ਪਰ ਉਨ੍ਹਾਂ ਵੱਲੋਂ ਪਾਰਟੀ ਧੜੇਬੰਦੀ ਤੋਂ ਨਿਰਲੇਪ ਰਹਿਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕੁਲ ਹਿੰਦ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੂੰ ਪਾਰਟੀ ਦੇ ਹਿੱਤ ਵਿਚ ਹਰ ਫੈਸਲਾ ਲੈਣ ਦਾ ਹੱਕ ਹੈ। ਉਨ੍ਹਾਂ ਨੇ ਪਿਛਲੇ 15 ਸਾਲਾਂ ਤੋਂ ਮਿਲੇ ਸਹਿਯੋਗ ਲਈ ਕਾਂਗਰਸ ਵਰਕਰਾਂ ਤੇ ਆਮ ਲੋਕਾਂ ਦਾ ਧੰਨਵਾਦ ਕੀਤਾ ਤੇ ਉਹ ਭਵਿੱਖ ਵਿਚ ਪਾਰਟੀ ਦੀ ਬਿਹਤਰੀ ਲਈ ਸਰਗਰਮ ਰਹਿਣਗੇ।

# ਕਈ ਇਤਿਹਾਸ ਸਿਰਜ ਗਈ ਮੋਗਾ ਚੋਣ

ਇਸ ਲਈ 2007 ਵਿਚ ਬਣੀ ਅਕਾਲੀ-ਭਾਜਪਾ ਸਰਕਾਰ ਵੇਲੇ ਇਸ ਪਾਰਟੀ ਨੇ ਅਕਾਲੀਆਂ ਦੇ ਨੱਕ ਵਿਚ ਦਮ ਕਰੀ ਰੱਖਿਆ। ਭਾਜਪਾ ਨੇ ਸਰਕਾਰ ਦੇ ਕਈ ਫੈਸਲਿਆਂ ਦਾ ਵਿਰੋਧ ਵੀ ਕੀਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਕਈ ਵਾਰੀ 'ਮਜਬੂਰ' ਹੋਏ ਨਜ਼ਰ ਆਏ। ਭਾਜਪਾ ਦੇ ਹੁਣ 12 ਵਿਧਾਇਕ ਹਨ ਅਤੇ ਮੰਤਰੀ ਮੰਡਲ ਵਿਚ ਪਾਰਟੀ ਦੇ ਚਾਰ ਮੰਤਰੀ ਹਨ। ਇਸ ਤੋਂ ਬਿਨਾਂ ਮੁੱਖ ਸੰਸਦੀ ਸਕੱਤਰਾਂ ਤੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਵਿਚ ਵੀ ਭਾਜਪਾ ਦਾ ਹਿੱਸਾ ਹੈ।

ਉਂਜ ਵੀ ਦੋਹਾਂ ਪਾਰਟੀਆਂ ਵਿਚਾਲੇ ਪਿਛਲੇ ਛੇ ਸਾਲਾਂ ਦੇ ਸਮੇਂ ਦੌਰਾਨ ਕਈ ਵਾਰੀ ਮੱਤਭੇਦ ਉਭਰ ਕੇ ਸਾਹਮਣੇ ਆਉਂਦੇ ਰਹੇ। ਅਕਾਲੀਆਂ ਤੇ ਭਾਜਪਾਈਆਂ ਦੀ 'ਸਿਆਸੀ ਲੜਾਈ' ਦਾ ਨਿਬੇੜਾ ਕਈ ਵਾਰੀ ਭਾਜਪਾ ਹਾਈ ਕਮਾਨ ਨੂੰ ਹੀ ਦਖਲ ਦੇ ਕੇ ਕਰਨਾ ਪਿਆ ਸੀ। 2008 ਦੀਆਂ ਪੰਚਾਇਤ ਚੋਣਾਂ ਦੌਰਾਨ ਅੰਮ੍ਰਿਤਸਰ ਤੇ ਬਠਿੰਡਾ ਜ਼ਿਲ੍ਹਿਆਂ ਵਿਚ ਅਕਾਲੀ ਅਤੇ ਭਾਜਪਾਈ ਇਸ ਹੱਦ ਤੱਕ ਇਕ-ਦੂਜੇ ਦੇ ਆਹਮੋ ਸਾਹਮਣੇ ਆਣ ਖੜ੍ਹੇ ਸਨ ਕਿ ਭਾਜਪਾ ਦੇ ਮੰਤਰੀ ਅਸਤੀਫੇ ਲੈ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੱਕ ਪਹੁੰਚ ਗਏ ਸਨ। ਬਿਜਲੀ ਦੀਆਂ ਦਰਾਂ ਦੇ ਮੁੱਦੇ 'ਤੇ ਵੀ ਭਾਜਪਾ ਨੇ ਸਰਕਾਰ ਦੇ ਨੱਕ ਵਿਚ ਦਮ ਕਰ ਦਿੱਤਾ ਸੀ ਅਤੇ ਸੁਖਬੀਰ ਬਾਦਲ ਨੂੰ ਉਪ ਮੁੱਖ ਮੰਤਰੀ ਬਣਾਉਣ ਦੇ ਮੁੱਦੇ 'ਤੇ ਵੀ ਕਲੇਸ਼ ਖੜ੍ਹਾ ਹੋ ਗਿਆ ਸੀ।

ਉਧਰ, ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਦਾ ਦਾਅਵਾ ਹੈ ਕਿ ਅਕਾਲੀ ਦਲ ਨੂੰ ਸਪੱਸ਼ਟ ਬਹੁਮਤ ਮਿਲਣ ਤੋਂ ਬਾਅਦ ਵੀ ਗੱਠਜੋੜ 'ਤੇ ਕੋਈ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਇਹ ਗੱਠਜੋੜ ਸਿਰਫ਼ ਸੱਤਾ ਹਾਸਲ ਕਰਨ ਲਈ ਹੀ ਨਹੀਂ, ਸਿਧਾਂਤਕ ਹੈ।

ਚੇਤੇ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਅਕਾਲੀਆਂ ਦੀ ਅਗਲੀ ਪੀੜ੍ਹੀ, ਭਾਵ ਸੁਖਬੀਰ ਸਿੰਘ ਬਾਦਲ ਦੇ ਹੱਥ ਆ ਜਾਣ ਤੋਂ ਬਾਅਦ ਗੱਠਜੋੜ ਦੇ ਭਵਿੱਖ ਬਾਰੇ ਅਕਸਰ ਸਵਾਲ ਉਠਦੇ ਰਹੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਭਾਜਪਾ ਆਗੂ ਬੇਸ਼ੱਕ ਇਹ ਦਾਅਵਾ ਕਰਦੇ ਨਹੀਂ ਥੱਕਦੇ ਕਿ ਅਕਾਲੀ-ਭਾਜਪਾ ਗੱਠਜੋੜ ਕਾਇਮ ਰਹੇਗਾ ਪਰ ਪਿਛੋਕੜ ਵਿਚ ਵਾਪਰੀਆਂ ਕਈ ਘਟਨਾਵਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਗੱਠਜੋੜ ਦੀ ਕਾਇਮੀ ਦੇ ਮੁੱਦੇ 'ਤੇ ਪੁਰਾਣੀ ਪੀੜ੍ਹੀ ਅਤੇ ਨਵੀਂ ਪੀੜ੍ਹੀ ਦੇ ਆਗੂਆਂ ਦੀ ਸੋਚ ਦਰਮਿਆਨ ਵੱਡਾ ਫਰਕ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ਹਿਰਾਂ ਵਿਚ ਅਧਾਰ ਪੈਦਾ ਕਰਨ ਦਾ ਮਾਮਲਾ ਭਾਜਪਾ ਨੂੰ ਰੜਕਦਾ ਰਿਹਾ ਹੈ। ਉਂਜ ਹੁਣ ਇਸ ਮਾਮਲੇ 'ਤੇ ਵੀ ਪਾਰਟੀ ਨੇ ਚੁੱਪ ਵੱਟ ਲਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪਿੰਡਾਂ ਨੂੰ ਸ਼ਰਾਬ ਮੁਕਤ ਕਰਨ ਦੀ ਮੁਹਿੰਮ ਨੂੰ ਲੱਗਾ ਝਟਕਾ

## ਜ਼ੋਰਾਵਰਾਂ ਅੱਗੇ ਪੰਚਾਇਤਾਂ ਹੋਈਆਂ ਬੇਵੱਸ

**ਚੰਡੀਗੜ੍ਹ:** ਪਿੰਡਾਂ ਨੂੰ ਸ਼ਰਾਬ ਮੁਕਤ ਕਰਨ ਦਾ ਝੰਡਾ ਚੁੱਕਣ ਵਾਲੀਆਂ ਪੰਜਾਬ ਦੀਆਂ ਪੰਚਾਇਤਾਂ ਸ਼ਰਾਬ ਦੇ ਠੇਕੇਦਾਰਾਂ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਵਿਚਾਲੇ ਬਣੇ ਗੱਠਜੋੜ ਸਾਹਮਣੇ ਲਾਚਾਰ ਦਿਖਾਈ ਦੇ ਰਹੀਆਂ ਹਨ। ਲੰਘੇ ਦਿਨੀਂ ਕਮਿਸ਼ਨਰ ਕਰ ਤੇ ਆਬਕਾਰੀ ਵਿਭਾਗ ਦੇ ਦਫ਼ਤਰ ਵਿਚ ਸ਼ਰਾਬ ਦੇ ਠੇਕੇ ਖੋਲ੍ਹਣ ਦਾ ਵਿਰੋਧ ਕਰਨ ਆਈਆਂ ਦਰਜ਼ਨਾਂ ਪੰਚਾਇਤਾਂ ਨੇ ਆਪੋ ਆਪਣੇ ਪਿੰਡਾਂ ਨੂੰ ਸ਼ਰਾਬ ਤੋਂ ਮੁਕਤ ਕਰਨ ਦੀ ਦੁਹਾਈ ਪਾਈ ਤੇ ਆਪਣਾ ਰੋਸ ਜ਼ਾਹਿਰ ਕੀਤਾ। ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਪੰਚਾਂ ਤੇ ਪੰਚਾਇਤ ਮੈਂਬਰਾਂ ਦੀ ਸੁਣਵਾਈ ਦੌਰਾਨ ਕਈ ਪਿੰਡਾਂ ਨੂੰ ਸ਼ਰਾਬ ਮੁਕਤ ਕਰਨ ਦੀ ਮੰਗ ਇਸ ਅਧਾਰ 'ਤੇ ਰੱਦ ਕਰ ਦਿੱਤੀ ਗਈ ਕਿ ਸਬੰਧਤ ਪਿੰਡ ਦੇ ਕਿਸੇ ਨਾ ਕਿਸੇ ਵਿਅਕਤੀ ਵਿਰੁੱਧ ਆਬਕਾਰੀ ਐਕਟ ਅਧੀਨ ਪਿਛਲੇ ਦੋ ਸਾਲਾਂ ਦੇ ਸਮੇਂ ਅੰਦਰ ਪੁਲਿਸ ਕੇਸ ਦਰਜ ਹੋਇਆ ਸੀ। ਪਿੰਡਾਂ ਦੇ ਨੁਮਾਇੰਦਿਆਂ ਨੇ ਇਹ ਵੀ ਤਰਕ ਦਿੱਤਾ ਕਿ ਪੁਲਿਸ ਕੇਸ ਠੇਕੇਦਾਰਾਂ ਦੀ ਮਿਲੀਭੁਗਤ ਨਾਲ ਬਣਾਏ ਜਾਂਦੇ ਹਨ ਤਾਂ ਜੋ ਸ਼ਰਾਬ ਦੇ ਠੇਕੇ ਪਿੰਡਾਂ ਵਿਚ ਬਰਕਰਾਰ ਰੱਖੇ ਜਾਣ। ਪੰਚਾਂ ਸਰਪੰਚਾਂ ਦਾ ਇਹ ਵੀ ਤਰਕ ਸੀ ਕਿ ਕਿਸੇ ਇਕ ਵਿਅਕਤੀ ਵੱਲੋਂ ਕੀਤੇ ਗੁਨਾਹ ਦੀ ਸਜ਼ਾ ਸਾਰੇ ਪਿੰਡ ਵਾਲਿਆਂ ਨੂੰ ਨਾ ਦਿੱਤੀ ਜਾਵੇ ਤੇ ਠੇਕੇ ਨਾ ਖੋਲ੍ਹੇ ਜਾਣ।

ਪੰਜਾਬ ਦੇ ਕਰ ਤੇ ਆਬਕਾਰੀ ਵਿਭਾਗ ਮੁਤਾਬਕ ਇਸ ਸਾਲ ਕੁੱਲ 119 ਪੰਚਾਇਤਾਂ ਨੇ ਸ਼ਰਾਬ ਦੇ ਠੇਕੇ ਆਪਣੇ ਪਿੰਡਾਂ ਵਿਚ ਖੋਲ੍ਹਣ ਵਿਰੁੱਧ ਮਤੇ ਪਾਸ ਕੀਤੇ ਹਨ। ਵਿਭਾਗ ਵੱਲੋਂ ਪਟਿਆਲਾ, ਸੰਗਰੂਰ ਤੇ ਬਰਨਾਲਾ ਜ਼ਿਲ੍ਹਿਆਂ ਦੀਆਂ ਪੰਚਾਇਤਾਂ ਨੂੰ ਸੁਣਵਾਈ ਲਈ ਬੁਲਾਇਆ ਸੀ। ਸੰਗਰੂਰ ਜ਼ਿਲ੍ਹੇ ਦੇ ਪਿੰਡ ਖੁਰਦ ਦੇ ਸਰਪੰਚ ਨੇ ਕਮਿਸ਼ਨਰ ਕਰ ਤੇ ਆਬਕਾਰੀ ਅਨੁਰਾਗ ਵਰਮਾ ਨੂੰ ਦੱਸਿਆ ਕਿ ਪੰਚਾਇਤ ਪਿਛਲੇ ਕਈ ਸਾਲਾਂ ਤੋਂ ਸ਼ਰਾਬ ਦਾ ਠੇਕਾ ਨਾ ਖੋਲ੍ਹਣ ਦੀ ਮੰਗ ਕਰਦੀ ਆ ਰਹੀ ਹੈ। ਠੇਕੇਦਾਰਾਂ ਵੱਲੋਂ ਠੇਕਾ ਕਾਇਮ ਰੱਖਣ ਲਈ ਕਿਸੇ ਆਪਣੇ ਬੰਦੇ 'ਤੇ ਨਾਜਾਇਜ਼ ਸ਼ਰਾਬ ਦਾ ਕੇਸ ਪਵਾ ਦਿੱਤਾ ਜਾਂਦਾ ਹੈ ਤੇ ਵਿਭਾਗ ਮੁੜ ਠੇਕਾ ਖੋਲ੍ਹ ਦਿੰਦਾ ਹੈ। ਇਸ ਪਿੰਡ ਦੇ ਪੰਚਾਇਤ ਮੈਂਬਰਾਂ ਨੇ ਕਿਹਾ ਕਿ ਪਿੰਡ ਮੁੱਖ ਮਾਰਗ 'ਤੇ ਪੈਂਦਾ ਹੋਣ ਕਾਰਨ ਸੜਕ ਤੋਂ ਲੰਘ ਰਹੇ ਵਿਅਕਤੀ ਵਿਰੁੱਧ ਵੀ ਆਬਕਾਰੀ ਕਾਨੂੰਨ ਦੀ ਕਾਰਵਾਈ ਹੋ ਜਾਵੇ ਤਾਂ ਠੇਕਾ ਖੋਲ੍ਹਣ ਦਾ ਅਧਾਰ ਬਣਾ ਦਿੱਤਾ ਜਾਂਦਾ ਹੈ। ਪਿੰਡ ਹਰਚੰਦਪੁਰਾ ਦੇ ਸਰਪੰਚ ਸੁਖਮੰਦਰ ਸਿੰਘ ਦਾ ਕਹਿਣਾ ਸੀ ਕਿ ਪੰਚਾਇਤ ਵੱਲੋਂ ਪਿਛਲੇ ਪੰਜ ਸਾਲਾਂ ਤੋਂ ਸ਼ਰਾਬ ਦੇ ਠੇਕੇ ਦਾ ਵਿਰੋਧ ਕੀਤਾ ਜਾ ਰਿਹਾ ਹੈ। ਮਤੇ ਪਾਉਣ ਦਾ ਵੀ ਕੋਈ ਫਾਇਦਾ ਨਹੀਂ ਹੋ ਰਿਹਾ ਤੇ ਠੇਕਾ ਖੋਲ੍ਹ ਦਿੱਤਾ ਜਾਂਦਾ ਹੈ। ਪਿੰਡ ਹਰਚੰਦ ਪੁਰਾ ਦੇ ਪੰਚ ਲਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਦਸ ਦਸ ਸਾਲ ਦੇ ਬੱਚੇ ਵੀ ਸ਼ਰਾਬ ਦੇ ਠੇਕੇ ਜਾ ਕੇ ਸ਼ਰਾਬ ਖ਼ਰੀਦਦੇ ਹਨ। ਸੰਗਰੂਰ ਜ਼ਿਲ੍ਹੇ ਦੇ ਪਿੰਡ ਕਿਲਾ ਹਕੀਮਾ ਦੇ ਜਥੇਦਾਰ ਅਮਰਜੀਤ ਸਿੰਘ ਨੇ ਕਿਹਾ ਕਿ ਜੇ ਉਨ੍ਹਾਂ ਦੇ ਪਿੰਡ ਨਾਲ ਲੱਗਦੇ ਪਿੰਡ ਵਿਚ ਵੀ ਠੇਕਾ ਖੋਲ੍ਹਿਆ ਗਿਆ ਤਾਂ ਲੋਕ ਕਾਨੂੰਨ ਹੱਥ ਵਿਚ ਲੈਣ ਲਈ ਮਜਬੂਰ ਹੋਣਗੇ ਤੇ ਸ਼ਰਾਬ ਦਾ ਠੇਕਾ ਨਹੀਂ ਖੁੱਲ੍ਹਣ ਦਿੱਤਾ ਜਾਵੇਗਾ। ਇਸ ਪਿੰਡ ਦੀ ਪੰਚਾਇਤ ਨੇ ਅਧਿਕਾਰੀਆਂ ਨਾਲ ਬਹਿਸ ਕਰਦਿਆਂ ਇਹ ਵੀ ਕਿਹਾ ਕਿ ਜੇ ਨਾਜਾਇਜ਼ ਸ਼ਰਾਬ ਫੜੀ ਜਾਣ ਦਾ ਮਾਮਲਾ ਸਾਹਮਣੇ ਆਉਣ 'ਤੇ ਸ਼ਰਾਬ ਦਾ ਠੇਕਾ ਖੋਲ੍ਹ ਦਿੱਤਾ ਜਾਂਦਾ ਹੈ ਤਾਂ ਕੀ ਨਸ਼ਿਆਂ ਦਾ ਪ੍ਰਕੋਪ ਵਧਾਉਣ ਲਈ ਅਫ਼ੀਮ ਜਾਂ ਭੁੱਕੀ ਫੜੇ ਜਾਣ 'ਤੇ ਸਰਕਾਰ ਇਨ੍ਹਾਂ ਮਾਰੂ ਨਸ਼ਿਆਂ ਦੇ ਠੇਕੇ ਵੀ ਖੋਲ੍ਹੇਗੀ? ਆਬਕਾਰੀ ਵਿਭਾਗ ਦੇ ਅਧਿਕਾਰੀਆਂ ਕੋਲ ਲੋਕ ਨੁਮਾਇੰਦਿਆਂ ਦੀ ਇਸ ਦਲੀਲ ਦਾ ਕੋਈ ਜਵਾਬ ਨਹੀਂ।

ਅਮਰਗੜ੍ਹ ਨੇੜਲੇ ਪਿੰਡ ਰੁੜਕੀ ਵਿਚਲਾ ਸ਼ਰਾਬ ਦਾ ਠੇਕਾ ਅਧਿਕਾਰੀਆਂ ਨੇ ਇਸ ਕਰਕੇ ਆਗਾਮੀ ਵਿੱਤੀ ਵਰ੍ਹੇ ਤੋਂ ਬੰਦ ਕਰਨ ਦਾ ਫੈਸਲਾ ਲੈ ਲਿਆ ਕਿਉਂਕਿ ਚਲੰਤ ਮਾਲੀ ਸਾਲ ਦੇ ਛੇ ਮਹੀਨਿਆਂ ਦੇ ਸਮੇਂ ਤੱਕ ਪਿੰਡ ਦੇ ਲੋਕਾਂ ਦੇ ਵਿਰੋਧ ਕਾਰਨ ਸ਼ਰਾਬ ਦਾ ਠੇਕਾ ਬੰਦ ਹੀ ਰਿਹਾ। ਪਿੰਡ ਭੈਣੀ ਕਲਾਂ ਦੇ ਸਰਪੰਚ ਰਾਕੇਸ਼ਪਾਲ ਸਿੰਘ ਨੇ ਦੱਸਿਆ ਕਿ ਪਿਛਲੇ ਪੰਜ ਸਾਲਾਂ ਤੋਂ ਮਤੇ ਪਾਏ ਜਾ ਰਹੇ ਹਨ ਪਰ ਵਿਭਾਗ ਵੱਲੋਂ ਫਿਰ ਸ਼ਰਾਬ ਦਾ ਠੇਕਾ ਖੋਲ੍ਹ ਦਿੱਤਾ ਜਾਂਦਾ ਹੈ।



## ਸ਼ਰਾਬ ਵਿਰੋਧੀ ਪੰਚਾਇਤਾਂ ਨੂੰ ਗ੍ਰਾਂਟ ਦਾ ਐਲਾਨ

**ਸੰਗਰੂਰ:** ਸੰਸਦ ਮੈਂਬਰ ਵਿਜੇਇੰਦਰ ਸਿੰਗਲਾ ਨੇ ਕਿਹਾ ਹੈ ਕਿ ਉਹ ਜ਼ਿਲ੍ਹਾ ਸੰਗਰੂਰ ਤੇ ਬਰਨਾਲਾ ਦੀਆਂ ਸ਼ਰਾਬ ਦੇ ਠੇਕਿਆਂ ਵਿਰੁੱਧ ਮਤੇ ਪਾਉਣ ਵਾਲੀਆਂ 56 ਪੰਚਾਇਤਾਂ ਨੂੰ ਆਪਣੇ ਅਖ਼ਤਿਆਰੀ ਕੋਟੇ ਵਿਚੋਂ ਦੋ-ਦੋ ਲੱਖ ਰੁਪਏ ਗਰਾਂਟ ਦੇਣਗੇ। ਇਨ੍ਹਾਂ ਪੰਚਾਇਤਾਂ ਵਿਚ ਜ਼ਿਲ੍ਹਾ ਸੰਗਰੂਰ ਨਾਲ 42 ਤੇ ਜ਼ਿਲ੍ਹਾ ਬਰਨਾਲਾ ਨਾਲ ਸਬੰਧਤ 14 ਪੰਚਾਇਤਾਂ ਹਨ ਜਿਨ੍ਹਾਂ ਨੇ ਆਪੋ-ਆਪਣੇ ਪਿੰਡਾਂ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹਣ ਬਾਰੇ ਮਤੇ ਪਾ ਕੇ ਆਬਕਾਰੀ ਵਿਭਾਗ ਨੂੰ ਭੇਜੇ ਹਨ। ਸ੍ਰੀ ਸਿੰਗਲਾ ਨੇ ਮੰਗ ਕੀਤੀ ਕਿ ਸੂਬਾ ਸਰਕਾਰ ਨੂੰ ਪੰਚਾਇਤੀ ਰਾਜ ਐਕਟ ਦੀ ਧਾਰਾ 40 ਵਿਚ ਸੋਧ ਕਰਨੀ ਚਾਹੀਦੀ ਹੈ ਜਿਸ ਰਾਹੀਂ ਆਬਕਾਰੀ ਵਿਭਾਗ ਦੇ ਅਧਿਕਾਰੀ ਪੰਚਾਇਤਾਂ ਵੱਲੋਂ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਬਾਰੇ ਪਾਏ ਮਤੇ ਰੱਦ ਕਰ ਸਕਦੇ ਹਨ। ਕਾਂਗਰਸੀ ਆਗੂ ਨੇ ਕਿਹਾ ਕਿ ਜਿਹੜੀਆਂ ਪੰਚਾਇਤਾਂ ਨੇ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਬਾਰੇ ਮਤੇ ਪਾਏ ਸਨ, ਉਨ੍ਹਾਂ ਨੂੰ ਆਬਕਾਰੀ ਵਿਭਾਗ ਵੱਲੋਂ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ ਨੂੰ ਮੰਦਭਾਗਾ ਕਰਾਰ ਦਿੱਤਾ ਕਿ ਵਿਭਾਗ ਵੱਲੋਂ ਛੋਟੇ-ਛੋਟੇ ਇਤਰਾਜ਼ ਲਾ ਕੇ ਪੰਚਾਇਤਾਂ ਦੇ ਮਤਿਆਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ।

## ਸਿਰਫ 30 ਪਿੰਡਾਂ ਵਿਚ ਠੇਕੇ ਬੰਦ

*ਵਿਭਾਗ ਨੇ ਸੁਣਵਾਈ ਤੋਂ ਬਾਅਦ 32 ਪਿੰਡਾਂ ਦੀਆਂ ਪੰਚਾਇਤਾਂ ਦੀ ਮੰਗ ਰੱਦ ਕਰ ਦਿੱਤੀ ਸੀ। 30 ਪਿੰਡਾਂ ਵਿਚ ਸ਼ਰਾਬ ਦੇ ਠੇਕੇ ਬੰਦ ਕਰ ਦਿੱਤੇ ਸਨ ਤੇ 28 ਪਿੰਡਾਂ ਵਿਚਲੇ ਸ਼ਰਾਬ ਦੇ ਠੇਕਿਆਂ ਦੀ ਥਾਂ ਤਬਦੀਲ ਕਰ ਦਿੱਤੀ ਸੀ। ਇਸ ਵਾਰੀ 119 ਪਿੰਡਾਂ ਦੀਆਂ ਪੰਚਾਇਤਾਂ ਨੇ ਮਤੇ ਪਾਸ ਕੀਤੇ ਸਨ। ਸਭ ਤੋਂ ਵੱਧ ਸੰਗਰੂਰ ਜ਼ਿਲ੍ਹੇ ਵਿਚ 43 ਪਿੰਡਾਂ ਦੀਆਂ ਪੰਚਾਇਤਾਂ ਸ਼ਰਾਬ ਦੇ ਠੇਕਿਆਂ ਦੇ ਵਿਰੋਧ ਵਿਚ ਨਿੱਤਰੀਆਂ। ਪਟਿਆਲਾ ਵਿਚ 20, ਬਰਨਾਲਾ ਵਿਚ 13, ਹੁਸ਼ਿਆਰਪੁਰ ਵਿਚ ਅੱਠ, ਫਤਿਹਗੜ੍ਹ ਸਾਹਿਬ ਵਿਚ ਚਾਰ, ਗੁਰਦਾਸਪੁਰ ਵਿਚ ਪੰਜ, ਫਰੀਦਕੋਟ ਵਿਚ ਛੇ, ਬਠਿੰਡਾ ਵਿਚ ਦੋ, ਫਿਰੋਜ਼ਪੁਰ ਵਿਚ ਚਾਰ, ਮੋਗਾ ਵਿਚ ਚਾਰ ਤੇ ਫਾਜ਼ਿਲਕਾ ਵਿਚ ਤਿੰਨ ਪੰਚਾਇਤਾਂ ਨੇ ਇਸ ਤਰ੍ਹਾਂ ਦੇ ਮਤੇ ਪਾਏ। ਰੋਪੜ, ਮੁਹਾਲੀ, ਲੁਧਿਆਣਾ, ਜਲੰਧਰ, ਕਪੂਰਥਲਾ, ਨਵਾਂਸ਼ਹਿਰ ਤੇ ਮਾਨਸਾ ਵਿਚ ਇਕ ਇਕ ਪਿੰਡ ਦੀ ਪੰਚਾਇਤ ਨੇ ਹੀ ਮਤਾ ਪਾਇਆ। ਅੰਮ੍ਰਿਤਸਰ, ਤਰਨਤਾਰਨ ਤੇ ਮੁਕਤਸਰ ਜ਼ਿਲ੍ਹਿਆਂ ਵਿਚ ਕੋਈ ਵੀ ਪੰਚਾਇਤ ਠੇਕਿਆਂ ਦੇ ਵਿਰੋਧ ਵਿਚ ਨਹੀਂ ਨਿੱਤਰੀ। ਵਿਭਾਗ ਦਾ ਮੁਤਾਬਕ ਕਾਨੂੰਨ ਦੇ ਦਾਇਰੇ ਵਿਚ ਹੀ ਕਾਰਵਾਈ ਕੀਤੀ ਜਾਂਦੀ ਹੈ। ਜਿਸ ਪਿੰਡ ਵਿਚ ਦੋ ਸਾਲਾਂ ਦੌਰਾਨ ਆਬਕਾਰੀ ਕਾਨੂੰਨ ਤਹਿਤ ਕਿਸੇ ਵਿਰੁੱਧ ਕਾਰਵਾਈ ਨਾ ਹੋਈ ਹੋਵੇ, ਪੰਚਾਇਤ ਨੇ ਸਮੇਂ ਸਿਰ ਮਤਾ ਪਾਸ ਕੀਤਾ ਹੋਵੇ ਤੇ ਦੋ ਤਿਹਾਈ ਪੰਚਾਂ ਨੇ ਮਤੇ 'ਤੇ ਦਸਤਖ਼ਤ ਕੀਤੇ ਹੋਣ। ਇਨ੍ਹਾਂ ਸ਼ਰਤਾਂ ਨੂੰ ਪੂਰੀਆਂ ਕਰਨ ਵਾਲੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਬੰਦ ਕਰ ਦਿੱਤੇ ਜਾਂਦੇ ਹਨ।*

WANTED
OWNER OPERATORS
6% DISPATCH
CA-NJ-CA ( CHICAGO LOCAL 400 MILES ) HOT SHOTS
48 STATES USA
24/7 DISPATCH
REFFER AND DRY VANS
40% - 50% FUEL ADVANCE
24/7 HELP WITH MAP AND DIRECTIONS
NO FORCED DISPATCH NO TOUCH FREIGHT




GHUMAN TRUCK SERVICE, INC
SINCE 1998
C-VILLE, IL.
KAMALJIT 847-830-9976
GOGA 847-912-7368

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਮੱਧ ਪ੍ਰਦੇਸ਼ ਦੇ ਸਿੱਖਾਂ ਨੂੰ ਇਨਸਾਫ ਦਾ ਭਰੋਸਾ ਦਿਵਾਇਆ

**ਅੰਮ੍ਰਿਤਸਰ:** ਮੱਧ ਪ੍ਰਦੇਸ਼ ਵਿਚ ਮਥਾਨਾਂ ਦੇ ਅਸ਼ੋਕ ਨਗਰ ਵਿਖੇ ਯਾਦਵ ਭਾਈਚਾਰੇ ਵੱਲੋਂ ਉਥੇ ਵੱਸਦੇ ਸਿੱਖਾਂ ਨੂੰ ਪ੍ਰੇਸ਼ਾਨ ਕਰਨ ਦੀ ਆਲੋਚਨਾ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਉਥੋਂ ਦੀ ਸਰਕਾਰ ਨਾਲ ਗੱਲਬਾਤ ਕਰਕੇ ਸਿੱਖਾਂ ਨੂੰ ਇਨਸਾਫ਼ ਦਿਵਾਏਗੀ।

ਸਿੰਘ ਸਾਹਿਬ ਨੇ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਬਾਬਾ ਸੇਵਾ ਸਿੰਘ, ਬਾਬਾ ਹਾਕਮ ਸਿੰਘ, ਬਾਬਾ ਸੁੱਖਾ ਸਿੰਘ ਨੂੰ ਵੀ ਸਿੱਖ ਮਸਲੇ ਦਾ ਹੱਲ ਕਰਨ ਲਈ ਜ਼ੋਰ ਦਿੱਤਾ। ਇਸੇ ਦੌਰਾਨ ਕਾਨਪੁਰ ਦਾ ਵਫਦ ਕੁਲਦੀਪ ਸਿੰਘ ਸਾਬਕਾ ਐਮ.ਐਲ.ਸੀ ਤੇ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਮਹਾਂ ਨਗਰ ਕਾਨਪੁਰ ਦੀ ਅਗਵਾਈ ਹੇਠ ਸਿੰਘ ਸਾਹਿਬ ਨੂੰ ਮਿਲਿਆ ਤੇ ਪੰਥ ਵਿਚੋਂ ਛੇਕੇ ਪ੍ਰੋ. ਦਰਸ਼ਨ ਸਿੰਘ ਵੱਲੋਂ ਕੀਰਤਨ ਕਰਨ ਬਾਰੇ ਦੱਸਿਆ ਕਿ ਇਸ ਦਾ ਪ੍ਰਬੰਧ ਅਕਾਲੀ ਜਥਾ ਦੇ ਹਰਚਰਨ ਸਿੰਘ, ਇੰਦਰਜੀਤ ਸਿੰਘ, ਹਰਪਾਲ ਸਿੰਘ, ਸੋਨੂੰ ਰੇਖੀ, ਹਰਮਿੰਦਰ ਸਿੰਘ, ਕਵਲਪ੍ਰੀਤ ਸਿੰਘ ਆਦਿ ਨੇ ਕੀਤਾ ਸੀ। ਸਿੰਘ ਸਾਹਿਬ ਨੇ ਉਕਤ ਵਫ਼ਦ ਨੂੰ ਕਾਰਵਾਈ ਦਾ ਭਰੋਸਾ ਦਿਵਾਇਆ।

# ਪ੍ਰਬੰਧਕਾਂ ਨੇ ਹੀ ਲਵਾਈ ਗੁਰਦੁਆਰੇ 'ਚ ਕਿਰਪਾਨ 'ਤੇ ਰੋਕ

## ਸਿੱਖ ਸਿਧਾਂਤਾਂ ਨਾਲ ਜੁੜਿਆ ਗੰਭੀਰ ਮਾਮਲਾ: ਗੁਰਬਚਨ ਸਿੰਘ



**ਅੰਮ੍ਰਿਤਸਰ (ਬਿਊਰੋ):** ਅਮਰੀਕਾ ਦੇ ਰੋਚੈਸਟਰ ਸ਼ਹਿਰ ਦੇ ਗੁਰਦੁਆਰੇ ਵਿਚ ਛੇ ਇੰਚ ਤੋਂ ਵੱਡੀ ਕਿਰਪਾਨ ਪਹਿਨਣ 'ਤੇ ਲਾਈ ਰੋਕ ਦੇ ਮਾਮਲੇ ਦੀ ਜਾਂਚ ਰਿਪੋਰਟ ਇਥੇ ਅਕਾਲ ਤਖ਼ਤ ਪੁੱਜ ਗਈ ਹੈ ਜਿਸ ਵਿਚ ਪ੍ਰਬੰਧਕਾਂ ਨੂੰ ਹੀ ਕਸੂਰਵਾਰ ਦੱਸਿਆ ਗਿਆ ਹੈ।

ਤਿੰਨ ਸਫ਼ਿਆਂ ਦੀ ਇਸ ਰਿਪੋਰਟ ਵਿਚ ਜਾਂਚ ਟੀਮ ਨੇ ਲਿਖਿਆ ਹੈ ਕਿ ਇਸ ਗੁਰਦੁਆਰੇ ਵਿਚ ਛੇ ਇੰਚ ਤੋਂ ਵੱਡੀ ਕਿਰਪਾਨ ਪਹਿਨਣ 'ਤੇ ਅਦਾਲਤ ਵੱਲੋਂ ਲਾਈ ਗਈ ਰੋਕ ਲਈ ਪ੍ਰਬੰਧਕ ਖ਼ੁਦ ਹੀ ਜ਼ਿੰਮੇਵਾਰ ਹਨ। ਉਨ੍ਹਾਂ ਨੇ ਹੀ ਇਸ ਬਾਰੇ ਅਦਾਲਤ ਵਿਚ ਹਲਫ਼ੀਆ ਬਿਆਨ ਦਾਇਰ ਕਰਕੇ ਅਪੀਲ ਕੀਤੀ ਹੈ ਕਿ ਗੁਰਦੁਆਰੇ ਦੀ ਹਦੂਦ ਵਿਚ ਛੇ ਇੰਚ ਤੋਂ ਵੱਡੀ ਕਿਰਪਾਨ ਪਹਿਨਣ ਤੇ ਹੋਰ ਹਥਿਆਰ ਲਿਆਉਣ 'ਤੇ ਰੋਕ ਲਾਈ ਜਾਵੇ ਤਾਂ ਜੋ ਇਥੇ ਆਉਣ ਵਾਲੀ ਸੰਗਤ ਡਰਿਆ ਮਹਿਸੂਸ ਨਾ ਕਰੇ। ਉਨ੍ਹਾਂ ਕਿਰਪਾਨ ਨੂੰ ਖ਼ਤਰਨਾਕ ਹਥਿਆਰ ਦੱਸਿਆ ਹੈ। ਗੁਰਦੁਆਰੇ ਦੀ ਸੰਗਤ ਵਿਚ ਵੀ ਅੰਮ੍ਰਿਤਧਾਰੀ ਸਿੱਖਾਂ ਦੀ ਗਿਣਤੀ ਘੱਟ ਹੈ ਤੇ ਵਧੇਰੇ ਅੰਮ੍ਰਿਤਧਾਰੀ ਸਿੱਖ ਰਸਮੀ ਕਿਰਪਾਨ ਨਹੀਂ ਪਹਿਨਦੇ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਮਰਿਆਦਾ ਨੂੰ ਪੂਰਾ ਕਰਨ ਲਈ ਛੋਟੀ ਸੰਕੇਤਕ ਕਿਰਪਾਨ ਨੂੰ ਕੰਘੇ ਦੇ ਨਾਲ ਪੱਗ ਹੇਠਾਂ ਰੱਖਿਆ ਜਾ ਸਕਦਾ ਹੈ। ਉਨ੍ਹਾਂ ਦਸਤਾਰ ਦੀ ਅਹਿਮੀਅਤ ਨੂੰ ਵੀ ਅੱਖੋਂ ਪਰੋਖੇ ਕੀਤਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜਿਨ੍ਹਾਂ ਪਰਿਵਾਰਾਂ ਦੇ ਘਰਾਂ ਵਿਚ ਪਾਠ ਪੂਜਾ ਲਈ ਸਥਾਨ ਬਣਿਆ ਹੋਇਆ ਹੈ, ਉਨ੍ਹਾਂ ਨੂੰ ਗੁਰਦੁਆਰੇ ਆਉਣ ਦੀ ਲੋੜ ਨਹੀਂ ਹੈ।

ਜਾਂਚ ਕਮੇਟੀ ਦੇ ਕੋਆਰਡੀਨੇਟਰ ਨੇ ਲਿਖਿਆ ਕਿ ਅਦਾਲਤ ਨੇ ਇਸ ਹਲਫ਼ੀਆ ਬਿਆਨ ਦੇ ਆਧਾਰ 'ਤੇ ਗੁਰਦੁਆਰਾ ਰੋਚੈਸਟਰ ਵਿਚ ਕਿਰਪਾਨ ਪਹਿਨਣ 'ਤੇ ਪਾਬੰਦੀ ਲਾ ਦਿੱਤੀ ਹੈ। ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਕਿ ਇਸ ਪਾਬੰਦੀ ਨਾਲ ਸਿੱਖ ਜੀਵਨ ਜਾਚ 'ਤੇ ਮਾੜਾ ਅਸਰ ਪਵੇਗਾ ਤੇ ਇਸ ਨਾਲ ਵਿਸ਼ਵ ਭਰ ਦੇ ਗੁਰਦੁਆਰਿਆਂ ਵਿਖੇ ਵੀ ਅਜਿਹੀ ਰੋਕ ਲੱਗਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪ੍ਰਬੰਧਕਾਂ ਨੇ ਅਦਾਲਤ ਨੂੰ ਸਿੱਖਾਂ ਤੇ ਸਿੱਖ ਰਹਿਤ ਮਰਿਆਦਾ ਬਾਰੇ ਗਲਤ ਬਿਆਨ ਦਿੱਤੇ ਹਨ ਜਿਸ ਵਿਚ ਸਹਿਜਧਾਰੀਆਂ ਨੂੰ ਵੀ ਅੰਮ੍ਰਿਤਧਾਰੀ ਸਿੱਖ ਦਰਸਾਇਆ ਹੈ।

ਗੁਰਦੁਆਰੇ ਦਾ ਮੁੱਖ ਪ੍ਰਬੰਧਕ ਖ਼ੁਦ ਗ਼ੈਰ ਕੇਸਧਾਰੀ ਹੈ ਪਰ ਉਹ ਅੰਮ੍ਰਿਤਧਾਰੀ ਹੋਣ ਦਾ ਦਾਅਵਾ ਕਰਦਾ ਹੈ। ਜਾਂਚ ਦੌਰਾਨ ਗੁਰਦੁਆਰੇ ਦੇ ਬੋਰਡ ਦੇ ਟਰਸਟੀਆਂ ਨੇ ਜਾਂਚ ਵਿਚ ਕੋਈ ਸਹਿਯੋਗ ਨਹੀਂ ਦਿੱਤਾ ਤੇ ਜਾਂਚ ਕਮੇਟੀ ਨੂੰ ਮਾਨਤਾ ਦੇਣ ਤੋਂ ਵੀ ਇਨਕਾਰ ਕੀਤਾ ਹੈ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਗੁਰਦੁਆਰੇ ਦੇ ਪ੍ਰਬੰਧਕਾਂ ਖ਼ਿਲਾਫ਼ ਗੁਰਮਰਿਆਦਾ ਅਨੁਸਾਰ ਕਾਰਵਾਈ ਹੋਵੇ। ਜਾਂਚ ਕਮੇਟੀ ਵੱਲੋਂ ਭੇਜੀ ਗਈ ਰਿਪੋਰਟ ਦੀ ਪੁਸ਼ਟੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੀਤੀ ਹੈ।

ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਹ ਸਿੱਖ ਸਿਧਾਂਤਾਂ ਨਾਲ ਜੁੜਿਆ ਗੰਭੀਰ ਮਾਮਲਾ ਹੈ ਜਿਸ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰਨ ਮਗਰੋਂ ਅਗਲਾ ਫ਼ੈਸਲਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਰੋਚੈਸਟਰ ਦੇ ਗੁਰਦੁਆਰੇ ਵਿਖੇ ਵੱਡੀ ਕਿਰਪਾਨ ਪਹਿਨਣ 'ਤੇ ਅਦਾਲਤ ਵੱਲੋਂ ਲਾਈ ਰੋਕ ਤੇ ਇਸ ਨਾਲ ਜੁੜੇ ਹੋਰ ਮਾਮਲਿਆਂ ਬਾਰੇ ਇਥੇ ਸਿੱਖ ਸੰਗਤ ਦੀਆਂ ਸ਼ਿਕਾਇਤਾਂ ਆਈਆਂ ਸਨ। ਇਸ ਆਧਾਰ 'ਤੇ ਮਾਮਲੇ ਦੀ ਜਾਂਚ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਵਿਚ ਸਾਰੇ ਮੈਂਬਰ ਵਿਦੇਸ਼ਾਂ ਤੋਂ ਹਨ ਤੇ ਇਸ ਦਾ ਕੋਆਰਡੀਨੇਟਰ ਸਿੱਖ ਧਰਮਾ ਜਥੇਬੰਦੀ ਦੇ ਆਗੂ ਭਾਈ ਸਤਪਾਲ ਸਿੰਘ ਖ਼ਾਲਸਾ ਨੂੰ ਬਣਾਇਆ ਗਿਆ ਸੀ। ਉਨ੍ਹਾਂ ਇਸ ਮਾਮਲੇ ਦੀ ਪੜਤਾਲ ਕਰਕੇ ਆਪਣੀ ਰਿਪੋਰਟ ਭੇਜੀ ਹੈ।

# ਦਿੱਲੀ ਦੇ ਗੁਰਦੁਆਰਿਆਂ ਵਿਚ ਵੀ ਨਾਨਕਸ਼ਾਹੀ ਕੈਲੰਡਰ ਲਾਗੂ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਪ੍ਰਧਾਨ ਮਨਜੀਤ ਸਿੰਘ ਜੀ.ਕੇ ਨੇ ਐਲਾਨ ਕੀਤਾ ਕਿ ਨਵੇਂ ਸਦਨ ਵਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦਿੰਦੇ ਹੋਏ ਇਸ ਮੁਤਾਬਕ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਕਾਰਜਭਾਰ ਸੰਭਾਲਣ ਮਗਰੋਂ ਸਭ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੀ ਬਹਾਲੀ ਲਈ ਯਤਨ ਕਰਨਗੇ। ਇਸ ਬਾਰੇ ਪਹਿਲਕਦਮੀ ਕਰਦਿਆਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕੀਤਾ ਜਾਵੇਗਾ।

ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ 13 ਮਾਰਚ ਨੂੰ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਿਆ ਜਾਵੇਗਾ ਤੇ ਕੀਰਤਨ ਦਰਬਾਰ ਕਰਾਇਆ ਜਾਵੇਗਾ। ਇਸ ਤੋਂ ਪਹਿਲਾਂ ਦਿੱਲੀ ਕਮੇਟੀ ਦੇ ਪੁਰਾਣੇ ਸਦਨ ਵਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਦਿਨ ਤਿਉਹਾਰ ਮਨਾਏ ਜਾਂਦੇ ਸਨ ਜਿਸ ਨਾਲ ਸਿੱਖ ਸੰਗਤਾਂ ਵਿਚ ਦੁਬਿਧਾ ਬਣੀ ਹੋਈ ਸੀ। ਹੁਣ ਨਵੇਂ ਸਦਨ ਵਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਨਾਲ ਸਮੁੱਚੇ ਭਾਰਤ ਵਿਚ ਇਕੋ ਦਿਨ ਹੀ ਗੁਰਪੁਰਬ ਮਨਾਏ ਜਾਣਗੇ।



ਉਨ੍ਹਾਂ ਦੱਸਿਆ ਕਿ ਨਵੇਂ ਚੁਣੇ ਗਏ ਅਹੁਦੇਦਾਰਾਂ ਵਲੋਂ ਤਰਜੀਹੀ ਆਧਾਰ 'ਤੇ ਚੋਣ ਮਨੋਰਥ ਪੱਤਰ ਵਿਚ ਕੀਤੇ ਗਏ ਵਾਅਦੇ ਪੂਰੇ ਕਰਨ ਲਈ ਯਤਨ ਕੀਤਾ ਜਾਵੇਗਾ ਜਿਸ ਤਹਿਤ ਇਥੇ ਦਿੱਲੀ ਕਮੇਟੀ ਦੇ ਪ੍ਰਸ਼ਾਸਨ ਨੂੰ ਵਧੇਰੇ ਪਾਰਦਰਸ਼ੀ ਬਣਾਇਆ ਜਾਵੇਗਾ।

ਦਿੱਲੀ ਕਮੇਟੀ ਦੇ ਪ੍ਰਬੰਧ ਹੇਠ ਚਲ ਰਹੇ ਵਿਦਿਅਕ ਅਦਾਰਿਆਂ ਦੇ ਮਿਆਰ ਨੂੰ ਹੋਰ ਉਪਰ ਚੁੱਕਣ ਲਈ ਯਤਨ ਕੀਤਾ ਜਾਵੇਗਾ। ਗੁਰਦੁਆਰਾ ਬਾਲਾ ਸਾਹਿਬ ਦੀ ਜ਼ਮੀਨ ਜੋ ਸਰਕਾਰੀ ਜਾਂ ਨਿੱਜੀ ਸੰਸਥਾ ਨੂੰ ਸੌਂਪੀ ਗਈ ਹੈ, ਨੂੰ ਵਾਪਸ ਲੈਣ ਲਈ ਯਤਨ ਕੀਤੇ ਜਾਣਗੇ। ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਪ੍ਰਭਾਵਿਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

ਇਸ ਦੌਰਾਨ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਆਖਿਆ ਕਿ ਦਿੱਲੀ ਕਮੇਟੀ ਦੇ ਚੁਣੇ ਗਏ ਨਵੇਂ ਪ੍ਰਧਾਨ ਤੇ ਅਹੁਦੇਦਾਰਾਂ ਅੱਗੇ ਇਕ ਸਾਫ ਸੁਥਰਾ ਪ੍ਰਸ਼ਾਸਨ ਦੇਣਾ ਵੱਡੀ ਚੁਣੌਤੀ ਹੈ। ਗੁਰਦੁਆਰਿਆਂ ਨੂੰ ਸਿਆਸਤ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਦਿੱਲੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਸਿੱਖ ਆਗੂਆਂ ਦੀ ਇਕ ਕਮੇਟੀ ਦਾ ਗਠਨ ਕੀਤਾ ਜਾਵੇ। ਕਮੇਟੀ ਵਿਚ ਸੇਵਾਮੁਕਤ ਆਈਏਐਸ ਤੇ ਆਈਪੀਐਸ ਪੱਧਰ ਦੇ ਅਧਿਕਾਰੀ ਸ਼ਾਮਲ ਕੀਤੇ ਜਾਣ ਜਿਨ੍ਹਾਂ ਨੂੰ ਵਿਦਿਅਕ ਮਿਆਰ ਨੂੰ ਉਚਾ ਚੁੱਕਣ ਲਈ ਆਜ਼ਾਦੀ ਨਾਲ ਕੰਮ ਕਰਨ ਦੇ ਹੱਕ ਦਿੱਤੇ ਜਾਣ।

# ਸਿੱਖ ਵਾਤਾਵਰਣ ਦਿਵਸ ਮਨਾਉਣ ਦਾ ਐਲਾਨ

**ਅੰਮ੍ਰਿਤਸਰ:** ਸਿੱਖ ਵਾਤਾਵਰਣ ਦਿਵਸ ਮੌਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ 14 ਮਾਰਚ ਨੂੰ ਵਿਸ਼ੇਸ਼ ਸਮਾਗਮ ਤਹਿਤ ਕੀਰਤਨ ਦਰਬਾਰ ਹੋਵੇਗਾ ਤੇ ਬੂਟੇ ਲਾਏ ਜਾਣਗੇ। ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਆਖਿਆ ਕਿ ਗੁਰੂ ਹਰਿ ਰਾਏ ਜੀ ਦਾ ਗੁਰਗੱਦੀ ਦਿਵਸ ਸਿੱਖ ਵਾਤਾਵਰਣ ਦਿਵਸ ਵਜੋਂ ਮਨਾਇਆ ਜਾਵੇਗਾ।

ਇਸ ਮੌਕੇ ਹਰ ਸਿੱਖ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਂ ਸਮਝਦਿਆਂ ਇਕ ਬੂਟਾ ਲਾਵੇ। ਇਸ ਤੋਂ ਇਲਾਵਾ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਵਾਤਾਵਰਣ ਦੀ ਸਾਂਭ ਸੰਭਾਲ ਬਾਰੇ ਜਾਗਰੂਕਤਾ ਰੈਲੀ ਕੱਢੀ ਜਾਵੇਗੀ। ਹਵਾ ਪ੍ਰਦੂਸ਼ਣ ਘਟਾਉਣ ਲਈ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਿਆਂ ਦੀ ਯਾਤਰਾ ਲਈ ਡੀਲਕਸ ਬੱਸ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸੇ ਤਰ੍ਹਾਂ ਲੰਗਰ ਹਾਲ ਵਿਚ ਲੰਗਰ ਬਣਾਉਣ ਲਈ ਭਾਫ਼ ਨਾਲ ਲੰਗਰ ਤਿਆਰ ਕਰਨ ਦੀ ਯੋਜਨਾ ਬਣਾਈ ਗਈ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਰੇਲ ਮੰਤਰੀ ਦਾ ਧੰਨਵਾਦ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੇਂਦਰੀ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਵੱਲੋਂ ਰਾਮਾ ਮੰਡੀ ਤੇ ਮੌੜ ਮੰਡੀ ਵਿਚਾਲੇ ਰੇਲ ਸੰਪਰਕ ਕਾਇਮ ਕਰਨ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਵੀ ਰੇਲ ਲਾਈਨ ਨਾਲ ਜੁੜ ਗਿਆ ਹੈ। ਰੇਲ ਬਜਟ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਵੀ ਰੇਲ ਨਕਸ਼ੇ 'ਤੇ ਲਿਆਉਣ ਦੇ ਫੈਸਲੇ ਮਗਰੋਂ ਹੁਣ ਸਿੱਖ ਸ਼ਰਧਾਲੂਆਂ ਦੀ ਮੰਗ ਹੈ ਕਿ ਪੰਜਾਬ ਵਿਚਲੇ ਤਿੰਨ ਤਖ਼ਤ ਸਾਹਿਬਾਨ ਨੂੰ ਰੇਲ ਮਾਰਗ ਨਾਲ ਜੋੜ ਕੇ ਸ਼ਰਧਾਲੂਆਂ ਲਈ ਰੇਲ ਗੱਡੀਆਂ ਚਲਾਈਆਂ ਜਾਣ।

ਇਸ ਬਾਰੇ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਕੇਂਦਰ ਸਰਕਾਰ ਕੋਲੋਂ ਪਹਿਲਾਂ ਹੀ ਮੰਗ ਕੀਤੀ ਜਾ ਰਹੀ ਹੈ ਕਿ ਸਿੱਖ ਧਰਮ ਨਾਲ ਸਬੰਧਤ ਪੰਜ ਤਖ਼ਤ ਸਾਹਿਬਾਨ ਨੂੰ ਰੇਲ ਸੰਪਰਕ ਨਾਲ ਜੋੜਿਆ ਜਾਵੇ ਤੇ ਇਨ੍ਹਾਂ ਲਈ ਸਿੱਧੀਆਂ ਰੇਲ ਗੱਡੀਆਂ ਸ਼ੁਰੂ ਕੀਤੀਆਂ ਜਾਣ ਤਾਂ ਜੋ ਸ਼ਰਧਾਲੂ ਇਨ੍ਹਾਂ ਧਾਰਮਿਕ ਅਸਥਾਨਾਂ ਦੇ ਆਸਾਨੀ ਨਾਲ ਦਰਸ਼ਨ ਕਰ ਸਕਣ।

ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ-ਆਨੰਦਪੁਰ ਸਾਹਿਬ ਵਿਚਾਲੇ ਵੀ ਰੇਲ ਸੰਪਰਕ ਜੋੜਿਆ ਜਾ ਰਿਹਾ ਹੈ। ਮੋਰਿੰਡਾ-ਲੁਧਿਆਣਾ ਵਿਚਾਲੇ ਰੇਲ ਪੱਟੜੀ ਵਿਛਾਈ ਜਾ ਚੁੱਕੀ ਹੈ ਤੇ 31 ਮਾਰਚ ਤੱਕ ਇਸ ਮਾਰਗ 'ਤੇ ਰੇਲ ਆਵਾਜਾਈ ਸ਼ੁਰੂ ਹੋਣ ਦੀ ਸੰਭਾਵਨਾ ਹੈ ਜਿਸ ਨਾਲ ਅੰਮ੍ਰਿਤਸਰ ਤੇ ਆਨੰਦਪੁਰ ਸਾਹਿਬ ਵਿਚਾਲੇ ਸਿੱਧਾ ਰੇਲ ਸੰਪਰਕ ਸਥਾਪਤ ਹੋ ਜਾਵੇਗਾ।

# ਤਿੰਨ ਸਦੀਆਂ ਪੁਰਾਣੇ ਹੱਥ ਲਿਖਤ ਸਰੂਪ ਮਿਲੇ

**ਚੰਡੀਗੜ੍ਹ:** ਮਹਾਰਾਸ਼ਟਰ ਤੇ ਆਂਧਰਾ ਪ੍ਰਦੇਸ਼ ਦੇ ਪਿੰਡਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ 300 ਸਾਲ ਪੁਰਾਣੇ ਦੁਰਲੱਭ 10 ਹੱਥ ਲਿਖਤ ਸਰੂਪ ਮਿਲੇ ਹਨ। ਇਨ੍ਹਾਂ ਵਿਚੋਂ ਸੱਤ ਹੱਥ ਲਿਖਤ ਸਰੂਪ ਮਹਾਰਾਸ਼ਟਰ ਦੇ ਔਰੰਗਾਬਾਦ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚੋਂ ਮਿਲੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ 150 ਸਾਲ ਪੁਰਾਣੇ ਪੱਥਰ ਛਾਪੇ ਵਾਲੇ ਸਰੂਪ ਵੀ ਮਹਾਰਾਸ਼ਟਰ ਦੇ ਪਿੰਡਾਂ ਵਿਚੋਂ ਮਿਲੇ ਹਨ। ਇਹ ਸਾਰੇ ਸਰੂਪ ਪਿੰਡਾਂ ਦੇ ਗੈਰ-ਸਿੱਖ ਲੋਕ ਪੀੜ੍ਹੀ ਦਰ ਪੀੜ੍ਹੀ ਸਤਿਕਾਰ ਸਹਿਤ ਸਾਂਭਦੇ ਆ ਰਹੇ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਹ ਸਰੂਪ ਉਨ੍ਹਾਂ ਦੇ ਪੂਰਵਜਾਂ ਕੋਲ ਕਿਥੋਂ ਪਹੁੰਚੇ।

ਪੁਰਾਤਨ ਵਿਰਾਸਤੀ ਸਾਹਿਤ ਦਾ ਕੰਪਿਊਟਰੀਕਰਨ ਕਰਕੇ ਉਸ ਨੂੰ ਸਾਂਭਣ ਦਾ ਉਪਰਾਲਾ ਕਰ ਰਹੀ ਸੰਸਥਾ 'ਪੰਜਾਬ ਡਿਜੀਟਲ ਲਾਇਬ੍ਰੇਰੀ ਚੰਡੀਗੜ੍ਹ' ਦੀ ਟੀਮ ਪਿਛਲੇ ਦਿਨੀਂ ਔਰੰਗਾਬਾਦ ਵਿਚ ਗੁਰਦੁਆਰਾ ਸਾਹਿਬ ਵਿਚ ਮੌਜੂਦ ਦਸਵੇਂ ਪਾਤਸ਼ਾਹ ਦੇ ਜ਼ਫ਼ਰਨਾਮੇ ਦੇ ਕੰਪਿਊਟਰੀਕਰਨ ਕਰਨ ਲਈ ਗਈ ਸੀ। ਟੀਮ ਨੂੰ ਪਤਾ ਲੱਗਾ ਕਿ ਔਰੰਗਾਬਾਦ ਨੇੜਲੇ ਪਿੰਡਾਂ ਦੇਵਗਾਉਂ, ਸ੍ਰੀਰਾਮਪੁਰ ਤੇ ਹੋਰ ਪਿੰਡਾਂ ਦੇ ਕੁਝ ਗੈਰ-ਸਿੱਖ ਪਰਿਵਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ 250 ਤੋਂ 300 ਸਾਲ ਪੁਰਾਤਨ ਸਰੂਪ ਮੌਜੂਦ ਹਨ ਜਦੋਂ ਟੀਮ ਨੇ ਪਿੰਡਾਂ ਵਿਚ ਜਾ ਕੇ ਇਨ੍ਹਾਂ ਪਰਿਵਾਰਾਂ ਨਾਲ ਸੰਪਰਕ ਕੀਤਾ ਤਾਂ ਉਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਮਿਲੇ ਜੋ 300 ਸਾਲ ਪੁਰਾਣੇ ਹਨ ਤੇ ਦਸਮ ਗ੍ਰੰਥ ਦੇ ਦੋ ਸਰੂਪ ਮਿਲੇ ਜੋ 250 ਸਾਲ ਪੁਰਾਣੇ ਹਨ।



ਸੰਸਥਾ ਮੁਤਾਬਕ ਈਸ਼ਵਰ ਸਿੰਘ ਨਾਮੀ ਵਿਅਕਤੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 300 ਸਾਲ ਪੁਰਾਣੇ ਦੋ ਸਰੂਪ ਤੇ 250 ਸਾਲ ਪੁਰਾਣੇ ਦਸਮ ਗ੍ਰੰਥ ਦਾ ਸਰੂਪ ਮਿਲਿਆ ਹੈ। ਇਸ ਤੋਂ ਬਾਅਦ ਟੀਮ ਹੈਦਰਾਬਾਦ ਗਈ ਜਿਥੇ ਗੰਗਰੈਡੀ ਨਾਮ ਦੇ ਇਲਾਕੇ 'ਚ ਰਹਿੰਦੇ ਇਕ ਗੈਰ-ਸਿੱਖ ਪਰਿਵਾਰ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦਾ 250 ਸਾਲ ਪੁਰਾਣਾ ਇਕ-ਇਕ ਸਰੂਪ ਮਿਲਿਆ ਹੈ। ਔਰੰਗਾਬਾਦ ਵਿਚ ਹੀ ਟੀਮ ਨੂੰ ਵੱਖ-ਵੱਖ ਪਰਿਵਾਰਾਂ ਤੋਂ 150 ਸਾਲ ਤੋਂ ਪੁਰਾਤਨ ਪੱਥਰ ਛਾਪੇ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਤੇ ਇਕ ਦਸਮ ਗ੍ਰੰਥ ਦਾ ਸਰੂਪ ਮਿਲਿਆ ਹੈ।

ਟੀਮ ਵੱਲੋਂ ਉਪਰੋਕਤ ਸਾਰੇ ਪਰਿਵਾਰਾਂ ਨੂੰ ਪੇਸ਼ਕਸ਼ ਕੀਤੀ ਗਈ ਹੈ ਕਿ ਉਹ ਇਨ੍ਹਾਂ ਸਰੂਪਾਂ ਨੂੰ ਲਿਜਾ ਕੇ ਇਨ੍ਹਾਂ ਦਾ ਕੰਪਿਊਟਰੀਕਰਨ ਕਰਨਾ ਚਾਹੁੰਦੇ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇੰਟਰਨੈੱਟ 'ਤੇ ਇਨ੍ਹਾਂ ਸਰੂਪਾਂ ਦੇ ਦਰਸ਼ਨ ਕਰ ਸਕਣ। ਪਰਿਵਾਰਾਂ ਦਾ ਕਹਿਣਾ ਸੀ ਕਿ ਉਹ ਇਹ ਸਰੂਪ ਟੀਮ ਨੂੰ ਨਹੀਂ ਦੇ ਸਕਦੇ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਨੂੰ ਸਰੂਪ ਵਾਪਸ ਨਹੀਂ ਮਿਲਣਗੇ ਪਰ ਗੱਲਬਾਤ ਤੋਂ ਬਾਅਦ ਪਰਿਵਾਰਾਂ ਨਾਲ ਇਸ ਗੱਲ ਦੀ ਸਹਿਮਤੀ ਬਣੀ ਕਿ ਟੀਮ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਹੀ ਸਾਰੇ ਸਰੂਪਾਂ ਦਾ ਕੰਪਿਊਟਰੀਕਰਨ ਕਰੇਗੀ।

ਇਸ ਤੋਂ ਬਾਅਦ ਸਮੂਹ ਸਰੂਪਾਂ ਦਾ ਕੰਪਿਊਟਰੀਕਰਨ ਕੀਤਾ ਗਿਆ। 250 ਤੋਂ 300 ਸਾਲ ਪਹਿਲਾਂ ਉਪਰੋਕਤ ਪਰਿਵਾਰਾਂ ਦੇ ਬਜ਼ੁਰਗਾਂ ਕੋਲ ਇਹ ਪੁਰਾਤਨ ਸਰੂਪ ਕਿਵੇਂ ਪਹੁੰਚੇ, ਇਸ ਬਾਰੇ ਤਾਂ ਪਤਾ ਨਹੀਂ ਪਰ ਪੱਥਰ ਛਾਪੇ ਵਾਲੇ ਸਰੂਪਾਂ ਬਾਰੇ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਜਦੋਂ ਸਿੱਖ, ਧਰਮ ਪ੍ਰਚਾਰ ਲਈ ਉਪਰੋਕਤ ਇਲਾਕਿਆਂ ਵਿਚ ਗਏ ਹੋਣਗੇ ਤਾਂ ਉਸ ਵੇਲੇ ਪੱਥਰ ਛਾਪੇ ਨਾਲ ਗੁਰੂ ਗ੍ਰੰਥ ਸਾਹਿਬ ਦੇ ਚਾਰ ਤੇ ਦਸਮ ਗ੍ਰੰਥ ਦੇ ਇਕ ਸਰੂਪ ਦੀ ਛਪਾਈ ਹੋਈ ਹੋਵੇਗੀ।

# ‘ਰਾਅ’ ਦੇ ਝਾਂਸੇ ਵਿਚ ਆ ਕੇ ਗ਼ਾਲੀ ਜਵਾਨੀ !

## ਪਾਕਿਸਤਾਨ ਤੋਂ ਪਰਤੇ ਪੰਜਾਬੀ ਦੀ ਦਰਦਨਾਕ ਦਾਸਤਾਨ

**ਗੁਰਦਾਸਪੁਰ:** ਪਾਕਿਸਤਾਨ ਦੇ ਸ਼ਹਿਰ ਲਾਹੌਰ ਦੀ ਕੋਟ ਲੱਖਪਤ ਰਾਏ ਜੇਲ੍ਹ ਵਿਚ ਆਪਣੀ ਜਵਾਨੀ ਦੇ ਤਕਰੀਬਨ ਦੋ ਦਹਾਕੇ ਲੰਘਾਉਣ ਤੋਂ ਬਾਅਦ ਆਪਣੇ ਪਿੰਡ ਅਹਿਮਦਾਬਾਦ (ਜ਼ਿਲ੍ਹਾ ਗੁਰਦਾਸਪੁਰ) ਪਰਤੇ ਅਸ਼ੋਕ ਕੁਮਾਰ ਦੇ ਪਰਿਵਾਰਕ ਮੈਂਬਰ ਤੇ ਇਲਾਕਾ ਵਾਸੀ ਖ਼ੁਸ਼ੀ ਵਿਚ ਖੀਵਾ ਹਨ ਪਰ ਅਸ਼ੋਕ ਭਾਰਤ ਦੀ ਖ਼ੁਫ਼ੀਆ ਏਜੰਸੀ ‘ਰਾਅ’ ਤੋਂ ਖ਼ਫ਼ਾ ਹੈ ਕਿਉਂਕਿ ਫੜੇ ਜਾਣ ਮਗਰੋਂ ਉਸ ਦੇ ਪਰਿਵਾਰ ਦੀ ਕਿਸੇ ਨੇ ਸਾਰ ਨਾ ਲਈ।

ਪਾਕਿਸਤਾਨ ਦੀ ਜੇਲ੍ਹ ਤੋਂ ਸਹੀ-ਸਲਾਮਤ ਪਰਤਿਆ ਅਸ਼ੋਕ ਸਰੀਰਕ ਤੌਰ ‘ਤੇ ਭਾਵੇਂ ਉਹ ਤੰਦਰੁਸਤ ਜਾਪ ਰਿਹਾ ਹੈ ਪਰ ਏਨੇ ਵਰ੍ਹੇ ਪਾਕਿਸਤਾਨ ਜੇਲ੍ਹ ਵਿਚ ਰਹਿਣ ਕਾਰਨ ਤੇ ਅਣਮਨੁੱਖੀ ਤਸੀਹੇ ਝੱਲਣ ਦੀ ਪੀੜ ਉਸਦੇ ਚਿਹਰੇ ਤੋਂ ਸਪਸ਼ਟ ਝਲਕਦੀ ਹੈ। ਰਿਹਾਅ ਹੋ ਕੇ ਪਰਤੇ ਅਸ਼ੋਕ ਦਾ ਕਹਿਣਾ ਹੈ ਕਿ ਭਾਰਤ ਦੀ ਖ਼ੁਫ਼ੀਆ ਏਜੰਸੀ ‘ਰਾਅ‘ ਦੇ ਕੁਝ ਅਧਿਕਾਰੀਆਂ ਵੱਲੋਂ ਤਕਰੀਬਨ 20 ਵਰ੍ਹੇ ਪਹਿਲਾਂ ਉਸ ਨਾਲ ਰਾਬਤਾ ਕੀਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਨੇ ਉਸ ਨੂੰ ਪਾਕਿਸਤਾਨ ਜਾ ਕੇ ਉਥੋਂ ਦੇ ਫੌਜੀ ਟਿਕਾਣਿਆਂ ਤੇ ਹੋਰ ਅਹਿਮ ਜਨਤਕ ਥਾਵਾਂ ਦੀ ਖ਼ੁਫ਼ੀਆ ਤੌਰ ‘ਤੇ ਰਿਪੋਰਟ ਤਿਆਰ ਕਰਕੇ ਲਿਆਉਣ ਲਈ ਪ੍ਰੇਰਿਤ ਕੀਤਾ ਸੀ।

ਇਸ ਕੰਮ ਲਈ ਆਰਥਿਕ ਸਹਾਇਤਾ ਦਾ ਭਰੋਸਾ ਦਿੱਤਾ ਗਿਆ ਸੀ। ਘਰ ਵਿਚ ਗਰੀਬੀ



ਹੋਣ ਕਾਰਨ ਉਹ ਅਧਿਕਾਰੀਆਂ ਦੀਆਂ ਗੱਲਾਂ ਵਿਚ ਆ ਗਿਆ ਤੇ ਪਾਕਿਸਤਾਨ ਜਾਣ ਲਈ ਤਿਆਰ ਹੋ ਗਿਆ ਸੀ। ਉਸ ਨੇ ਦਾਅਵਾ ਕੀਤਾ ਕਿ ਉਹ ਦੋ ਵਾਰ ਪਾਕਿਸਤਾਨ ਗਿਆ ਤੇ ਸਹੀ ਸਲਾਮਤ ਵਾਪਸ ਆਉਣ ਵਿਚ ਸਫ਼ਲ ਰਿਹਾ ਪਰ ਤੀਸਰੀ ਵਾਰ ਪਾਕਿਸਤਾਨੀ ਰੇਂਜਰਾਂ ਦੇ ਹੱਥ ਚੜ੍ਹ ਗਿਆ। ਪਾਕਿਸਤਾਨੀ ਰੇਂਜਰਾਂ ਨੇ ਉਸ ਨੂੰ ਕਰੀਬ ਦੋ ਮਹੀਨੇ ਸਿਆਲਕੋਟ ਦੀ ਜੇਲ੍ਹ ਵਿਚ ਕੈਦ ਰੱਖਿਆ। ਇਸ ਦੌਰਾਨ ਪੁੱਛ ਪੜਤਾਲ ਲਈ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਤੇ ਤਸੀਹੇ ਦਿੱਤੇ ਗਏ। ਦੋ ਮਹੀਨਿਆਂ ਬਾਅਦ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ 14 ਵਰ੍ਹਿਆਂ ਦੀ ਕੈਦ ਦੀ ਸਜ਼ਾ ਸੁਣਾਈ ਤੇ ਲਾਹੌਰ ਦੀ ਕੋਟ ਲੱਖਪਤ ਰਾਏ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਹਾਲਾਂਕਿ ਪਾਕਿਸਤਾਨ ਦੀ ਅਦਾਲਤ ਵੱਲੋਂ ਉਸ ਨੂੰ 14 ਵਰ੍ਹਿਆਂ ਦੀ ਕੈਦ ਸੁਣਾਈ ਗਈ ਸੀ ਪਰ ਉਸ ਨੂੰ 16 ਵਰ੍ਹੇ ਜੇਲ੍ਹ ਵਿਚ ਬਿਤਾਉਣ ਉਪਰੰਤ ਰਿਹਾਅ ਕੀਤਾ ਗਿਆ ਹੈ। ਉਸ ਨੇ ਭਾਰਤ ਦੀ ਖ਼ੁਫ਼ੀਆ ਏਜੰਸੀ ਦੇ ਅਧਿਕਾਰੀਆਂ ‘ਤੇ ਗਿਲਾ ਕੀਤਾ ਕਿ ਉਹ ਉਨ੍ਹਾਂ ਦੇ ਭਰੋਸੇ ‘ਤੇ ਆਪਣੇ ਦੇਸ਼ ਲਈ ਪਾਕਿਸਤਾਨ ਗਿਆ ਸੀ ਪਰ ਜਦੋਂ ਪਾਕਿਸਤਾਨੀ ਰੇਂਜਰਾਂ ਵੱਲੋਂ ਉਸ ਨੂੰ ਕਾਬੂ ਕਰ ਲਿਆ ਗਿਆ ਤਾਂ ਪਿੱਛੋਂ ਕਿਸੇ ਨੇ ਉਸ ਦੇ ਪਰਿਵਾਰ ਦੀ ਸਾਰ ਤੱਕ ਨਾ ਲਈ। ਇਸ ਦੌਰਾਨ ਉਸ ਦਾ ਪਰਿਵਾਰ ਨਿਰੰਤਰ ਮਾਨਸਿਕ ਤੇ ਆਰਥਿਕ ਪ੍ਰੇਸ਼ਾਨੀਆਂ ਝੱਲਦਾ ਰਿਹਾ।

ਉਸ ਦੇ ਪਿਤਾ ਸਵਰਨ ਦਾਸ ਨੇ ਦੱਸਿਆ ਕਿ ਅਸ਼ੋਕ ਵੱਡਾ ਪੁੱਤਰ ਹੋਣ ਕਾਰਨ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਉਸ ‘ਤੇ ਸੀ। ਉਸ ਦੇ ਘਰ ਵਾਪਸ ਨਾ ਆਉਣ ਬਾਰੇ ਕਈ ਦਿਨ ਤਾਂ ਭੇਤ ਹੀ ਬਣਿਆ ਰਿਹਾ। ਫਿਰ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਸ ਨੂੰ ਪਾਕਿਸਤਾਨ ਵਿਚ ਫੜ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂ ਦੇ ਇਕ-ਦੋ ਮਹੀਨੇ ਤਾਂ ‘ਰਾਅ‘ ਦੇ ਅਧਿਕਾਰੀਆਂ ਨੇ ਤਨਖਾਹ ਦੇਣ ਦੇ ਨਾਂ ‘ਤੇ ਉਨ੍ਹਾਂ ਦੀ ਥੋੜ੍ਹੀ ਬਹੁਤ ਆਰਥਿਕ ਸਹਾਇਤਾ ਕੀਤੀ ਪਰ ਬਾਅਦ ਵਿਚ ਕਿਸੇ ਨੇ ਉਨ੍ਹਾਂ ਦੀ ਬਾਤ ਨਾ ਪੁੱਛੀ।

# ਪੰਜਾਬ ਦੀਆਂ 300 ਅਹਿਮ ਸ਼ਖ਼ਸੀਅਤਾਂ ਦੀ ਸੁਰੱਖਿਆ ਹਟਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 300 ਤੋਂ ਵੱਧ ਵਿਅਕਤੀਆਂ ਨੂੰ ਮੁਹੱਈਆ ਕੀਤੀ ਸੁਰੱਖਿਆ ਵਾਪਸ ਲੈ ਲਈ ਹੈ ਤੇ ਤਕਰੀਬਨ 700 ਸੁਰੱਖਿਆ ਮੁਲਾਜ਼ਮਾਂ ਨੂੰ ਵਾਪਸ ਆਪੋ-ਆਪਣੇ ਹੈੱਡਕੁਆਰਟਰਾਂ ਉਪਰ ਰਿਪੋਰਟ ਕਰਨ ਦੇ ਆਦੇਸ਼ ਦਿੱਤੇ ਹਨ। ਪਿਛਲੇ ਕੁਝ ਦਿਨਾਂ ਤੋਂ ਸਰਕਾਰ ਵੱਲੋਂ ਮੁਹੱਈਆ ਕਰਵਾਈ ਸੁਰੱਖਿਆ ਦੀ ਸਮੀਖਿਆ ਕੀਤੀ ਜਾ ਰਹੀ ਸੀ। ਸੁਪਰੀਮ ਕੋਰਟ ਵੱਲੋਂ 15 ਫਰਵਰੀ ਨੂੰ ਹਦਾਇਤ ਕਰਕੇ ਰਾਜ ਅੰਦਰ ਮੁਹੱਈਆ ਕਰਵਾਏ ਸੁਰੱਖਿਆ ਮੁਲਾਜ਼ਮਾਂ ਦੇ ਵੇਰਵੇ ਮੰਗਣ ਕਰਕੇ ਕੀਤਾ ਗਿਆ ਹੈ। ਉਪ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਪੁਲਿਸ ਤੇ ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸ. ਬਾਦਲ ਨੇ ਇਹ ਆਦੇਸ਼ ਦਿੱਤਾ ਸੀ ਕਿ ਜਿਨ੍ਹਾਂ ਵਿਅਕਤੀਆਂ ਨੂੰ ਬੇਲੋੜੀ ਸੁਰੱਖਿਆ ਮੁਹੱਈਆ ਹੈ, ਉਹ ਸਾਰੇ ਸੁਰੱਖਿਆ ਮੁਲਾਜ਼ਮ ਤੇ ਅਧਿਕਾਰੀ ਆਪੋ-ਆਪਣੇ ਹੈੱਡਕੁਆਰਟਰਾਂ ਨੂੰ ਰਿਪੋਰਟ ਕਰਨ। ਤਕਰੀਬਨ 400 ਵਿਅਕਤੀ ਦੀ ਸੁਰੱਖਿਆ ਹਟਾਈ ਜਾਣੀ ਹੈ। ਏਡੀਜੀਪੀ (ਸੁਰੱਖਿਆ) ਦਿਨਕਰ ਗੁਪਤਾ ਨੇ ਉਪਰੋਕਤ ਫੈਸਲੇ ਦੀ ਪੁਸ਼ਟੀ ਕੀਤੀ ਹੈ। ਤਕਰੀਬਨ ਚਾਰ ਹਜ਼ਾਰ ਸੁਰੱਖਿਆ ਮੁਲਾਜ਼ਮ ਪਹਿਲਾਂ ਹੀ ਵਾਪਸ ਬੁਲਾਏ ਜਾ ਚੁੱਕੇ ਹਨ।

# ਪੁਲਿਸ ਦੇ ਸਿਆਸੀਕਰਨ ਤੋਂ ਮਨੁੱਖੀ ਅਧਿਕਾਰ ਕਮਿਸ਼ਨ ਖ਼ਫ਼ਾ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੁਲਿਸ ਦੇ ਸਿਆਸੀਕਰਨ ਦਾ ਗੰਭੀਰ ਨੋਟਿਸ ਲਿਆ ਹੈ। ਕਮਿਸ਼ਨ ਨੇ ਸਿਆਸੀ ਬਦਲਾਖ਼ੋਰੀ ਦੇ ਵਧ ਰਹੇ ਕੇਸਾਂ ‘ਤੇ ਫਿਕਰ ਜ਼ਾਹਿਰ ਕਰਦਿਆਂ ਪੁਲਿਸ ਦੇ ਕੰਮਾਂ ਵਿਚ ਸਿਆਸਤਦਾਨਾਂ ਦੀ ਦਖ਼ਲਅੰਦਾਜ਼ੀ ਘੱਟ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਅਜਿਹੀਆਂ ਵਾਰਦਾਤਾਂ ਦੇ ਵਧਣ ਨਾਲ ਆਮ ਲੋਕਾਂ ਵਿਚ ਅਸਰੁੱਖਿਆ ਦੀ ਭਾਵਨਾ ਪੈਦਾ ਹੰਦੀ ਹੈ।

ਕਮਿਸ਼ਨ ਕੋਲ ਪਿਛਲੇ ਇਕ ਸਾਲ ਵਿਚ ਸਿਆਸੀ ਬਦਲਾਖੋਰੀ ਦੇ 234 ਕੇਸ ਸੁਣਵਾਈ ਲਈ ਆਏ ਹਨ ਜਦੋਂਕਿ ਸਾਲ 2011 ਵਿਚ ਅਜਿਹੇ ਕੇਸਾਂ ਦੀ ਗਿਣਤੀ 187 ਸੀ। ਸਿਆਸੀ ਆਗੂਆਂ ਦੇ ਦਬਾਅ ਹੇਠ ਪੁਲਿਸ ਵੱਲੋਂ ਕਥਿਤ ਤੌਰ ‘ਤੇ ਤੰਗ ਪ੍ਰੇਸ਼ਾਨ ਕਰਨ ਤੇ ਪੀੜਤਾਂ ਨੂੰ ਰਾਜ਼ੀਨਾਮੇ ਲਈ ਮਜਬੂਰ ਕਰਨ ਦੀਆਂ ਸ਼ਿਕਾਇਤਾਂ ਦੀ ਗਿਣਤੀ ਵੀ ਇਸ ਵਿਚ ਸ਼ਾਮਲ ਹੈ। ਪਿਛਲੇ ਸਾਲਾਂ ਦੇ ਅੰਕੜਿਆਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆਉਣ ਨਾਲ ਇਸ ਕਿਸਮ ਦੀਆਂ ਸ਼ਿਕਾਇਤਾਂ ਦੀ ਗਿਣਤੀ ਘਟ ਜਾਂਦੀ ਹੈ ਜਦੋਂਕਿ ਸਰਕਾਰ ਬਣਦਿਆਂ ਹੀ ਕੇਸਾਂ ਦੀ ਚਾਲ ਤੇਜ਼ੀ ਨਾਲ ਵਧਣ ਲਗਦੀ ਹੈ।

ਕਮਿਸ਼ਨ ਨੇ ਪੁਲਿਸ ਦੀ ਕਾਰਗੁਜ਼ਾਰੀ ‘ਤੇ ਫਿਕਰ ਦਾ ਪ੍ਰਗਟਾਵਾ ਫਿਰੋਜ਼ਪੁਰ ਜ਼ਿਲ੍ਹੇ ਦੀ ਤਾਜ਼ਾ ਪਟੀਸ਼ਨ ‘ਤੇ ਸੁਣਵਾਈ ਸ਼ੁਰੂ ਕਰਨ ਵੇਲੇ ਕੀਤਾ। ਪਟੀਸ਼ਨਰ ਹਰਜਿੰਦਰ ਸਿੰਘ ਨੇ ਕਮਿਸ਼ਨ ਨੂੰ ਦਿੱਤੀ ਅਰਜ਼ੀ ਵਿਚ ਦੋਸ਼ ਲਾਇਆ ਹੈ ਕਿ ਪਿੰਡ ਦੇ ਸਿਆਸੀ ਆਗੂ ਜਗਦੇਵ ਸਿੰਘ ਵੱਲੋਂ ਉਸ ਨੂੰ ਆਪਣੇ ਘਰ ਬੁਲਾ ਕੇ ਬੁਰੀ ਤਰ੍ਹਾਂ ਕੁੱਟਿਆ ਗਿਆ ਤੇ ਬਾਅਦ ਵਿਚ ਜਦੋਂ ਉਹ ਹਸਪਤਾਲ ਦਾਖ਼ਲ ਸੀ ਤਾਂ ਘਰ ਅੱਗੇ ਆ ਕੇ ਫਾਇਰਿੰਗ ਕੀਤੀ ਗਈ ਸੀ। ਹਮਲਾਵਰਾਂ ਨੇ ਉਸ ਦੇ ਪੁੱਤਰ ਹਰਪ੍ਰੀਤ ਸਿੰਘ ਤੇ ਭਤੀਜੇ ਰਵਿੰਦਰ ਸਿੰਘ ਦੀ ਵੀ ਕੁੱਟਮਾਰ ਕੀਤੀ ਹੈ।

ਇਸ ਮਾਮਲੇ ਵਿਚ ਕਮਿਸ਼ਨ ਨੇ ਜ਼ਿਲ੍ਹੇ ਦੇ ਪੁਲਿਸ ਮੁਖੀ ਤੋਂ ਰਿਪੋਰਟ ਮੰਗ ਲਈ ਹੈ। ਕਮਿਸ਼ਨ ਨੇ ਰਾਜ ਦੇ ਮੌਜੂਦਾ ਹਾਲਾਤ ‘ਤੇ ਟਿੱਪਣੀ ਕਰਦਿਆਂ ਗ੍ਰਹਿ ਵਿਭਾਗ ਨੂੰ ਤਿੰਨ ਮਹੀਨੇ ਵਿਚ ਜਵਾਬ ਦੇਣ ਲਈ ਕਿਹਾ ਹੈ। ਪਟੀਸ਼ਨਰ ਨੇ ਕਿਹਾ ਹੈ ਕਿ ਹਮਲਾਵਰਾਂ ਦੀਆਂ ਗੋਲੀਆਂ ਦੇ ਨਿਸ਼ਾਨ ਅਜੇ ਵੀ ਗੇਟ ‘ਤੇ ਪਏ ਹੋਏ ਹਨ। ਉਸ ਵੱਲੋਂ ਪੁਲਿਸ ਨੂੰ ਮਾਮਲੇ ਦੀ ਜਾਣਕਾਰੀ ਦੇਣ ‘ਤੇ ਪੁਲਿਸ ਮੌਕੇ ‘ਤੇ ਪੁੱਜ ਗਈ ਤੇ ਚੱਲੇ ਹੋਏ ਕਾਰਤੂਸ ਵੀ ਬਰਾਮਦ ਕਰ ਲਏ। ਉਸ ਨੇ ਦੋਸ਼ ਲਾਇਆ ਹੈ ਕਿ ਪੁਲਿਸ ਨੂੰ ਪੂਰਾ ਪਤਾ ਹੋਣ ਦੇ ਬਾਵਜੂਦ ਕੇਸ ਦਰਜ ਨਹੀਂ ਕੀਤਾ ਗਿਆ। ਉਸ ਨੇ ਪੁਲਿਸ ਮੁਲਾਜ਼ਮਾਂ ਉੱਤੇ ਰਾਜ਼ੀਨਾਮੇ ਲਈ ਦਬਾਅ ਪਾਉਣ ਦਾ ਵੀ ਦੋਸ਼ ਲਾਇਆ ਹੈ। ਸ਼ਿਕਾਇਤ ਅਨੁਸਾਰ ਹਮਲਾਵਰ ਸਿਆਸੀ ਅਸਰ ਰਸੂਖ ਵਾਲੇ ਤਕੜੇ ਵਿਅਕਤੀ ਹਨ। ਉਨ੍ਹਾਂ ਵੱਲੋਂ ਸਿੱਧੇ ਤੌਰ ‘ਤੇ ਧਮਕੀ ਦਿੱਤੀ ਜਾ ਰਹੀ ਹੈ ਕਿ ਰਾਜ਼ੀਨਾਮਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਪਟੀਸ਼ਨਰ ਨੇ ਇਹ ਵੀ ਡਰ ਪ੍ਰਗਟ ਕੀਤਾ ਹੈ ਕਿ ਉਨ੍ਹਾਂ ਨੂੰ ਝੂਠੇ ਕੇਸ ਵਿਚ ਫਸਾਇਆ ਜਾ ਸਕਦਾ ਹੈ। ਸ਼ਿਕਾਇਤਕਰਤਾ ਨੇ ਕਮਿਸ਼ਨ ਤੋਂ ਪੁਲਿਸ ਨੂੰ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰਨ ਦੀਆਂ ਹਦਾਇਤਾਂ ਜਾਰੀ ਕਰਨ ਦੀ ਮੰਗ ਕਰਦਿਆਂ ਸੁਰੱਖਿਆ ਦਾ ਵਾਸਤਾ ਪਾਇਆ ਗਿਆ ਹੈ।

# ਬਾਬਾ ਰਾਮਦੇਵ ਵੱਲੋਂ ਪਾਰਟੀ ਬਣਾਉਣ ਦਾ ਐਲਾਨ

**ਚੰਡੀਗੜ੍ਹ:** ਯੋਗ ਗੁਰੂ ਬਾਬਾ ਰਾਮਦੇਵ ਨੇ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦਾ ਗਠਨ ਜਲਦੀ ਕਰਕੇ ਸਿਆਸੀ, ਸਮਾਜਕ ਤੇ ਆਰਥਿਕ ਮੁੱਦਿਆਂ ਉਪਰ ਲੋਕਾਂ ਨੂੰ ਲਾਮਵੰਦ ਕੀਤਾ ਜਾਵੇਗਾ। ਲੋਕ ਸਭਾ ਚੋਣਾਂ ਦੌਰਾਨ ਦੇਸ਼ ਭਰ ਵਿਚ ਉਮੀਦਵਾਰ ਉਤਾਰੇ ਜਾਣਗੇ ਤੇ ਇਕੋ ਜਿਹੇ ਵਿਚਾਰਾਂ ਵਾਲੀਆਂ ਪਾਰਟੀਆਂ ਨਾਲ ਗੱਠਜੋੜ ਬਣਾਇਆ ਜਾਵੇਗਾ।



ਉਨ੍ਹਾਂ ਇਹ ਵੀ ਦੱਸਿਆ ਕਿ ਨਵੀਂ ਪਾਰਟੀ ਦਾ ਆਚਰਣ ਜ਼ਾਬਤਾ ਹੋਵੇਗਾ ਤੇ ਭ੍ਰਿਸ਼ਟਾਚਾਰੀਆਂ, ਬਲਾਤਕਾਰੀਆਂ ਤੇ ਹੱਤਿਆਰਿਆਂ ਨੂੰ ਨੇੜੇ ਨਹੀਂ ਲੱਗਣ ਦਿੱਤਾ ਜਾਵੇਗਾ। ਦਾਗ਼ਦਾਰ ਲੋਕਾਂ ਲਈ ਪਾਰਟੀ ਦੇ ਦਰਵਾਜ਼ੇ ਹਮੇਸ਼ਾ ਲਈ ਬੰਦ ਰਹਿਣਗੇ। ਉਨ੍ਹਾਂ ਇਹ ਵੀ ਸ਼ਪਸ਼ਟ ਕੀਤਾ ਕਿ ਉਹ ਆਪ ਚੋਣਾਂ ਨਹੀਂ ਲੜਨਗੇ ਤੇ ਨਾ ਹੀ ਕੋਈ ਅਹੁਦਾ ਪ੍ਰਵਾਨ ਕਰਨਗੇ ਪਰ ਪਾਰਟੀ ਆਪਣੇ ਮਾਰਗ ਤੋਂ ਨਾ ਭਟਕ ਜਾਏ, ਉਸ ਦੀ ਨਿਗਰਾਨੀ ਰੱਖਣਗੇ।

ਉਨ੍ਹਾਂ ਇਹ ਦਾਅਵਾ ਕਰਦਿਆਂ ਕਿ ਕੋਈ ਵੀ ਸਿਆਸੀ ਪਾਰਟੀ ਸਿਆਸੀ, ਆਰਥਿਕ ਤੇ ਸਮਾਜਕ ਮੁੱਦਿਆਂ ਉਪਰ ਇਮਾਨਦਾਰ ਨਜ਼ਰ ਨਹੀਂ ਆ ਰਹੀ। ਇਸ ਕਰਕੇ ਉਨ੍ਹਾਂ ਨੂੰ ਪਾਰਟੀ ਬਣਾਉਣ ਦੀ ਲੋੜ ਮਹਿਸੂਸ ਹੋਈ ਹੈ। ਉਨ੍ਹਾਂ ਕਾਂਗਰਸ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਨੂੰ ਸੱਤਾ ਤੋਂ ਹਟਾਉਣਾ ਦੇਸ਼ ਦੇ ਹਿੱਤ ਵਿਚ ਹੈ।

# ਡਿਪੋਰਟ ਹੋਏ ਲੋਕਾਂ ਨੂੰ ਲੋਕ ਅਦਾਲਤ ਵਿਚ ਮਿਲਣਗੇ ਪਾਸਪੋਰਟ

**ਜਲੰਧਰ:** ਖੇਤਰੀ ਪਾਸਪੋਰਟ ਦਫ਼ਤਰ ਜਲੰਧਰ ਜਲਦੀ ਹੀ ਵਿਦੇਸ਼ਾਂ ਤੋਂ ਕੱਢੇ 1000 ਦੇ ਕਰੀਬ ਲੋਕਾਂ ਨੂੰ ਮੁੜ ਪਾਸਪੋਰਟ ਜਾਰੀ ਕਰਨ ਲਈ ਮਹਾਂ ਲੋਕ ਅਦਾਲਤ ਲਾਉਣ ਜਾ ਰਿਹਾ ਹੈ। ਇਸ ਅਦਾਲਤ ਵਿਚ ਜਿਨ੍ਹਾਂ ਦੇ ਕੇਸਾਂ ਸਬੰਧੀ ਵਿਦੇਸ਼ਾਂ ਤੋਂ ਜਵਾਬ ਵਜੋਂ ਹਰੀ ਝੰਡੀ ਆ ਗਈ ਹੈ, ਉਨ੍ਹਾਂ ਨੂੰ ਪਾਸਪੋਰਟ ਜਾਰੀ ਕਰ ਦਿੱਤੇ ਜਾਣਗੇ ਜਦਕਿ ਬਾਕੀ ਕੇਸਾਂ ਦੇ ਮੁੜ ਜਵਾਬ ਦੇਣ ਲਈ ਦੂਤਘਰਾਂ ਨੂੰ ਯਾਦ ਪੱਤਰ ਭੇਜੇ ਜਾਣਗੇ।

ਇਹ ਕੇਸ ਜਲੰਧਰ, ਨਵਾਂਸ਼ਹਿਰ, ਹੁਸ਼ਿਆਰਪੁਰ, ਕਪੂਰਥਲਾ ਨਾਲ ਸਬੰਧਤ ਹਨ। ਖੇਤਰੀ ਪਾਸਪੋਰਟ ਅਫ਼ਸਰ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਇਸ ਵੇਲੇ ਵਿਭਾਗ ਕੋਲ ਵਿਦੇਸ਼ਾਂ ਤੋਂ ਕੱਢੇ ਗਏ 1000 ਦੇ ਕਰੀਬ ਲੋਕਾਂ ਦੇ ਕੇਸ ਲਟਕੇ ਪਏ ਹਨ। ਮਹਾਂ ਅਦਾਲਤ ਲਾ ਕੇ ਪਾਸਪੋਰਟ ਜਾਰੀ ਕੀਤੇ ਜਾਣਗੇ ਤੇ ਜਿਨ੍ਹਾਂ ਦੇ ਜਵਾਬ ਵਿਦੇਸ਼ਾਂ ਦੇ ਭਾਰਤੀ ਦੂਤਘਰਾਂ ਤੋਂ ਨਹੀਂ ਆਏ ਹੋਣਗੇ, ਉਨ੍ਹਾਂ ਨੂੰ ਆਏ ਲੋਕਾਂ ਦੇ ਸਾਹਮਣੇ ਯਾਦ ਪੱਤਰ ਭੇਜੇ ਜਾਣਗੇ ਤਾਂ ਜੋ ਉਹ ਆਪਣੇ ਪੱਧਰ ‘ਤੇ ਵੀ ਵਿਦੇਸ਼ਾਂ ਤੋਂ ਜਵਾਬ ਮੰਗਵਾ ਸਕਣ।

ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਹੁਸ਼ਿਆਰਪੁਰ ਵਿਚ ਨਵਾਂਸ਼ਹਿਰ ਤੇ ਹੁਸ਼ਿਆਰਪੁਰ ਦੇ ਲੋਕਾਂ ਦੇ ਪਾਸਪੋਰਟ ਦੇ ਮਸਲੇ ਹੱਲ ਕਰਨ




ਲਈ ਲੋਕ ਅਦਾਲਤ ਲਾਈ ਗਈ ਸੀ ਤੇ ਇਸ ਵਿਚ 350 ਦੇ ਕਰੀਬ ਕੇਸ ਆਏ ਸਨ ਤੇ ਮੌਕੇ ‘ਤੇ 300 ਲੋਕਾਂ ਦੇ ਕੇਸਾਂ ‘ਤੇ ਸੁਣਵਾਈ ਕਰਕੇ ਉਨ੍ਹਾਂ ਨੂੰ ਪਾਸਪੋਰਟ ਜਾਰੀ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਸ. ਗਿੱਲ ਨੇ ਦੱਸਿਆ ਕਿ ਹੁਣ ਪਾਸਪੋਰਟ ਦਫ਼ਤਰ ਵੱਲੋਂ ਜਦੋਂ ਲੋਕਾਂ ਦੇ ਪਾਸਪੋਰਟ ਭੇਜੇ ਜਾਣਗੇ ਤਾਂ ਉਨ੍ਹਾਂ ਵਿਚ ਇਕ ਹੈਲਪਲਾਈਨ ਨੰਬਰ ਕਾਰਡ ਵੀ ਨਾਲ ਭੇਜਿਆ ਜਾਵੇਗਾ ਤਾਂ ਜੋ ਲੋਕਾਂ ਨੂੰ ਕਿਸੇ ਵੇਲੇ ਪ੍ਰੇਸ਼ਾਨੀ ਆਉਣ ‘ਤੇ ਉਹ ਪਾਸਪੋਰਟ ਦੇ ਹੈਲਪ ਲਾਈਨ ਨੰਬਰ ‘ਤੇ ਸੰਪਰਕ ਕਰ ਸਕਦੇ ਹਨ।

# ਸ਼ਹੀਦ ਭਗਤ ਸਿੰਘ ਦੀ ਯਾਦਗਾਰ ਹੋਈ ਖਸਤਾ ਹਾਲ

**ਬੰਗਾ:** ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਘਰ ਪਿੰਡ ਖਟਕੜ ਕਲਾਂ ਵਿਚ ਬਣੀਆਂ ਯਾਦਗਾਰਾਂ ਸਰਕਾਰ ਦੀ ਬੇਰੁਖੀ ਦਾ ਸਾਹਮਣਾ ਕਰ ਰਹੀਆਂ ਹਨ। ਸਰਕਾਰ ਵੱਲੋਂ ਪੂਰਾ ਸਾਲ ਇਨ੍ਹਾਂ ਯਾਦਗਾਰਾਂ ‘ਤੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਪਰ ਜਦੋਂ ਸ਼ਹੀਦੀ ਦਿਹਾੜਾ ਜਾਂ ਜਨਮ ਦਿਨ ਹੁੰਦਾ ਹੈ ਤਾਂ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਕਾਹਲੀ ਵਿਚ ਪੋਚਾ-ਪਾਚੀ ਕਰਕੇ ਬੁੱਤਾ ਸਾਰ ਲਿਆ ਜਾਂਦਾ ਹੈ।

ਸ਼ਹੀਦ ਦੇ ਜੱਦੀ ਘਰ ਦਾ ਰੰਗ ਰੋਗਨ ਪੂਰੀ ਤਰ੍ਹਾਂ ਲਹਿ ਚੁੱਕਾ ਹੈ। ਇੱਟਾਂ ਨੰਗੀਆਂ ਹੋ ਚੁੱਕੀਆਂ ਹਨ। ਸ਼ਹੀਦ ਦੀ ਯਾਦ ਵਿਚ ਬਣੀ ਪਾਰਕ ਵਿਚ ਬੂਟੇ ਬੁਰੀ ਤਰ੍ਹਾਂ ਸੁੱਕੇ ਪਏ ਹਨ। ਪਾਰਕ ਵਿਚ ਲਾਇਆ ਫੁਆਰਾ ਵੀ ਪਿਛਲੇ ਇਕ ਸਾਲ ਤੋਂ ਬੰਦ ਪਿਆ ਹੈ। ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਬਣੀ ਲਾਇਬਰੇਰੀ ਦਾ ਇੰਨਾ ਬੁਰਾ ਹਾਲ ਹੈ ਕਿ ਉਸ ਦੇ ਬਾਹਰ ਬੈਠਣ ਲਈ ਬਣਾਏ ਬੈਂਚਾਂ ਨੂੰ ਜੰਗਾਲ ਖਾਈ ਜਾ ਰਿਹਾ ਹੈ ਤੇ ਲਾਇਬਰੇਰੀ ਦਾ ਦਰਵਾਜ਼ਾ ਮੁਲਾਜ਼ਮ ਨਾ ਹੋਣ ਕਾਰਨ ਹਮੇਸ਼ਾ ਬੰਦ ਹੀ ਰਹਿੰਦਾ ਹੈ।

ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਖਟਕੜ ਕਲਾਂ ਦੇ ਮੀਤ ਪ੍ਰਧਾਨ ਜਥੇਦਾਰ ਕਸ਼ਮੀਰਾ ਸਿੰਘ ਨਿਹੰਗ ਨੇ ਦੱਸਿਆ ਕਿ ਉਹ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਦੇ ਧਿਆਨ ਵਿਚ ਲਿਆ ਚੁੱਕੇ ਹਨ ਕਿ ਉਕਤ ਪਾਰਕ ਦੀ



ਖਟਕੜ ਕਲਾਂ ਜਾਂਦੇ ਰਾਹ ਵਾਲਾ ਸ਼ਾਨਦਾਰ ਗੇਟ ਪਰ ਯਾਦਗਾਰ ਦਾ ਹਾਲ ਮਾੜਾ ਹੈ।

ਸਾਂਭ-ਸੰਭਾਲ ਲਈ ਕੋਈ ਕਰਮਚਾਰੀ ਨਹੀਂ ਹੈ। ਪਿੰਡ ਦੇ ਪਰਵਾਸੀ ਭਾਰਤੀ ਵੱਲੋਂ ਕੁਝ ਦਾਨ ਦੇ ਕੇ ਦਰਖਤਾਂ ਤੇ ਪਾਰਕ ਦੀ ਮਾੜੀ ਮੋਟੀ ਸਫ਼ਾਈ ਕਰਵਾਈ ਗਈ ਪਰ ਹੁਣ ਫਿਰ ਘਾਹ ਉਸੇ ਤਰ੍ਹਾਂ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਮਾਤਾ ਵਿਦਿਆਵਤੀ ਦੇ ਨਾਂ ‘ਤੇ ਐਲਾਨ ਕੀਤਾ ਪਾਰਕ ਅਜੇ ਤੱਕ ਨਹੀਂ ਬਣਾਇਆ ਗਿਆ।

ਪਿੰਡ ਵਾਸੀਆਂ ਤੇ ਹੋਰ ਸ਼ਖਸੀਅਤਾਂ ਨੇ ਮੰਗ ਕੀਤੀ ਕਿ ਸ਼ਹੀਦ ਦੀ ਯਾਦਗਾਰ ਤੇ ਪਾਰਕ ਦੀ ਸਾਂਭ-ਸੰਭਾਲ ਲਈ ਪੱਕੇ ਤੌਰ ‘ਤੇ ਮੁਲਾਜ਼ਮ ਤਾਇਨਾਤ ਕੀਤੇ ਜਾਣ। ਇਸ ਬਾਰੇ ਡਿਪਟੀ ਕਮਿਸ਼ਨਰ ਤਨੂੰ ਕਯਸ਼ਪ ਦਾ ਕਹਿਣਾ ਹੈ ਕਿ ਫੰਡ ਖ਼ਤਮ ਹੋ ਚੁੱਕੇ ਹਨ ਤੇ ਫੰਡ ਆਉਣ ‘ਤੇ ਪਾਰਕ ਦੀ ਪਹਿਲ ਦੇ ਅਧਾਰ ‘ਤੇ ਮੁਰੰਮਤ ਕਰਵਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਬਾਰੇ ਪੁਰਾਤਤਵ ਵਿਭਾਗ ਤੇ ਸੱਭਿਆਚਾਰਕ ਮਾਮਲੇ ਪੰਜਾਬ ਨੂੰ ਲਿਖਿਆ ਜਾ ਚੁੱਕਾ ਹੈ।

# ਫੋਨ ਟੈਪਿੰਗ ਬਾਰੇ ਭਾਜਪਾ ਦੀ ਅੰਦਰੂਨੀ ਜੰਗ ਵੱਲ ਜਾਂਦੇ ਸੰਕੇਤ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤੀ ਰਾਜਨੀਤੀ ਦੀ ਜਿਹੜੀ ਕੜ੍ਹੀ ਵਿਚ ਇਸ ਵੇਲੇ ਕੜਛੀ ਘੁੰਮਾਈ ਜਾ ਰਹੀ ਹੈ, ਉਸ ਵਿਚ ਕਈ ਮੁੱਦੇ ਹੋਰ ਵੀ ਹਨ, ਤੇ ਇੱਕ ਤੋਂ ਇੱਕ ਚੜ੍ਹਦੇ ਮਹੱਤਵ ਵਾਲੇ ਹਨ, ਪਰ ਇਨ੍ਹਾਂ ਸਾਰਿਆਂ ਉੱਤੇ ਟੈਲੀਫੋਨ ਟੈਪਿੰਗ ਦਾ ਮਾਮਲਾ ਭਾਰੂ ਹੋ ਗਿਆ ਹੈ। ਇਹ ਕੋਈ ਛੋਟੀ ਗੱਲ ਵੀ ਨਹੀਂ ਕਿ ਦੇਸ਼ ਦੀ ਪਾਰਲੀਮੈਂਟ ਵਿਚ ਉਪਰਲੇ ਸਦਨ ਦੇ ਵਿਰੋਧੀ ਧਿਰ ਦੇ ਆਗੂ ਦਾ ਫੋਨ ਟੈਪ ਹੁੰਦਾ ਫੜਿਆ ਜਾਵੇ। ਜਾਂਚ ਜਦੋਂ ਅੱਗੇ ਵਧੀ ਤਾਂ ਖਿਲਾਰਾ ਕਈ ਹੋਰ ਆਗੂਆਂ ਦੇ ਫੋਨ ਵੀ ਟੈਪ ਹੋਣ ਤੱਕ ਪਹੁੰਚ ਗਿਆ ਅਤੇ ਕਈ ਕਾਰੋਬਾਰੀ ਘਰਾਣਿਆਂ ਦੇ ਫੋਨਾਂ ਬਾਰੇ ਵੀ ਇਹੋ ਸੂਚਨਾਵਾਂ ਸਾਹਮਣੇ ਆਉਣ ਲੱਗ ਪਈਆਂ। ਇਸ ਕਰ ਕੇ ਇਸ ਤੋਂ ਹੰਗਾਮਾ ਹੋਣਾ ਹੀ ਸੀ। ਕਈ ਸਵਾਲ ਪੁੱਛੇ ਗਏ, ਜਿਨ੍ਹਾਂ ਦੇ ਜਵਾਬ ਦੇਣ ਵਿਚ ਦੇਸ਼ ਦੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੀ ਲਾਚਾਰਗੀ ਇੱਕ ਵਾਰੀ ਫਿਰ ਪ੍ਰਗਟ ਹੋ ਗਈ ਤੇ ਵਿਰੋਧੀ ਧਿਰ ਦੇ ਹੱਲੇ ਉਦੋਂ ਤੱਕ ਤੇਜ਼ ਹੁੰਦੇ ਗਏ, ਜਦੋਂ ਤੱਕ ਮੀਡੀਏ ਨੇ ਇਹ ਗੱਲ ਸਾਹਮਣੇ ਨਾ ਰੱਖ ਦਿੱਤੀ ਕਿ ਇਸ ਮਾਮਲੇ ਵਿਚ ਜਿਹੜੇ ਲੋਕ ਬਹੁਤਾ ਰੌਲਾ ਪਾ ਰਹੇ ਹਨ, ਗੁਨਾਹ ਦੀ ਪੈੜ ਵੀ ਉਨ੍ਹਾਂ ਦੇ ਆਪਣੇ ਘਰ ਵੱਲ ਜਾਂਦੀ ਜਾਪਦੀ ਹੈ।

ਹੈਰਾਨੀ ਵਾਲਾ ਇਹ ਸੱਚ ਕਿੰਦਾਂ ਦਾ ਹੈ, ਇਸ ਦੀ ਗੱਲ ਕਰਨ ਤੋਂ ਪਹਿਲਾਂ ਇਹ ਜਾਣ ਲਿਆ ਜਾਵੇ ਕਿ ਜਿਸ ਦਿਨ ਇਸ ਗੱਲ ਦੀ ਭਿਣਕ ਪਈ ਕਿ ਭਾਜਪਾ ਆਗੂ ਅਤੇ ਰਾਜ ਸਭਾ ਦੇ ਆਪੋਜ਼ੀਸ਼ਨ ਲੀਡਰ ਅਰੁਣ ਜੇਤਲੀ ਦਾ ਫੋਨ ਟੈਪ ਕੀਤਾ ਗਿਆ ਹੈ, ਇਸ ਨੂੰ ਭਾਜਪਾ ਨੇ ਅਠੱਤੀ ਸਾਲ ਪਹਿਲਾਂ ਦੇ ਐਮਰਜੈਂਸੀ ਦੌਰ ਦੀ ਵਾਪਸੀ ਕਿਹਾ ਸੀ। ਮਾਮਲੇ



ਅਰੁਣ ਜੇਤਲੀ

ਦੀ ਜੜ੍ਹ ਇਹ ਸੂਚਨਾ ਬਣੀ ਕਿ ਇੱਕ ਮੋਬਾਈਲ ਫੋਨ ਕੰਪਨੀ ਤੋਂ ਇੱਕ ਸੀਨੀਅਰ ਪੁਲਿਸ ਅਫਸਰ ਨੇ ਅਰੁਣ ਜੇਤਲੀ ਦੇ ਫੋਨ ਦੀ ਕਾਲ-ਡਿਟੇਲ ਮੰਗੀ ਸੀ ਤੇ ਜਦੋਂ ਕੰਪਨੀ ਨੇ ਇਸ ਦੀ ਤਸਦੀਕ ਕਰਨੀ ਚਾਹੀ ਤਾਂ ਉਸ ਅਫਸਰ ਨੇ ਹੈਰਾਨ ਹੋ ਕੇ ਕਿਹਾ ਕਿ ਉਸ ਨੇ ਇਹ ਸੂਚਨਾ ਕਦੇ ਮੰਗੀ ਹੀ ਨਹੀਂ। ਬਾਅਦ ਵਿਚ ਪਤਾ ਲੱਗਾ ਕਿ ਦਿੱਲੀ ਪੁਲਿਸ ਦੇ ਆਮ ਕਰ ਕੇ ਡਿਊਟੀ ਤੋਂ ਗੈਰਹਾਜ਼ਰ ਰਹਿਣ ਵਾਲੇ ਇੱਕ ਸਿਪਾਹੀ ਨੇ ਉਸ ਅਫਸਰ ਦੀ ਈ-ਮੇਲ ਵਰਤ ਕੇ ਕੰਪਨੀ ਵਾਲਿਆਂ ਤੋਂ ਇਹ ਸੂਚਨਾ ਲੈਣ ਦੀ ਕੋਸ਼ਿਸ਼ ਕੀਤੀ ਸੀ। ਇਹ ਗੰਭੀਰ ਮਾਮਲਾ ਸੀ। ਅਫਸਰ ਇਨਾ ਲਾਪਰਵਾਹ ਨਾ ਵੀ ਹੋਵੇ ਤਾਂ ਹੁਣ ਈ-ਮੇਲ ਹੈਕ ਕਰਨ ਵਾਲੇ ਇਨੇ ਕੁ ਤੇਜ਼ ਹੋ ਗਏ ਹਨ ਕਿ ਕਿਸੇ ਦੀ ਈ-ਮੇਲ ਵੀ ਕੱਢ ਕੇ ਕਿਸੇ ਨੂੰ ਸੁਨੇਹਾ ਘੱਲ ਸਕਦੇ ਹਨ। ਸਾਨੂੰ ਵੀ ਕਈ ਵਾਰ ਕਈ ਲੋਕਾਂ ਦੇ ਹੈਰਾਨੀਜਨਕ ਈ-ਮੇਲ ਸੁਨੇਹੇ ਮਿਲੇ ਹਨ ਕਿ ਉਹ ਸੰਕਟ ਵਿਚ ਹਨ ਤੇ ਕੁਝ ਪੈਸਿਆਂ ਦੀ ਮਦਦ ਦੀ ਲੋੜ ਹੈ ਪਰ ਜਦੋਂ ਵੀ ਫੋਨ ਕਰ ਕੇ ਪੁੱਛਿਆ ਗਿਆ ਤਾਂ ਝੂਠਾ ਸੁਨੇਹਾ ਕਿਸੇ ਹੋਰ ਨੇ ਭੇਜਿਆ ਨਿਕਲਿਆ ਸੀ। ਇਹ ਹੁਣ ਆਮ ਜਿਹੀ ਗੱਲ ਹੁੰਦੀ ਜਾਂਦੀ ਹੈ ਪਰ ਕੁਝ ਹੋਰ ਗੱਲਾਂ ਧਿਆਨ ਮੰਗਦੀਆਂ ਹਨ।



ਧਿਆਨ ਮੰਗਦੀਆਂ ਇਨ੍ਹਾਂ ਗੱਲਾਂ ਵਿਚੋਂ ਇੱਕ ਇਹ ਹੈ ਕਿ ਜਿਸ ਸਿਪਾਹੀ ਨੂੰ ਹੁਣ ਗ੍ਰਿਫਤਾਰ ਕੀਤਾ ਗਿਆ ਤੇ ਉਸ ਤੋਂ ਪਿੱਛੋਂ ਗ੍ਰਿਫਤਾਰੀਆਂ ਦਾ ਸਿਲਸਿਲਾ ਚੱਲਿਆ ਹੈ, ਉਹ ਮਾਮੂਲੀ ਤਨਖਾਹ ਲੈਣ ਵਾਲਾ ਬੰਦਾ ਮਹਿੰਗੀਆਂ ਕਾਰਾਂ ਉੱਤੇ ਦਿੱਲੀ ਵਿਚ ਘੁੰਮਦਾ ਸੀ ਤੇ ਕਿਸੇ ਪੁਲਿਸ ਅਫਸਰ ਨੇ ਕਦੀ ਚੈਕ ਹੀ ਨਹੀਂ ਸੀ ਕੀਤਾ। ਆਮ ਕਰ ਕੇ ਡਿਊਟੀ ਤੋਂ ਗੈਰਹਾਜ਼ਰ ਰਹਿੰਦਾ ਸੀ, ਪਰ ਪੁਲਿਸ ਦਫਤਰ ਆ ਕੇ ਕਿਸੇ ਕੰਪਿਊਟਰ ਦੀ ਵਰਤੋਂ ਵੀ ਕਰ ਲੈਂਦਾ ਸੀ। ਇੰਜ ਕਰਨ ਵਾਲਾ ਬੰਦਾ ਕੱਲ੍ਹ ਨੂੰ ਕੋਈ ਵੱਡਾ ਖਤਰਾ ਵੀ ਖੜਾ ਕਰ ਸਕਦਾ ਸੀ। ਸਾਫ ਹੈ ਕਿ ਪੁਲਿਸ ਅਫਸਰਾਂ ਦੀ ਲਾਪਰਵਾਹੀ ਦੀ ਇਹ ਇੱਕ ਭੱਦੀ ਮਿਸਾਲ ਹੈ। ਗ੍ਰਹਿ ਮੰਤਰੀ ਨੇ ਕਿਸੇ ਅਫਸਰ ਵਿਰੁਧ ਕਾਰਵਾਈ ਦਾ ਸੰਕੇਤ ਨਹੀਂ ਦਿੱਤਾ। ਕਿਉਂਕਿ ਉਸ ਨੇ ਕਿਸੇ ਅਫਸਰ ਦੇ ਵਿਰੁਧ ਕਾਰਵਾਈ ਦਾ ਸੰਕੇਤ ਨਹੀਂ ਦਿੱਤਾ, ਇਸ ਲਈ ਵਿਰੋਧੀ ਧਿਰ ਨੂੰ ਇਹ ਕਹਿਣ ਦਾ ਮੌਕਾ ਆਪਣੇ ਆਪ ਮਿਲ ਗਿਆ ਕਿ ਸਰਕਾਰ ਦੇ ਪੱਖ ਵਿਚ ਕੁਝ ਕਾਲਾ ਜ਼ਰੂਰ ਹੈ।

ਇਸ ਦੇ ਬਾਅਦ ਜੋ ਕੁਝ ਮੀਡੀਆ ਸਾਹਮਣੇ ਲੈ ਆਇਆ, ਉਸ ਦੀ ਪਹਿਲੀ ਗੱਲ ਇਹ ਹੈ ਕਿ ਅਰੁਣ ਜੇਤਲੀ ਇਕੱਲੇ ਦੇ ਫੋਨ ਦੀ ਕਾਲ-ਡਿਟੇਲ ਨਹੀਂ ਕੱਢਵਾਈ ਗਈ, ਕਈ ਹੋਰ ਲੋਕਾਂ ਬਾਰੇ ਵੀ ਸੂਚਨਾ ਮੰਗੀ ਗਈ ਹੈ। ਦੂਸਰੀ ਇਹ ਕਿ ਜਿਨ੍ਹਾਂ ਦੀ ਕਾਲ-ਡਿਟੇਲ ਮੰਗੀ ਗਈ, ਉਨ੍ਹਾਂ ਵਿਚੋਂ ਬਹੁਤੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਹਨ ਤੇ ਉਨ੍ਹਾਂ ਵਿਚੋਂ ਕਈ ਇਹੋ ਜਿਹੇ ਹਨ, ਜਿਨ੍ਹਾਂ ਦਾ ਆਪੋ ਵਿਚ ਬੋਲਚਾਲ ਤੱਕ ਨਹੀਂ ਤੇ ਇੱਕ ਦੂਸਰੇ ਦੇ ਪੱਕੇ ਵਿਰੋਧੀ ਹਨ। ਤੀਸਰੀ ਇਹ ਕਿ ਦਿੱਲੀ ਵਾਲੇ ਸਿਪਾਹੀ ਤੋਂ ਬਾਅਦ ਜਿਹੜਾ ਪ੍ਰਾਈਵੇਟ ਜਾਸੂਸ ਅਰਵਿੰਦ ਫੜਿਆ ਗਿਆ, ਉਹ ਵੀ ਉਨ੍ਹਾਂ ਦੇ ਇੱਕ ਆਪਣੇ ਨੇਤਾ ਸੁਧਾਂਸ਼ੂ ਮਿੱਤਲ ਦਾ ਨੇੜੂ ਰਹਿ ਚੁੱਕਾ ਹੈ ਤੇ ਭਾਜਪਾ ਨੇਤਾ ਸੁਧਾਂਸ਼ੂ ਮਿੱਤਲ ਆਪ ਵੀ ਕਾਫੀ ਚਰਚਿਤ ਹੈ। ਸੁਧਾਂਸ਼ੂ ਮੰਨ ਰਿਹਾ ਹੈ ਕਿ ਉਸ ਦਾ ਇਸ ਜਾਸੂਸ ਨਾਲ ਨੇੜ ਰਹਿ ਚੁੱਕਾ ਹੈ ਪਰ ਕਮਾਲ ਇਹ ਹੈ ਕਿ ਸੁਧਾਂਸ਼ੂ ਮਿੱਤਲ ਦੇ ਆਪਣੇ ਫੋਨ ਦੀ ਕਾਲ-ਡਿਟੇਲ ਵੀ ਇਸ ਜਾਸੂਸ ਨੇ ਕੱਢਵਾਈ ਹੋਈ ਸੀ। ਇਸ ਤੋਂ ਬਾਅਦ ਕੇਂਦਰੀ ਮੰਤਰੀ ਹਰੀਸ਼ ਰਾਵਤ ਨੂੰ ਇਹ ਕਹਿਣ ਦਾ ਮੌਕਾ ਮਿਲ ਗਿਆ ਕਿ ਇਹ ਸਾਰਾ ਕਚਰਾ ਭਾਜਪਾ ਵਾਲਿਆਂ ਦੇ ਆਪਣੇ ਘਰ ਵਿਚ ਪੈਦਾ ਹੋਇਆ ਸੀ ਤੇ ਸਾਡੇ ਵੱਲ ਸੁੱਟ ਕੇ ਆਪਣਾ ਅੰਦਰੂਨੀ ਸੰਕਟ ਟਾਲਣਾ ਚਾਹੁੰਦੇ ਹਨ।

ਅਸਲੀਅਤ ਇਹ ਹੋ ਸਕਦੀ ਹੈ ਕਿ ਇਸ ਵਿਚ ਭਾਜਪਾ ਆਗੂ ਇੱਕ ਦੂਸਰੇ ਬਾਰੇ ਕੁਝ ਨਾ ਕੁਝ 'ਹੱਥ ਵਿਚ' ਰੱਖਣ ਤੇ ਮੌਕਾ ਆਏ ਤੋਂ ਵਰਤਣ ਦੀ ਖੇਡ ਖੇਡ ਰਹੇ ਹੋਣ। ਕਰਨਾਟਕ ਦੇ ਖਾਣ-ਮਾਫੀਆ ਮੰਨੇ ਜਾਂਦੇ ਰੈਡੀ ਭਰਾਵਾਂ ਨੂੰ ਕੇਂਦਰੀ ਭਾਜਪਾ ਆਗੂ ਸੁਸ਼ਮਾ ਸਵਰਾਜ ਵੱਲੋਂ ਸਰਪ੍ਰਸਤੀ ਦੇਣ ਦਾ ਕਿੱਸਾ ਕਿਸੇ ਹੋਰ ਨੇ ਬਾਹਰ ਕੱਢ ਕੇ ਨਹੀਂ ਸੀ ਲਿਆਂਦਾ, ਇਹ ਉਸ ਪਾਰਟੀ ਦੇ ਅੰਦਰੂਨੀ ਕਲੇਸ਼ ਦਾ ਕ੍ਰਿਸ਼ਮਾ ਸੀ। ਇਦਾਂ ਕਈ ਵਾਰੀ ਕਾਂਗਰਸ ਵਿਚ ਵੀ ਹੁੰਦਾ ਹੈ। ਰਾਜਸੀ ਖੇਤਰ ਦੇ ਘੁਲਾਟੀਏ ਇੱਕ ਦੂਸਰੇ ਵਿਰੁਧ ਕਈ ਕੁਝ ਕਰ ਲੈਂਦੇ ਹਨ। ਜਦੋਂ ਨਰਿੰਦਰ ਮੋਦੀ ਨੂੰ ਇਹ ਜਾਪਿਆ ਸੀ ਕਿ ਉਸ ਦੇ ਖਿਲਾਫ ਆਰ ਐਸ ਐਸ ਲੀਡਰਸ਼ਿਪ ਦਾ ਇੱਕ ਪ੍ਰਤੀਨਿਧ ਕੋਈ ਗੁੱਟਬੰਦੀ ਕਰਨ ਲੱਗ ਪਿਆ ਹੈ ਤਾਂ ਅਗਲੇ ਦਿਨੀਂ ਉਸ ਆਰ ਐਸ ਐਸ ਪ੍ਰਤੀਨਿਧ ਦੀ ਬਲਿਊ ਸੀ ਡੀ ਬਾਜ਼ਾਰਾਂ ਵਿਚ ਆ ਗਈ ਸੀ। ਇਹ ਕਿਸੇ ਹੋਰ ਦਾ ਕੰਮ ਨਹੀਂ ਸੀ, ਭਾਜਪਾ ਅਤੇ ਆਰ ਐਸ ਐਸ ਦੇ ਆਪਣੇ ਬੰਦਿਆਂ ਦਾ ਸਾਰਾ ਕੁਝ ਕੀਤਾ ਹੋਇਆ ਸੀ।

ਰਹੀ ਗੱਲ ਫੋਨ ਟੈਪ ਕਰਨ ਦੀ, ਇਸ ਮਾਮਲੇ ਵਿਚ ਟੈਪਿੰਗ ਨਹੀਂ ਹੋਈ, ਸਿਰਫ ਕਾਲ-ਡਿਟੇਲ ਕਢਵਾਉਣ ਦੀ ਕੋਸ਼ਿਸ਼ ਹੋਈ ਹੈ, ਜਿਸ ਤੋਂ ਇਹ ਪਤਾ ਲੱਗ ਸਕੇ ਕਿ ਉਸ ਬੰਦੇ ਦਾ ਕਿਸ ਨਾਲ ਕਿੰਨਾ ਕੁ ਸੰਪਰਕ ਹੈ। ਉਂਜ ਟੈਲੀਫੋਨ ਟੈਪ ਕਰਨ ਦਾ ਭਾਰਤ ਵਿਚ ਪੁਰਾਣਾ ਰਿਵਾਜ ਹੈ। ਇੱਕ ਖੁਫੀਆ ਸੇਵਾ ਵਿਚ ਲੱਗੇ ਰਹੇ ਅਧਿਕਾਰੀ ਨੇ ਰਿਟਾਇਰ ਹੋਣ ਦੇ ਬਾਅਦ ਲਿਖੀ ਆਪਣੀ ਕਿਤਾਬ ਵਿਚ ਇਹ ਵੀ ਲਿਖ ਦਿੱਤਾ ਸੀ ਕਿ ਉਹ ਸਰਕਾਰ ਦੇ ਕਹਿਣ ਉੱਤੇ ਨਹਿਰੂ-ਗਾਂਧੀ ਪਰਿਵਾਰ ਦੀ ਇੱਕ ਬੀਬੀ ਦੇ ਘਰ ਵਿਚ ਲੱਗੇ ਫੋਨ ਟੈਪ ਕਰਨ ਦੇ ਜੰਤਰ ਫਿੱਟ ਕਰਵਾਉਣ ਗਿਆ ਸੀ। ਅੱਜ ਦਾ ਯੁੱਗ ਹੁੰਦਾ ਤਾਂ ਇਹ ਤਰੱਦਦ ਨਹੀਂ ਸੀ ਕਰਨਾ ਪੈਣਾ। ਹੁਣ ਇਹੋ ਜਿਹੇ ਜੰਤਰ ਆ ਗਏ ਹਨ ਕਿ ਕੋਈ ਬੰਦਾ ਕਿਸੇ ਦੇ ਘਰ ਦੇ ਅੱਗੇ ਖੜੀ ਗੱਡੀ ਵਿਚ ਬੈਠਾ ਉਸ ਦੇ ਸਾਰੇ ਫੋਨ ਦੀ ਗੱਲਬਾਤ ਰਿਕਾਰਡ ਕਰ ਸਕਦਾ ਹੈ ਤੇ ਇਸ ਦਾ ਅਗਲੇ ਨੂੰ ਪਤਾ ਵੀ ਨਹੀਂ ਲੱਗਦਾ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਇਹੋ ਦੋਸ਼ ਅਕਾਲੀ ਦਲ (ਬਾਦਲ) ਨੇ ਲਾਇਆ ਸੀ ਤੇ ਜਦੋਂ ਅਕਾਲੀ-ਭਾਜਪਾ ਸਰਕਾਰ ਆ ਗਈ ਤਾਂ ਇਸ ਦੋਸ਼ ਦੀ ਲਪੇਟ ਵਿਚ ਆਏ ਕਈ ਵੱਡੇ ਪੁਲਿਸ ਅਫਸਰਾਂ ਨੂੰ ਖੁੱਡੇ ਲਾਉਣ ਤੋਂ ਇਲਾਵਾ ਉਨ੍ਹਾਂ ਦੇ ਖਿਲਾਫ ਕੇਸ ਵੀ ਦਰਜ ਕਰਵਾਏ ਗਏ ਸਨ। ਜਾਣਨ ਵਾਲੀ ਵੱਡੀ ਗੱਲ ਇਹ ਨਹੀਂ ਕਿ ਬਾਅਦ ਵਿਚ ਉਨ੍ਹਾਂ ਅਫਸਰਾਂ ਵਿਰੁਧ ਬਣੇ ਕੇਸਾਂ ਦਾ ਕੀ ਬਣਿਆ, ਸਗੋਂ ਇਹ ਹੈ ਕਿ ਕਿਸੇ ਵੀ ਰਾਜ ਦੀ ਕੋਈ ਵੀ ਸਰਕਾਰ ਇਸ ਖੇਡ ਨੂੰ ਖੇਡਣ ਤੋਂ ਨਹੀਂ ਰਹਿੰਦੀ ਤੇ ਮੰਨਦੀ ਵੀ ਕੋਈ ਨਹੀਂ ਹੁੰਦੀ।

ਸਾਨੂੰ ਦੋ ਕੁ ਸਾਲ ਪਹਿਲਾਂ ਦਾ ਟੈਲੀਕਾਮ ਸਕੈਂਡਲ ਯਾਦ ਕਰਨਾ ਚਾਹੀਦਾ ਹੈ। ਉਸ ਵਿਚ ਇੱਕ ਬੀਬੀ ਨੀਰਾ ਰਾਡੀਆ ਦਾ ਨਾਂ ਗੂੰਜਿਆ ਸੀ ਤੇ ਪਤਾ ਇਹ ਲੱਗਾ ਸੀ ਕਿ ਸਿਰਫ ਪੰਦਰਾਂ ਲੱਖ ਰੁਪਏ ਨਾਲ ਏਅਰ ਲਾਈਨ ਕੰਪਨੀ ਖੋਲ੍ਹਣ ਦਾ ਇਰਾਦਾ ਬਣਾਈ ਫਿਰਦੀ ਉਹ ਬੀਬੀ ਕੁਝ ਦਿਨਾਂ ਵਿਚ ਹੀ ਨੌਂ ਸੌ ਕਰੋੜ ਰੁਪਏ ਦੀ ਮਾਲਕ ਬਣ ਗਈ ਸੀ। ਮੀਡੀਆ ਦੇ ਦੋ ਵੱਡੇ ਮਹਾਂਰਥੀ ਵੀ ਉਸ ਨਾਲ ਜੁੜੇ ਦੱਸੇ ਗਏ ਸਨ ਤੇ ਕਈ ਵੱਡੇ ਕਾਰਪੋਰੇਟ ਘਰਾਣਿਆਂ ਵਾਲੇ ਵੀ ਉਸ ਨਾਲ ਸਬੰਧਾਂ ਦਾ ਲਾਭ ਲੈ ਕੇ ਟੈਲੀਕਾਮ ਦੇ ਸਪੈਕਟਰਮ ਅਲਾਟ ਕਰਵਾਉਣ ਲਈ ਜਾਣੇ ਗਏ ਸਨ। ਜਦੋਂ ਉਸ ਬੀਬੀ ਦੀਆਂ ਫੋਨ ਉੱਤੇ ਕੀਤੀਆਂ ਗੱਲਾਂ ਦੀ ਕਹਾਣੀ ਬਾਹਰ ਆਈ ਤੇ ਇੱਕ ਅਖਬਾਰ ਨੇ ਉਹ ਗੱਲਬਾਤ ਛਾਪਣੀ ਸ਼ੁਰੂ ਕੀਤੀ ਤਾਂ ਸਭ ਤੋਂ ਪਹਿਲਾਂ ਦੇਸ਼ ਦਾ ਵੱਡਾ ਉਦਯੋਗਪਤੀ ਰਤਨ ਟਾਟਾ ਸੁਪਰੀਮ ਕੋਰਟ ਗਿਆ ਸੀ ਕਿ ਮੇਰੀ ਨਿੱਜਤਾ ਦੀ ਉਲੰਘਣਾ ਹੁੰਦੀ ਹੈ। ਉਨ੍ਹਾਂ ਟੇਪਾਂ ਦਾ ਸਾਰਾ ਸੱਚ ਅਜੇ ਤੱਕ ਵੀ ਸਾਹਮਣੇ ਨਹੀਂ ਆ ਸਕਿਆ, ਪਰ ਇਹ ਗੱਲ ਮੰਨ ਲਈ ਗਈ ਸੀ ਕਿ ਕਿਸੇ ਏਜੰਸੀ ਨੇ ਨੀਰਾ ਰਾਡੀਆ ਦੀਆਂ ਸ਼ੱਕੀ ਸਰਗਰਮੀਆਂ ਕਾਰਨ ਉਸ ਦੇ ਫੋਨ ਟੈਪ ਕਰਵਾਏ ਸਨ, ਜਿਨ੍ਹਾਂ ਦੇ ਆਧਾਰ ਉੱਤੇ ਉਸ ਨੂੰ ਹੱਥ ਪਾਇਆ ਜਾ ਸਕਿਆ ਸੀ।

ਨੀਰਾ ਰਾਡੀਆ ਤੋਂ ਪਹਿਲਾਂ ਇੱਕ ਸੀਨੀਅਰ ਆਈ ਏ ਐਸ ਅਫਸਰ ਰਵੀ ਇੰਦਰ ਸਿੰਘ ਦਾ ਮਾਮਲਾ ਬਾਹਰ ਆਇਆ ਸੀ, ਜਿਹੜਾ ਆਪਣੇ ਸਰਕਾਰੀ ਬੰਗਲੇ ਵਿਚ ਰਹਿਣ ਦੀ ਥਾਂ ਇੱਕ ਆਲੀਸ਼ਾਨ ਨਿੱਜੀ ਬੰਗਲੇ ਵਿਚ ਰਹਿੰਦਾ ਸੀ ਤੇ ਉਸ ਕੋਲ ਮਹਿੰਗੀਆਂ ਕਾਰਾਂ ਦਾ ਕਾਫਲਾ ਹੁੰਦਾ ਸੀ। ਉਹ ਚਾਲ-ਚੱਲਣ ਵੱਲੋਂ ਵੀ ਕਾਲੇ ਕਿਰਦਾਰ ਦਾ ਸੀ। ਕੁਝ ਸ਼ੱਕ ਪੈਣ ਉੱਤੇ ਉਸ ਦੇ ਫੋਨ ਟੈਪ ਕੀਤੇ ਗਏ ਤਾਂ ਪਤਾ ਲੱਗਾ ਕਿ ਉਹ ਆਪਣੀ ਸਰਕਾਰੀ ਪਦਵੀ ਦੀ ਦੁਰਵਰਤੋਂ ਕਰ ਕੇ ਕੁਝ ਲੋਕਾਂ ਨੂੰ ਲਾਭ ਪੁਚਾਉਂਦਾ ਤੇ ਮਾਲ ਕਮਾਉਂਦਾ ਸੀ। ਇੱਕ ਅਮਰੀਕੀ ਕੰਪਨੀ ਟੈਲੀਕਾਰਡੀਆ ਦੀ ਫਾਈਲ ਨੂੰ ਜਦੋਂ ਉਸ ਨੇ ਪਾਸ ਕੀਤਾ ਤਾਂ ਪਹਿਲਾ ਸ਼ੱਕ ਉਦੋਂ ਪਿਆ, ਜਿਹੜਾ ਉਸ ਦੀ ਗ੍ਰਿਫਤਾਰੀ ਤੱਕ ਚਲਾ ਗਿਆ ਸੀ। ਫੌਜ ਦੇ ਕਈ ਵੱਡੇ ਅਫਸਰਾਂ ਦੇ ਫੋਨ ਵੀ ਟੈਪ ਕੀਤੇ ਜਾਣ ਦਾ ਕਈ ਵਾਰੀ ਰੌਲਾ ਪਿਆ ਹੈ ਤੇ ਪਿਛਲੇ ਫੌਜ ਮੁਖੀ ਵੀ ਕੇ ਸਿੰਘ ਦੇ ਖਿਲਾਫ ਵੀ ਇਹ ਦੋਸ਼ ਲੱਗਾ ਸੀ ਕਿ ਉਸ ਨੇ ਆਪਣੇ ਤੌਰ ਉੱਤੇ ਇੱਕ ਵਿਸ਼ੇਸ਼ ਖੁਫੀਆ ਸੈਲ ਇਨ੍ਹਾਂ ਕੰਮਾਂ ਵਾਸਤੇ ਬਣਾ ਲਿਆ ਸੀ, ਜਿਸ ਦੀ ਹਰ ਰਿਪੋਰਟ ਸਿੱਧੀ ਉਸੇ ਨੂੰ ਮਿਲਦੀ ਸੀ। ਕਈ ਰਾਜਾਂ ਦੀ ਪੁਲਿਸ ਵੀ ਏਦਾਂ ਦੇ ਕੰਮ ਕਰ ਲੈਂਦੀ ਹੈ ਤੇ ਮੌਕੇ ਦੀਆਂ ਸਰਕਾਰਾਂ ਨੂੰ ਇਸ ਦਾ ਪਤਾ ਨਹੀਂ ਲੱਗਦਾ। ਸਰਕਾਰਾਂ ਜਾਂ ਸਰਕਾਰੀ ਏਜੰਸੀਆਂ ਤੋਂ ਇਲਾਵਾ ਇਹ ਕੰਮ ਬਾਹਰ ਕੁਝ ਹੋਰ ਲੋਕ ਵੀ ਕਰ ਲੈਂਦੇ ਹਨ। ਸਲਮਾਨ ਖਾਨ ਨੇ ਐਸ਼ਵਰਿਆ ਰਾਏ ਨੂੰ ਇੱਕ ਵਾਰੀ ਰਾਤ ਨੂੰ ਸ਼ਰਾਬ ਪੀ ਕੇ ਫੋਨ ਉੱਤੇ ਗਾਲ੍ਹਾਂ ਕੱਢ ਦਿੱਤੀਆਂ ਤਾਂ ਉਸ ਦੀ ਰਿਕਾਰਡਿੰਗ ਇੱਕ ਅਖਬਾਰ ਵਿਚ ਛਪ ਗਈ ਸੀ, ਜਿਸ ਬਾਰੇ ਉਸ ਰਾਜ ਦੀ ਕਿਸੇ ਏਜੰਸੀ ਨੂੰ ਉਸ ਵਕਤ ਤੱਕ ਪਤਾ ਹੀ ਨਹੀਂ ਸੀ।

ਗੱਲ ਫਿਰ ਆ ਜਾਂਦੀ ਹੈ ਭਾਜਪਾ ਆਗੂਆਂ ਦੇ ਫੋਨਾਂ ਦੀ ਕਾਲ-ਡਿਟੇਲ ਕਢਵਾਉਣ ਦੇ ਮੁੱਦੇ ਦੀ। ਇਸ ਵਾਰ ਫਸ ਗਏ ਪ੍ਰਾਈਵੇਟ ਜਾਸੂਸ ਅਰਵਿੰਦ ਦੀ ਜਿਸ ਭਾਜਪਾ ਆਗੂ ਸੁਧਾਂਸ਼ੂ ਮਿੱਤਲ ਦੇ ਨਾਲ ਨੇੜਤਾ ਜ਼ਾਹਰ ਹੋਈ ਹੈ, ਉਸ ਦੇ ਨਾਲ ਇੱਕ ਵਾਰੀ ਭਾਜਪਾ ਦੇ ਰਾਜ ਸਭਾ ਵਿਚ ਆਗੂ ਅਰੁਣ ਜੇਤਲੀ ਦਾ ਵੱਡਾ ਪੇਚਾ ਪੈ ਚੁੱਕਾ ਹੈ। ਜਦੋਂ 2009 ਦੀਆਂ ਪਾਰਲੀਮੈਂਟ ਚੋਣਾਂ ਹੋਣ ਵਾਲੀਆਂ ਸਨ, ਉਸ ਤੋਂ ਪਹਿਲਾਂ ਸੁਧਾਂਸ਼ੂ ਮਿੱਤਲ ਨੂੰ ਪਾਰਟੀ ਹਾਈ ਕਮਾਨ ਨੇ ਕੁਝ ਕੰਮਾਂ ਲਈ ਇੰਚਾਰਜ ਲਾ ਦਿੱਤਾ, ਜਿਨ੍ਹਾਂ ਦਾ ਚਾਰਜ ਪਹਿਲਾਂ ਅਰੁਣ ਜੇਤਲੀ ਕੋਲ ਸੀ ਤੇ ਅਰੁਣ ਜੇਤਲੀ ਇਸ ਤੋਂ ਏਨਾ ਚਿੜਿਆ ਕਿ ਉਸ ਨੇ ਪਾਰਟੀ ਛੱਡ ਕੇ ਘਰ ਬੈਠ ਜਾਣ ਦਾ ਐਲਾਨ ਹੀ ਕਰ ਦਿੱਤਾ ਸੀ। ਫਿਰ ਭਾਜਪਾ ਲੀਡਰਸ਼ਿਪ ਨੇ ਸਮਝੌਤਾ ਕਰਵਾਇਆ ਸੀ। ਰੇੜਕਾ ਕੁਝ ਪਾਰਟੀ ਕੰਮਾਂ ਦਾ ਨਹੀਂ, ਸਗੋਂ ਇਹ ਸੀ ਕਿ ਮਰਹੂਮ ਪਰਮੋਦ ਮਹਾਜਨ ਜਿਹੜੇ ਕੰਮ



ਸੁਧਾਂਸ਼ੂ ਮਿੱਤਲ

ਵਾਜਪਾਈ ਦੌਰ ਵਿਚ ਕਰਦਾ ਹੁੰਦਾ ਸੀ, ਉਨ੍ਹਾਂ ਕੰਮਾਂ ਨੂੰ ਸਾਂਭਣ ਦੀ ਖਿੱਚੋਤਾਣ ਸੀ। ਵੱਡਾ ਕੰਮ ਇਹ ਸੀ ਕਿ ਭਾਜਪਾ ਨੂੰ ਮੋਟੇ ਚੰਦੇ ਦੇਣ ਵਾਲੇ ਕਾਰਪੋਰੇਟ ਘਰਾਣਿਆਂ ਨਾਲ ਸੰਪਰਕ ਕਿਸ ਆਗੂ ਰਾਹੀਂ ਰੱਖਿਆ ਜਾਵੇ, ਤੇ ਇਸ ਕੰਮ ਵਿਚ ਜੇਤਲੀ ਤੇ ਮਿੱਤਲ ਦੋਵੇਂ ਇੱਕ ਦੂਸਰੇ ਦੇ ਸ਼ਰੀਕ ਬਣ ਖੜੋਤੇ ਸਨ। ਹੁਣ ਜਦੋਂ ਭਾਜਪਾ ਦੇ ਅੰਦਰ ਇਹ ਜੰਗ ਚੱਲ ਰਹੀ ਹੈ ਕਿ ਅਗਲੇ ਸਾਲ ਆ ਰਹੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਦੀ ਪਦਵੀ ਲਈ ਕਿਸ ਨੂੰ ਉਮੀਦਵਾਰ ਬਣਾਇਆ ਜਾਵੇ ਤਾਂ ਨਰਿੰਦਰ ਮੋਦੀ ਤੋਂ ਇਲਾਵਾ ਜਿਹੜੇ ਅੱਧੀ ਦਰਜਨ ਦਾਅਵੇਦਾਰ ਹਨ, ਉਨ੍ਹਾਂ ਨੂੰ ਵੀ ਇੱਕ ਦੂਸਰੇ ਦੇ ਹੀਜ-ਪਿਆਜ਼ ਦੀ ਜਾਣਕਾਰੀ ਰੱਖਣ ਦੀ ਲੋੜ ਹੋਣਾ ਸੁਭਾਵਕ ਹੈ। ਕੱਲ੍ਹ ਨੂੰ ਭਾਵੇਂ ਇਸ ਵਿਚ ਕਾਂਗਰਸੀ ਆਗੂਆਂ ਦੀ ਕਾਰਸਤਾਨੀ ਵੀ ਨਿਕਲ ਆਵੇ, ਅੱਜ ਦੀ ਘੜੀ ਮਾਮਲਾ ਭਾਜਪਾ ਦੀ ਖਾਨਾਜੰਗੀ ਦਾ ਹੀ ਜਾਪ ਰਿਹਾ ਹੈ।

# ਅਧਿਕਾਰ ਉਲੰਘਦੇ ਕਾਇਦੇ ਕਾਨੂੰਨ

ਸ਼ੁਵੋਜੀਤ ਬਾਗਚੀ

'ਦਹਿਸ਼ਤਗਰਦ ਅਤੇ ਦਹਿਸ਼ਤਗਰਦੀ' ਦੀ ਪਰਿਭਾਸ਼ਾ ਬਾਰੇ ਪਿਛਲੇ ਕੁਝ ਮਹੀਨਿਆਂ ਵਿਚ ਭਾਰਤ ਵਿਚ ਕੁਝ ਜ਼ਿਆਦਾ ਹੀ ਚਰਚਾ ਚੱਲੀ ਹੈ। ਕੀ ਗੈਰਕਾਨੂੰਨੀ ਕਰਾਰ ਦਿੱਤੀ ਗਈ ਕਿਸੇ ਪਾਰਟੀ ਦਾ ਸਾਹਿਤ ਹਾਸਲ ਕਰਨਾ ਅਤੇ ਪੜ੍ਹਨਾ ਕਿਸੇ ਬੰਦੇ ਨੂੰ ਦਹਿਸ਼ਤਗਰਦ ਕਰਾਰ ਦੇਣ ਲਈ ਕਾਫੀ ਹੈ? ਜੇ ਕੋਈ ਬੰਦਾ ਸਮਾਜਕ ਨਾ-ਬਰਾਬਰੀ ਦਾ ਵਿਰੋਧ ਕਰਨ ਵਾਲੇ ਇਨਕਲਾਬੀ ਗੀਤ ਗਾਉਂਦਾ ਹੈ ਤਾਂ ਕੀ ਉਸ ਨੂੰ ਦਹਿਸ਼ਤਗਰਦੀ ਦੀ ਕਾਰਵਾਈ ਵਿਚ ਸ਼ਾਮਲ ਮੰਨਿਆ ਜਾਵੇ? ਜਾਂ ਜੇ ਕੋਈ ਮਾਓ ਜ਼ੇ-ਤੁੰਗ ਜਾਂ ਕਾਰਲ ਮਾਰਕਸ ਦਾ ਹਵਾਲਾ ਨੁੱਕੜ ਨਾਟਕ ਵਿਚ ਦਿੰਦਾ ਹੈ ਤਾਂ ਕੀ ਇਸ ਨੂੰ ਦਹਿਸ਼ਤਗਰਦ ਸਾਜ਼ਿਸ਼ ਕਿਹਾ ਜਾਵੇ?

ਬੰਬੇ ਹਾਈ ਕੋਰਟ ਨੇ ਆਪਣੇ ਇੱਕ ਫ਼ੈਸਲੇ ਵਿਚ ਕਿਹਾ ਹੈ ਕਿ ਅਜਿਹੀ ਕੋਈ ਕਾਰਵਾਈ ਦਹਿਸ਼ਤਗਰਦੀ ਨਹੀਂ। ਜੱਜ ਨੇ ਤਾਂ ਇਥੋਂ ਤੱਕ ਕਿਹਾ, "ਅਜਿਹੇ ਵਿਚਾਰ ਪੇਸ਼ ਕਰਨੇ ਕਿ ਸਮਾਜਕ ਪ੍ਰਬੰਧ ਵਿਚ ਤਬਦੀਲੀ ਲਿਆਉਣ ਲਈ ਇਨਕਲਾਬ ਦੀ ਜ਼ਰੂਰਤ ਹੈ, ਵੀ ਕੋਈ ਜੁਰਮ ਨਹੀਂ ਹੈ।" ਇਹ ਫ਼ੈਸਲਾ ਉਦੋਂ ਸੁਣਾਇਆ ਗਿਆ ਜਦੋਂ ਪੂਨਾ ਦੇ ਇਕ ਸੱਭਿਆਚਾਰਕ ਗਰੁਪ ਦੇ ਚਾਰ ਦਲਿਤ ਗਾਇਕਾਂ ਦੀ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕੀਤੀ ਗਈ। ਇਸ ਫ਼ੈਸਲੇ ਦੀ ਛੱਤੀਸਗੜ੍ਹ ਅਤੇ ਦੂਜੇ ਕਈ ਸੂਬਿਆਂ ਦੇ ਸਮਾਜਕ ਕਾਰਕੁਨਾਂ ਅਤੇ ਵਕੀਲਾਂ ਨੇ ਸਰਾਹਨਾ ਕੀਤੀ ਹੈ ਜਿੱਥੇ ਬਹੁਤ ਵੱਡੀ ਗਿਣਤੀ ਵਿਚ ਕਬਾਇਲੀ ਲੋਕ ਜੇਲ੍ਹਾਂ ਵਿਚ ਦੁੱਖ ਝੱਲ ਰਹੇ ਹਨ ਕਿਉਂਕਿ ਉਨ੍ਹਾਂ ਉੱਤੇ ਦੋਸ਼ ਹੈ ਕਿ ਉਹ ਮਾਓਵਾਦੀ ਰੈਲੀਆਂ ਵਿਚ ਹਿੱਸਾ ਲੈਂਦੇ ਸਨ ਜਾਂ ਬਾਗ਼ੀਆਂ ਨੂੰ ਖਾਣਾ ਦਿੰਦੇ ਸਨ। ਕਬੀਰ ਕਲਾ ਮੰਚ ਦੇ ਮੈਂਬਰ ਭਾਰਤੀ ਦੰਡਾਵਲੀ ਅਤੇ ਗੈਰਕਾਨੂੰਨੀ ਸਰਗਰਮੀਆਂ ਰੋਕਣ ਲਈ ਕਾਨੂੰਨ ਹੇਠ ਗ੍ਰਿਫ਼ਤਾਰ ਕੀਤੇ ਗਏ ਹਨ ਤੇ ਉਨ੍ਹਾਂ ਉੱਤੇ ਦੋਸ਼ ਹੈ ਕਿ ਉਹ ਗੈਰਕਾਨੂੰਨੀ ਕਰਾਰ ਦਿੱਤੀ

> "ਕਿਸੇ ਗ਼ੈਰਕਾਨੂੰਨੀ ਜਥੇਬੰਦੀ ਦਾ ਕੇਵਲ ਮੈਂਬਰ ਹੋਣ ਜਾਂ ਇਸ ਦਾ ਸਾਹਿਤ ਪੜ੍ਹਨ ਦਾ ਮਤਲਬ ਇਹ ਨਹੀਂ ਹੈ ਕਿ ਬੰਦਾ ਦਹਿਸ਼ਤਗਰਦ ਹੈ।" -ਬੰਬੇ ਹਾਈ ਕੋਰਟ

ਗਈ ਮਾਓਵਾਦੀ ਪਾਰਟੀ ਦੇ ਮੈਂਬਰ ਹਨ। ਜੱਜ ਅਭੈ ਥਿਪਸੇ ਨੇ ਸਪੱਸ਼ਟ ਤੌਰ 'ਤੇ ਇਸ ਕਾਨੂੰਨ ਦੇ ਸੈਕਸ਼ਨ 20 ਉੱਤੇ ਸਵਾਲ ਖੜ੍ਹਾ ਕੀਤਾ ਹੈ ਜਿਹੜਾ 'ਦਹਿਸ਼ਤਗਰਦ ਕਾਰਵਾਈਆਂ ਵਿਚ ਸ਼ਾਮਲ ਦਹਿਸ਼ਤਗਰਦ ਗਰੋਹਾਂ ਜਾਂ ਜਥੇਬੰਦੀਆਂ' ਦੇ ਮੈਂਬਰਾਂ ਨੂੰ ਉਮਰ ਭਰ ਕੈਦ ਦੀ ਸਜ਼ਾ ਦਿੰਦਾ ਹੈ। ਭਾਰਤੀ ਅਤੇ ਅਮਰੀਕੀ ਸੁਪਰੀਮ ਕੋਰਟਾਂ ਦੇ ਫੈਸਲਿਆਂ ਦੇ ਵਿਆਪਕ ਹਵਾਲੇ ਦੇ ਕੇ ਉਸ ਨੇ ਫੈਸਲਾ ਸੁਣਾਇਆ ਕਿ ਇਸ ਕਾਨੂੰਨ ਦਾ ਸੈਕਸ਼ਨ 20 ਭਾਰਤੀ ਸੰਵਿਧਾਨ ਦੀ ਧਾਰਾ 19 ਦੇ ਵਿਰੁਧ ਹੈ ਜਿਹੜਾ ਬੋਲਣ, ਯੂਨੀਅਨਾਂ ਬਣਾਉਣ ਅਤੇ ਸ਼ਾਂਤਮਈ ਢੰਗ ਨਾਲ ਇਕੱਠੇ ਹੋਣ ਦਾ ਹੱਕ ਦਿੰਦਾ ਹੈ।

ਜੱਜ ਮੁਤਾਬਕ, ਕਬੀਰ ਕਲਾ ਮੰਚ ਦੇ ਮੈਂਬਰ ਧਾਰਾ 19 ਵਲੋਂ ਦਿੱਤੇ ਗਏ ਹੱਕ ਤਹਿਤ ਕੰਮ ਕਰ ਰਹੇ ਸਨ। ਵੱਡੀ ਗੱਲ ਇਹ ਹੈ ਕਿ ਭਾਰਤੀ ਦੰਡਾਵਲੀ ਦਾ ਸੈਕਸ਼ਨ 120-ਬੀ ਜਿਹੜਾ ਅਫ਼ਜ਼ਲ ਗੁਰੂ ਵਿਰੁਧ ਮੁਜਰਮਾਨਾ ਸਾਜ਼ਿਸ਼ ਘੜਨ ਵਿਚ ਸ਼ਾਮਲ ਹੋਣ ਦੇ ਦੋਸ਼ ਹੇਠ ਵਰਤਿਆ ਗਿਆ ਸੀ, ਉਹੀ ਕਬੀਰ ਕਲਾ ਮੰਚ ਦੇ ਮੈਂਬਰਾਂ ਵਿਰੁਧ ਗੈਰਕਾਨੂੰਨੀ ਕਰਾਰ ਦਿੱਤੀ ਗਈ ਜਥੇਬੰਦੀ ਨਾਲ ਸਬੰਧਤ ਹੋਣ ਕਾਰਨ ਇਸਤੇਮਾਲ ਕੀਤਾ ਗਿਆ ਸੀ।

ਕਬੀਰ ਕਲਾ ਮੰਚ ਦੇ ਮੈਂਬਰਾਂ ਉੱਤੇ ਭਾਰਤੀ ਦੰਡਾਵਲੀ ਅਤੇ ਗੈਰਕਾਨੂੰਨੀ ਸਰਗਰਮੀਆਂ ਰੋਕਣ ਲਈ ਕਾਨੂੰਨ ਦੀਆਂ ਵੱਖ ਵੱਖ ਧਾਰਾਵਾਂ ਦੀ ਚੀਰਫਾੜ ਕਰਦਿਆਂ ਜਸਟਿਸ ਥਿਪਸੇ ਨੇ ਕਿਹਾ, "ਕਿਸੇ ਗੈਰਕਾਨੂੰਨੀ ਜਥੇਬੰਦੀ ਦਾ ਮਹਿਜ਼ ਮੈਂਬਰ ਹੋਣ ਕਾਰਨ ਕਿਸੇ ਨੂੰ ਦੋਸ਼ੀ ਸਮਝ ਲੈਣਾ ਜਦ ਤਕ ਉਹ ਹਿੰਸਾ ਵਿਚ ਸ਼ਾਮਲ ਨਹੀਂ ਹੁੰਦਾ, ਜਾਂ ਲੋਕਾਂ ਨੂੰ ਹਿੰਸਕ ਹੋਣ ਲਈ ਨਹੀਂ ਉਕਸਾਉਂਦਾ, ਸਹੀ ਨਹੀਂ। ਇਹ ਕਹਿੰਦਿਆਂ ਹੋਇਆਂ ਉਸ ਨੇ ਸੁਪਰੀਮ ਕੋਰਟ ਦੇ ਇਕ ਫ਼ੈਸਲੇ ਦਾ ਹਵਾਲਾ ਦਿੱਤਾ।

(ਦਿ ਹਿੰਦੂ 'ਚ ਛਪੇ ਲੇਖ ਦਾ ਸੰਖੇਪ)

ਪੰਜਾਬ ਟਾਈਮਜ਼

*ਸਨਿਚਰਵਾਰ, 9 ਮਾਰਚ 2013*

## ਚੋਣਾਂ ਲਈ ਮੋਦੀ ਮੰਤਰ

ਭਾਰਤੀ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਦੋ ਰੋਜ਼ਾ ਮੀਟਿੰਗ ਵਿਚ ਜੋ ਟੌਹਰ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਬਣੀ ਅਤੇ ਜਿਸ ਤਰ੍ਹਾਂ ਮੀਡੀਆ ਨੇ ਉਸ ਦੀ ਬੱਲੇ-ਬੱਲੇ ਕੀਤੀ, ਉਸ ਤੋਂ ਇਕ ਗੱਲ ਤਾਂ ਸਪਸ਼ਟ ਹੋ ਗਈ ਹੈ ਕਿ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਉਸ ਦੀ ਭੂਮਿਕਾ ਅਹਿਮ ਹੋਵੇਗੀ। ਰਾਸ਼ਟਰੀ ਜਮਹੂਰੀ ਗਠਜੋੜ (ਐਨ.ਡੀ.ਏ.) ਦੇ ਕਈ ਭਾਈਵਾਲਾਂ ਦੇ ਤਿੱਖੇ ਵਿਰੋਧ ਕਾਰਨ ਉਸ ਨੂੰ ਅਜੇ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਤਾਂ ਨਹੀਂ ਬਣਾਇਆ ਗਿਆ, ਪਰ ਜਿਸ ਤਰ੍ਹਾਂ ਉਹ ਇੰਨੇ ਜ਼ਿਆਦਾ ਵਿਰੋਧ ਦੇ ਬਾਵਜੂਦ ਧੁਸ ਦੇ ਕੇ ਕੌਮੀ ਸਿਆਸਤ ਵਿਚ ਅਹਿਮੀਅਤ ਹਾਸਲ ਕਰ ਗਿਆ ਹੈ, ਹੁਣ ਉਸ ਨੂੰ ਅਣਗੌਲਿਆ ਕਰਨਾ ਔਖਾ ਹੋਵੇਗਾ। ਉਹ ਲਗਾਤਾਰ ਤੀਜੀ ਵਾਰ ਗੁਜਰਾਤ ਦਾ ਮੁੱਖ ਮੰਤਰੀ ਬਣਿਆ ਹੈ ਅਤੇ ਸੂਬੇ ਦੇ ਵਿਕਾਸ ਬਾਰੇ ਉਸ ਨੇ ਇੰਨੀ ਧੁੰਮ ਪਾਈ ਹੋਈ ਹੈ ਕਿ ਗੁਜਰਾਤ ਵਿਚ 2002 ਵਿਚ ਮੁਸਲਮਾਨਾਂ ਦੇ ਕਤਲੇਆਮ ਤੋਂ ਬਾਅਦ ਉਸ ਉਤੇ ਪਾਬੰਦੀਆਂ ਲਾਉਣ ਵਾਲੇ ਯੂਰਪੀ ਯੂਨੀਅਨ ਦੇ ਦੇਸ਼ ਵੀ ਉਸ ਨੂੰ ਹੁਣ ਹੱਥੀਂ ਛਾਵਾਂ ਕਰ ਰਹੇ ਹਨ। ਗੁਜਰਾਤ ਦੀ ਸਿਆਸਤ ਵਿਚ ਉਸ ਦੀ ਚੜ੍ਹਾਈ ਅਤੇ ਕੌਮੀ ਸਿਆਸਤ ਵਿਚ ਉਸ ਦੀ ਪੈੜਚਾਲ ਨੂੰ ਸਿਆਸੀ ਮਾਹਿਰ ਬੜਾ ਨਜ਼ਦੀਕ ਤੋਂ ਦੇਖਦੇ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਸਿਆਸੀ ਮਾਹਿਰਾਂ ਨੇ ਮੋਦੀ ਦੀ ਚੜ੍ਹਾਈ ਦੀ ਚਰਚਾ ਕਰਨ ਵੇਲੇ ਸੂਬੇ ਵਿਚ ਮੁੱਖ ਵਿਰੋਧੀ ਧਿਰ ਕਾਂਗਰਸ ਬਾਰੇ ਕਦੀ ਕੋਈ ਟਿੱਪਣੀ ਨਹੀਂ ਕੀਤੀ ਹੈ। ਅਸਲ ਵਿਚ ਗੁਜਰਾਤ ਵਿਚ ਨਰਿੰਦਰ ਮੋਦੀ ਦੀ ਇੰਨੀ ਚੜ੍ਹਾਈ ਦਾ ਇਕ ਕਾਰਨ ਸੂਬੇ ਵਿਚ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਵੀ ਹੈ; ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਕੁਝ ਸਾਲ ਪਹਿਲਾਂ ਇੰਨੇ ਸਿਆਸੀ ਵਿਰੋਧ ਅਤੇ ਮੀਡੀਆ ਵਿਚ ਇੰਨੀ ਜ਼ਿਆਦਾ ਦੁਰ-ਦੁਰ ਤੋਂ ਬਾਅਦ ਉਹ ਆਪਣੇ ਪੈਰ ਇਉਂ ਜਮਾ ਸਕਦਾ। ਦੂਜੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਹੀ ਕਿਹਾ ਜਾਵੇਗਾ ਕਿ ਲੋਕਾਂ ਕੋਲ ਮੋਦੀ ਦਾ ਕੋਈ ਹੋਰ ਪੁਖਤਾ ਬਦਲ ਹੈ ਹੀ ਨਹੀਂ। ਇਹ ਐਨ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕੇਂਦਰ ਵਿਚ ਕਾਂਗਰਸ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਤੋਂ ਸਿਵਾ ਹੋਰ ਕੋਈ ਬਦਲ ਨਹੀਂ। ਸਿੱਧਾ ਜਿਹਾ ਸਮੀਕਰਨ ਇਹ ਹੈ ਕਿ ਕੇਂਦਰ ਵਿਚ ਆਰਥਿਕ ਮਾਹਿਰ ਅਤੇ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀਆਂ ਸਾਰੀਆਂ ਨਾਕਾਮੀਆਂ ਦਾ ਸਮੁੱਚਾ ਫਾਇਦਾ ਕੁੱਲ ਮਿਲਾ ਕੇ ਭਾਜਪਾ, ਖਾਸ ਕਰ ਕੇ ਨਰਿੰਦਰ ਮੋਦੀ ਵਰਗੇ ਪਿਛਾਖੜੀ ਲੀਡਰਾਂ ਨੂੰ ਮਿਲਣਾ ਹੈ ਜਿਨ੍ਹਾਂ ਦੇ ਹੱਥ ਬੇਕਸੂਰ ਲੋਕਾਂ ਦੇ ਲਹੂ ਨਾਲ ਰੰਗੇ ਹੋਏ ਹਨ।

ਦੂਰ ਕੀ ਜਾਣਾ ਹੈ, ਆਪਣੇ ਪੰਜਾਬ ਦੀ ਹੀ ਗੱਲ ਲੈ ਲਉ। ਸਿੱਖ ਸਿਧਾਂਤਾਂ ਨੂੰ ਨਿਗਲ ਕੇ ਅੱਜ ਪੰਜਾਬ ਦੀ ਸਿਆਸੀ ਸੱਤਾ ਉਤੇ ਜੱਫਾ ਮਾਰੀ ਬੈਠੇ ਬਾਦਲਾਂ ਨੂੰ ਕਿਸੇ ਕੈਪਟਨ ਅਮਰਿੰਦਰ ਸਿੰਘ ਨੇ ਹੀ ਵੰਗਾਰਨਾ ਸੀ, ਪਰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਲੋਕਾਂ ਨੇ ਹਾਰਦੇ-ਹਾਰਦੇ ਬਾਦਲਾਂ ਨੂੰ ਜਿੱਤਦੇ ਦੇਖ ਹੀ ਲਿਆ ਹੈ ਅਤੇ ਜਿੱਤਦੀ-ਜਿੱਤਦੀ ਕਾਂਗਰਸ ਦੇ ਪੱਲੇ ਹਾਰ ਹੀ ਪਈ ਹੈ। ਬਾਦਲਾਂ ਦੀ ਜਿੱਤ ਅਸਲ ਵਿਚ ਕਾਂਗਰਸ ਦੀਆਂ ਨਾਲਾਇਕੀਆਂ ਦਾ ਹੀ ਨਤੀਜਾ ਸੀ। ਗੁਜਰਾਤ ਵਿਚ ਵੀ ਇਸੇ ਤਰ੍ਹਾਂ ਹੋਇਆ। ਪੰਜਾਬ ਵਿਚ ਜਿਸ ਤਰ੍ਹਾਂ ਅਕਾਲੀਆਂ ਨਾਲੋਂ ਟੁੱਟੇ ਸ. ਮਨਪ੍ਰੀਤ ਸਿੰਘ ਬਾਦਲ ਨੇ ਬਾਦਲਾਂ ਨੂੰ ਚੋਣਾਂ ਵਿਚ ਸਿਆਸੀ ਫਾਇਦਾ ਪਹੁੰਚਾਇਆ, ਐਨ ਉਸੇ ਤਰ੍ਹਾਂ ਗੁਜਰਾਤ ਵਿਚ ਕੇਸ਼ੂ ਭਾਈ ਪਟੇਲ ਨੇ ਭਾਜਪਾ ਨਾਲੋਂ ਵੱਖ ਹੋ ਕੇ ਚੋਣਾਂ ਲੜੀਆਂ ਅਤੇ ਉਥੇ ਆਖਰਕਾਰ ਕਾਂਗਰਸ ਨੂੰ ਹੀ ਨੁਕਸਾਨ ਪਹੁੰਚਾਇਆ। ਜ਼ਾਹਿਰ ਹੈ ਕਿ ਮੋਦੀ ਵਰਗੇ ਲੀਡਰਾਂ ਦੀ ਸਿਆਸੀ ਪਿੜ ਵਿਚ ਚੜ੍ਹਾਈ ਦੀਆਂ ਜੜ੍ਹਾਂ ਚੋਣ ਢਾਂਚੇ ਵਿਚ ਪਈਆਂ ਹਨ। ਭਾਰਤ ਦੀ 6 ਦਹਾਕਿਆਂ ਦੀ ਜਮਹੂਰੀਅਤ ਦਾ ਹੁਣ ਇਹ ਹਾਲ ਹੈ ਕਿ ਬੇਕਸੂਰ ਲੋਕਾਂ ਦੇ ਕਾਤਲ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਬਣ ਰਹੇ ਹਨ। ਇਨ੍ਹਾਂ 6 ਦਹਾਕਿਆਂ ਦੌਰਾਨ ਭਾਰਤ ਦੇ ਲੋਕਾਂ ਨੂੰ ਤਿੰਨ ਵੱਡੀਆਂ ਘਟਨਾਵਾਂ ਨੇ ਹਲੂਣਿਆ ਹੈ। ਇਨ੍ਹਾਂ ਤਿੰਨਾਂ ਘਟਨਾਵਾਂ ਵਿਚ ਇਕ ਗੱਲ ਸਾਂਝੀ ਸੀ ਕਿ ਮੌਕੇ ਉਤੇ ਸੁਰੱਖਿਆ ਦਸਤਿਆਂ ਵੱਲੋਂ ਕੀਤੀ ਪੁਖਤਾ ਕਾਰਵਾਈ ਆਵਾਮ ਦੀਆਂ ਜਾਨਾਂ ਬਚਾ ਸਕਦੀ ਸੀ ਅਤੇ ਨਾਲ ਹੀ ਮਾਂਵਾਂ-ਭੈਣਾਂ ਵੀ ਦੁਰਗਤ ਤੋਂ ਬਚ ਜਾਂਦੀਆਂ, ਪਰ ਅਜਿਹਾ ਹੋ ਨਹੀਂ ਸਕਿਆ। ਪਹਿਲੀ ਘਟਨਾ 1947 ਵਿਚ ਪੰਜਾਬ ਦੀ ਵੰਡ ਵੇਲੇ ਵਾਪਰੀ ਸੀ ਜਦੋਂ ਲੱਖਾਂ ਪੰਜਾਬੀ ਮਾਰੇ ਗਏ ਸਨ। ਉਦੋਂ ਅੰਗਰੇਜ਼ਾਂ ਕੋਲ ਇੰਨਾ ਕੁ ਸਿਸਟਮ ਤਾਂ ਸੀ ਕਿ ਇਹ ਵੱਢ-ਟੁੱਕ ਰੋਕੀ ਜਾ ਸਕਦੀ ਸੀ। ਫਿਰ ਲੋਕਾਂ ਨੇ ਆਜ਼ਾਦ ਭਾਰਤ ਵਿਚ 1984 ਵਿਚ ਸਿੱਖਾਂ ਦਾ ਕਤਲੇਆਮ ਦੇਖਿਆ। ਉਦੋਂ ਵੀ ਸੁਰੱਖਿਆ ਦਸਤੇ ਕਾਤਲਾਂ ਨੂੰ ਰੋਕਣ ਲਈ ਹੁਕਮ ਉਡੀਕਦੇ ਰਹਿ ਗਏ ਸਨ। 2002 ਵਿਚ ਇਹੀ ਘਟਨਾ ਗੁਜਰਾਤ ਵਿਚ ਦੁਹਰਾਈ ਗਈ। ਉਸ ਵੇਲੇ ਸੂਬੇ ਦੀ ਕਮਾਨ ਇਸੇ ਨਰਿੰਦਰ ਮੋਦੀ ਦੇ ਹੱਥ ਵਿਚ ਸੀ ਜੋ ਹੁਣ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਦੇਖ ਰਿਹਾ ਹੈ। 1947 ਵਿਚ ਪੰਜਾਬ ਨੂੰ ਬਲਦੀ ਦੇ ਬੂੱਥੇ ਛੱਡ ਕੇ ਜਾਣ ਵਾਲਿਆਂ ਨੂੰ ਤਾਂ ਖੈਰ ਕਿਸ ਨੇ ਪੁੱਛਣਾ ਸੀ, ਅਜੇ ਤੱਕ ਤਾਂ 1984 ਵਿਚ ਕਹਿਰ ਵਰਤਾਉਣ ਵਾਲਿਆਂ ਨੂੰ ਸਵਾਲ ਨਹੀਂ ਪੁੱਛੇ ਜਾ ਸਕੇ। ਇਸੇ ਤਰ੍ਹਾਂ ਨਰਿੰਦਰ ਮੋਦੀ ਵੀ ਲਾਸ਼ਾਂ ਦਾ ਉਹ ਢੇਰ ਲੰਘ ਆਇਆ ਹੈ। ਅਜਿਹਾ ਸ਼ਾਇਦ ਭਾਰਤ ਵਰਗੀ ਜਮਹੂਰੀਅਤ ਵਿਚ ਹੀ ਸੰਭਵ ਹੋ ਸਕਦਾ ਹੈ! ਇਸ ਲਈ ਹੁਣ ਸਵਾਲ ਇਹ ਨਹੀਂ ਕਿ ਅਗਲੀਆਂ ਲੋਕ ਸਭਾ ਚੋਣਾਂ ਵਿਚ ਕੌਣ ਜਿੱਤਦਾ ਹੈ ਅਤੇ ਪ੍ਰਧਾਨ ਮੰਤਰੀ ਵਾਲੀ ਗੱਦੀ ਉਤੇ ਕੌਣ ਬੈਠਦਾ ਹੈ? ਹੁਣ ਤਾਂ ਸਵਾਲ ਇਹ ਹੈ ਕਿ ਆਖਰ ਕਦੋਂ ਤੱਕ ਕਾਤਲਾਂ ਨੇ ਇੱਦਾਂ ਦਨਦਨਾਉਂਦੇ ਫਿਰਨਾ ਹੈ? ਕੀ ਇਨ੍ਹਾਂ ਦਾ ਬਦਲ ਕੋਈ ਨਹੀਂ ਹੈ? ਸੀ.ਪੀ.ਐਮ. ਦਾ ਮਰਹੂਮ ਜਨਰਲ ਸਕੱਤਰ ਅਤੇ ਪਾਰਟੀ ਲਈ ਵਡੀ ਮਾਤਰਾ 'ਚ ਫੰਡ ਇਕੱਠਾ ਕਰਨ ਵਾਲਾ ਹਰਕਿਸ਼ਨ ਸਿੰਘ ਸੁਰਜੀਤ ਕਾਂਗਰਸ ਦੀ ਇਸ ਕਰ ਕੇ ਹਮਾਇਤ ਕਰਦਾ ਰਿਹਾ ਕਿ ਭਾਜਪਾ ਨੂੰ ਸੱਤਾ ਤੋਂ ਦੂਰ ਰੱਖਣਾ ਹੈ; ਹੁਣ ਕੋਈ ਪੁੱਛੇ ਕਿ ਜੇ ਉਦੋਂ ਕਾਂਗਰਸ ਦੀ ਹਮਾਇਤ ਦੀ ਥਾਂ ਆਪਣੇ ਪੈਰਾਂ ਸਿਰ ਖੜ੍ਹਨ ਦਾ ਵੱਲ ਸਿੱਖਿਆ ਹੁੰਦਾ ਤਾਂ ਘੱਟੋ-ਘੱਟ ਕਾਤਲਾਂ ਨੂੰ ਤਾਂ ਸੱਤਾ ਤੋਂ ਲਾਂਭੇ ਰੱਖਣ ਲਈ ਕੋਈ ਹੀਲਾ-ਵਸੀਲਾ ਹੋ ਹੀ ਸਕਦਾ ਸੀ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਰਾਹ ਇਨਸਾਨੀਅਤ ਦਾ!*

ਕਾਲੀ ਰਾਤ ਅਗਿਆਨ ਦੀ ਜਦੋਂ ਮੁੱਕੂ, ਉਦੋਂ ਚੜ੍ਹੇਗੀ ਸੋਨ-ਸਵੇਰ ਯਾਰੋ।
ਦੀਵਾ ਗਿਆਨ ਦਾ ਮੱਥੇ ਦੇ ਵਿਚ ਬਾਲ਼ੋ, ਉਡੂ ਜ਼ਿੰਦਗੀ ਵਿਚੋਂ ਹਨੇਰ ਯਾਰੋ।
ਇੱਕੋ ਖਾਲਿਕ ਦੀ ਸਾਰੀ ਔਲਾਦ ਦਿਸੇ, ਢਾਹੀਏ ਦਿਲਾਂ 'ਚੋਂ ਮੇਰ ਤੇ ਤੇਰ ਯਾਰੋ।
ਨੁਕਤਾ ਧਰਮ ਦਾ ਇਹੀ ਏ ਸੱਚ ਜਾਣੋ, ਬੁੱਝਣ ਵਾਸਤੇ ਲਾਈ ਕਿਉਂ ਦੇਰ ਯਾਰੋ।
ਚਿਹਰਾ ਲਿਸ਼ਕਣਾ ਫੇਰ ਮਨੁੱਖਤਾ ਦਾ, ਪਈਆਂ ਵੰਡੀਆਂ ਹੋ'ਗੀਆਂ ਢੇਰ ਯਾਰੋ।
ਪਹਿਲਾਂ ਫਰਜ਼ ਇਨਸਾਨ ਦੇ ਕਰੋ ਪੂਰੇ, ਹਿੰਦੂ, ਸਿੱਖ, ਮੁਸਲਿਮ ਬਣਿਉ ਫੇਰ ਯਾਰੋ!

# ਆਰਥਿਕ ਵਾਧੇ ਦਾ ਤਰਕ ਤੇ ਬਜਟ ਦਾ ਗੋਰਖਧੰਦਾ

ਬੂਟਾ ਸਿੰਘ
ਫੋਨ: 91-94634-74342

'ਵਿਕਾਸ ਲਈ ਜਮਹੂਰੀ ਵਾਜਬੀਅਤ ਅਤੇ ਮਨਜ਼ੂਰੀ ਜ਼ਰੂਰੀ ਹੈ।" ਬਜਟ ਪੇਸ਼ ਕਰਦੇ ਵਕਤ ਇਹ ਲਫ਼ਜ਼ ਭਾਰਤ ਦੇ ਵਿੱਤ ਮੰਤਰੀ ਪੀ. ਚਿਦੰਬਰਮ ਨੇ ਕਹੇ। ਸਵਾਲ ਇਹ ਹੈ ਕਿ ਕੀ ਭਾਰਤੀ ਹੁਕਮਰਾਨ ਇਸ ਭਾਵਨਾ ਨਾਲ ਨੀਤੀਆਂ ਬਣਾਉਂਦੇ ਹਨ?

ਮਨਮੋਹਨ ਸਿੰਘ ਸਰਕਾਰ ਦਾ ਇਹ ਅਗਲੇ ਵਰ੍ਹੇ ਮਈ 2014 'ਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਆਖ਼ਰੀ ਬਜਟ ਹੈ। ਕਾਰਪੋਰੇਟ ਪੱਖੀ ਇਸ ਕਵਾਇਦ ਨੂੰ ਕੁਝ ਭਰਮਾਊ ਐਲਾਨਾਂ ਨਾਲ ਸ਼ਿੰਗਾਰ ਕੇ ਪੇਸ਼ ਕੀਤਾ ਗਿਆ ਹੈ। ਅੱਜ ਦੇ ਰਾਜਸੀ ਹਾਲਾਤ 'ਚ ਇਸ ਦੀ ਕੜੀ ਉਨ੍ਹਾਂ ਰਾਜਸੀ ਸਰੋਕਾਰਾਂ ਨਾਲ ਜੁੜਦੀ ਹੈ ਜਿਨ੍ਹਾਂ ਬਾਰੇ ਲੰਘੇ ਜਨਵਰੀ ਮਹੀਨੇ ਜੈਪੁਰ ਵਿਚ ਕਾਂਗਰਸ ਦੇ 'ਚਿੰਤਨ ਸ਼ਿਵਰ' ਵਿਚ ਚਰਚਾ ਕੀਤੀ ਗਈ ਜਿਸ ਵਿਚ ਮੱਧਵਰਗ ਤੇ ਸ਼ਹਿਰੀ ਵਸੋਂ, ਖ਼ਾਸ ਕਰ ਕੇ ਨੌਜਵਾਨਾਂ ਤੇ ਔਰਤਾਂ ਦੇ ਵੋਟ ਬੈਂਕ ਨੂੰ ਭਰਮਾਉਣ ਦੀ ਰਣਨੀਤੀ ਉੱਪਰ ਉਚੇਚਾ ਜ਼ੋਰ ਦਿੱਤਾ ਗਿਆ। ਕੀ ਰਾਜਸੀ ਸਟੰਟ ਤੋਂ ਪਾਰ ਇਸ ਬਜਟ ਦੀ ਮੁਲਕ ਦੇ ਅਰਥਚਾਰੇ ਅਤੇ ਅਵਾਮ ਦੀ ਤਰੱਕੀ ਲਈ ਕੋਈ ਅਹਿਮੀਅਤ ਬਣਦੀ ਹੈ? ਇੱਥੇ ਬਜਟ ਦੀ ਰਸਮ ਨੂੰ ਇਸ ਨਜ਼ਰੀਏ ਤੋਂ ਪੜਤਾਲਣ ਦੀ ਕੋਸ਼ਿਸ਼ ਕੀਤੀ ਹੈ।

ਵਿੱਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ, "ਸਾਨੂੰ ਆਰਥਿਕ ਵਾਧੇ ਨੂੰ ਆਪਣੇ ਸਭ ਤੋਂ ਵੱਡੇ ਨਿਸ਼ਾਨੇ ਵਜੋਂ ਬੇਝਿਜਕ ਅਪਨਾਉਣਾ ਹੋਵੇਗਾ...ਆਰਥਿਕ ਵਾਧੇ ਬਗ਼ੈਰ ਨਾ ਵਿਕਾਸ ਹੋਵੇਗਾ ਨਾ ਵਿਕਾਸ 'ਚ ਲੋਕਾਂ ਦੀ ਹਿੱਸੇਦਾਰੀ ਬਣ ਸਕੇਗੀ।" ਪਰ ਆਮ ਨਾਗਰਿਕ ਨੂੰ ਇਸ ਨਾਲ ਕੋਈ ਮਤਲਬ ਨਹੀਂ ਹੈ ਕਿ ਵਾਧਾ ਦਰ 5 ਫ਼ੀ ਸਦ ਹੈ ਜਾਂ 9 ਨੌਂ ਫ਼ੀ ਸਦ। ਉਸ ਦਾ ਫਿਕਰ ਹੈ ਪੱਕੇ ਰੁਜ਼ਗਾਰ, ਮਹਿੰਗਾਈ ਨੂੰ ਨੱਥ, ਢਿੱਡ ਭਰਵੀਂ ਰੋਟੀ, ਸਸਤੀ ਸਿੱਖਿਆ ਤੇ ਇਲਾਜ ਆਦਿ ਮੁੱਢਲੀਆਂ ਲੋੜਾਂ ਦੀ ਗਰੰਟੀ; ਜੋ ਇਸ ਬਜਟ ਵਿਚ ਨਦਾਰਦ ਹੈ।

ਆਲਮੀ ਕਾਰਪੋਰੇਟ ਸਰਮਾਏਦਾਰੀ ਦਾ ਚਹੇਤਾ ਚਿਦੰਬਰਮ ਵੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਸ ਦਾ ਬਿਆਨ ਪੂਰੀ ਤਰ੍ਹਾਂ ਆਪਾ-ਵਿਰੋਧੀ ਹੈ; ਕਿਉਂਕਿ ਵਿਕਾਸ ਦਾ ਜੋ ਖੁੱਲ੍ਹੀ ਮੰਡੀ ਵਾਲਾ ਮਾਡਲ ਅਪਣਾਇਆ ਗਿਆ ਹੈ, ਉਹ ਕਾਰਪੋਰੇਟ ਸਰਮਾਏਦਾਰੀ ਦੀ ਸੇਵਾ ਲਈ ਹੀ ਹੈ। ਉਸ ਵਿਚ ਹੋਣ ਵਾਲਾ 'ਆਰਥਿਕ ਵਾਧਾ' ਦਰਅਸਲ ਕਾਰਪੋਰੇਟ ਕਾਰੋਬਾਰਾਂ ਦਾ ਵਾਧਾ ਹੈ, ਜੋ ਮੁਲਕ ਦੀ ਭਾਰੀ ਬਹੁਗਿਣਤੀ ਆਬਾਦੀ ਦੀ ਕੀਮਤ 'ਤੇ ਕੀਤਾ ਜਾਂਦਾ ਹੈ। ਲੋਕਾਂ ਦੀ ਇਸ ਵਿਚ ਹਿੱਸੇਦਾਰੀ ਦੀ ਗੁੰਜਾਇਸ਼ ਹੀ ਨਹੀਂ ਹੈ। ਬਜਟ ਵਿਚ ਔਰਤਾਂ ਲਈ ਵੱਖਰਾ ਬੈਂਕ ਬਣਾਉਣ ਦੇ ਐਲਾਨ ਬਾਰੇ ਜਸਟਿਸ ਜੇ.ਐੱਸ. ਵਰਮਾ ਨੇ ਠੀਕ ਹੀ ਟਿੱਪਣੀ ਕੀਤੀ ਹੈ ਕਿ ਅਰਥਪੂਰਨ ਸਮਾਜੀ ਤਬਦੀਲੀ ਦੀ ਅਣਹੋਂਦ 'ਚ ਵੱਖਰਾ ਬੈਂਕ ਮਹਿਜ਼ ਦਰਸ਼ਨੀ ਚਿੰਨ੍ਹ ਹੈ। ਜਿਸ ਮੁਲਕ 'ਚ ਹਰ ਵਰ੍ਹੇ 90 ਲੱਖ ਲੋਕ ਰੁਜ਼ਗਾਰ ਲੈਣ ਵਾਲਿਆਂ ਦੀ ਕਤਾਰ ਵਿਚ ਸ਼ਾਮਲ ਹੋ ਰਹੇ ਹੋਣ, ਉੱਥੇ ਰੁਜ਼ਗਾਰਮੁਖੀ ਆਰਥਿਕ ਵਾਧੇ ਦੀ ਬਜਾਏ ਤਕਨੀਕ ਮੁਖੀ ਆਰਥਿਕ ਵਾਧੇ ਨੂੰ ਤਰਜੀਹ ਦੇਣ ਦੀ ਕੀ 'ਜਮਹੂਰੀ ਵਾਜਬੀਅਤ' ਹੋ ਸਕਦੀ ਹੈ। ਵਿੱਤ ਮੰਤਰੀ ਦੇ ਬਜਟ ਦੇ ਐਲਾਨਾਂ ਨੂੰ ਭਾਰਤ ਦੇ ਯੋਜਨਾ ਕਮਿਸ਼ਨ ਦੀ ਤਾਜ਼ਾ ਰਿਪੋਰਟ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ ਜੋ ਕਹਿੰਦੀ ਹੈ ਕਿ ਮੁਲਕ ਦਾ ਆਰਥਿਕ ਵਾਧਾ ਅੱਜ ਤੱਕ ਪੂਰੀ ਤਰ੍ਹਾਂ ਰੁਜ਼ਗਾਰ ਰਹਿਤ ਰਿਹਾ ਹੈ। 94 ਫ਼ੀ ਸਦ ਭਾਰਤ, ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੇ ਇਸ ਗੋਰਖਧੰਦੇ ਤੋਂ ਬਾਹਰ ਹੈ; ਇਹ ਮਹਿਜ਼ ਛੇ ਫ਼ੀ ਸਦ ਹਿੱਸੇ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਕੰਮ ਕਰਦਾ ਹੈ। ਅੰਕੜੇ ਦਰਸਾਉਂਦੇ ਹਨ ਕਿ ਜਦੋਂ ਆਰਥਿਕ ਵਾਧਾ ਦਰ 8 ਫ਼ੀ ਸਦ ਰਹੀ, ਉਦੋਂ ਵੀ ਰੁਜ਼ਗਾਰ 'ਚ ਵਾਧੇ ਦੀ ਦਰ 1 ਫ਼ੀ ਸਦ ਤੋਂ ਨਹੀਂ ਵਧੀ; ਹਾਲਾਂਕਿ ਨਹਿਰੂ ਦੇ ਜ਼ਮਾਨੇ 'ਚ ਜਦੋਂ ਆਰਥਿਕ ਵਾਧਾ ਦਰ 4 ਫ਼ੀ ਸਦ ਸੀ, ਉਦੋਂ ਰੁਜ਼ਗਾਰ 'ਚ ਵਾਧੇ ਦੀ ਦਰ 2 ਫ਼ੀ ਸਦ ਰਹੀ ਸੀ। ਦੂਜੇ ਪਾਸੇ, ਰੁਜ਼ਗਾਰ ਪੈਦਾ ਕਰਨ ਦੇ ਦਾਅਵੇ ਕਰਨ ਵਾਲੀ ਹਕੂਮਤ ਨੇ ਸਰਕਾਰੀ ਅਦਾਰੇ ਵੇਚ ਕੇ (ਅਪਨਿਵੇਸ਼ ਕਰ ਕੇ) 58,000 ਕਰੋੜ ਰੁਪਏ ਜੁਟਾ ਕੇ ਬਜਟ ਘਾਟਾ ਘਟਾਉਣ ਦਾ ਟੀਚਾ ਮਿੱਥਿਆ ਹੈ। ਅੱਜ ਤੱਕ ਹੁਕਮਰਾਨ ਆਰਥਿਕ ਵਾਧੇ ਦੇ ਟੀਚੇ ਅਵਾਮ ਦੀ ਬਿਹਤਰੀ ਦੀ ਕੀਮਤ 'ਤੇ ਪੂਰੇ ਕਰਦੇ ਰਹੇ ਹਨ ਤੇ ਹੁਣ ਵੀ ਉਹੀ ਧੁੱਸ ਜਾਰੀ ਹੈ। ਦਰਅਸਲ, ਹੁਕਮਰਾਨਾਂ ਦਾ ਮਾਰਗ-ਦਰਸ਼ਨ 'ਰਾਜਕੋਸ਼ੀ ਜ਼ਿੰਮੇਵਾਰੀ ਅਤੇ ਬਜਟ ਮੈਨੇਜਮੈਂਟ ਐਕਟ-2003' ਕਰਦਾ ਹੈ ਜੋ ਕਹਿੰਦਾ ਹੈ ਕਿ ਰਾਜਕੋਸ਼ੀ ਘਾਟੇ ਨੂੰ ਲਗਾਮ ਪਾ ਕੇ ਰੱਖਣਾ ਅਤੇ ਵਧਣ ਨਾ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ; ਪਰ ਨਵਉਦਾਰਵਾਦੀ ਐਕਟ ਸਰਕਾਰ ਨੂੰ ਇਹ ਕਦੇ ਨਹੀਂ ਕਹੇਗਾ ਕਿ ਹਰ ਨਾਗਰਿਕ ਨੂੰ ਢਿੱਡ ਭਰਨ ਲਈ ਰੋਟੀ, ਰੁਜ਼ਗਾਰ, ਸਿਹਤ ਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਨਾ ਵੀ ਉਸ ਦੀ ਜ਼ਿੰਮੇਵਾਰੀ ਹੈ!

ਬੇਲਗਾਮ ਖੁੱਲ੍ਹੀ ਮੰਡੀ ਦੇ ਪੁਜਾਰੀ ਭਾਰਤੀ ਹੁਕਮਰਾਨਾਂ ਦਾ ਸਾਰਾ ਜ਼ੋਰ ਕੁਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੀ ਵਾਧਾ ਦਰ ਇਕ ਖ਼ਾਸ ਪੱਧਰ (9 ਫੀ ਸਦ) 'ਤੇ ਲਿਜਾਣ ਉੱਪਰ ਹੈ। ਦਲੀਲ ਇਹ ਹੈ ਕਿ ਸਿਰਫ਼ ਪ੍ਰਾਈਵੇਟ ਕਾਰਪੋਰੇਟ ਸਰਮਾਏਦਾਰੀ ਨੂੰ ਬੇਲਗਾਮ ਖੁੱਲ੍ਹਾਂ ਜ਼ਰੀਏ ਹੀ ਇਹ ਵਾਧਾ ਦਰ ਹਾਸਲ ਕੀਤੀ ਜਾ ਸਕਦੀ ਹੈ। ਕੀ ਆਰਥਿਕ ਵਾਧੇ ਦਾ ਇਹ ਮਾਡਲ ਪ੍ਰਾਈਵੇਟ ਕਾਰਪੋਰੇਟ ਖੇਤਰ ਤੋਂ ਪਾਰ ਜਾ ਕੇ ਆਰਥਿਕਤਾ ਦੇ ਸਭ ਤੋਂ ਅਹਿਮ ਖੇਤਰਾਂ ਅੰਦਰ ਕੁਦਰਤੀ ਵਸੀਲਿਆਂ ਅਤੇ ਸਾਡੀ ਹਾਸਲ ਕਿਰਤ ਸ਼ਕਤੀ ਨੂੰ ਸਮਾਜ ਦੀ ਤਰੱਕੀ ਲਈ ਵਰਤੋਂ 'ਚ ਲਿਆਉਂਦਾ ਹੈ?। ਕੀ ਇਸ ਮਾਡਲ ਜਰੀਏ ਆਰਥਿਕ ਵਾਧੇ ਦੇ ਲਾਭਾਂ ਦੀ ਸਮਾਜ 'ਚ ਸਾਵੀਂ ਤੇ ਸਹੀ ਵੰਡ ਸੰਭਵ ਹੈ, ਜਾਂ ਇਹ ਸਮਾਜੀ ਪਾੜਾ ਵਧਾਉਣ ਦਾ ਸਾਧਨ ਹੈ। ਸਮੁੱਚੀ ਆਰਥਿਕਤਾ ਦੀ ਸਥਿਰਤਾ ਅਤੇ ਪੌਣ-ਪਾਣੀ ਉੱਪਰ ਇਸ ਦੇ ਕੀ ਅਸਰ ਪੈਂਦੇ ਹਨ; ਉਨ੍ਹਾਂ ਦਾ ਇਨ੍ਹਾਂ ਅਹਿਮ ਸਵਾਲਾਂ ਨਾਲ ਕੋਈ ਸਰੋਕਾਰ ਨਹੀਂ ਹੈ, ਬੱਸ ਆਰਥਿਕ ਵਾਧਾ ਦਰ ਵਧਣੀ ਚਾਹੀਦੀ ਹੈ!! ਵਿੱਤ ਮੰਤਰੀ ਦੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ "ਆਰਥਿਕ ਵਾਧੇ ਦਾ ਇੰਜਣ ਦੁਬਾਰਾ ਚੱਲਣਾ ਚਾਹੀਦਾ ਹੈ"। ਬਾਕੀ ਸਮਾਜ ਦੀ ਕੀਮਤ 'ਤੇ ਕਾਰਪੋਰੇਟ ਖੇਤਰ ਨੂੰ ਥੋਕ ਰਿਆਇਤਾਂ ਅਤੇ ਆਰਥਿਕ ਵਾਧੇ ਦੇ ਨਾਂ 'ਤੇ ਉਨ੍ਹਾਂ ਨੂੰ ਸੁਪਰ ਮੁਨਾਫ਼ਿਆਂ ਦੀ ਗਾਰੰਟੀ ਹੀ ਬਜਟ ਦਾ ਉਦੇਸ਼ ਹੈ।

ਬਜਟ ਵਿਚ ਰਾਜਕੋਸ਼ ਦੀ ਮਜ਼ਬੂਤੀ (ਰਾਜਕੋਸ਼ੀ ਘਾਟੇ ਨੂੰ 4.8 ਫ਼ੀ ਸਦ ਤੱਕ ਸੀਮਤ ਕਰਨ) ਦੇ ਨਾਂ ਹੇਠ ਜੋ ਆਰਥਿਕ ਕਦਮ ਚੁੱਕੇ ਗਏ ਹਨ, ਉਨ੍ਹਾਂ ਵਿਚੋਂ ਕੋਈ ਵੀ ਵੱਡੀ ਸਰਮਾਏਦਾਰੀ ਨੂੰ ਟੈਕਸਾਂ ਦੇ ਅਸਰਦਾਰ ਘੇਰੇ ਹੇਠ ਨਹੀਂ ਲਿਆਉਂਦਾ। ਹਾਕਮਾਂ ਨੇ ਇਸ ਵਾਰ ਵੀ ਲਗਭਗ ਸਾਰਾ ਬੋਝ ਆਮ ਲੋਕਾਈ ਉੱਪਰ ਪਾਇਆ ਹੈ। ਬਜਟ ਵਿਚ ਇਕ ਖ਼ਾਸ ਆਮਦਨੀ ਦੀ ਹੱਦ ਵਾਲੇ ਸੁਪਰ ਅਮੀਰਾਂ ਉੱਪਰ ਸਰਚਾਰਜ ਵਧਾਉਣ ਨੂੰ ਵੱਡਾ ਹਾਸਲ ਬਣਾ ਕੇ ਪੇਸ਼ ਕੀਤਾ ਗਿਆ, ਪਰ ਵਿੱਤ ਮੰਤਰੀ ਦੇ ਦੱਸਣ ਮੁਤਾਬਿਕ, ਮਹਿਜ਼ 42,880 ਬੰਦੇ ਇਸ ਹੱਦ 'ਚ ਆਉਂਦੇ ਹਨ ਜੋ ਇਸ ਵਾਧੇ ਅਨੁਸਾਰ 30.90 ਫ਼ੀ ਸਦ ਦੀ ਥਾਂ ਹੁਣ 33.99 ਫ਼ੀ ਸਦ ਟੈਕਸ ਦੇਣਗੇ। ਵਿੱਤ ਮੰਤਰੀ ਉਨ੍ਹਾਂ ਚੋਰ-ਮੋਰੀਆਂ ਬਾਰੇ ਖ਼ਾਮੋਸ਼ ਹੈ ਜੋ ਇਸ ਸੀਮਤ ਜਹੇ ਟੈਕਸ ਨੂੰ ਵੀ ਬੇਅਸਰ ਬਣਾਉਣ ਲਈ ਰੱਖੀਆਂ ਗਈਆਂ ਹਨ।

ਬਜਟ ਵਿਚ ਰਾਜ ਵਲੋਂ ਕੀਤੇ ਜਾਣ ਵਾਲੇ ਖ਼ਰਚ ਦੀ ਹਾਂਪੱਖੀ ਭੂਮਿਕਾ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਜੋ ਆਰਥਿਕਤਾ ਦੇ ਭਵਿੱਖੀ ਵਾਧੇ ਲਈ ਜ਼ਰੂਰੀ ਹੁੰਦਾ ਹੈ। ਇਹ ਸਰਕਾਰੀ ਖ਼ਰਚਾ ਹੀ ਹੈ ਜਿਸ ਨੇ ਆਰਥਿਕ ਵਿਕਾਸ ਲਈ ਲਾਜ਼ਮੀ ਬੁਨਿਆਦੀ ਢਾਂਚਾ ਮੁਹੱਈਆ ਕਰਨਾ ਹੁੰਦਾ ਹੈ, ਜੋ ਸਮੁੱਚੇ ਰੂਪ 'ਚ ਅਵਾਮ ਦੇ ਜ਼ਿੰਦਗੀ ਦੇ ਹਾਲਾਤ ਅਤੇ ਪੈਦਾਵਾਰ ਵਿਚ ਬਿਹਤਰੀ ਲਿਆਉਣ ਦੇ ਸਮਰੱਥ ਹੈ, ਜੋ ਬਾਹਰੀ ਮੰਗ ਦੇ ਉਤਰਾਵਾਂ-ਚੜ੍ਹਾਵਾਂ ਨੂੰ ਦੇਖਦਿਆਂ ਆਰਥਿਕਤਾ ਦੀ ਪਾਏਦਾਰੀ ਲਈ ਆਪਣੀਆਂ ਵਸਤਾਂ ਦੀ ਅੰਦਰੂਨੀ ਮੰਗ ਵਧਾ ਸਕਦਾ ਹੈ ਅਤੇ ਜਿਸ ਨੇ ਜਨਤਕ ਖ਼ਪਤ ਦੀਆਂ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਨੂੰ ਸਥਿਰ ਰੱਖ ਕੇ ਮਹਿੰਗਾਈ ਨੂੰ ਵਧਣ ਤੋਂ ਰੋਕਣਾ ਹੁੰਦਾ ਹੈ।

ਭਾਰਤੀ ਹੁਕਮਰਾਨਾਂ ਦੀ ਆਰਥਿਕ ਰਣਨੀਤੀ ਮੁਤਾਬਿਕ ਹਰ ਕੀਮਤ 'ਤੇ ਸਾਡਾ ਰਾਜਕੋਸ਼ ਮਜ਼ਬੂਤ ਹੋਣਾ ਚਾਹੀਦਾ ਹੈ, ਚਾਹੇ ਇਸ ਖ਼ਾਤਰ ਸਮਾਜ ਦੀ ਬਿਹਤਰੀ ਲਈ ਜ਼ਰੂਰੀ ਖ਼ਰਚਿਆਂ 'ਚ ਕਿੰਨੀ ਵੀ ਕਟੌਤੀ ਕਰਨੀ ਪਵੇ। ਉਨ੍ਹਾਂ ਨੂੰ ਮੰਡੀ 'ਚ ਸਪਲਾਈ ਦੀ ਕਿੱਲਤ ਅਤੇ ਮਹਿੰਗਾਈ ਵਧਣ ਦਾ ਫਿਕਰ ਨਹੀਂ ਹੈ। ਉਹ ਪਹਿਲਾਂ ਜ਼ਰੂਰੀ ਖ਼ਰਚਿਆਂ ਨਾਲ ਸਬੰਧਤ ਬਜਟ ਦੇ ਅਨੁਮਾਨ ਘਟਾ ਕੇ ਲਾਉਂਦੇ ਹਨ, ਫਿਰ ਪੈਸਾ ਖ਼ਰਚਣ ਸਮੇਂ ਸੋਧੇ ਹੋਏ ਅਨੁਮਾਨਾਂ 'ਚ ਇਨ੍ਹਾਂ ਨੂੰ ਹੋਰ ਵੀ ਛਾਂਗ ਦਿੰਦੇ ਹਨ। ਅਸਲ ਵਿਚ ਇਹ ਹੁਕਮਰਾਨਾਂ ਦੀ ਰਾਜਨੀਤਕ ਇੱਛਾ 'ਤੇ ਮੁਨੱਸਰ ਹੈ ਕਿ ਉਨ੍ਹਾਂ ਨੇ ਕਿਸ ਖੇਤਰ ਦਾ ਖ਼ਰਚ ਬਜਟ ਦੇ ਅਨੁਮਾਨਾਂ ਤੋਂ ਘੱਟ ਅਤੇ ਕਿਸ ਖੇਤਰ ਲਈ ਬਜਟ ਦੇ ਅਨੁਮਾਨਾਂ ਤੋਂ ਵੱਧ ਕਰਨਾ ਹੈ। ਪਿਛਲੇ ਸਾਲ ਦੇ ਬਜਟ ਅਨੁਮਾਨਾਂ ਅਤੇ ਸੋਧੇ ਹੋਏ ਅਨੁਮਾਨਾਂ 'ਚ ਇਹ ਪਾੜਾ ਸਪਸ਼ਟ ਨਜ਼ਰ ਆਉਂਦਾ ਹੈ। ਮਸਲਨ, ਚਾਲੂ ਮਾਲੀ ਸਾਲ ਦੇ ਯੋਜਨਾ ਖ਼ਰਚੇ 2012-13 ਦੇ ਬਜਟ ਅਨੁਮਾਨਾਂ ਦੇ ਮੁਕਾਬਲੇ 20 ਫ਼ੀ ਸਦ ਘੱਟ ਰਹੇ। ਇਸ ਦਾ ਸਿੱਧਾ ਅਸਰ ਅਵਾਮ ਦੇ ਜੀਵਨ ਗੁਜ਼ਾਰੇ ਅਤੇ ਉਨ੍ਹਾਂ ਦੇ ਹਿੱਤਾਂ ਉੱਪਰ ਪਿਆ। ਖੇਤੀਬਾੜੀ, ਪਿੰਡਾਂ ਦਾ ਵਿਕਾਸ, ਸਿਖਿਆ ਤੇ ਸਿਹਤ ਵਰਗੀਆਂ ਲਾਜ਼ਮੀ ਸੇਵਾਵਾਂ, ਸਿੰਜਾਈ ਤੇ ਹੜ੍ਹ ਕੰਟਰੋਲ, ਸਨਅਤ ਤੇ ਖਣਿਜ ਵਰਗੇ ਬਹੁਤ ਹੀ ਅਹਿਮ ਖੇਤਰਾਂ ਦੇ ਜ਼ਰੂਰੀ ਖ਼ਰਚਿਆਂ ਨੂੰ ਭਾਰੀ ਕਟੌਤੀਆਂ ਦਾ ਸਾਹਮਣਾ ਕਰਨਾ ਪਿਆ ਜੋ ਸਮਾਜ ਭਲਾਈ ਦੇ ਨਜ਼ਰੀਏ ਤੋਂ ਬਹੁਤ ਜ਼ਰੂਰੀ ਸਨ। ਇਸ ਬਜਟ ਵਿਚ ਰੁਜ਼ਗਾਰ ਯੋਜਨਾ ਲਈ ਮਸਾਂ ਪਿਛਲੇ ਸਾਲ ਜਿੰਨਾ ਬਜਟ ਹੀ ਰੱਖਿਆ ਗਿਆ, ਹਾਲਾਂਕਿ ਅਵਾਮ ਦੀ ਬਿਹਤਰੀ ਦੇ ਨਜ਼ਰੀਏ ਤੋਂ ਰੁਜ਼ਗਾਰ ਸਭ ਤੋਂ ਅਹਿਮ ਸਰੋਕਾਰ ਹੈ। ਇਸੇ ਤਰ੍ਹਾਂ ਖ਼ੁਰਾਕੀ ਤੇ ਖਾਦ ਸਬਸਿਡੀਆਂ ਅਤੇ ਪੈਟਰੋਲੀਅਮ ਪਦਾਰਥਾਂ ਉੱਪਰ ਸਬਸਿਡੀਆਂ 96,880 ਕਰੋੜ ਤੋਂ ਘਟਾਕੇ 65,000 ਕਰੋੜ ਕਰ ਦਿੱਤੀਆਂ ਗਈਆਂ। ਇਹ ਤੈਅ ਹੈ ਕਿ ਇਸ ਦਾ ਸਿੱਟਾ ਜ਼ਰੂਰੀ ਵਸਤਾਂ ਦੀ ਲਾਗਤ ਵਧਣ ਅਤੇ ਮਹਿੰਗਾਈ 'ਚ ਤਿੱਖਾ ਵਾਧਾ ਹੋਣ 'ਚ ਨਿਕਲੇਗਾ।

ਨਿਚੋੜ ਵਜੋਂ, ਭਾਰਤੀ ਰਾਜ ਦੀ ਇਸ ਸਾਲਾਨਾ ਰਸਮ ਲਈ ਆਰਥਿਕ ਟੀਚੇ ਮੁੱਖ ਹਨ, ਲੋਕ ਨਹੀਂ। ਅੰਕੜਿਆਂ ਦੇ ਹੇਰ-ਫੇਰ ਦੀ ਅਕਾਊ ਕਵਾਇਦ ਤੋਂ ਉੱਪਰ ਉੱਠ ਕੇ ਇਸ ਦੀ ਕੋਈ ਸਾਰਥਿਕ ਭੂਮਿਕਾ ਨਹੀਂ ਹੈ। ਇਹ ਖੇਡ ਖੇਡੀ ਤਾਂ ਮੁਲਕ ਦੇ ਅਵਾਮ ਦੇ ਨਾਂ 'ਤੇ ਜਾਂਦੀ ਹੈ ਪਰ ਇਕ ਖ਼ਾਸ ਜਮਾਤ ਦੇ ਮੁਫ਼ਾਦਾਂ ਅਤੇ ਰਾਜਸੀ ਗਿਣਤੀਆਂ-ਮਿਣਤੀਆਂ ਦੀ ਲੋੜ ਅਨੁਸਾਰ ਜੋੜ-ਘਟਾਓ ਕਰ ਕੇ, ਪਹਿਲੇ ਨੀਤੀ ਪੁਲੰਦੇ ਨੂੰ ਨਵਾਂ ਰੂਪ ਦੇ ਦਿੱਤਾ ਜਾਂਦਾ ਹੈ। 2001 ਤੱਕ ਇਹ ਰਵਾਇਤ ਰਹੀ ਕਿ ਬਜਟ ਸ਼ਾਮ ਦੇ ਪੰਜ ਵਜੇ ਪੇਸ਼ ਕੀਤਾ ਜਾਂਦਾ ਸੀ। ਅੰਗਰੇਜ਼ਾਂ ਦੇ ਜ਼ਮਾਨੇ 'ਚ ਇਹ ਵਕਤ ਇਸ ਲਈ ਚੁਣਿਆ ਗਿਆ ਸੀ ਤਾਂ ਜੋ ਭਾਰਤ ਵਿਚ ਪੇਸ਼ ਕੀਤੇ ਜਾਣ ਵਾਲੇ ਬਜਟ ਨੂੰ ਇੰਗਲੈਂਡ 'ਚ ਦੁਪਹਿਰ ਦੇ ਸਮੇਂ ਅੰਗਰੇਜ਼ ਸਦਰ ਮੁਕਾਮ ਤੋਂ ਪਾਸ ਕਰਵਾਇਆ ਜਾ ਸਕੇ। ਸਿਰਫ਼ ਬਜਟ ਪੇਸ਼ ਕਰਨ ਦਾ ਸਮਾਂ ਬਦਲਿਆ ਹੈ। ਅੱਜ ਵੀ ਮੁੱਠੀ ਭਰ ਕੁਲੀਨ ਵਰਗ ਤੇ ਕਾਰਪੋਰੇਟਾਂ ਨੂੰ ਛੱਡ ਕੇ ਬਾਕੀ ਸਮਾਜ ਦੇ ਹਿੱਤ ਇਸ ਵਿਚ ਗ਼ੈਰਹਾਜ਼ਰ ਹਨ।

*ਇਸ ਸਾਲਾਨਾ ਰਸਮ ਲਈ ਆਰਥਿਕ ਟੀਚੇ ਮੁੱਖ ਹਨ, ਲੋਕ ਨਹੀਂ। ਅੰਕੜਿਆਂ ਦੇ ਹੇਰ-ਫੇਰ ਦੀ ਅਕਾਊ ਕਵਾਇਦ ਤੋਂ ਉੱਪਰ ਉੱਠ ਕੇ ਇਸ ਦੀ ਕੋਈ ਸਾਰਥਿਕ ਭੂਮਿਕਾ ਨਹੀਂ ਹੈ। 2001 ਤੱਕ ਇਹ ਰਵਾਇਤ ਰਹੀ ਕਿ ਬਜਟ ਸ਼ਾਮ ਦੇ ਪੰਜ ਵਜੇ ਪੇਸ਼ ਕੀਤਾ ਜਾਂਦਾ ਸੀ। ਅੰਗਰੇਜ਼ਾਂ ਦੇ ਜ਼ਮਾਨੇ 'ਚ ਇਹ ਵਕਤ ਇਸ ਲਈ ਚੁਣਿਆ ਗਿਆ ਸੀ ਤਾਂ ਜੋ ਭਾਰਤ ਵਿਚ ਪੇਸ਼ ਕੀਤੇ ਜਾਣ ਵਾਲੇ ਬਜਟ ਨੂੰ ਇੰਗਲੈਂਡ 'ਚ ਦੁਪਹਿਰ ਦੇ ਸਮੇਂ ਅੰਗਰੇਜ਼ ਸਦਰ ਮੁਕਾਮ ਤੋਂ ਪਾਸ ਕਰਵਾਇਆ ਜਾ ਸਕੇ। ਸਿਰਫ਼ ਬਜਟ ਪੇਸ਼ ਕਰਨ ਦਾ ਸਮਾਂ ਬਦਲਿਆ ਹੈ। ਅੱਜ ਵੀ ਮੁੱਠੀ ਭਰ ਕੁਲੀਨ ਵਰਗ ਤੇ ਕਾਰਪੋਰੇਟਾਂ ਨੂੰ ਛੱਡ ਕੇ ਬਾਕੀ ਸਮਾਜ ਦੇ ਹਿੱਤ ਇਸ ਵਿਚ ਗ਼ੈਰਹਾਜ਼ਰ ਹਨ।*

# 'ਸਭੇ ਸੁਗੰਧਾਂ ਅਰਬ ਦੀਆਂ' ਬਨਾਮ ਮੋਦੀ ਜਮ੍ਹਾਂ ਭਾਜਪਾ

*ਜਸਟਿਸ (ਰਿਟਾਇਰਡ) ਮਾਰਕੰਡੇ ਕਾਟਜੂ ਆਪਣੀਆਂ ਤਿੱਖੀਆਂ ਅਤੇ ਬੇਬਾਕ ਟਿੱਪਣੀਆਂ ਕਾਰਨ ਅਕਸਰ ਚਰਚਾ ਵਿਚ ਰਹਿੰਦੇ ਹਨ। ਉਹ ਤਕਰੀਬਨ ਤਿੰਨ ਸਾਲ ਸੁਪਰੀਮ ਕੋਰਟ ਦੇ ਜੱਜ ਰਹੇ; ਉਦੋਂ ਵੀ ਉਨ੍ਹਾਂ ਦੇ ਕੀਤੇ ਕੁਝ ਫੈਸਲਿਆਂ ਬਾਰੇ ਭਰਵੇਂ ਬਹਿਸ-ਮੁਬਾਹਸੇ ਹੁੰਦੇ ਰਹੇ। ਉਹ 'ਜਸਟਿਸ ਵਿਦ ਉਰਦੂ' ਅਤੇ 'ਲਾਅ ਇੰਨ ਦਿ ਸਾਇੰਟਿਫਿਕ ਐਰਾ' ਸਮੇਤ ਪੰਜ ਕਿਤਾਬਾਂ ਰਚ ਚੁੱਕੇ ਹਨ। ਅੱਜ ਕੱਲ੍ਹ ਉਹ ਭਾਰਤੀ ਪ੍ਰੈਸ ਕੌਂਸਲ ਦੇ ਚੇਅਰਮੈਨ ਹਨ। ਦੇਸ਼ ਵਿਚ ਕਿਤਿਉਂ ਵਧੀਕੀ ਦੀ ਕੋਈ ਖਬਰ ਆਉਂਦੀ ਹੈ ਤਾਂ ਉਹ ਤੁਰੰਤ ਟਿੱਪਣੀ ਕਰਦੇ ਹਨ। ਇਸੇ ਸਿਲਸਿਲੇ ਵਿਚ ਉਨ੍ਹਾਂ ਦੇ ਲੇਖ ਵੀ ਅਖਬਾਰਾਂ ਵਿਚ ਨਸ਼ਰ ਹੁੰਦੇ ਰਹਿੰਦੇ ਹਨ। ਹੁਣ ਉਨ੍ਹਾਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਬਾਰੇ ਬੜੀ ਤਿੱਖੀ ਟਿੱਪਣੀ ਕੀਤੀ ਹੈ। ਇਸ ਟਿੱਪਣੀ ਨਾਲ ਭਾਜਪਾ ਅਤੇ ਆਰ.ਐਸ.ਐਸ. ਦੇ ਆਗੂ ਤੜਫ ਉਠੇ ਹਨ। ਪ੍ਰੋ. ਕੁਲਵੰਤ ਸਿੰਘ ਰੋਮਾਣਾ ਨੇ ਆਪਣੇ ਇਸ ਲੇਖ ਵਿਚ ਮੋਦੀ ਬਾਰੇ ਚੱਲੀ ਬਹਿਸ ਬਾਰੇ ਚਰਚਾ ਕੀਤੀ ਹੈ। -ਸੰਪਾਦਕ*

'ਸਭੇ ਸੁਗੰਧਾਂ ਅਰਬ ਦੀਆਂ' ਸਿਰਲੇਖ ਹੈ ਜਸਟਿਸ ਮਾਰਕੰਡੇ ਕਾਟਜੂ ਵੱਲੋਂ ਲਿਖੇ ਉਸ ਲੇਖ ਦਾ ਜੋ 15 ਫਰਵਰੀ ਨੂੰ ਅੰਗਰੇਜ਼ੀ ਅਖ਼ਬਾਰ 'ਦ ਹਿੰਦੂ' ਵਿਚ ਛਪਿਆ। ਖੁਦ ਜਸਟਿਸ ਕਾਟਜੂ ਕਿਸੇ ਤਾਅਰੁਫ਼ ਦਾ ਮੁਥਾਜ ਨਹੀਂ ਹੈ। ਸੁਪਰੀਮ ਕੋਰਟ ਦੇ ਜੱਜ ਵਜੋਂ ਉਸ ਦੇ ਫੈਸਲੇ ਉਸ ਦੀ ਦਾਨਸ਼ਮੰਦੀ, ਇਨਸਾਫ਼ਪਸੰਦੀ, ਬੇਬਾਕੀ, ਸਾਫਗੋਈ ਅਤੇ ਇਮਾਨਦਾਰੀ ਦੀ ਸ਼ਾਹਦੀ ਭਰਦੇ ਹਨ। ਉਥੋਂ ਰਿਟਾਇਰ ਹੋ ਕੇ ਹੁਣ ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਵਜੋਂ ਵੀ ਉਹ ਆਪਣੇ ਇਨ੍ਹਾਂ ਹੀ ਗੁਣਾਂ ਕਾਰਨ ਚਰਚਾ 'ਚ ਰਹਿੰਦਾ ਹੈ। ਉਹ ਭਾਰਤੀ ਮੀਡੀਆ, ਸਿਆਸਤ



**ਪ੍ਰੋ. ਕੁਲਵੰਤ ਸਿੰਘ ਰੋਮਾਣਾ**
**ਫੋਨ: 209-416-5020**

ਅਤੇ ਸਮਾਜ ਬਾਰੇ ਆਪਣੀਆਂ ਤਨਕੀਦੀ ਤੇ ਤਰਦੀਦੀ ਟਿੱਪਣੀਆਂ ਕਰਦਾ ਰਹਿੰਦਾ ਹੈ। ਉਹ ਬਲੈਕਮੇਲ ਕਰਨ ਵਾਲੇ ਅਖ਼ਬਾਰਾਂ ਜਾਂ ਚੈਨਲਾਂ ਦਾ ਲਾਇਸੰਸ ਰੱਦ ਕਰਨ ਦੀ ਮੰਗ ਕਰਦਾ ਹੈ। ਬਾਲ ਠਾਕਰੇ ਦੀ ਮੌਤ 'ਤੇ ਮੁੰਬਈ ਬੰਦ ਦਾ ਵਿਰੋਧ ਕਰਨ 'ਤੇ ਗ੍ਰਿਫ਼ਤਾਰ ਕੀਤੀਆਂ ਕੁੜੀਆਂ ਦੇ ਹੱਕ 'ਚ ਨਿਤਰਦਾ ਹੈ। ਜ਼ਰਾ ਸਖ਼ਤ ਸਵਾਲ ਪੁੱਛਣ ਵਾਲੇ ਕਿਸਾਨ ਨੂੰ ਮਾਓਵਾਦੀ ਗਰਦਾਨ ਕੇ ਜੇਲ੍ਹ 'ਚ ਬੰਦ ਕਰਨ ਵਾਲੀ ਮਮਤਾ ਬੈਨਰਜੀ ਦੀ ਸਖ਼ਤ ਸ਼ਬਦਾਂ 'ਚ ਤਨਕੀਦ ਕਰਦਾ ਹੈ। ਉਸ ਦਾ ਮੌਜੂਦਾ ਲੇਖ 'ਆਲ ਦਿ ਪਰਫਿਊਮਜ਼ ਆਫ ਅਰਬ' ਨਰਿੰਦਰ ਮੋਦੀ ਅਤੇ ਉਸ ਦੇ ਗੁਜਰਾਤ ਸੂਬੇ ਬਾਰੇ ਹੈ।

ਲੇਖਕ ਬਾਰੇ ਚਰਚਾ ਕਰਨ ਤੋਂ ਪਹਿਲਾਂ ਜੇ ਸਿਰਲੇਖ ਬਾਰੇ ਜਾਣ ਲਈਏ ਤਾਂ ਲੇਖ ਵਿਚਲੀ ਗੱਲ ਸੌਖ ਨਾਲ ਹੀ ਸਮਝ ਆ ਜਾਵੇਗੀ। ਸਿਰਲੇਖ ਸ਼ੇਕਸਪੀਅਰ ਦੇ ਸੰਸਾਰ ਪ੍ਰਸਿੱਧ ਨਾਟਕ 'ਮੈਕਬਥ' 'ਚ ਲੇਡੀ ਮੈਕਬਥ ਵੱਲੋਂ ਬੋਲੇ ਡਾਇਲਾਗ ਦੀ ਸਤਰ ਹੈ। ਲੇਡੀ ਮੈਕਬਥ ਬਾਦਸ਼ਾਹ ਡੰਕਨ ਦਾ ਖ਼ੂਨ ਕਰ ਕੇ ਜਾਂ ਕਰਵਾ ਕੇ ਸਕਾਟਲੈਂਡ ਦੀ ਰਾਣੀ ਬਣ ਗਈ ਹੈ; ਪਰ ਇਹ ਖ਼ੂਨ ਉਸ ਦੀ ਜ਼ਮੀਰ ਦਾ ਪਿੱਛਾ ਨਹੀਂ ਛੱਡਦਾ ਤੇ ਉਹ ਵਾਰ-ਵਾਰ ਹੱਥ ਧੋਂਦੀ ਰਹਿੰਦੀ ਹੈ। ਇਸੇ ਅਹਿਸਾਸ 'ਚ ਉਹ ਕਹਿੰਦੀ ਹੈ,

ਸਭੇ ਸੁਗੰਧਾਂ ਅਰਬ ਦੀਆਂ ਵੀ
ਮੇਰੇ ਹੱਥਾਂ 'ਚੋਂ
ਆਉਂਦੀ ਖ਼ੂਨ ਦੀ ਗੰਧ ਨੂੰ
ਨਹੀਂ ਮਿਟਾ ਸਕਦੀਆਂ।

ਲੇਖ ਦੇ ਸ਼ੁਰੂ 'ਚ ਕਾਟਜੂ ਕਹਿੰਦਾ ਹੈ ਕਿ ਭਾਰਤ 'ਚ ਵੱਡੀ ਗਿਣਤੀ ਲੋਕ ਇਹ ਸਮਝਦੇ ਹਨ ਕਿ ਨਰਿੰਦਰ ਮੋਦੀ ਦੇ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਨਾਲ ਉਨ੍ਹਾਂ ਦੇ ਸਭ ਦੁੱਖ, ਦੋਜਖ਼ ਖ਼ਤਮ ਹੋ ਜਾਣਗੇ। ਇਥੇ ਦੁੱਧ ਅਤੇ ਸ਼ਹਿਦ ਦੀਆਂ ਨਹਿਰਾਂ ਵਗਣ ਲੱਗ ਪੈਣਗੀਆਂ। ਇਹ ਗੱਲ ਸਿਰਫ਼ ਭਾਜਪਾ, ਆਰ.ਐਸ.ਐਸ. ਜਾਂ ਕੁੰਭ ਮੇਲੇ 'ਤੇ ਇਕੱਠੇ ਹੋਏ ਲੋਕ ਹੀ ਨਹੀਂ ਕਹਿੰਦੇ, ਸਗੋਂ ਹੋਰ ਬੜੇ ਲੋਕ ਐਸਾ ਹੀ ਸੋਚਦੇ ਹਨ ਜਿਨ੍ਹਾਂ ਨੂੰ ਮੋਦੀ ਦੇ ਪ੍ਰਾਪੇਗੰਡੇ ਨੇ ਚਕਾਚੌਂਧ ਕਰ ਦਿੱਤਾ ਹੈ। ਫਿਰ ਉਹ ਇਕ ਗੁਜਰਾਤੀ ਵਪਾਰੀ ਦੀ ਗੱਲ ਕਰਦਾ ਹੈ ਜੋ ਇਕ ਵਾਰ ਜਹਾਜ਼ 'ਚ ਉਸ ਦੇ ਨਾਲ ਵਾਲੀ ਸੀਟ 'ਤੇ ਬੈਠਾ ਸੀ। ਕਾਟਜੂ ਨੇ ਉਸ ਨਾਲ 2002 'ਚ ਗੁਜਰਾਤ ਵਿਚ 2000 ਮੁਸਲਮਾਨਾਂ ਦੇ ਕਤਲੇਆਮ ਦੀ ਗੱਲ ਛੇੜੀ ਤਾਂ ਵਪਾਰੀ ਨੇ ਕਿਹਾ ਕਿ ਗੁਜਰਾਤ 'ਚ ਮੁਸਲਮਾਨ ਹਮੇਸ਼ਾ ਕੋਈ ਨਾ ਕੋਈ ਸਮੱਸਿਆ ਖੜ੍ਹੀ ਕਰੀ ਰੱਖਦੇ ਸਨ, ਹੁਣ ਉਹ ਇਕਾਣੇ ਵਾਲੀ ਥਾਂ 'ਤੇ ਆ ਗਏ ਹਨ ਤੇ ਸੂਬੇ 'ਚ ਸ਼ਾਂਤੀ ਹੈ; ਪਰ ਕਾਟਜੂ ਕਹਿੰਦਾ ਹੈ, ਐਸੀ ਸ਼ਾਂਤੀ ਕਬਰਾਂ ਦੀ ਸ਼ਾਂਤੀ ਹੈ, ਇਨਸਾਫ਼ ਦੀ ਬੁਨਿਆਦ 'ਤੇ ਉਸਰੀ ਸ਼ਾਂਤੀ ਹੀ ਅਸਲ ਸ਼ਾਂਤੀ ਹੁੰਦੀ ਹੈ। ਕਾਟਜੂ ਸਮਝਦਾ ਹੈ ਕਿ ਭਾਰਤ ਦੇ 20 ਕਰੋੜ ਮੁਸਲਮਾਨ ਮੋਦੀ ਦੇ ਵਿਰੁਧ ਹਨ ਪਰ ਗੁਜਰਾਤ 'ਚ ਉਹ ਦਹਿਸ਼ਤਜ਼ਦਾ ਹਨ। ਇਸ ਕਰ ਕੇ ਉਨ੍ਹਾਂ 'ਚੋਂ ਕੋਈ ਨਾ ਕੋਈ ਕਦੇ ਕਦੇ ਕਿਸੇ ਟੀ.ਵੀ. ਚੈਨਲ 'ਤੇ ਆ ਕੇ ਮੋਦੀ ਦੇ ਹੱਕ 'ਚ ਚਾਰ ਸ਼ਬਦ ਕਹਿ ਜਾਂਦਾ ਹੈ।

ਅਗਲੀ ਗੱਲ ਕਾਟਜੂ ਕਹਿੰਦਾ ਹੈ ਕਿ ਮੋਦੀ ਦੇ ਹਮਾਇਤੀ ਇਹ ਪ੍ਰਚਾਰ ਕਰਦੇ ਹਨ ਕਿ ਗੁਜਰਾਤ ਵਿਚ 2002 ਵਿਚ ਮੁਸਲਮਾਨਾਂ ਦਾ ਕਤਲੇਆਮ ਗੋਧਰਾ ਟਰੇਨ ਵਿਚ 59 ਹਿੰਦੂਆਂ ਦੇ ਕਤਲ ਦਾ ਆਪ-ਮੁਹਾਰੇ ਫੁੱਟਿਆ ਪ੍ਰਤੀਕਰਮ ਸੀ, ਪਰ ਕਾਟਜੂ ਲਿਖਦਾ ਹੈ ਕਿ ਪਹਿਲੀ ਗੱਲ ਇਹ ਕਿ ਅੱਜ ਤੱਕ ਇਹ ਸਪੱਸ਼ਟ ਹੀ ਨਹੀਂ ਹੋਇਆ ਕਿ ਗੋਧਰਾ ਟਰੇਨ ਵਾਲੀ ਦੁਰਘਟਨਾ ਦੇ ਅਸਲ ਦੋਸ਼ੀ ਕੌਣ ਹਨ? ਦੂਜੀ ਗੱਲ ਇਹ ਕਿ ਪ੍ਰਤੀਕਰਮ ਵਾਲਾ ਬਹਾਨਾ ਸਾਰੇ ਜ਼ੋਰਾਵਰ ਲੋਕ ਹੀ ਵਰਤਦੇ ਹਨ। ਯਹੂਦੀਆਂ ਉਤੇ ਅਤਿਆਚਾਰ ਕਰਨ ਲਈ ਨਾਜ਼ੀਆਂ ਨੇ ਵੀ ਇਹੋ ਬਹਾਨਾ ਬਣਾਇਆ ਸੀ। ਸੰਨ 2002 ਦੇ ਇਸ ਕਤਲੇਆਮ ਬਾਰੇ ਕਾਟਜੂ ਦਾ ਇਹ ਵੀ ਮੰਨਣਾ ਹੈ ਕਿ ਅਹਿਮਦਾਬਾਦ ਦਾ ਚਮਨਪੁਰੇ ਦਾ ਇਲਾਕਾ ਜਿਥੇ ਇਹ ਤਾਂਡਵ ਨਾਚ ਹੋਇਆ, ਪੁਲਿਸ ਕਮਿਸ਼ਨਰ ਦੇ ਦਫ਼ਤਰ ਤੋਂ ਦੋ ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਹੈ, ਉਥੋਂ ਦਾ ਥਾਣਾ ਉਥੋਂ ਸਿਰਫ਼ ਇਕ ਕਿਲੋਮੀਟਰ ਦੂਰੀ 'ਤੇ ਹੈ। ਫਿਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਲੋਕ ਸਲੰਡਰਾਂ ਨਾਲ ਕੰਧਾਂ ਚੀਰ ਰਹੇ ਹੋਣ, ਲੋਕਾਂ ਨੂੰ ਘਰਾਂ 'ਚੋਂ ਧੂਹ ਰਹੇ ਹੋਣ, ਵੱਢ-ਟੁੱਕ ਕੇ ਜ਼ਿੰਦਾ ਜਲਾ ਰਹੇ ਹੋਣ, ਚੀਕ-ਪੁਕਾਰ ਹੋ ਰਹੀ ਹੋਵੇ, ਤੇ ਸਰਕਾਰ ਨੂੰ ਕੋਈ ਖ਼ਬਰ ਹੀ ਨਾ ਹੋਈ ਹੋਵੇ? ਇਸੇ ਲਈ ਕਾਟਜੂ ਮੋਦੀ ਨੂੰ ਇਸ ਖ਼ੂਨ-ਖਰਾਬੇ ਦਾ ਮੁੱਖ ਦੋਸ਼ੀ ਮੰਨਦਾ ਹੈ ਤੇ ਕਹਿੰਦਾ ਹੈ ਕਿ ਅਰਬ ਦੀਆਂ ਸਭੇ ਸੁਗੰਧਾਂ ਵੀ ਉਸ ਵਿਚੋਂ ਆਉਂਦੀ ਇਸ ਖ਼ੂਨ ਦੀ ਬੂਅ ਨੂੰ ਨਹੀਂ ਮਿਟਾ ਸਕਦੀਆਂ।

ਕਾਟਜੂ ਅੱਗੇ ਲਿਖਦਾ ਹੈ ਕਿ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੋਦੀ ਨੇ ਗੁਜਰਾਤ ਵਿਚ ਵਿਕਾਸ ਦੇ ਪਹਾੜ ਖੜ੍ਹੇ ਕਰ ਦਿੱਤੇ ਹਨ ਪਰ ਇਹ ਨਿਰਾ ਝੂਠ ਹੈ। ਨਾਲ ਹੀ ਉਹ ਅੰਕੜੇ ਦਿੰਦਾ ਹੈ ਕਿ ਗੁਜਰਾਤ 'ਚ 48 ਫੀਸਦੀ ਬੱਚੇ ਘਟੀਆ ਤੇ ਨਾਕਾਫ਼ੀ ਖੁਰਾਕ ਕਾਰਨ ਪੂਰੀ ਤਰ੍ਹਾਂ ਸਿਹਤਮੰਦ ਨਹੀਂ ਹਨ। ਉਥੇ ਜੱਚਾ-ਬੱਚਾ ਦੀ ਮੌਤ ਦਰ ਭਾਰਤ ਦੇ ਬਹੁਤੇ ਰਾਜਾਂ ਨਾਲੋਂ ਵੱਧ ਹੈ। ਇਸ ਸਬੰਧ 'ਚ ਕਾਟਜੂ ਇਕ ਹੋਰ ਲੇਖਕ ਰਾਮਚੰਦਰ ਗੁਹਾ ਦੇ ਲੇਖ 'ਉਹ ਸ਼ਖ਼ਸ ਜੋ ਭਾਰਤ ਉਤੇ ਰਾਜ ਕਰੇਗਾ' ਦਾ ਹਵਾਲਾ ਦਿੰਦਾ ਹੈ ਜਿਸ ਵਿਚ ਗੁਹਾ ਲਿਖਦਾ ਹੈ ਕਿ ਗੁਜਰਾਤ ਵਾਤਾਵਰਣ ਪੱਖੋਂ ਹੇਠਾਂ ਜਾ ਰਿਹਾ ਹੈ। ਗੁਜਰਾਤ ਦੇ ਬੱਚਿਆਂ ਦੀ ਸਿਹਤ ਦੇਸ਼ ਭਰ 'ਚ ਮਾੜੀ ਹੈ। ਗੁਜਰਾਤ ਦੇ 33 ਫੀਸਦੀ ਬਾਲਗਾਂ ਦੀ ਸਿਹਤ ਵੀ 'ਬਾਡੀ ਮਾਸ ਇੰਡੈਕਸ' ਦੇ ਲਿਹਾਜ਼ ਨਾਲ ਭਾਰਤ ਦੀਆਂ 28 ਸਟੇਟਾਂ 'ਚੋਂ 22ਵੇਂ ਨੰਬਰ ਉਤੇ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਨਾਈਟਡ ਨੇਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ) ਦੀ 2010 ਦੀ ਰਿਪੋਰਟ ਅਨੁਸਾਰ ਰਾਜ ਦੇ ਬਹੁਪੱਖੀ ਵਿਕਾਸ, ਖਾਸ ਤੌਰ 'ਤੇ ਵਿਦਿਆ ਅਤੇ ਸਿਹਤ ਪੱਖੋਂ ਗੁਜਰਾਤ 28 ਸੂਬਿਆਂ 'ਚੋਂ ਨੌਂਵੇਂ ਨੰਬਰ ਉਤੇ ਹੈ। ਕਾਟਜੂ ਆਪਣੇ ਲੇਖ ਵਿਚ ਇਹ ਗੱਲ ਵੀ ਸਪਸ਼ਟ ਕਰਦਾ ਹੈ ਕਿ ਮੋਦੀ ਗੁਜਰਾਤ ਦੇ ਜਿਸ ਵਿਕਾਸ ਦਾ ਪ੍ਰਚਾਰ ਕਰ ਰਿਹਾ ਹੈ, ਉਹ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਲਈ ਹੈ। ਇਨ੍ਹਾਂ ਘਰਾਣਿਆਂ ਨੂੰ ਸਸਤੀਆਂ ਜ਼ਮੀਨਾਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਦੇ ਬਿਜਨੈਸ ਤੇ ਕਾਰਖਾਨਿਆਂ ਲਈ ਵੱਡੀਆਂ ਤੇ ਸੌਖੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਲਈ ਚੌੜੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਲਈ ਹੀ ਵੱਡੇ ਪੰਜ ਤਾਰਾ ਹੋਟਲ ਉਸਰ ਰਹੇ ਹਨ। ਲੇਖ ਦੇ ਅੰਤ 'ਚ ਜਸਟਿਸ ਕਾਟਜੂ ਸਾਧਾਰਨ ਭਾਰਤੀਆਂ ਨੂੰ ਚੇਤੰਨ ਕਰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਕਿਧਰੇ ਉਹ ਵੀ ਉਹੋ ਹੀ ਗਲਤੀ ਨਾ ਕਰ ਲੈਣ ਜੋ ਜਰਮਨ ਲੋਕਾਂ ਨੇ 1933 ਵਿਚ ਹਿਟਲਰ ਨੂੰ ਸੱਤਾ ਸੌਂਪ ਕੇ ਕੀਤੀ ਸੀ।

ਇਸ ਗੱਲ ਦਾ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜਸਟਿਸ ਕਾਟਜੂ ਦੇ ਇਸ ਲੇਖ ਵਿਚਲੀਆਂ ਗੱਲਾਂ ਪੜ੍ਹ-ਸੁਣ ਕੇ ਭਾਜਪਾ ਅਤੇ ਇਸ ਦੀ ਮਾਤਰੀ ਸੰਸਥਾ ਆਰ.ਐਸ.ਐਸ. ਦਾ ਕਿੰਨਾ ਕੁ ਖ਼ੂਨ ਖੌਲਿਆ ਹੋਵੇਗਾ! ਦਸ ਸਾਲਾਂ ਤੋਂ ਕੇਂਦਰ ਵਿਚ ਪੂਰੀ ਤਰ੍ਹਾਂ ਸੱਤਾ ਤੋਂ ਲਾਂਭੇ ਬੈਠੀ ਭਾਜਪਾ ਇਸ ਵਾਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਾਮਜ਼ਦ ਕਰ ਕੇ 2014 ਦੀ ਕੌਮੀ ਚੋਣ ਜਿੱਤਣ ਦੀ ਤਾਕ 'ਚ ਹੈ। ਹੁਣੇ-ਹੁਣੇ ਹੀ ਭਾਜਪਾ ਦੀ ਕੌਮੀ ਕਾਰਜਕਾਰੀ ਦੀ ਮੀਟਿੰਗ ਹੋਈ ਹੈ। ਇਹ ਅਸਲ ਵਿਚ ਇਸ ਚੋਣ ਦੀ ਤਿਆਰੀ ਲਈ ਹੀ ਕਵਾਇਦ ਸੀ। ਮੋਦੀ ਦਾ ਅਕਸ ਸਾਫ਼-ਸੁਥਰਾ ਦਿਖਾਉਣ ਲਈ ਭਾਜਪਾ ਦੇ ਬੁਲਾਰਿਆਂ ਨੇ ਕਾਟਜੂ ਉਤੇ ਸ਼ਬਦੀ ਹਮਲੇ ਕੀਤੇ ਹਨ। ਜਸਟਿਸ ਕਾਟਜੂ ਵੀ ਇੱਟ ਦਾ ਜਵਾਬ ਪੱਥਰ ਨਾਲ ਦੇਣ ਦਾ ਆਦੀ ਹੈ। ਸੋ, ਦੋਹਾਂ ਧਿਰਾਂ 'ਚ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਮੋਦੀ ਨੇ ਕਿਹਾ ਹੈ ਕਿ ਪੀਲੀਏ ਦੇ ਮਰੀਜ਼ ਨੂੰ ਸਭ ਕੁਝ ਜ਼ਰਦ ਨਜ਼ਰ ਆਉਂਦਾ ਹੈ। ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਰੁਣ ਜੇਤਲੀ ਨੇ ਕਿਹਾ ਕਿ ਜਸਟਿਸ ਕਾਟਜੂ ਨੇ ਇਸ ਤਰ੍ਹਾਂ ਦਾ ਲੇਖ ਲਿਖ ਕੇ ਮਨਮੋਹਨ ਸਿੰਘ ਸਰਕਾਰ ਦਾ ਸ਼ੁਕਰਾਨਾ ਅਦਾ ਕੀਤਾ ਹੈ ਜਿਸ ਨੇ ਉਸ ਨੂੰ ਪ੍ਰੈਸ ਕੌਂਸਲ ਆਫ਼ ਇੰਡੀਆ ਦਾ ਚੇਅਰਮੈਨ ਨਾਮਜ਼ਦ ਕੀਤਾ ਸੀ, ਇਸ ਤਰ੍ਹਾਂ ਇਸ ਨੇ ਆਪਣੇ ਆਪ ਨੂੰ ਕਾਂਗਰਸੀਆਂ ਨਾਲੋਂ ਵੀ ਜ਼ਿਆਦਾ ਕਾਂਗਰਸੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇਤਲੀ ਨੇ ਦੋਸ਼ ਲਾਇਆ ਹੈ ਕਿ ਕਾਟਜੂ ਸਿਰਫ਼ ਗੈਰ-ਕਾਂਗਰਸੀ ਮੁੱਖ ਮੰਤਰੀਆਂ ਦੀ ਆਲੋਚਨਾ ਹੀ ਕਰਦਾ ਹੈ; ਭਾਵੇਂ ਉਹ ਮੋਦੀ ਹੋਵੇ, ਮਮਤਾ ਬੈਨਰਜੀ ਜਾਂ ਨਿਤੀਸ਼ ਕੁਮਾਰ। ਜੇਤਲੀ ਨੇ ਇਹ ਵੀ ਕਿਹਾ ਹੈ ਕਿ ਕਾਟਜੂ ਨੂੰ ਸੁਪਰੀਮ ਕੋਰਟ ਦੇ ਰਿਟਾਇਰ ਜੱਜ ਵਜੋਂ ਸ਼ਾਨਦਾਰ ਬੰਗਲਾ ਤੇ ਹੋਰ ਸ਼ਾਹੀ ਸਹੂਲਤਾਂ ਮਿਲੀਆਂ ਹੋਈਆਂ ਹਨ ਜਿਸ ਕਰ ਕੇ ਉਹ ਸਿਆਸੀ ਸਰਗਰਮੀਆਂ 'ਚ ਹਿੱਸਾ ਨਹੀਂ ਲੈ ਸਕਦਾ। ਉਸ ਦਾ ਚੇਅਰਮੈਨ ਦਾ ਅਹੁਦਾ ਅਰਧ-ਅਦਾਲਤੀ ਅਹੁਦਾ ਹੈ, ਇਸ ਲਈ ਉਸ ਲਈ ਸਿਆਸੀ ਟਿੱਪਣੀਆਂ ਕਰਨਾ ਗੈਰ-ਕਾਨੂੰਨੀ ਹੈ। ਇਸ ਲਈ ਜਾਂ ਤਾਂ ਜਸਟਿਸ ਕਾਟਜੂ ਨੂੰ ਖ਼ੁਦ ਅਸਤੀਫਾ ਦੇ ਦੇਣਾ ਚਾਹੀਦਾ ਹੈ, ਤੇ ਜਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਸ ਨੂੰ ਤੁਰੰਤ ਅਹੁਦੇ ਤੋਂ ਫਾਰਗ ਕਰੇ। ਜੇਤਲੀ ਨੇ ਇਹ ਵੀ ਕਿਹਾ ਹੈ ਕਿ ਰਿਟਾਇਰ ਜੱਜਾਂ ਨੂੰ ਇਸ ਤਰ੍ਹਾਂ ਦੇ ਅਹੁਦੇ ਦੇਣਾ ਹੀ ਗਲਤ ਹੈ। ਭਾਜਪਾ ਦਾ ਗੁੱਸਾ ਉਦੋਂ ਸੀਮਾ ਪਾਰ ਕਰ ਗਿਆ ਜਦੋਂ ਜੇਤਲੀ ਨੇ ਜਸਟਿਸ ਕਾਟਜੂ ਨੂੰ ਮੈਗਾਲੋਮੀਨੀਆ ਦਾ ਸ਼ਿਕਾਰ ਕਿਹਾ। ਇਸ ਦਾ ਅਰਥ ਹੈ, ਉਹ ਸਖ਼ਸ ਜੋ ਆਪਣੀ ਤਾਕਤ ਤੇ ਸਿਆਣਪ ਦੇ ਨਸ਼ੇ 'ਚ ਦਿਮਾਗੀ ਤਵਾਜ਼ਨ ਗੁਆ ਬੈਠਦਾ ਹੈ। ਭਾਜਪਾ ਦੇ ਬੁਲਾਰੇ ਰਾਜੀਵ ਪ੍ਰਤਾਪ ਰੂਡੀ ਨੇ ਉਸ ਨੂੰ ਵੈਗਾਬੌਂਡ ਕਿਸਮ ਦਾ ਸ਼ਖਸ ਕਿਹਾ ਜਿਸ ਦਾ ਅਰਥ ਹੈ ਬੇਘਰ, ਅਵਾਰਾ।



ਜਸਟਿਸ ਕਾਟਜੂ



ਨਰਿੰਦਰ ਮੋਦੀ



ਅਰੁਣ ਜੇਤਲੀ

ਜਸਟਿਸ ਕਾਟਜੂ ਵੀ ਇਨ੍ਹਾਂ ਤਾਹਨੇ-ਮਿਹਣਿਆਂ ਦਾ ਲਗਾਤਾਰ ਜਵਾਬ ਦੇ ਰਿਹਾ ਹੈ। ਉਸ ਤੋਂ ਅਸਤੀਫ਼ਾ ਮੰਗਣ ਵਾਲੇ ਜੇਤਲੀ ਨੂੰ ਉਸ ਨੇ ਕਿਹਾ ਹੈ ਕਿ ਅਸਤੀਫ਼ਾ ਕਾਟਜੂ ਨੂੰ ਨਹੀਂ ਦੇਣਾ ਚਾਹੀਦਾ ਜਿਸ ਨੇ ਤੱਥ ਬਿਆਨ ਕੀਤੇ ਹਨ; ਸਗੋਂ ਜੇਤਲੀ ਨੂੰ ਸਿਆਸਤ ਤੋਂ ਸਨਿਆਸ ਲੈ ਲੈਣਾ ਚਾਹੀਦਾ ਹੈ ਜਿਸ ਨੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ; ਝੂਠੇ ਇਨਸਾਨ ਦਾ ਸਿਆਸਤ 'ਚ ਕੋਈ ਕੰਮ ਨਹੀਂ ਹੈ। ਆਪਣੇ ਅਹੁਦੇ ਬਾਰੇ ਜਸਟਿਸ ਕਾਟਜੂ ਦਾ ਕਹਿਣਾ ਹੈ ਕਿ ਜਦੋਂ ਤੋਂ ਭਾਰਤ ਆਜ਼ਾਦ ਹੋਇਆ ਹੈ, ਉਦੋਂ ਤੋਂ ਹੀ ਪ੍ਰੈਸ ਕੌਂਸਲ ਆਫ਼ ਇੰਡੀਆ ਦਾ ਚੇਅਰਮੈਨ ਹਮੇਸ਼ਾ ਸੁਪਰੀਮ ਕੋਰਟ ਦਾ ਰਿਟਾਇਰ ਜੱਜ ਹੀ ਨਿਯੁਕਤ ਹੁੰਦਾ ਰਿਹਾ ਹੈ। ਉਸ ਦੀ ਨਿਯੁਕਤੀ ਨਾ ਅਨੋਖੀ ਹੈ ਤੇ ਨਾ ਹੀ ਇਹ ਉਸ ਨੇ ਮੰਗ ਕੇ ਲਈ ਹੈ ਜਿਸ ਬਦਲੇ ਉਸ ਨੂੰ ਕਿਸੇ ਦਾ ਸ਼ੁਕਰੀਆ ਕਰਨਾ ਪਵੇ।

**ਦੇਸ-ਪਰਦੇਸ**

ਸਿਰਫ਼ ਗੈਰ-ਕਾਂਗਰਸੀ ਮੁੱਖ ਮੰਤਰੀਆਂ ਦੀ ਆਲੋਚਨਾ ਕਰਨ ਦੇ ਦੋਸ਼ ਦੇ ਜਵਾਬ ਵਿਚ ਜਸਟਿਸ ਕਾਟਜੂ ਨੇ ਕਿਹਾ ਹੈ ਕਿ ਉਸ ਨੇ ਮੁੰਬਈ ਦੀਆਂ ਦੋ ਕੁੜੀਆਂ ਦੀ ਗ੍ਰਿਫਤਾਰੀ ਬਾਰੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਨੂੰ ਸਖ਼ਤ ਪੱਤਰ ਲਿਖਿਆ ਜੋ ਅਖ਼ਬਾਰਾਂ 'ਚ ਵੀ ਛਪਿਆ; ਦਿੱਲੀ ਗੈਂਗ ਰੇਪ ਦੇ ਸਬੰਧ 'ਚ ਨੌਜਵਾਨਾਂ ਉਤੇ ਹੋਏ ਲਾਠੀਚਾਰਜ ਤੇ ਅੱਥਰੂ ਗੈਸ ਹਮਲੇ ਕਾਰਨ ਉਸ ਨੇ ਦਿੱਲੀ ਸਰਕਾਰ ਅਤੇ ਪੁਲਿਸ ਦੀ ਭਰਪੂਰ ਤਨਕੀਦ ਕੀਤੀ ਹੈ; ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਵੱਲੋਂ ਇਕ ਕੈਮਰਾਮੈਨ ਨਾਲ ਕੀਤੀ ਬਦਸਲੂਕੀ ਦੀ ਉਸ ਨੇ ਟੀ.ਵੀ. ਚੈਨਲ 'ਤੇ ਨਿੰਦਿਆ ਕੀਤੀ ਹੈ। ਇਹ ਤਿੰਨੇ ਕਾਂਗਰਸੀ ਮੁੱਖ ਮੰਤਰੀ ਹਨ। ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਅਤੇ ਸੁਪਰੀਮ ਕੋਰਟ ਦੇ ਜੱਜ ਵਜੋਂ ਜੇਤਲੀ ਵਲੋਂ ਵਾਹੀ ਗਈ ਲਛਮਣ ਰੇਖਾ ਦੇ ਜਵਾਬ 'ਚ ਉਹ ਕਹਿੰਦਾ ਹੈ ਕਿ ਇਨ੍ਹਾਂ ਦੋ ਰੁਤਬਿਆਂ ਤੋਂ ਬਿਨਾਂ ਉਹ ਭਾਰਤੀ ਸ਼ਹਿਰੀ ਤੇ ਵੋਟਰ ਵੀ ਹੈ ਅਤੇ ਹਰ ਵੋਟਰ ਦਾ ਫ਼ਰਜ਼ ਹੈ ਤੇ ਅਧਿਕਾਰ ਵੀ ਕਿ ਉਹ ਸਿਆਸਤ ਤੇ ਸਿਆਸੀ ਲੋਕਾਂ ਬਾਰੇ ਟਿੱਪਣੀਆਂ ਕਰੇ। ਇਸ ਲਈ ਮੋਦੀ ਬਾਰੇ ਤੱਥ ਬੋਲ ਕੇ ਉਸ ਨੇ ਕੁਝ ਵੀ ਗੈਰ-ਕਾਨੂੰਨੀ ਨਹੀਂ ਕੀਤਾ। ਰਿਟਾਇਰ ਜੱਜਾਂ ਨੂੰ ਕੋਈ ਵੱਡਾ ਅਹੁਦਾ ਨਾ ਦਿੱਤੇ ਜਾਣ ਦੀ ਜੇਤਲੀ ਦੀ ਤਜਵੀਜ਼ ਦੇ ਹਵਾਲੇ ਨਾਲ ਜਸਟਿਸ ਕਾਟਜੂ ਨੇ ਜੇਤਲੀ ਨੂੰ ਪੁੱਛਿਆ ਹੈ ਕਿ ਉਹ ਦੱਸੇ ਕਿ ਜਦੋਂ ਕੇਂਦਰ ਵਿਚ ਭਾਜਪਾ ਦੀ ਸਰਕਾਰ ਸੀ ਅਤੇ ਉਹ ਆਪ ਦੇਸ਼ ਦਾ ਕਾਨੂੰਨ ਮੰਤਰੀ ਸੀ, ਤਾਂ ਉਨ੍ਹਾਂ ਨੇ ਕਿੰਨੇ ਜੱਜਾਂ ਨੂੰ ਗਵਰਨਰ ਲਾਇਆ ਤੇ ਕਿੰਨਿਆਂ ਹੋਰਨਾਂ ਨੂੰ ਵੱਡੇ ਅਹੁਦੇ ਦਿੱਤੇ? ਉਸ ਬਾਰੇ ਵੈਗਾਬੌਂਡ ਵਰਗੇ ਬੋਲੇ ਗਏ ਅਪਸ਼ਬਦਾਂ ਬਾਰੇ ਉਸ ਨੇ ਕਿਹਾ ਕਿ ਮੂਰਖਾਂ ਦੀਆਂ ਗਾਲ੍ਹਾਂ ਦੇ ਜਵਾਬ 'ਚ ਗਾਲ੍ਹਾਂ ਨਹੀਂ ਕੱਢੀਆਂ ਜਾ ਸਕਦੀਆਂ!

ਇਸੇ ਬਹਿਸ ਦੌਰਾਨ ਉਸ ਨੇ ਭਾਜਪਾ ਨੂੰ ਦੱਸਿਆ ਕਿ ਦੇਸ਼ ਦੇ ਨੇਤਾਵਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਨਿਰੋਲ ਸੈਕੂਲਰ ਪੈਂਤੜੇ ਤੋਂ ਲੜੀ ਜਿਸ ਵਿਚ ਤਮਾਮ ਭਾਰਤ ਵਾਸੀ ਸ਼ਾਮਲ ਸਨ। ਇਸੇ ਲਈ ਉਨ੍ਹਾਂ ਨੇ ਦੇਸ਼ ਨੂੰ ਸੈਕੂਲਰ ਸੰਵਿਧਾਨ ਅਤੇ ਢਾਂਚਾ ਦਿੱਤਾ ਹੈ। ਇਸੇ ਕਰ ਕੇ ਇਹ ਦੇਸ਼ ਜਿੰਨਾ ਹਿੰਦੂਆਂ ਦਾ ਹੈ, ਉਨਾ ਹੀ ਮੁਸਲਮਾਨਾਂ, ਸਿੱਖਾਂ, ਇਸਾਈਆਂ, ਪਾਰਸੀਆਂ ਤੇ ਹੋਰ ਧਰਮਾਂ ਦਾ ਹੈ ਅਤੇ ਉਨਾ ਹੀ ਸੈਕੂਲਰ ਲੋਕਾਂ ਦਾ ਵੀ ਹੈ।

# ਰਾਜੀਵ ਗਾਂਧੀ ਦੇ ਕਾਤਲਾਂ ਦੀ ਫਾਂਸੀ ਬਾਰੇ ਉਠਿਆ ਸਵਾਲ

**ਤਿਰੂਵਨੰਤਪੁਰਮ:** ਰਾਜੀਵ ਗਾਂਧੀ ਕਤਲ ਕੇਸ ਦੇ ਤਿੰਨ ਮੁਲਜ਼ਮਾਂ ਨੂੰ ਸਜ਼ਾ-ਏ-ਮੌਤ ਦੀ ਪੁਸ਼ਟੀ ਕਰਨ ਤੋਂ 13 ਸਾਲਾਂ ਬਾਅਦ ਉਸ ਵੇਲੇ ਸੁਪਰੀਮ ਕੋਰਟ ਦੇ ਬੈਂਚ ਦੇ ਮੁਖੀ ਤੇ ਸਾਬਕਾ ਜੱਜ ਕੇ ਟੀ ਥੌਮਸ ਨੇ ਕਿਹਾ ਕਿ ਉਨ੍ਹਾਂ ਨੂੰ ਫਾਂਸੀ ਦੇਣੀ ਸੰਵਿਧਾਨਕ ਤੌਰ 'ਤੇ ਸਹੀ ਨਹੀਂ ਹੋਵੇਗਾ ਕਿਉਂਕਿ ਮੁਲਜ਼ਮ ਆਪਣੇ ਕੇਸ ਦੇ ਰੀਵਿਊ ਤੋਂ ਬਗੈਰ ਹੀ 22 ਸਾਲਾਂ ਤੋਂ ਜੇਲ੍ਹ ਕੱਟ ਰਹੇ ਹਨ। ਜਸਟਿਸ ਥੌਮਸ ਮੁਤਾਬਕ ਰਾਜੀਵ ਗਾਂਧੀ ਕਤਲ ਕੇਸ ਦੇ ਮੁਲਜ਼ਮਾਂ ਦੇ ਸੁਭਾਅ ਤੇ ਕਿਰਦਾਰ ਉਤੇ ਗੌਰ ਨਹੀਂ ਕੀਤਾ ਸੀ ਤੇ ਇਸ ਲਈ ਸਜ਼ਾ-ਏ-ਮੌਤ ਸੰਵਿਧਾਨ ਦੀ ਧਾਰਾ-22 ਦੇ ਖ਼ਿਲਾਫ਼ ਹੈ। ਇੰਨੀ ਦੇਰ ਨਾਲ ਉਨ੍ਹਾਂ ਨੂੰ ਫਾਂਸੀ ਦੇਣੀ ਸੰਵਿਧਾਨਕ ਤੌਰ 'ਤੇ ਸਹੀ ਨਹੀਂ ਹੋਵੇਗਾ।

2010 ਵਿਚ ਜਸਟਿਸ ਐਸ ਬੀ ਸਿਨਹਾ ਦੀ ਅਗਵਾਈ ਹੇਠ ਸੁਪਰੀਮ ਕੋਰਟ ਦੇ ਇਕ ਬੈਂਚ ਨੇ ਬਰਿਆਰ ਕੇਸ ਵਿਚ ਆਪਣਾ ਮਤ ਦਿੱਤਾ ਸੀ ਕਿ ਫਾਂਸੀ ਦੀ ਸਜ਼ਾ ਦੇਣ ਵੇਲੇ ਦੋਸ਼ੀ ਦੇ ਜਾਤੀ ਕਿਰਦਾਰ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਜਸਟਿਸ ਥੌਮਸ ਨੇ ਕਿਹਾ ਕਿ ਵੱਡੀ ਗੱਲ ਇਹ ਹੈ ਕਿ ਰਾਜੀਵ ਗਾਂਧੀ ਕਤਲ ਕੇਸ ਦੇ ਦੋਸ਼ੀ ਮੁਰੂਗਨ, ਸੰਥਾਨ ਤੇ ਪੇਰਾਰੀਵਲਨ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਫਾਂਸੀ ਦੀ ਕਤਾਰ ਵਿਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਉਮਰ ਕੈਦ ਦੇ ਹਰੇਕ ਦੋਸ਼ੀ ਨੂੰ ਆਪਣੇ ਕੇਸ ਦਾ ਰੀਵਿਊ ਕਰਵਾਉਣ ਦਾ ਹੱਕ ਹਾਸਲ ਹੈ। ਭਾਵੇਂ ਮੁਆਫ਼ੀ ਮਿਲੇ ਜਾਂ ਨਾ। ਉਨ੍ਹਾਂ ਕਿਹਾ ਕਿ ਤਿੰਨੋ ਦੋਸ਼ੀ ਲੰਮੇ ਸਮੇਂ ਤੋਂ ਜੇਲ੍ਹ ਕੱਟ ਰਹੇ ਹਨ ਪਰ ਉਨ੍ਹਾਂ ਨੂੰ ਆਪਣੇ ਕੇਸ ਦਾ 'ਰਿਵੀਊ' ਕਰਵਾਉਣ ਦਾ ਮੌਕਾ ਨਹੀਂ ਮਿਲਿਆ।

21 ਮਈ, 1991 ਨੂੰ ਸ੍ਰੀਪੇਰੰਬੁਦੂਰ ਵਿਚ ਇਕ ਮਹਿਲਾ ਆਤਮਘਾਤੀ ਬੰਬਧਾਰੀ ਵੱਲੋਂ ਕੀਤੇ ਧਮਾਕੇ ਵਿਚ ਰਾਜੀਵ ਗਾਂਧੀ ਮਾਰੇ ਗਏ। 1998 ਵਿਚ ਇਕ ਨਾਮਜ਼ਦ ਅਦਾਲਤ ਨੇ 26 ਜਣਿਆਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਪਰ ਜਦੋਂ ਇਹ ਕੇਸ ਸੁਪਰੀਮ ਕੋਰਟ ਪੁੱਜਿਆ ਸੀ ਤਾਂ ਸਿਰਫ਼ ਚਾਰ ਦੋਸ਼ੀਆਂ ਨਲਿਨੀ, ਮੁਰੂਗਨ, ਸੰਥਾਨ ਤੇ ਪੇਰਾਰੀਵਲਨ ਦੀ ਫਾਂਸੀ ਦੀ ਸਜ਼ਾ ਦੀ ਪੁਸ਼ਟੀ ਕੀਤੀ ਗਈ ਸੀ।

ਨਲਿਨੀ ਦੀ ਫਾਂਸੀ ਦੀ ਸਜ਼ਾ 2000 ਵਿਚ ਤਾਮਿਲਨਾਡੂ ਦੇ ਰਾਜਪਾਲ ਵੱਲੋਂ ਸੂਬਾਈ ਵਜ਼ਾਰਤ ਦੀ ਸਿਫਾਰਸ਼ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਅਪੀਲ 'ਤੇ ਉਮਰ ਕੈਦ ਵਿਚ ਬਦਲ ਦਿੱਤੀ ਸੀ। ਬਾਕੀ ਤਿੰਨੇ ਦੋਸ਼ੀਆਂ ਨੂੰ 9 ਸਤੰਬਰ, 2011 ਨੂੰ ਫਾਂਸੀ ਦੇਣ ਦੀ ਤਾਰੀਕ ਮੁਕੱਰਰ ਕੀਤੀ ਗਈ ਸੀ ਪਰ ਅਗਸਤ ਵਿਚ ਮਦਰਾਸ ਹਾਈ ਕੋਰਟ ਨੇ ਫਾਂਸੀ ਦੇਣ 'ਤੇ ਛੇ ਹਫਤਿਆਂ ਲਈ ਰੋਕ ਲਗਾ ਦਿੱਤੀ ਸੀ। ਬਾਅਦ ਵਿਚ ਇਹ ਕੇਸ ਸੁਪਰੀਮ ਕੋਰਟ ਕੋਲ ਭੇਜ ਦਿੱਤਾ ਗਿਆ ਸੀ।

# ਨਾਕਹੁ ਕਾਟੀ ਕਾਨਹੁ ਕਾਟੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਯਕੀਨ ਤਾਂ ਆਉਂਦਾ ਨਹੀਂ ਕਿ ਪਰੀਪੂਰਨ ਪਰਮਾਤਮਾ ਆਪਣਾ 'ਸਟੇਟਸ' ਦਿਖਾਉਣ ਲਈ ਕਿਸੇ 'ਕੰਪੀਟੀਸ਼ਨ' ਵਿਚ ਪਿਆ ਹੋਵੇਗਾ ਪਰ ਇਸ ਪੌਰਾਣਕ ਕਥਾ ਦਾ ਭਗਤ ਕਬੀਰ ਦੇ ਇਸ ਸ਼ਬਦ ਨਾਲ ਢੋਅ ਮੇਲ ਮਿਲਾਇਆ ਜਾਂਦਾ ਪੜ੍ਹ ਕੇ ਸੱਚ ਨਾ ਸਹੀ, ਪਰ 'ਸੱਚ ਜਿਹਾ' ਜ਼ਰੂਰ ਮਹਿਸੂਸ ਹੋਣ ਲੱਗ ਪੈਂਦਾ ਹੈ। ਵੈਸੇ ਵੀ ਇਹੋ ਜਿਹੀਆਂ ਕਥਾ-ਕਹਾਣੀਆਂ ਦਾ ਖੁਰਾ ਖੋਜ ਲੱਭਣ ਦਾ ਕੰਮ ਖੋਜੀ ਇਤਿਹਾਸਕਾਰਾਂ ਦੇ ਜ਼ਿੰਮੇ ਛੱਡ ਕੇ ਸਾਨੂੰ ਇਨ੍ਹਾਂ ਤੋਂ ਸੇਧ ਹੀ ਲੈ ਲੈਣੀ ਚਾਹੀਦੀ ਹੈ, ਅੰਬਾਂ ਦੇ ਦਰੱਖਤ ਗਿਣਨ ਦੀ ਥਾਂ ਅੰਬ ਚੂਪਣ ਦਾ ਸੁਆਦ ਹੀ ਲੈਣਾ ਚਾਹੀਦਾ ਹੈ। ਕੁਝ ਇਹੋ ਜਿਹੀ ਭਾਵਨਾ ਅਧੀਨ ਇਹ ਦਿਲਚਸਪ ਕਥਾ ਲਿਖ ਰਿਹਾ ਹਾਂ।

ਕਹਿੰਦੇ ਹਨ, ਇਕ ਵਾਰ ਲੱਛਮੀ ਭਾਵ ਮਾਇਆ ਦੀ ਰੱਬ ਨਾਲ ਬਹਿਸ ਹੋ ਗਈ ਕਿ ਸਾਡੇ ਦੋਹਾਂ ਵਿਚੋਂ ਵਡਿਆਈ ਕਿਸ ਦੀ ਜ਼ਿਆਦਾ ਹੈ? ਹੰਕਾਰ ਵਿਚ ਆਈ ਲੱਛਮੀ ਇਹ ਦਾਅਵਾ ਕਰਨ ਲੱਗੀ ਕਿ ਸਗਲ ਬ੍ਰਹਿਮੰਡ ਵਿਚ ਮੇਰਾ ਹੀ ਪਸਾਰਾ ਛਾਇਆ ਹੋਇਆ ਹੈ, ਇਸ ਕਾਰਨ ਵੱਡੀ ਤਾਂ ਮੈਂ ਹਾਂ। ਹੰਕਾਰੀ ਹੋਈ ਲੱਛਮੀ ਦਾ ਇਹ ਦਾਅਵਾ ਸੁਣ ਕੇ ਭਗਵਾਨ ਜੀ ਵੀ ਤੈਸ਼ ਵਿਚ ਆ ਗਏ। ਉਨ੍ਹਾਂ ਆਪਣੇ ਸਰਬ ਕਲਾ ਸਮਰੱਥ ਹੋਣ ਦਾ ਐਲਾਨ ਕਰ ਦਿੱਤਾ।

"ਇੰਜ ਨਹੀਂ ਮੈਂ ਮੰਨਦੀ, ਮੇਰੇ ਨਾਲ ਮਾਤ ਲੋਕ ਵਿਚ ਚੱਲੋ, ਫਿਰ ਦੇਖਦੇ ਹਾਂ ਕਿ ਕੌਣ ਕਿੰਨੇ ਪਾਣੀ ਵਿਚ ਹੈ?" ਲੱਛਮੀ ਦਾ ਇਹ ਚੈਲੰਜ ਕਬੂਲ ਕਰਦਿਆਂ ਭਗਵਾਨ ਜੀ ਝੱਟ ਤਿਆਰ ਹੋ ਗਏ।

ਆਪੋ-ਆਪਣਾ ਹੁਲੀਆ ਬਦਲ ਕੇ ਦੋਵੇਂ ਮਾਤ ਲੋਕ ਵਿਚ ਘੁੰਮਣ ਲੱਗੇ। ਲੱਛਮੀ ਨੇ ਰਾਜ ਮਹਿਲਾਂ ਵਰਗੇ ਕਿਸੇ ਅਮੀਰਜ਼ਾਦੇ ਦੇ ਘਰ ਵੱਲ ਇਸ਼ਾਰਾ ਕਰ ਕੇ ਭਗਵਾਨ ਨੂੰ ਕਿਹਾ ਕਿ ਤੁਸੀਂ ਉਸ ਘਰ ਵਿਚ ਰੈਣ ਬਸੇਰਾ ਕਰ ਕੇ ਵਿਖਾਉ, ਤੁਹਾਨੂੰ ਆਪਣੀ ਔਕਾਤ ਦਾ ਪਤਾ ਲੱਗ ਜਾਵੇਗਾ। ਪੰਡਿਤ ਦਾ ਰੂਪ ਧਾਰੇ ਭਗਵਾਨ ਨੇ ਬੜੇ ਮਾਣ ਨਾਲ ਉਸ ਅਮੀਰ ਘਰ ਦਾ ਦਰਵਾਜ਼ਾ ਖੜਕਾਇਆ। ਰਾਤ ਗੁਜ਼ਾਰਨ ਦੀ ਬੇਨਤੀ ਕੀਤੀ ਜੋ ਮਾਲਕ ਨੇ ਸਵੀਕਾਰ ਕਰ ਲਈ। ਨਿਵੇਕਲੇ ਜਿਹੇ ਕਮਰੇ ਵਿਚ ਪੰਡਿਤ ਜੀ ਦਾ ਲਕਾ-ਤੁਕਾ ਟਿਕਾ ਦਿੱਤਾ ਗਿਆ।

ਹਾਲੇ ਪੰਡਿਤ ਜੀ ਆਪਣੇ ਆਸਣ 'ਤੇ ਬਿਰਾਜੇ ਹੀ ਸਨ ਕਿ ਮਨਮੋਹਣੀ ਔਰਤ ਦਾ ਰੂਪ ਧਾਰ ਕੇ ਛਮ-ਛਮ ਕਰਦੀ ਲੱਛਮੀ ਉਸ ਘਰ ਆ ਵੜੀ। ਆਉਂਦੀ ਨੇ ਹੀ ਘਰਵਾਲਿਆਂ ਅੱਗੇ ਰਾਤ ਰਹਿਣ ਦੀ ਮੰਗ ਰੱਖਦਿਆਂ ਆਪਣੀ ਖਾਸੀਅਤ ਵੀ ਆਖ ਸੁਣਾਈ। ਅਖੇ, ਮੇਰੇ ਕੋਲ ਕਲਾ ਹੈ ਜਿਸ ਰਾਹੀਂ ਮੈਂ ਆਪਣੇ ਜੂਠੇ ਭਾਂਡਿਆਂ ਨੂੰ ਸੋਨੇ ਦੇ ਬਣਾ ਦਿੰਦੀ ਹਾਂ, ਭਾਵੇਂ ਕਿਸੇ ਧਾਤ ਦੇ ਵੀ ਹੋਣ। ਨਾਲ ਹੀ ਆਪਣੀ ਇਕ ਹੋਰ ਸਿਫ਼ਤ ਇਹ ਸੁਣਾ ਦਿੱਤੀ ਕਿ ਜਿਨ੍ਹਾਂ ਭਾਂਡਿਆਂ ਵਿਚ ਮੈਂ ਇਕ ਵਾਰ ਕੁਝ ਛਕ ਲਵਾਂ, ਉਹ ਦੂਜੀ ਵਾਰ ਨਹੀਂ ਵਰਤਦੀ। ਹਰ ਵਾਰ ਨਵੇਂ ਬਰਤਨਾਂ ਵਿਚ ਹੀ ਅੰਨ-ਜਲ ਛਕਾਂਗੀ। ਇਹ ਗੱਲਾਂ ਸੁਣ ਕੇ ਅਮੀਰਜ਼ਾਦੇ ਦੀਆਂ ਵਾਛਾਂ ਖਿੜ ਗਈਆਂ। ਰਾਤ ਹੀ ਕਿਉਂ, ਇਸ ਨੂੰ ਉਦੋਂ ਤੱਕ ਪ੍ਰਾਹੁਣੀ ਬਣਾਈ ਰੱਖਾਂਗੇ ਜਿੰਨਾ ਚਿਰ ਘਰ ਦੇ ਸਾਰੇ ਭਾਂਡੇ ਸੋਨੇ ਦੇ ਨਹੀਂ ਹੋ ਜਾਂਦੇ। ਇਹ ਵਿਉਂਤ ਸੋਚਦਾ ਮਾਲਕ ਹੁੱਬ ਕੇ ਬੋਲਿਆ, "ਦੇਵੀ ਜੀ, ਸਾਡੇ ਧੰਨ ਭਾਗ ਜੋ ਸਾਡੇ ਘਰ ਤੁਹਾਡੇ ਪਵਿੱਤਰ ਚਰਨ ਪਏ। ਇਹ ਘਰ ਹੀ ਤੁਹਾਡਾ ਹੈ। ਇਕ ਰਾਤ ਕੀ, ਜਿੰਨਾ ਚਿਰ ਮਰਜ਼ੀ ਇਥੇ ਨਿਵਾਸ ਰੱਖੋ।"

"ਮੇਰੀ ਇਕ ਸ਼ਰਤ ਹੋਰ ਵੀ ਹੈ...", ਮੁਸਕਰਾਉਂਦਿਆਂ ਉਹ ਬੋਲੀ, "ਮੈਂ ਤੁਹਾਡੇ ਘਰ ਦੇ ਸਾਰੇ ਕਮਰੇ ਦੇਖਾਂਗੀ, ਜਿਹੜਾ ਮੈਨੂੰ ਸਭ ਤੋਂ ਵੱਧ ਅਰਾਮਦੇਹ ਲੱਗਿਆ, ਉਥੇ ਹੀ ਆਪਣਾ ਬਿਸਤਰਾ ਲਾਵਾਂਗੀ।" ਹੱਥੀਂ ਬੰਨ੍ਹੀ ਸ਼ਰਤ ਪ੍ਰਵਾਨ ਕਰ ਲਈ ਗਈ। ਲਿਸ਼ਕੋਰੇ ਮਾਰਦੇ ਅਸਤਰਾਂ-ਬਸਤਰਾਂ ਵਾਲੀ ਪ੍ਰਾਹੁਣੀ ਸਾਰੇ ਕਮਰਿਆਂ ਦਾ ਮੁਆਇਨਾ ਕਰਨ ਲੱਗੀ। ਘਰ ਦੇ ਸਾਰੇ ਜੀਅ ਉਹਦੇ ਪਿੱਛੇ-ਪਿੱਛੇ ਹੱਥ ਜੋੜੀ ਘੁੰਮ ਰਹੇ ਸਨ। ਘੁੰਮਦਿਆਂ-ਘੁਮਾਉਂਦਿਆਂ ਜਿਸ ਕਮਰੇ ਵਿਚ ਪੰਡਿਤ ਬਣੇ ਭਗਵਾਨ ਜੀ ਟੇਢੇ ਹੋਏ ਬੈਠੇ ਸਨ, ਉਸ ਕਮਰੇ ਵਿਚ ਰੁਕਦਿਆਂ ਉਹ ਬੋਲੀ ਕਿ ਮੈਨੂੰ ਆਹ ਕਮਰਾ ਹੀ ਪਸੰਦ ਆਇਆ ਹੈ।

ਪ੍ਰਾਹੁਣੀ ਨੂੰ 'ਸਤਿ ਬਚਨ' ਕਹਿ ਕੇ ਘਰ ਦਾ ਮਾਲਕ ਅੰਦਰ ਬੈਠੇ ਪੰਡਿਤ ਵੱਲ ਸਿੱਧਾ ਹੋ ਲਿਆ, "ਪੰਡਿਤ ਜੀ, ਇਥੋਂ ਆਪਣਾ ਫੱਟੀ ਬਸਤਾ ਚੁੱਕ ਕੇ ਕਿਸੇ ਹੋਰ ਕਮਰੇ ਵਿਚ ਰੱਖ ਲਉ, ਇਥੇ ਇਹ ਬੀਬੀ ਜੀ ਰਹਿਣਗੇ।" ਆਨਾ-ਕਾਨੀ ਕਰਦਿਆਂ ਪੰਡਿਤ ਨੇ ਆਖਿਆ ਕਿ ਮੈਨੂੰ ਬੁੱਢੇ ਨੂੰ ਕਾਹਨੂੰ ਇਥੋਂ ਉਠਾਲਦੇ ਹੋ, ਇਹਨੂੰ ਕੋਈ ਹੋਰ ਕਮਰਾ ਦੇ ਦਿਉ। ਹੋਰ ਕਮਰੇ ਦੀ ਗੱਲ ਸੁਣ ਕੇ ਸਿਰ ਫੇਰਦੀ ਪ੍ਰਾਹੁਣੀ ਵੱਲ ਦੇਖਦਿਆਂ ਘਰ ਦਾ ਮਾਲਕ ਇਕ ਦਮ ਲੋਹਾ ਲਾਖਾ ਹੋ ਗਿਆ, "ਤੂੰ ਇਥੋਂ ਤੁਰਦਾ ਬਣ।" ਇਹ ਕਹਿ ਕੇ ਮਾਲਕ ਨੇ ਪੰਡਿਤ ਦਾ ਸਾਮਾਨ ਲਪੇਟਣਾ ਸ਼ੁਰੂ ਕਰ ਦਿੱਤਾ। ਕਮਰੇ 'ਚੋਂ ਧੱਕੇ ਨਾਲ ਬਾਹਰ ਕੱਢੇ ਹੋਏ ਨਿੰਮੋਝੂਣੇ ਪੰਡਿਤ ਨੇ ਮਾਲਕ ਨੂੰ ਹੌਲੀ ਦੇਣੇ ਕਿਹਾ ਵੀ ਕਿ ਭਗਤਾ, ਤੇਰੇ ਨਾਲ ਛਲ ਹੋ ਰਿਹਾ ਐ, ਸਮਝ ਜਾ। ਲੇਕਿਨ ਆਪਣਾ ਸਾਰਾ ਘਰ ਸੋਨੇ ਦੇ ਭਾਂਡਿਆਂ ਨਾਲ ਭਰਨ ਦੇ ਚਾਅ ਵਿਚ ਅੰਨ੍ਹਾ ਹੋਇਆ ਮਾਲਕ ਬੋਲਿਆ, "ਸਾਡੀ ਚਿੰਤਾ ਛੱਡ ਕੇ ਤੂੰ ਇਥੋਂ ਤਿੱਤਰ ਹੋ।"

"ਪਛਤਾਵੇਂਗਾ ਭੋਲਿਆ", ਕਹਿ ਕੇ ਪੰਡਿਤ ਜੀ ਤਾਂ ਆਪਣਾ ਝੋਲਾ ਚੁੱਕ ਕੇ ਗਲੀ ਵਿਚ ਆ ਗਿਆ, ਪਰ ਜਦੋਂ ਕਮਰੇ ਵਿਚ ਪ੍ਰਾਹੁਣੀ ਨੂੰ ਬੈਠੀ ਛੱਡ ਕੇ ਘਰ ਦੇ ਉਸ ਦੇ ਖਾਣ-ਪੀਣ ਲਈ ਲੈ ਕੇ ਉਥੇ ਵਾਪਸ ਆਏ ਤਾਂ ਉਥੇ ਕਾਂ ਨਾ ਪਰਿੰਦਾ। ਛਿੱਥਾ ਪਿਆ ਘਰ ਦਾ ਮਾਲਕ ਪੰਡਿਤ ਦੀ ਭਾਲ ਵਿਚ ਬਾਹਰ ਦੌੜਿਆ, ਲੇਕਿਨ ਭਗਵਾਨ ਤੇ ਲੱਛਮੀ ਦੋਵੇਂ ਕਿਤੇ ਏਕਾਂਤ ਵਿਚ ਹੋਈ ਬੀਤੀ ਦਾ ਵਿਸ਼ਲੇਸ਼ਣ ਕਰ ਰਹੇ ਸਨ।

"ਦੇਖਿਆ ਮੇਰਾ ਪ੍ਰਤਾਪ?" ਮੁਸਕੜੀਏਂ ਹੱਸਦੀ ਲੱਛਮੀ ਦੇ ਮਖੌਲੀਏ ਸਵਾਲ ਦਾ ਜਵਾਬ ਦਿੰਦਿਆਂ ਭਗਵਾਨ ਬੋਲੇ, "ਤੇਰਾ ਭਗਤ, ਛੇਤੀ ਹੀ ਮੇਰੀ ਭਾਲ ਵਿਚ ਬਾਹਰ ਦੌੜਿਆ ਸੀ, ਲੇਕਿਨ ਹੁਣ ਤੂੰ ਮੇਰੇ ਭਗਤ ਦਾ ਜਲਵਾ ਦੇਖੀਂ।" ਇਹ ਕਹਿ ਕੇ ਭਗਵਾਨ ਨੇ ਮਾਇਆ ਦੇ ਕੰਨ ਵਿਚ ਕੁਝ ਕਿਹਾ ਤੇ ਉਸ ਨੂੰ ਖੱਡੀ ਬੁਣ ਰਹੇ ਭਗਤ ਕਬੀਰ ਕੋਲ ਭੇਜ ਦਿੱਤਾ।

ਅਮੀਰੀ ਠਾਠ ਨਾਲ ਸਜੀ-ਧਜੀ ਔਰਤ ਦੇ ਰੂਪ ਵਿਚ ਲੱਛਮੀ ਭਗਤ ਕਬੀਰ ਕੋਲ ਜਾ ਪਹੁੰਚੀ। ਕੱਛ 'ਚ ਚੁੱਕੇ ਹੋਏ ਸੂਤ ਦੀ ਭਗਤ ਜੀ ਅੱਗੇ ਢੇਰੀ ਲਾਉਂਦਿਆਂ ਕਹਿਣ ਲੱਗੀ ਕਿ ਮੈਂ ਤੈਨੂੰ ਦੁੱਗਣੀ ਮਜ਼ਦੂਰੀ ਦੇ ਦਿਆਂਗੀ, ਸਾਰਿਆਂ ਤੋਂ ਪਹਿਲਾਂ ਮੇਰੇ ਸੂਤ ਦਾ ਕੱਪੜਾ ਬੁਣ ਦੇਹ। ਕਬੀਰ ਜੀ ਨੇ ਬੜੀ ਨਿਮਰਤਾ ਨਾਲ ਆਖਿਆ ਕਿ ਮੈਂ ਅਜਿਹਾ ਨਹੀਂ ਕਰ ਸਕਦਾ। ਸੂਤ ਰੱਖ ਜਾ, ਵਾਰੀ ਆਈ ਤੋਂ ਹੀ ਇਸ ਦਾ ਕੱਪੜਾ ਬੁਣਾਂਗਾ। ਝੂਠੇ-ਮੂਠੇ ਤਰਲੇ ਕਰਦਿਆਂ ਔਰਤ ਕਹਿਣ ਲੱਗੀ ਕਿ ਮੇਰੇ ਘਰ ਵਿਆਹ ਰੱਖਿਆ ਹੋਇਆ ਹੈ, ਮੈਨੂੰ ਹਰ ਹਾਲਤ ਵਿਚ ਕੱਪੜਿਆਂ ਦੀ ਸਖ਼ਤ ਜ਼ਰੂਰਤ ਹੈ, ਇਸ ਲਈ ਮੈਂ ਤਿੱਗਣੀ-ਚੌਗਣੀ ਮਜ਼ਦੂਰੀ ਦੇਣ ਲਈ ਵੀ ਤਿਆਰ ਹਾਂ।

"ਦੁੱਗਣੇ-ਚੌਗਣੇ ਪੈਸੇ ਦੇਣ ਦੇ ਲਾਲਚ, ਬੀਬਾ ਜੀ ਕਿਸੇ ਹੋਰ ਨੂੰ ਦਿਓ ਕਿਰਪਾ ਕਰ ਕੇ। ਜੇ ਮੈਂ ਲੋਭ-ਲਾਲਚ ਵਿਚ ਆ ਕੇ ਕਿਸੇ ਦੀ ਵਾਰੀ ਮਾਰ ਦਿਆਂ, ਤੇਰਾ ਸੂਤ ਪਹਿਲਾਂ ਬੁਣ ਦੇਵਾਂ ਤਾਂ ਮੇਰੀ ਸੁੱਚੀ ਕਿਰਤ ਭ੍ਰਿਸ਼ਟ ਹੋ ਜਾਵੇਗੀ।" ਭਗਤ ਜੀ ਦੇ ਮੂੰਹੋਂ ਖਰੇ-ਖਰੇ ਬਚਨ ਸੁਣ ਕੇ ਔਰਤ ਨੇ ਗਿਣਤੀਆਂ-ਮਿਣਤੀਆਂ ਤੋਂ ਪਰ੍ਹੇ ਮੂੰਹ ਮੰਗੀ ਰਕਮ ਦੇਣ ਦੀ ਪੇਸ਼ਕਸ਼ ਕਰ ਦਿੱਤੀ, ਲੇਕਿਨ ਭਗਤ ਜੀ ਟੱਸ ਤੋਂ ਮੱਸ ਨਾ ਹੋਏ। ਉਸ ਦੇ ਲੋਭ-ਲਾਲਚਾਂ ਨੂੰ ਠੁਕਰਾਉਂਦਿਆਂ ਨੰਨਾ ਹੀ ਫੜੀ ਰੱਖਿਆ।

ਸ਼ਾਮ ਪਈ ਆਪਣਾ ਸੂਤ ਕਬੀਰ ਦੀ ਖੱਡੀ ਕੋਲੇ ਛੱਡ ਕੇ ਔਰਤ ਦੂਜੇ ਦਿਨ ਆਉਣ ਦਾ ਕਹਿ ਕੇ ਉਥੋਂ ਚਲੇ ਗਈ। ਉਸ ਨੇ ਰਾਤੋ-ਰਾਤ ਇਕ ਹੋਰ ਕੌਤਕ ਵਰਤਾਇਆ, ਕਬੀਰ ਜੀ ਦੀ ਕੁੰਭਲ (ਢਾਈ ਕੁ ਫੁੱਟ ਵਰਗਾਕਾਰ ਅਤੇ ਤਿੰਨ-ਚਾਰ ਫੁੱਟ ਡੂੰਘਾ ਚੌਰਸ ਟੋਆ ਜਿਸ ਵਿਚ ਖੱਡੀ ਬੁਣਨ ਵਾਲੇ ਲੱਤਾਂ ਲਮਕਾਈ ਰੱਖਦੇ ਹਨ) ਸੋਨੇ ਦੀਆਂ ਮੋਹਰਾਂ ਨਾਲ ਭਰ ਦਿੱਤੀ।

ਦੂਜੇ ਦਿਨ ਅੰਮ੍ਰਿਤ ਵੇਲੇ ਜਦੋਂ ਕਬੀਰ ਜੀ ਨੇ ਦੇਖਿਆ ਕਿ ਕੁੰਭਲ ਤਾਂ ਝਮ-ਝਮ ਕਰ ਰਹੀ ਹੈ। ਬਿਗਾਨਾ ਧਨ ਦੇਖ ਕੇ ਉਹ ਬੜੇ ਦੁਖੀ ਹੋਏ। ਉਨ੍ਹਾਂ ਉਸੇ ਵੇਲੇ ਕਹੀ ਕੁਹਾੜਾ ਲਿਆ ਅਤੇ ਢੇਰ ਕੂੜਾ ਸੁੱਟਣ ਵਾਂਗ ਸਾਰੀਆਂ ਮੋਹਰਾਂ ਬਾਹਰ ਸੁੱਟ ਦਿੱਤੀਆਂ। ਸਾਰੀ ਕੁੰਭਲ ਸਾਫ ਕਰ ਕੇ ਭਗਤ ਜੀ ਹਾਲੇ ਤਾਣੀ ਤਣ ਰਹੇ ਸਨ ਕਿ ਉਹੀ ਔਰਤ ਹਾਜ਼ਰ ਹੋਈ। ਢੇਰ ਉਪਰ ਸੁੱਟੀਆਂ ਮੋਹਰਾਂ ਦੇਖ ਕੇ ਉਹ ਦੰਗ ਰਹਿ ਗਈ। ਕਬੀਰ ਨੂੰ ਖਰੀਦਣ ਦਾ ਉਸ ਦਾ ਇਹ ਮਨਸੂਬਾ ਵੀ ਸਿਰੇ ਨਾ ਚੜ੍ਹ ਸਕਿਆ। ਅੰਮ੍ਰਿਤ ਵੇਲੇ ਸਿਮਰਨ ਕਰਦਿਆਂ ਕੱਪੜਾ ਬੁਣਨ ਦੀ ਬਜਾਏ ਭਗਤ ਕਬੀਰ ਨੂੰ ਆਉਂਦਿਆਂ ਹੀ ਪਹਿਲਾਂ ਕੁੰਭਲ ਵਿਹਲੀ ਕਰਨ ਦਾ ਦੁਕੰਮਣ ਕਰਨਾ ਪੈ ਗਿਆ ਸੀ। ਇਸ ਲਈ ਕਬੀਰ ਜੀ ਜ਼ਰਾ ਹਿਰਖੇ ਬੈਠੇ ਸਨ। ਉਤੋਂ ਉਹੀ ਔਰਤ ਸਵੇਰੇ ਸੁਵਖਤੇ ਆ ਕੇ ਫੇਰ ਪੋਲਣੀਆਂ ਪਾਉਣ ਲੱਗ ਪਈ। ਮੰਨਣ 'ਚ ਤਾਂ ਗੱਲ ਆਉਂਦੀ ਨਹੀਂ ਕਿ ਸ਼ਾਂਤੀ ਸਰੂਪ ਕਬੀਰ ਜੀ ਨੂੰ ਐਨਾ ਗੁੱਸਾ ਚੜ੍ਹ ਗਿਆ ਹੋਵੇਗਾ, ਲੇਕਿਨ ਕਥਾ ਲਿਖਣ ਵਾਲਾ ਲਿਖਦਾ ਹੈ ਕਿ ਉਨ੍ਹਾਂ ਨੇ ਨੜੀਆਂ ਕੱਟਣ ਲਈ ਰੱਖਿਆ ਚਾਕੂ ਚੁੱਕਿਆ ਤੇ ਖਿਝ ਕੇ ਲੱਛਮੀ ਦਾ ਨੱਕ ਵੀ ਵੱਢ ਦਿੱਤਾ ਅਤੇ ਕੰਨ ਵੀ ਕੁਤਰ ਸੁੱਟੇ। ਸੰਪਰਦਾਈ ਕਹਿੰਦੇ ਨੇ ਕਿ ਉਸ ਵੇਲੇ ਕਬੀਰ ਜੀ ਨੇ ਇਹ ਸ਼ਬਦ ਉਚਾਰਿਆ ਜਿਸ ਦੀਆਂ ਆਖਰੀ ਪੰਕਤੀਆਂ ਹਨ,

ਨਾਕਹੁ ਕਾਟੀ ਕਾਨਹੁ ਕਾਟੀ
ਕਾਟਿ ਕੂਟਿ ਕੈ ਡਾਰੀ॥
ਕਹੁ ਕਬੀਰ ਸੰਤਨ ਕੀ ਬੈਰਨਿ,
ਤੀਨਿ ਲੋਕ ਕੀ ਪਿਆਰੀ॥

ਲੱਛਮੀ ਦਾ 'ਨੱਕ ਵਢਾ' ਅਤੇ 'ਕੰਨ ਵਢਾ' ਨਵਾਂ ਰੂਪ ਦੇਖ ਕੇ ਭਗਵਾਨ ਜੀ ਖੂਬ ਹੱਸੇ। ਕਹਿਣ ਲੱਗੇ ਕਿ ਹੇ ਲੱਛਮੀ, ਤੈਨੂੰ ਇਹ ਸਦਾ ਲਈ ਸਬਕ ਮਿਲ ਗਿਆ।

ਤਦ ਦੀ ਹੀ ਇਹ ਮਨੌਤ ਬਣੀ ਹੋਈ ਦੱਸੀ ਜਾਂਦੀ ਹੈ ਕਿ ਜਿਥੇ ਲੋਭ ਲਾਲਚ, ਛਲ ਕਪਟ ਅਤੇ ਸੀਨਾਜ਼ੋਰੀ ਦਾ ਬੋਲ-ਬਾਲਾ ਹੋਵੇ, ਉਥੇ ਲੱਛਮੀ ਭੱਜੀ ਭੱਜੀ ਜਾਂਦੀ ਹੈ। ਇਸ ਦੇ ਉਲਟ ਜਿਥੇ ਹੱਕ ਸੱਚ, ਇਨਸਾਫ਼ ਅਤੇ ਇਮਾਨਦਾਰੀ ਦੀ ਗੱਲ ਚਲਦੀ ਹੋਵੇ, ਉਧਰ ਲੱਛਮੀ ਡਰਦੀ ਡਰਦੀ ਜਾਂਦੀ ਹੈ। ਉਸ ਨੂੰ ਯਾਦ ਆ ਜਾਂਦਾ ਹੈ ਕਿ ਮੇਰੇ ਨੱਕ-ਕੰਨ ਵੱਢਣ ਵਾਲਾ ਸ਼ਖ਼ਸ ਵੀ ਇਹੋ ਜਿਹਾ ਭਗਤ ਹੀ ਸੀ।

# ਸਿੱਖੀ ਦੀ ਸੇਵਾ ਵਿਚ ਇੱਕ ਹੋਰ ਡੇਰਾ ਹਾਜ਼ਰ !

ਸੱਤਾਧਾਰੀ ਪਾਰਟੀ ਲੀਡਰ ਦੇ ਨਜ਼ਦੀਕੀ ਰਿਸ਼ਤੇਦਾਰ ਸਰਪੰਚ ਨੇ ਰਾਜਸੀ ਰਸੂਖ ਸਦਕਾ ਪਿੰਡ ਦੇ ਸਰਕਾਰੀ ਸਕੂਲ ਨੂੰ ਮਿਡਲ ਤੋਂ ਹਾਈ ਸਕੂਲ ਅਪਗਰੇਡ ਕਰਵਾ ਕੇ ਮੰਤਰੀ ਕੋਟੇ ਵਿਚੋਂ ਸਰਕਾਰੀ ਸਕੂਲ ਲਈ ਗਰਾਂਟ ਮਨਜ਼ੂਰ ਕਰਵਾ ਲਈ। ਸਕੂਲ ਲਈ ਆਈ ਗਰਾਂਟ ਹੜੱਪਣ ਦੀ ਡੂੰਘੀ ਚਾਲ ਚੱਲੀ। ਪਿੰਡ ਦੇ ਬਾਹਰ ਸਮਾਧਾਂ 'ਤੇ ਹੁੰਦੇ ਅਖੰਡ ਪਾਠ ਸਮੇਂ ਗੁਆਂਢੀ ਪਿੰਡਾਂ ਦੇ ਛੋਟੀ ਉਮਰ ਦੇ ਮੁੰਡਿਆਂ ਵਲੋਂ ਜਗਰਾਤੇ ਕਰਨ ਵਾਲਿਆਂ ਦੀ ਤਰਜ਼ 'ਤੇ ਆਪੋ ਬਣਾਈਆਂ ਕਵਿਤਾਵਾਂ/ਧਾਰਨਾਂ ਰਾਹੀਂ ਹੋਏ ਕੀਰਤਨ ਨਾਲ ਸਿਰ ਘੁਮਾਉਂਦੀਆਂ ਬੀਬੀਆਂ ਨੂੰ ਵੇਖ ਕੇ ਤਕਰੀਬ ਕੱਢੀ ਕਿ ਕਿਵੇਂ ਸਰਕਾਰੀ ਸਕੂਲ ਦੀ ਸਾਰੀ ਗਰਾਂਟ ਹੜੱਪੀ ਜਾਵੇ।

ਚੜ੍ਹਦੀ ਉਮਰ ਦੇ ਮੁੰਡਿਆਂ ਨੂੰ ਘਰ ਬੁਲਾ ਕੇ ਉਨ੍ਹਾਂ ਵਿਚੋਂ ਇੱਕ ਸਨੁੱਖੇ ਜਿਹੇ ਮੁੰਡੇ ਨੂੰ ਆਗੂ (ਬਾਬਾ) ਬਣਾ ਪਿੰਡ ਦੀ ਸਾਂਝੀ ਸ਼ਾਮਲਾਟ ਵਿਚ ਇੱਕ ਕਮਰਾ ਪਾ ਦਿੱਤਾ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਆਥਣ ਸਵੇਰ ਢੋਲਕੀਆਂ-ਛੈਣੇ ਕੁਟ ਉਚੀ-ਉਚੀ ਸਪੀਕਰ ਰਾਹੀਂ ਜਬਰਦਸਤੀ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਗੁਰਬਾਣੀ ਕੀਰਤਨ ਦੇ ਨਾਮ 'ਤੇ ਕਵਿਤਾਵਾਂ/ਧਾਰਨਾਂ ਇਤਿਹਾਸ/ਮਿਥਿਹਾਸ ਸੁਣਾਇਆ ਜਾਣ ਲੱਗਾ। ਸਰਪੰਚ ਦੇ ਰਾਜਨੀਤਕ ਰਸੂਖ ਰਾਹੀਂ ਇਲਾਕੇ ਦੇ ਪਿੰਡਾਂ ਦੇ ਲੋਕਾਂ ਦੇ ਘਰਾਂ ਵਿਚ ਅਖੰਡ ਪਾਠ ਦੇ ਭੋਗ ਸਮੇਂ ਭੇਟਾ ਰਹਿਤ ਫ੍ਰੀ ਕੀਰਤਨ ਦੇ ਨਾਂ 'ਤੇ ਮੁੰਡਿਆਂ ਵਲੋਂ ਆਪੋ ਬਣਾਈਆਂ ਕਵਿਤਾਵਾਂ/ਧਾਰਨਾਂ ਰਾਹੀਂ ਕੀਰਤਨ ਦੀਵਾਨ ਲੱਗਣ ਲੱਗੇ। ਹੌਲੀ-ਹੌਲੀ ਵਿਸ਼ੇਸ਼ ਦੀਵਾਨ ਸਜਣ ਲੱਗੇ ਤੇ ਲੋਕਾਂ ਨੂੰ ਸਸਤੇ ਵਿਚ ਰੱਬ ਦੀ ਗੱਲ ਸੁਣਨ ਨੂੰ ਮਿਲਣ ਲੱਗੀ। ਵੱਡੇ ਬਾਬੇ ਅਤੇ ਵੱਡੇ ਕੀਰਤਨੀਏ ਮਹਿੰਗੇ ਹੋਣ ਕਰਕੇ ਸਰਪੰਚ ਅਤੇ ਬਾਬੇ ਦੇ ਖੋਟੇ ਸਿੱਕੇ ਚਲਣ ਲੱਗੇ। ਸਰਪੰਚ ਆਪ ਅਖੌਤੀ ਕੀਰਤਨ ਦੀਵਾਨਾਂ ਤੋਂ ਬਾਅਦ ਮਾਈਕ ਫੜ੍ਹ ਕੇ ਨਵੇਂ ਬਣੇ ਬਾਬੇ ਦੀ ਸਲਾਘਾ ਕਰ ਕਰ ਸਕੂਲ ਦੀ ਕਾਰ ਸੇਵਾ ਲਈ ਲੋਕਾਂ ਤੋਂ ਪੈਸੇ ਕਢਵਾਉਣ ਲੱਗ ਪਿਆ। ਸ਼ਰਮੋ-ਸ਼ਰਮੀ ਲੋਕ ਸ਼ਰਧਾ ਅਨੁਸਾਰ ਕਾਰ ਸੇਵਾ ਲਈ ਪੈਸੇ ਦੇ ਦਿੰਦੇ, ਭੋਲੇ ਲੋਕਾਂ ਨੂੰ ਇਹ ਵੀ ਨਾ ਪਤਾ ਲੱਗਿਆ ਕਿ ਜਿਸ ਸਕੂਲ ਦੀ ਕਾਰ ਸੇਵਾ ਲਈ ਉਹ ਪੈਸੇ ਦੇ ਰਹੇ ਹਨ, ਉਹ ਤਾਂ ਸਰਕਾਰੀ ਸਕੂਲ ਹੈ, ਜਿਸ ਦੀ ਬਿਲਡਿੰਗ ਬਣਾਉਣ ਦੀ ਜਿੰਮੇਵਾਰੀ ਸਰਕਾਰ ਦੀ ਹੈ ਅਤੇ ਸਰਕਾਰ ਨੇ ਪਹਿਲਾਂ ਹੀ ਗਰਾਂਟ ਦੇ ਰੱਖੀ ਹੈ।

ਕਣਕ ਦੀ ਫਸਲ ਪੱਕੀ ਖੜੀ ਸੀ ਤੇ ਇੱਕ ਦੋ ਦਿਨਾਂ ਵਿਚ ਵਾਢੀ ਸ਼ੁਰੂ ਹੋਣ ਵਾਲੀ ਸੀ। ਸਰਪੰਚ ਅਤੇ ਨਵੇਂ ਬਣੇ ਬਾਬੇ ਨੇ ਇੱਕ ਪੁਰਾਣੀ ਜੀਪ ਲੈ ਕੇ ਪਿੰਡਾਂ ਦੇ ਵਿਹਲੜਾਂ, ਜਿਨ੍ਹਾਂ ਨੂੰ ਡੇਰੇ ਦੀ ਗਾੜੀ ਚਾਹ ਅਤੇ ਮਾਵੇ (ਭੁੱਕੀ) ਦੇ ਲਾਲਚ ਨੇ ਡੇਰੇ ਨਾਲ ਜੋੜਿਆ ਸੀ, ਨੂੰ ਉਡਣ ਦਸਤਾ ਬਣਾ ਖਾਲੀ ਬੋਰੀਆਂ ਦੇ ਕੇ ਪਿੰਡਾਂ ਵੱਲ ਤੋਰ ਦਿੱਤਾ। ਖਾਲੀ ਬੋਰੀਆਂ ਗੁਰਦੁਆਰੇ ਅਤੇ ਸਕੂਲ ਦੀ ਕਾਰ ਸੇਵਾ ਦੇ ਨਾਂ 'ਤੇ ਪਿੰਡਾਂ ਵਿਚ ਘਰ ਘਰ ਸੁਟਣੀਆਂ ਸ਼ੁਰੂ ਕਰ ਦਿੱਤੀਆਂ। ਭੋਲੀਆਂ ਬੀਬੀਆਂ ਅਤੇ ਕਿਸਾਨਾਂ ਦੀ ਧਾਰਮਿਕ ਸ਼ਰਧਾ ਦਾ ਲਾਹਾ ਲੈਂਦਿਆਂ ਵਿਹਲੜ ਨਸ਼ੇੜੀਆਂ ਦੀ ਟੀਮ ਨੇ ਧਰਮ ਦੇ ਨਾਂ 'ਤੇ ਆਪਣਾ ਧੰਦਾ ਸ਼ੁਰੂ ਕਰ ਲਿਆ। ਰਾਤ ਪੂਰੀ ਮਸਤੀ ਵਿਚ ਨਸ਼ੇ ਦੀ ਲੋਰ ਵਿਚ ਆ ਕੇ ਵੰਡੀਆਂ ਬੋਰੀਆਂ ਦੀ ਗਿਣਤੀ ਹੁੰਦੀ, ਦੂਜੀ ਸਵੇਰ ਫਿਰ ਸੇਵਾ ਸ਼ੁਰੂ ਹੋ ਜਾਂਦੀ। ਕਣਕ ਦੀ ਗਹਾਈ ਤੋਂ ਬਾਅਦ ਪਿੰਡਾਂ ਵਿਚੋਂ ਭਰੀਆਂ ਬੋਰੀਆਂ ਇਕੱਠੀਆਂ ਕਰਨ ਦਾ ਕੰਮ ਸ਼ੁਰੂ ਹੋ ਗਿਆ, ਵੰਡੀਆਂ ਬੋਰੀਆਂ ਵਿਚੋਂ 80% ਬੋਰੀਆਂ ਭਰ ਕੇ ਆ ਗਈਆਂ ਜੋ ਸਿੱਧੀਆਂ ਮੰਡੀ ਵਿਚ ਆੜਤੀਏ ਕੋਲ ਪਹੁੰਚ ਗਈਆਂ। ਚਾਰ ਮਹੀਨਿਆਂ ਵਿਚ ਹੀ ਨਵਾਂ ਬਣਿਆ ਬਾਬਾ ਮਾਲਾ ਮਾਲ ਹੋ ਗਿਆ। ਬਾਬੇ ਨੇ ਨਵੀਆਂ ਗੱਡੀਆਂ ਖਰੀਦ ਲਈਆਂ, ਚੇਲਿਆਂ ਦੀ ਗਿਣਤੀ ਵਧਦੀ ਗਈ। ਸਰਪੰਚ ਕਾਰ ਸੇਵਾ ਰਾਹੀਂ ਸਕੂਲ ਦੀ ਬਿਲਡਿੰਗ ਬਣਾ ਸਾਰੀ ਸਰਕਾਰੀ ਗਰਾਂਟ ਖਾ ਗਿਆ। ਹੁਣ ਗੁਰਦੁਆਰੇ ਦੇ ਨਾਮ 'ਤੇ ਡੇਰੇ ਦੀ ਕਾਰ ਸੇਵਾ ਚੱਲ ਰਹੀ ਹੈ। ਇੱਕ ਨਵਾਂ ਡੇਰਾ ਸਿੱਖੀ ਦੀ ਸੇਵਾ ਵਿਚ ਹਾਜ਼ਰ ਹੋ ਗਿਆ!

-ਰਾਜਿੰਦਰ ਸਿੰਘ ਖਹਿਰਾ
e-mail: khaira1969@gmail.com

Quick Stop 40, Oklahoma
Help Wanted
ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ
ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ
ਕਾਲ ਕਰੋ:832-512-7172

CK RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗ੍ਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537


Xtreme RECRODS
XTREME RECORDS & KAKA DHALIWAL
PRESENTS
PRESENTATION
KAKA DHALIWAL (USA)
+001 916 595 0782
GRAND SPONSER
BALWINDER THIND (USA)
+001 775 762 4241
Jatinder Jargia's
CHALLENGE
ਚੈਲਿੰਜ਼
SPONSER
FAIR WAY AUTO CENTER HAYWAR CA U.S.A. :001 510 538 2983
DIL NIJJAR CA U.S.A. :001 916 628 2210
ELI SARAI TRUCKING CA U.S.A. :001 510 584 8967
DAKHA TRUKING CA U.S.A. 001 408 791 9290
NOR CAL TRUCK REPAIR H. CA U.S.A. :001 510 728 2121
MEDIA PUNJAB EXPRESS NEWS
JASWANT SINGH SAIDOKA CA U.S.A. :001 209 271 5212
CHULHI JATT U.S.A.
SINGER CONTACT
IND: +91 97799 76600,
USA: 001 510 690 5678
Spl.Thanks
BALDEV S. NIJJAR CA U.S.A. 001 510 673 4456
Punjab Press Club Fresno
PRODUCER
S.S MANDAIR
+91 96463 04004
MUSIC
SURAJAAN K.
+91 98153 36814
MUSIC OUT NOW ON XTREME RECORDS +91 96463 04004

# 1947: ਲਹੂ-ਲੁਹਾਨ ਪੰਜਾਬ



## ਵੰਡ ਬੇ-ਦਲੀਲੀ ਸੀ: ਇਸ਼ਤਿਆਕ

**ਚੰਡੀਗੜ੍ਹ:** ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਸਮਾਗਮ ਦੌਰਾਨ ਪਾਕਿਸਤਾਨ ਦੇ ਜੰਮਪਲ ਅਤੇ ਅੱਜਕੱਲ੍ਹ ਸਟਾਕਹੋਮ (ਸਵੀਡਨ) ਵਿਚ ਵੱਸਦੇ ਪ੍ਰੋ. ਇਸ਼ਤਿਆਕ ਅਹਿਮਦ ਨੇ ਕਿਹਾ ਕਿ ਭਾਰਤ-ਪਾਕਿਸਤਾਨ ਦੀ 1947 ਵਾਲੀ ਵੰਡ ਗੈਰ-ਕੁਦਰਤੀ, ਬੇ-ਦਲੀਲੀ ਅਤੇ ਸਮਾਜ-ਵਿਰੋਧੀ ਸੀ। ਪ੍ਰੋ.ਇਸ਼ਤਿਆਕ ਨੇ ਸਵੀਡਨ ਦੀ ਸਟਾਕਹੋਮ ਯੂਨੀਵਰਸਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਤੋਂ ਪੀਐਚ.ਡੀ. ਕੀਤੀ ਹੈ ਅਤੇ ਹੁਣ ਪੰਜਾਬ ਦੀ ਵੰਡ ਬਾਰੇ 'ਪੰਜਾਬ-ਬਲੱਡੀਡ,ਪਾਰਟੀਸ਼ਨਡ ਐਂਡ ਕਲੀਨਜ਼ਡ' ਕਿਤਾਬ ਲਿਖੀ ਹੈ। ਕਿਤਾਬ ਬਾਰੇ ਚਰਚਾ 'ਲੋਕ ਪਹਿਲਕਦਮੀ' ਕਰਵਾਈ ਗਈ।



ਪ੍ਰੋ.ਇਸ਼ਤਿਆਕ ਨੇ ਕਿਹਾ ਕਿ ਵੰਡ ਪਿੱਛੇ ਫੌਰੀ ਸਿਆਸਤ ਤੋਂ ਲੈ ਕੇ ਵੰਨ-ਸੁਵੰਨਾ ਫਿਰਕੂ ਰੁਝਾਨ ਅਤੇ ਅੰਗਰੇਜ਼ ਬਸਤਾਨਾਂ ਦੀ ਚਿਰਕਾਲੀ ਨੀਤੀ ਕਾਰਜਸ਼ੀਲ ਸੀ। ਉਨ੍ਹਾਂ ਕਿਹਾ, "ਇਹ ਵੰਡ ਕੌਮ ਆਧਾਰਤ ਨਹੀਂ, ਧਰਮ ਆਧਾਰਤ ਹੋਈ ਸੀ। ਇਸ ਵੰਡ ਨੇ ਸਭ ਤੋਂ ਵੱਡਾ ਨੁਕਸਾਨ ਪੰਜਾਬ ਦਾ ਕੀਤਾ।" ਉਨ੍ਹਾਂ ਕਿਹਾ ਕਿ ਕੋਈ ਵੀ ਰਾਜ, ਧਰਮ ਆਧਾਰਤ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਦੇ ਸਿੱਟੇ ਬੜੇ ਗੰਭੀਰ ਨਿਕਲਦੇ ਹਨ। ਪਾਕਿਸਤਾਨ ਹੁਣ ਧਰਮ ਆਧਾਰਤ ਹੋਣ ਦੇ ਹੀ ਸਿੱਟੇ ਭੁਗਤ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਂਝਾ ਪੰਜਾਬ ਜੋਗੀਆਂ, ਨਾਥਾਂ, ਸੂਫੀਆਂ, ਫਰੀਦ, ਨਾਨਕ ਦੀ ਧਰਤੀ ਸੀ ਜਿਨ੍ਹਾਂ ਨੇ ਹਮੇਸ਼ਾਂ ਸਮਾਜਕ ਸਦਭਾਵਨਾ ਦੀ ਗੱਲ ਕੀਤੀ। ਇਸੇ ਲਈ ਆਮ ਲੋਕ ਭਾਵੇਂ ਵੰਡ ਨਹੀਂ ਚਾਹੁੰਦੇ ਸਨ ਪਰ ਕੁਝ ਲੋਕਾਂ ਦੇ ਸਿਆਸੀ ਮੁਫਾਦਾਂ ਕਰ ਕੇ ਉਹ ਵੰਡ ਦਾ ਸ਼ਿਕਾਰ ਸਿਰਫ ਹੋਏ। ਹੁਣ ਭਾਵੇਂ 'ਰੈਡਕਲਿਫ ਲਾਈਨ' ਖ਼ਤਮ ਨਹੀਂ ਕੀਤੀ ਜਾ ਸਕਦੀ, ਭਾਵ ਦੋਵੇਂ ਪੰਜਾਬ ਇਕ ਨਹੀਂ ਹੋ ਸਕਦੇ, ਪਰ ਯੂਰਪੀ ਯੂਨੀਅਨ ਦੇ ਦੇਸ਼ਾਂ ਵਾਂਗ ਸੱਭਿਆਚਾਰ-ਸਮਾਜਕ-ਆਰਥਿਕ-ਭਾਈਚਾਰਕ ਸਾਂਝ ਤਾਂ ਪੈਦਾ ਕੀਤੀ ਹੀ ਜਾ ਸਕਦੀ ਹੈ। ਵਿਚਾਰ ਚਰਚਾ ਵਿਚ ਸਿੱਖ ਚਿੰਤਕ ਅਜਮੇਰ ਸਿੰਘ, 'ਫਿਲਹਾਲ' ਰਸਾਲੇ ਸੰਪਾਦਕ ਗੁਰਬਚਨ, ਸਿੱਖ ਚਿੰਤਕ ਗੁਰਤੇਜ ਸਿੰਘ, ਸਾਊਸ ਏਸ਼ੀਆ ਪੋਸਟ ਦੇ ਐਡੀਟਰ ਗੋਬਿੰਦ ਠੁਕਰਾਲ, 'ਹਿੰਦੂ' ਅਖ਼ਬਾਰ ਦੇ ਸਰਬਜੀਤ ਪੰਧੇਰ, ਡਾ. ਸਵਰਾਜ ਸਿੰਘ, ਪੰਜਾਬ ਬੁੱਕ ਸੈਂਟਰ ਦੇ ਅਵਤਾਰ ਪਾਲ, ਸਾਬਕਾ ਆਈ.ਏ.ਐਸ. ਕੁਲਬੀਰ ਸਿੰਘ ਸਿੱਧੂ ਆਦਿ ਨੇ ਵੀ ਹਿੱਸਾ ਲਿਆ। ਅਖੀਰ ਵਿਚ 'ਲੋਕ ਪਹਿਲਕਦਮੀ' ਵਲੋਂ ਨੈਨਇੰਦਰ ਸਿੰਘ ਤੇ ਯਾਦਵਿੰਦਰ ਕਰਫਿਊ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

## ਪੰਜਾਬ: ਵੰਡ-ਦਰ-ਵੰਡ

*ਪ੍ਰੋ. ਇਸ਼ਤਿਆਕ ਅਹਿਮਦ ਨੇ ਪੰਜਾਬ ਦੀ ਵੰਡ ਬਾਰੇ ਆਪਣੀ ਮਹੱਤਵਪੂਰਨ ਕਿਤਾਬ 'ਪੰਜਾਬ-ਬਲੱਡੀਡ, ਪਾਰਟੀਸ਼ਨਡ ਐਂਡ ਕਲੀਨਜ਼ਡ' ਵਿਚ ਪੰਜਾਬ ਦੀ ਵੰਡ ਦੀਆਂ ਜੜ੍ਹਾਂ ਬਾਰੇ ਵਿਸਥਾਰ ਸਹਿਤ ਤਬਸਰਾ ਕੀਤਾ ਹੈ। ਕਿਤਾਬ ਵਿਚ ਪੂਰੇ ਦਾ ਪੂਰਾ ਚੈਪਟਰ 'ਜੈਨੇਸਿਸ ਆਫ ਦਿ ਪੰਜਾਬ ਪਾਰਟੀਸ਼ਨ' ਇਸ ਮੁੱਦੇ ਬਾਰੇ ਹੈ। ਇਸ ਚੈਪਟਰ ਵਿਚੋਂ ਕੁਝ ਤੱਥ ਇਉਂ ਹਨ:*

ਪੰਜਾਬ ਦੇ ਪੰਜ ਸਰਹੱਦੀ ਜ਼ਿਲ੍ਹੇ ਪੇਸ਼ਾਵਰ, ਕੋਹਾਟ, ਬਾਨੂੰ, ਹਾਜ਼ਰਾ ਅਤੇ ਡੇਰਾ ਇਸਮਾਈਲ ਖਾਨ 1901 ਵਿਚ ਪੰਜਾਬ ਨਾਲੋਂ ਵੱਖ ਕਰ ਕੇ ਨਵਾਂ ਸਰਹੱਦੀ ਸੂਬਾ ਬਣਾ ਦਿੱਤਾ ਗਿਆ।

1911 ਵਿਚ ਜਦੋਂ ਅੰਗਰੇਜ਼ਾਂ ਨੇ ਆਪਣਾ ਸੱਤਾ ਕੇਂਦਰ ਕਲਕੱਤਾ ਤੋਂ ਦਿੱਲੀ ਤਬਦੀਲ ਕੀਤਾ ਤਾਂ ਦਿੱਲੀ ਨੂੰ ਵੀ ਪੰਜਾਬ ਵਿਚੋਂ ਵੱਖ ਕਰ ਦਿੱਤਾ।

1901 ਵਿਚ ਪੰਜਾਬ ਵਿਚ ਮੁਸਲਮਾਨ ਕੁੱਲ ਵਸੋਂ ਦਾ 49.6 ਫੀਸਦ ਹਿੱਸਾ ਸਨ। ਹਿੰਦੂ 41.3 ਫੀਸਦ, ਸਿੱਖ 8.6, ਈਸਾਈ 0.3 ਫੀਸਦ ਅਤੇ ਹੋਰ ਭਾਈਚਾਰੇ 0.2 ਫੀਸਦ ਸਨ। ਅਗਲੇ ਚਾਰ ਦਹਾਕਿਆਂ ਵਿਚ, ਭਾਵ 1941 ਵਿਚ ਵਸੋਂ 'ਚ ਵੱਡੀ ਤਬਦੀਲੀ ਆਈ। ਮੁਸਲਮਾਨਾਂ ਦੀ ਫੀਸਦ 53.2 ਹੋ ਗਈ ਅਤੇ ਸਿੱਖ ਵਸੋਂ 14.9 ਫੀਸਦ ਤੱਕ ਪੁੱਜ ਗਈ। ਹਿੰਦੂ ਵਸੋਂ ਘਟ ਕੇ 29.1 ਫੀਸਦ ਉਤੇ ਆ ਗਈ। ਹਿੰਦੂ ਵਸੋਂ ਇੰਨੀ ਤੇਜ਼ੀ ਨਾਲ ਘਟਣ ਨੇ ਹਿੰਦੂ ਲੀਡਰਾਂ ਨੂੰ ਫਿਕਰ ਵਿਚ ਪਾ ਦਿੱਤਾ। ਪੰਜਾਬ ਨੂੰ ਮਜ਼ਹਬ ਦੇ ਆਧਾਰ ਉਤੇ ਵੰਡਣ ਬਾਰੇ ਪਹਿਲਾ ਖਿਆਲ ਨਵੰਬਰ-ਦਸੰਬਰ 1924 ਨੂੰ ਆਰੀਆ ਸਮਾਜ ਦੇ ਆਗੂ ਲਾਲਾ ਲਾਜਪਤ ਰਾਏ ਨੇ ਦਿੱਤਾ। ਸਿੱਖਾਂ ਨੇ ਆਪਣੀ ਧਾਰਮਿਕ ਅਤੇ ਸਭਿਆਚਾਰਕ ਭੋਇੰ ਨੂੰ ਆਧਾਰ ਬਣਾ ਕੇ ਪੰਜਾਬ ਉਤੇ ਆਪਣਾ ਦਾਅਵਾ ਪੇਸ਼ ਕੀਤਾ। ਉਂਜ ਵੀ 20ਵੀ ਸਦੀ ਦੇ ਤੀਜੇ ਦਹਾਕੇ ਤੱਕ ਪੁੱਜਦਿਆਂ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਕੁਝ-ਕੁਝ ਕਸ਼ਮਕਸ਼ ਸ਼ੁਰੂ ਹੋ ਗਈ ਸੀ, ਕਿਉਂਕਿ ਆਰੀਆ ਸਮਾਜੀ ਆਗੂਆਂ ਨੇ ਸਿੱਖਾਂ ਨੂੰ ਹਿੰਦੂਆਂ ਦਾ ਹੀ ਹਿੱਸਾ ਆਖਣਾ ਸ਼ੁਰੂ ਕਰ ਦਿੱਤਾ ਸੀ ਅਤੇ ਸਿੱਖ ਇਸ ਦੀ ਡਟ ਕੇ ਮੁਖਾਲਫਤ ਕਰ ਰਹੇ ਸਨ। 1923 ਵਿਚ ਬਣੀ ਪੰਜਾਬ ਯੂਨੀਅਨਿਸਟ ਪਾਰਟੀ ਦਾ ਪੰਜਾਬ ਵਿਚ ਵੰਡ ਤੱਕ ਵਾਹਵਾ ਪ੍ਰਭਾਵ ਰਿਹਾ। ਇਸ ਦਾ ਮੁੱਖ ਨਾਅਰਾ ਪੰਜਾਬੀਅਤ ਸੀ।




ਸਿੱਖਾਂ ਦਾ ਸਿਆਸਤ ਵਿਚ ਭਰਵਾਂ ਦਾਖਲਾ ਇਨਕਲਾਬੀ ਗਦਰ ਪਾਰਟੀ ਰਾਹੀਂ ਹੋਇਆ। ਗੁਰਦੁਆਰਾ ਲਹਿਰ ਨਾਲ ਸਿੱਖ ਪੰਜਾਬ ਵਿਚ ਛਾ ਗਏ।ਮੁਸਲਮਾਨਾਂ ਲਈ ਵੱਖਰੇ ਦੇਸ਼ ਦਾ ਖਿਆਲ ਭਾਵੇਂ ਸਰ ਮੁਹੰਮਦ ਇਕਬਾਲ ਨੇ 1930 ਵਿਚ ਦੇ ਦਿੱਤਾ ਸੀ, ਪਰ 23 ਮਾਰਚ 1940 ਵਾਲੇ ਮਤੇ ਨੇ ਸਭ ਕੁਝ ਸਪਸ਼ਟ ਕਰ ਦਿੱਤਾ। ਇਸ ਤੋਂ ਬਾਅਦ ਹੌਲੀ-ਹੌਲੀ ਮੁਸਮਮਾਨ ਮੁਸਲਿਮ ਲੀਗ ਦੁਆਲੇ ਜੁੜਦੇ ਗਏ ਅਤੇ ਆਖਰਕਾਰ ਗੱਲ ਪੰਜਾਬ ਦੀ ਵੰਡ ਤੱਕ ਵੀ ਜਾ ਪੁੱਜੀ।

## 1947: ਅਹਿਮ ਘਟਨਾਵਾਂ

**24 ਜਨਵਰੀ:** ਪ੍ਰੀਮੀਅਰ ਖਿਜ਼ਰ ਹਯਾਤ ਟਿਵਾਣਾ ਵੱਲੋਂ ਮੁਸਲਿਮ ਨੈਸ਼ਨਲ ਗਾਰਡ ਅਤੇ ਆਰ.ਐਸ.ਐਸ. ਉਤੇ ਪਾਬੰਦੀ। ਮੁਸਲਿਮ ਲੀਗ ਵੱਲੋਂ ਖਿਜ਼ਰ ਖਿਲਾਫ ਸਿੱਧੀ ਕਾਰਵਾਈ ਆਰੰਭ।

**20 ਫਰਵਰੀ:** ਅੰਗਰੇਜ਼ ਸਰਕਾਰ ਵੱਲੋਂ ਜੂਨ 1948 ਤੱਕ ਆਪਣੀ ਹਕੂਮਤ ਖਤਮ ਕਰਨ ਦਾ ਐਲਾਨ।

**26 ਫਰਵਰੀ:** ਮੁਸਲਿਮ ਲੀਗ ਨੇ ਸਿਵਲ ਨਾ-ਫਰਮਾਨੀ ਅੰਦੋਲਨ ਵਾਪਸ ਲਿਆ। ਸਾਰੇ ਬੰਦੀ ਰਿਹਾਅ।

**2 ਮਾਰਚ:** ਖਿਜ਼ਰ ਹਯਾਤ ਰਾਣਾ ਵੱਲੋਂ ਅਸਤੀਫਾ। ਸੂਬੇ ਵਿਚ ਸਿਆਸੀ ਅਤੇ ਸੰਵਿਧਾਨਕ ਸੰਕਟ।

**3 ਮਾਰਚ:** ਮਾਸਟਰ ਤਾਰਾ ਸਿੰਘ ਨੇ ਪਾਕਿਸਤਾਨ ਬਣਾਉਣ ਦੀ ਨੁਕਤਾਚੀਨੀ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਬਾਹਰ ਕਿਰਪਾਨ ਲਹਿਰਾਈ। ਲਾਹੌਰ ਵਿਚ ਮੀਟਿੰਗ ਦੌਰਾਨ ਸਿੱਖ ਅਤੇ ਹਿੰਦੂ ਲੀਡਰਾਂ ਵੱਲੋਂ ਪਾਕਿਸਤਾਨ ਬਣਾਏ ਜਾਣ ਦੀ ਮੁਖਾਲਫਤ।



*ਸਾਇਰਲ ਰੈਡਕਲਿਫ*



*ਖਿਜ਼ਰ ਹਯਾਤ ਟਿਵਾਣਾ*

**4 ਮਾਰਚ:** ਲਾਹੌਰ ਅਤੇ ਅੰਮ੍ਰਿਤਸਰ ਵਿਚ ਸਿੱਖਾਂ-ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਹਿੰਸਕ ਝੜਪ।

**5 ਮਾਰਚ:** ਪੰਜਾਬ ਦੇ ਗਵਰਨਰ ਸਰ ਈਵਾਨ ਜੈਂਕਿੰਸ ਸੂਬੇ ਵਿਚ ਗਵਰਨਰੀ ਰਾਜ ਲਾਗੂ। ਇਹ ਗਵਰਨਰੀ ਰਾਜ 15 ਅਗਸਤ ਤੱਕ ਪੂਰਬੀ ਅਤੇ ਪੱਛਮੀ ਪੰਜਾਬ ਦੀਆਂ ਸਰਕਾਰਾਂ ਨੂੰ ਸੱਤਾ ਸੌਂਪਣ ਤੱਕ ਜਾਰੀ ਰਿਹਾ।

**6-13 ਮਾਰਚ:** ਰਾਵਲਪਿੰਡੀ, ਕੈਂਬਲਪੁਰ (ਅਟਕ) ਅਤੇ ਜਿਹਲਮ ਜ਼ਿਲ੍ਹਿਆਂ ਦੇ ਸਿੱਖ ਵਸੋਂ ਵਾਲੇ ਪਿੰਡਾਂ ਉਤੇ ਹਥਿਆਰਬੰਦ ਮੁਸਲਮਾਨਾਂ ਦਾ ਹਮਲਾ। ਇਨ੍ਹਾਂ ਹਮਲਿਆਂ 'ਚ 2 ਤੋਂ 5 ਹਜ਼ਾਰ ਤੱਕ ਸਿੱਖ ਤੇ ਹਿੰਦੂ ਮਾਰੇ ਗਏ। ਹਜ਼ਾਰਾਂ ਸਿੱਖਾਂ ਨੇ ਪੂਰਬੀ ਜ਼ਿਲ੍ਹਿਆਂ ਤੇ ਰਿਆਸਤਾਂ 'ਚ ਪਨਾਹ ਲਈ।

**8 ਮਾਰਚ:** ਕਾਂਗਰਸ ਵੱਲੋਂ ਸਿੱਖਾਂ ਦੀ ਪੰਜਾਬ ਦੀ ਵੰਡ ਵਾਲੀ ਮੰਗ ਦੀ ਤਈਦ।

**24 ਮਾਰਚ:** ਲਾਰਡ ਲੂਈਸ ਮਾਊਂਟਬੇਟਨ ਨੇ ਭਾਰਤ ਦੇ ਆਖਰੀ ਵਾਇਸਰਾਇ ਅਤੇ ਗਵਰਨਰ-ਜਨਰਲ ਵਜੋਂ ਕਮਾਨ ਸੰਭਾਲੀ।

**ਅਪ੍ਰੈਲ-ਜੂਨ:** ਲਾਹੌਰ ਅਤੇ ਅੰਮ੍ਰਿਤਸਰ ਵਿਚ ਛੁਰੇਬਾਜ਼ੀ, ਭੰਨ-ਤੋੜ ਅਤੇ ਦੇਸੀ ਬੰਬ ਚੱਲਣ ਦੀਆਂ ਲਗਾਤਾਰ ਘਟਨਾਵਾਂ। ਵੱਡੀ ਗਿਣਤੀ ਵਿਚ ਸਿੱਖ ਅਤੇ ਹਿੰਦੂ ਪੱਛਮੀ ਪੰਜਾਬ ਤੋਂ ਸੁਰੱਖਿਅਤ ਥਾਵਾਂ 'ਤੇ ਜਾਣੇ ਸ਼ੁਰੂ।

**14-15 ਮਈ:** ਮੁਹੰਮਦ ਅਲੀ ਜਿਨਾਹ ਅਤੇ ਲਿਆਕਤ ਅਲੀ ਖਾਨ ਸਿੱਖਾਂ ਦੇ ਪਾਕਿਸਤਾਨ ਵਿਚ ਰਹਿਣ ਦੇ ਮਾਮਲੇ ਬਾਰੇ ਪਟਿਆਲਾ ਦੇ ਮਹਾਰਾਜਾ ਅਤੇ ਹੋਰ ਸਿੱਖ ਲੀਡਰਾਂ ਨੂੰ ਮਿਲੇ। ਗੱਲਬਾਤ ਸਿਰੇ ਨਹੀਂ ਚੜ੍ਹੀ।

**3 ਜੂਨ:** ਮਾਊਂਟਬੇਟਨ ਵੱਲੋਂ ਵੰਡ ਯੋਜਨਾ ਦਾ ਐਲਾਨ। ਨਾਲ ਹੀ ਅਗਸਤ ਦੇ ਅੱਧ ਤੱਕ ਭਾਰਤੀ ਅਤੇ ਪਾਕਿਸਤਾਨੀ ਸਰਕਾਰਾਂ ਨੂੰ ਸੱਤਾ ਸੌਂਪਣ ਦਾ ਵੀ ਐਲਾਨ।

**23 ਜੂਨ:** ਪੰਜਾਬ ਵਿਧਾਨ ਸਭਾ ਦੇ ਮੈਂਬਰ ਪੂਰਬੀ ਅਤੇ ਪੱਛਮੀ ਪੰਜਾਬ ਦੇ ਲੀਡਰਾਂ ਨੂੰ ਮਿਲੇ ਅਤੇ ਪੰਜਾਬ ਦੀ ਵੰਡ ਦੇ ਹੱਕ ਵਿਚ ਵੋਟ ਪਾਈ।

**8 ਜੁਲਾਈ:** ਸਰ ਸਾਇਰਲ ਰੈਡਕਲਿਫ ਹੱਦਬੰਦੀ ਕਮਿਸ਼ਨ ਦੀ ਕਮਾਨ ਸਾਂਭਣ ਲਈ ਭਾਰਤ ਪੁੱਜਾ।

**18 ਜੁਲਾਈ:** ਬ੍ਰਿਟਿਸ਼ ਪਾਰਲੀਮੈਂਟ ਵੱਲੋਂ ਭਾਰਤ ਆਜ਼ਾਦੀ ਐਕਟ 1947 ਪਾਸ।

**21 ਜੁਲਾਈ-31 ਜੁਲਾਈ:** ਕਾਂਗਰਸ, ਮੁਸਲਿਮ ਲੀਗ, ਸਿੱਖਾਂ ਅਤੇ ਕੁਝ ਘੱਟਗਿਣਤੀ ਗਰੁੱਪਾਂ ਵੱਲੋਂ ਪੇਸ਼ ਦਾਅਵਿਆਂ ਬਾਰੇ ਪੰਜਾਬ ਹੱਦਬੰਦੀ ਕਮਿਸ਼ਨ ਦੀ ਪੁਣ-ਛਾਣ।

ਇਸੇ ਦੌਰਾਨ ਪੰਜਾਬ ਵੰਡਿਆ ਗਿਆ ਅਤੇ ਪੇਂਡੂ ਇਲਾਕਿਆਂ ਵਿਚ ਵੱਢ-ਟੁੱਕ ਸ਼ੁਰੂ। ਸਰਕਾਰ ਦਾ ਅਸਰ ਤੇਜ਼ੀ ਨਾਲ ਕਾਫੂਰ ਹੋਇਆ। ਪੂਰਬੀ ਜ਼ਿਲ੍ਹਿਆਂ ਵਿਚ ਸਿੱਖਾਂ ਦੇ ਜਥਿਆਂ ਵੱਲੋਂ ਮੁਸਲਮਾਨਾਂ ਉਤੇ ਹਮਲੇ ਸ਼ੁਰੂ।

**1 ਅਗਸਤ:** ਮੇਜਰ ਜਨਰਲ ਰੀਸ ਦੀ ਕਮਾਨ ਹੇਠ ਪੰਜਾਬ ਬਾਊਂਡਰੀ ਫੋਰਸ (ਪੀ.ਬੀ.ਐਫ.) ਨੇ ਪੰਜਾਬ ਦੇ 12 ਜ਼ਿਲ੍ਹਿਆਂ ਦੀ ਕਮਾਨ ਸੰਭਾਲੀ। ਇਸ ਫੋਰਸ ਕੋਲ ਲੋੜੀਂਦੇ ਹਥਿਆਰ ਵੀ ਨਹੀਂ ਸਨ ਅਤੇ ਪੰਜਾਬ ਦੀਆਂ ਰਿਆਸਤਾਂ ਇਸ ਦੇ ਘੇਰੇ ਵਿਚੋਂ ਬਾਹਰ ਸਨ।

**12 ਅਗਸਤ:** ਗਵਰਨਰ ਜੈਂਕਿੰਸ ਦੀ ਰਿਪੋਰਟ ਮੁਤਾਬਕ ਪੂਰਬੀ ਜ਼ਿਲਿਆਂ ਵਿਚੋਂ ਮੁਸਲਮਾਨਾਂ ਦੀ ਵੱਡੀ ਪੱਧਰ 'ਤੇ ਹਿਜਰਤ ਸ਼ੁਰੂ।

**15 ਅਗਸਤ:** ਪੰਜਾਬ ਦੀ ਸੱਤਾ ਪੂਰਬੀ ਅਤੇ ਪੱਛਮੀ ਪੰਜਾਬ ਦੀਆਂ ਸਰਕਾਰਾਂ ਨੂੰ ਸੌਂਪੀ। ਰਸਮੀ ਤੌਰ 'ਤੇ ਉਪ-ਮਹਾਦੀਪ ਵਿਚ ਅੰਗਰੇਜ਼ਾਂ ਦਾ ਰਾਜ ਖਤਮ।

**17 ਅਗਸਤ:** ਰੈਡਕਲਿਫ ਐਵਾਰਡ ਜਿਸ ਰਾਹੀਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰਹੱਦ ਵਾਹੀ ਗਈ, ਜਨਤਕ ਕੀਤੀ। ਇਸ ਤੋਂ ਬਾਅਦ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਹਿੰਸਾ ਸ਼ੁਰੂ।

**1 ਸਤੰਬਰ:** ਪੰਜਾਬ ਬਾਊਂਡਰੀ ਫੋਰਸ (ਪੀ.ਬੀ.ਐਫ.) ਤੋੜੀ; ਭਾਰਤੀ ਅਤੇ ਪਾਕਿਸਤਾਨੀ ਸਰਕਾਰਾਂ ਵੱਲੋਂ ਸਰਹੱਦ ਤੱਕ ਰਿਫਿਊਜੀਆਂ ਨੂੰ ਪਹੁੰਚਾਉਣ ਲਈ ਸਾਂਝੀਆਂ ਯੂਨਿਟਾਂ ਕਾਇਮ।

**17 ਅਗਸਤ-31 ਦਸੰਬਰ:** ਦੋਹਾਂ ਪੰਜਾਬਾਂ ਵਿਚੋਂ ਵਸੋਂ ਦਾ ਵੱਡੇ ਪੱਧਰ 'ਤੇ ਤਬਾਦਲਾ।

**31 ਦਸੰਬਰ:** ਕੁੱਲ ਮਿਲਾ ਕੇ ਦੋਹਾਂ ਪਾਸਿਆਂ ਦੇ ਇਕ ਕਰੋੜ ਪੰਜਾਬੀ ਉਜੜੇ। ਇਨ੍ਹਾਂ 'ਚੋਂ 5 ਤੋਂ 8 ਲੱਖ ਤੱਕ ਰਾਹ ਵਿਚ ਹੀ ਮਾਰੇ ਗਏ।

## ਸਿੱਖ ਸਟੇਟ ਦੇ ਹੱਕ ਵਿਚ ਨਹੀਂ ਖੜ੍ਹੇਗਾ ਅਮਰੀਕਾ!

### ਮਜ਼ਹਬ ਆਧਾਰਤ ਸਟੇਟਾਂ ਦਾ ਵੇਲਾ ਹੁਣ ਗਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪ੍ਰੋਫੈਸਰ ਇਸ਼ਤਿਆਕ ਅਹਿਮਦ ਨੇ 'ਲੋਕ ਪਹਿਲਕਦਮੀ' ਮਗਰੋਂ ਕਰਵਾਏ ਸਮਾਗਮ ਤੋਂ ਬਾਅਦ ਪੱਤਰਕਾਰਾਂ ਨਾਲ ਗੁਫਤਗੂ ਦੌਰਾਨ ਕਿਹਾ ਹੈ ਕਿ 21ਵੀਂ ਸਦੀ ਵਿਚ ਮਜ਼ਹਬ ਦੇ ਆਧਾਰ ਉਤੇ ਨਵੇਂ ਸਟੇਟ ਦੀ ਕਾਇਮੀ ਸੰਭਵ ਨਹੀਂ। ਉਂਜ ਵੀ ਮਜ਼ਹਬ ਅਤੇ ਕੌਮੀਅਤ ਵਿਚਕਾਰ ਫਰਕ ਕਰਨਾ ਬਹੁਤ ਲਾਜ਼ਮੀ ਹੈ। ਉਨ੍ਹਾਂ ਮਜ਼ਹਬ ਦੇ ਆਧਾਰ ਉਤੇ ਬਣੇ ਪਾਕਿਸਤਾਨ ਦੀ ਮਿਸਾਲ ਇਕ ਵਾਰ ਦਿੱਤੀ ਜੋ ਹੁਣ ਆਪਣੀ ਹੋਂਦ ਬਰਕਰਾਰ ਰੱਖਣ ਲਈ ਲੜ ਰਿਹਾ ਹੈ। ਕੁੱਲ 754 ਸਫਿਆਂ ਦੀ ਇਸ ਕਿਤਾਬ ਵਿਚ ਪੰਜਾਬ ਦੀ ਵੰਡ ਬਾਰੇ ਬਹੁਤ ਸਾਰੇ ਅਣਫੋਲੇ ਵਰਕੇ ਪਹਿਲੀ ਵਾਰ ਫੋਲੇ ਗਏ ਹਨ।

ਵੱਖਰੇ ਸਿੱਖ ਸਟੇਟ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਪ੍ਰੋ. ਇਸ਼ਤਿਆਕ ਅਹਿਮਦ ਨੇ ਕਿਹਾ ਕਿ ਵੰਡ ਵੇਲੇ ਇਸ ਦੀ ਭੋਰਾ ਕੁ ਸੰਭਾਵਨਾ ਬਣੀ ਸੀ ਪਰ ਉਸ ਵੇਲੇ ਸਾਰੀਆਂ ਘਟਨਾਵਾਂ ਇੰਨੀ ਤੇਜ਼ੀ ਨਾਲ ਹੋਈਆਂ ਕਿ ਵੱਖਰੇ ਸਿੱਖ ਸਟੇਟ ਜਾਂ ਵੱਖਰੇ ਪੰਜਾਬ ਦੀ ਗੱਲ ਵਿਚੇ ਰੁਲ ਗਈ ਅਤੇ ਸਾਰੀਆਂ ਧਿਰਾਂ ਪੰਜਾਬ ਦੀ ਵੰਡ ਲਈ ਸਹਿਮਤ ਹੋ ਗਈਆਂ। ਉਸ ਵੇਲੇ ਸਾਰੀ ਗਿਣਤੀ-ਮਿਣਤੀ ਦਾ ਆਧਾਰ ਵਸੋਂ ਸੀ ਅਤੇ ਇਸ ਪੱਖੋਂ ਗੱਲ ਕਿਸੇ ਤਣ-ਪੱਤਣ ਨਹੀਂ ਸੀ ਲੱਗਦੀ। ਹਾਂ, ਮੁਹੰਮਦ ਅਲੀ ਜਿਨਾਹ ਨੇ ਸਿੱਖਾਂ ਨੂੰ ਪਾਕਿਸਤਾਨ ਨਾਲ ਰਲਣ ਲਈ ਮਨਾਉਣ ਦਾ ਯਤਨ ਜ਼ਰੂਰ ਕੀਤਾ ਸੀ, ਪਰ 6 ਤੋਂ 13 ਜੂਨ 1947 ਨੂੰ ਮੁਸਲਿਮ ਲੀਗ ਦੇ ਹਮਲਾਵਰਾਂ ਵੱਲੋਂ ਰਾਵਲਪਿੰਡੀ, ਕੈਂਬਲਪੁਰ (ਅਟਕ) ਅਤੇ ਜਿਹਲਮ ਜ਼ਿਲ੍ਹਿਆਂ ਵਿਚ 2000-5000 ਹਜ਼ਾਰ ਸਿੱਖਾਂ-ਹਿੰਦੂਆਂ ਦੇ ਕਤਲ ਬਾਰੇ ਜਨਾਬ ਜਿਨਾਹ ਵੱਲੋਂ ਧਾਰੀ ਖਾਮੋਸ਼ੀ ਤੋਂ ਬਾਅਦ ਸਿੱਖ ਆਗੂ ਭਾਰਤ ਵੱਲ ਉਲਾਰ ਹੋ ਗਏ।



ਉਨ੍ਹਾਂ ਕਿਹਾ ਕਿ ਹੁਣ ਸੰਸਾਰ ਦੀ ਸਿਆਸਤ ਵਿਚ ਬਹੁਤ ਵੱਡਾ ਮੋੜਾ ਆ ਚੁੱਕਾ ਹੈ। ਜਿਸ ਵੇਲੇ ਸੋਵੀਅਤ ਯੂਨੀਅਨ ਕਾਇਮ-ਦਾਇਮ ਸੀ, ਉਸ ਵੇਲੇ ਵੀ ਵੱਖਰੇ ਸਿੱਖ ਸਟੇਟ ਦੀ ਸੰਭਾਵਨਾ ਬਣ ਸਕਦੀ ਸੀ। ਉਸ ਵੇਲੇ ਅਮਰੀਕਾ, ਭਾਰਤ ਦੀ ਸੋਵੀਅਤ ਰੂਸ ਨਾਲ ਪੀਡੀ ਸਾਂਝ ਤੋਂ ਬਹੁਤ ਔਖਾ ਸੀ। ਹੁਣ ਤਾਂ ਭਾਰਤ ਅਤੇ ਅਮਰੀਕਾ ਆਪਸ ਵਿਚ ਘਿਉ-ਖਿਚੜੀ ਹਨ ਅਤੇ ਇਹ ਸਾਂਝ ਨਿੱਤ ਦਿਨ ਵਧ ਰਹੀ ਹੈ। ਹੁਣ ਸ਼ਾਇਦ ਅਮਰੀਕਾ ਭਾਰਤ ਦੇ ਖਿਲਾਫ ਕਿਸੇ ਵੱਖਰੇ ਸਟੇਟ ਦੀ ਹਮਾਇਤ ਨਹੀਂ ਕਰ ਸਕੇਗਾ।

# ਪੰਜਾਬੀ ਸੱਭਿਆਚਾਰ ਨੂੰ ਲੱਗਾ ਚਮਕ-ਦਮਕ ਦਾ ਘੁਣ

## ਫਜ਼ੂਲ ਖਰਚੀ ਨਾਲ ਪੰਜਾਬੀ ਹੋਏ ਕਰਜ਼ਾਈ



**ਚੰਡੀਗੜ੍ਹ:** ਪੰਜਾਬੀਆਂ ਦੀ ਪ੍ਰਾਹੁਣਚਾਰੀ ਪੂਰੀ ਦੁਨੀਆ ਵਿਚ ਮਸ਼ਹੂਰ ਰਹੀ ਹੈ। ਕੋਈ ਜ਼ਮਾਨਾ ਹੁੰਦਾ ਸੀ ਜਦ ਇਸ ਪ੍ਰਾਹੁਣਚਾਰੀ ਵਿਚ ਸਾਦਗੀ ਤੇ ਅਪਣੱਤ ਭਾਰੂ ਹੁੰਦੀ ਸੀ ਪਰ ਜਿਵੇਂ-ਜਿਵੇਂ ਸਮਾਜ ਵਿਚ ਪਦਾਰਥਕ ਕਦਰਾਂ-ਕੀਮਤਾਂ ਦਾ ਬੋਲਬਾਲਾ ਭਾਰੂ ਹੁੰਦਾ ਗਿਆ ਤਿਵੇਂ-ਤਿਵੇਂ ਸਾਦਗੀ ਤੇ ਅਪਣੱਤ ਦੀ ਭਾਵਨਾ ਵੀ ਖੰਭ ਲਾ ਕੇ ਉੱਡਣ ਲੱਗ ਪਈ। ਹੁਣ ਵਿਆਹਾਂ ਜਾਂ ਹੋਰ ਰਸਮਾਂ ਲਈ ਕੀਤੇ ਜਾਣ ਵਾਲੇ ਸਮਾਗਮ ਆਪਣੀ ਅਪਣੱਤ ਤੇ ਸ਼ਰੀਕੇਦਾਰੀ ਦੀ ਭਾਵਨਾ ਤੋਂ ਪੂਰੀ ਤਰ੍ਹਾਂ ਦੂਰ ਹੋ ਕੇ ਸਮਾਜਿਕ ਸ਼ੋਹਰਤ ਦਾ ਵਿਖਾਵਾ ਬਣ ਕੇ ਰਹਿ ਗਏ ਹਨ।

ਪਰਿਵਾਰਕ ਸਾਂਝ ਵਾਲੇ ਸਮਾਗਮਾਂ ਵਿਚ ਵੀ ਵੱਡੇ ਇਕੱਠ ਤੇ ਠਾਠ ਬੰਨ੍ਹ ਕੇ ਆਪਣਾ ਰੁਤਬਾ ਤੇ ਸ਼ੋਹਰਤ ਦਿਖਾਉਣ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਪਿਛਲੇ ਸਾਲਾਂ ਦੌਰਾਨ ਬਹੁਤ ਸਾਰੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਵੱਲੋਂ ਵਿਆਹ ਤੇ ਹੋਰ ਸਮਾਜਿਕ ਸਮਾਗਮਾਂ ਉੱਪਰ ਫਜ਼ੂਲ-ਖਰਚੀ ਨੂੰ ਘੱਟ ਕਰਨ ਤੇ ਅਜਿਹੇ ਸਮਾਗਮ ਸਾਦਗੀ ਭਰਪੂਰ ਬਣਾਉਣ ਲਈ ਉਪਰਾਲੇ ਕੀਤੇ ਜਾਂਦੇ ਰਹੇ ਹਨ ਪਰ ਹੋ ਉਲਟਾ ਰਿਹਾ ਹੈ। ਸਾਦਗੀ ਦੀ ਥਾਂ ਵੱਡੇ ਅਡੰਬਰ ਤੇ ਸ਼ੁਹਰਤ ਭਰੀਆਂ ਗੱਲਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਉੱਚ ਮੱਧ ਵਰਗ ਦੇ ਵਿਆਹ ਸਮਾਗਮਾਂ ਦੀ ਚਮਕ-ਦਮਕ ਦੇਖ ਕੇ ਸਮਾਜ ਦੇ ਬਾਕੀ ਵਰਗ ਖਾਸ ਕਰ ਮੱਧ ਵਰਗ ਇਸ ਦੌੜ ਵਿਚ ਸ਼ਾਮਲ ਹੋ ਰਿਹਾ ਹੈ ਤੇ ਨਾ-ਮੁੱਕਣ ਤੇ ਨਾ ਰੁਕਣ ਵਾਲੀ ਅਜਿਹੀ ਦੌੜ ਮੱਧ ਵਰਗ ਉੱਚ ਮੱਧ ਵਰਗ ਦਾ ਕਚੂੰਮਰ ਕੱਢ ਰਹੀ ਹੈ ਪਰ ਨੱਕ ਰੱਖਣ ਤੇ ਦਿਖਾਵੇ ਲਈ ਹਰ ਕੋਈ ਵਿਤੋਂ ਬਾਹਰਾ ਹੋ ਕੇ ਅਜਿਹੇ ਖਰਚ ਕਰ ਰਿਹਾ ਹੈ। ਪੈਲੇਸਾਂ ਵਿਚ ਵਿਆਹ ਕਰਨੇ ਤਾਂ ਹੁਣ ਤਕਰੀਬਨ ਆਮ ਵਰਤਾਰਾ ਹੋ ਗਿਆ ਹੈ ਪਰ ਵਿਆਹਾਂ ਵਿਚ ਹਜ਼ਾਰਾਂ ਦੀ ਗਿਣਤੀ ਦੇ ਇਕੱਠ ਕਰਨੇ ਤੇ ਫਿਰ ਬੇਹੱਦ ਮਹਿੰਗੇ ਖਾਣੇ ਤੇ ਵਿਦੇਸ਼ੀ ਸ਼ਰਾਬ ਪਰੋਸਣ ਦਾ ਰਿਵਾਜ ਵੀ ਕਾਫੀ ਵੱਡੇ ਪੱਧਰ 'ਤੇ ਪ੍ਰਚਲਿਤ ਹੋ ਗਿਆ ਹੈ। ਜਲੰਧਰ, ਲੁਧਿਆਣਾ, ਪਟਿਆਲਾ, ਅੰਮ੍ਰਿਤਸਰ ਤੇ ਮੁਹਾਲੀ ਵਿਚ ਅਜਿਹੇ ਪੈਲੇਸ ਵੀ ਹਨ ਜਿਨ੍ਹਾਂ ਵਿਚ ਹਜ਼ਾਰਾਂ ਪ੍ਰਾਹੁਣਿਆਂ ਦੀ ਖਾਤਰ ਦੇ ਬੰਦੋਬਸਤ ਹੁੰਦੇ ਹਨ। ਅਜਿਹੇ ਪੈਲੇਸਾਂ ਦਾ ਕਿਰਾਇਆ ਵੀ ਦੋ ਤੋਂ ਛੇ ਲੱਖ ਰੁਪਏ ਤੱਕ ਹੈ ਤੇ ਇਥੇ ਪ੍ਰਤੀ ਪਲੇਟ ਖਾਣਾ 1500 ਰੁਪਏ ਤੋਂ 2500 ਰੁਪਏ ਦੇ ਵਿਚਕਾਰ ਪੈਂਦਾ ਹੈ। ਇਸ ਤਰ੍ਹਾਂ ਇਕ ਹਜ਼ਾਰ ਦੇ ਕਰੀਬ ਦਾਅਵਤ ਵਾਲੇ ਸਮਾਗਮ ਦਾ ਸਿਰਫ ਖਾਣੇ ਦਾ ਖਰਚਾ ਹੀ 20-25 ਲੱਖ ਰੁਪਏ ਤੱਕ ਹੁੰਦਾ ਹੈ। ਸ਼ਰਾਬ ਦੇ ਮਾਮਲੇ ਵਿਚ ਵੀ ਪੰਜਾਬੀ ਦੁਨੀਆ ਨੂੰ ਮਾਤ ਪਾਉਂਦੇ ਹਨ। ਉੱਚ ਵਰਗ ਦੇ ਹੁੰਦੇ ਵਿਆਹ ਸਮਾਗਮਾਂ ਵਿਚ ਹੁਣ ਭਾਰਤ ਦੀ ਬਣੀ ਸ਼ਰਾਬ ਪਰੋਸਣੀ ਸ਼ਾਨ ਨੂੰ ਵੱਟਾ ਲਾਉਣ ਵਾਲੀ ਗੱਲ ਬਣ ਗਈ ਹੈ। ਜਲੰਧਰ ਜੀ.ਟੀ. ਰੋਡ ਉੱਪਰ ਪੈਂਦੇ ਇਕ ਵੱਡੇ ਕਿਲ੍ਹਾਨੁਮਾ ਪੈਲੇਸ ਵਿਚ ਢਾਈ ਹਜ਼ਾਰ ਤੋਂ ਵਧੇਰੇ ਪੁੱਜੇ ਮਹਿਮਾਨਾਂ ਦੀ ਵਿਆਹ ਪਾਰਟੀ ਵਿਚ ਬਲੈਕ ਲੇਬਲ ਪਾਣੀ ਦੀ ਤਰ੍ਹਾਂ ਵਹਾਈ ਗਈ।

ਪੈਲੇਸ ਕਾਰੋਬਾਰ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਇਕ ਹਜ਼ਾਰ ਦੇ ਕਰੀਬ ਮਹਿਮਾਨਾਂ ਵਾਲੇ ਅਜਿਹੇ ਸ਼ਾਹੀ ਵਿਆਹ ਦੇ ਇਕ ਦਿਨ ਦੇ ਸਮਾਗਮ ਦਾ ਖਰਚਾ ਹੀ 24-25 ਲੱਖ ਰੁਪਏ ਤੱਕ ਹੁੰਦਾ ਹੈ। ਵਿਆਹ ਵੀ ਇਕ ਦਿਨ ਦੀ ਰਸਮ ਨਹੀਂ ਰਹੇ। ਸ਼ਗਨ ਪਾਉਣ, ਮੁੰਦਰੀ ਪਾਉਣ, ਲੇਡੀਜ਼ ਸੰਗੀਤ, ਵਿਆਹ ਤੇ ਰਿਸੈਪਸ਼ਨ ਦੇ ਰੂਪ ਵਿਚ 6-7 ਦਿਨ ਅਜਿਹੇ ਜਸ਼ਨ ਚਲਦੇ ਹਨ। ਅਜਿਹੇ ਜਸ਼ਨ ਵਾਲੇ ਵਿਆਹ ਉੱਪਰ ਕਿਸੇ ਵੀ ਤਰ੍ਹਾਂ 50 ਲੱਖ ਰੁਪਏ ਤੋਂ ਘੱਟ ਖਰਚ ਨਹੀਂ ਆਉਂਦਾ। ਇਹ ਸਿਰਫ ਹੋਟਲ, ਪੈਲੇਸ ਤੇ ਖਾਣ-ਪੀਣ ਦੇ ਖਰਚੇ ਹਨ।

ਅਰਥ-ਸ਼ਾਸਤਰੀਆਂ ਦਾ ਮੰਨਣਾ ਹੈ ਕਿ ਗ਼ੈਰ ਜ਼ਰੂਰੀ ਕੰਮਾਂ ਉੱਪਰ ਏਨੇ ਵੱਡੇ ਖਰਚੇ ਪੰਜਾਬ ਦੀ ਆਰਥਿਕਤਾ ਦੀ ਮਜ਼ਬੂਤੀ ਲਈ ਨਹੀਂ ਸਗੋਂ ਪੰਜਾਬ ਨੂੰ ਆਰਥਿਕ ਮੰਦਹਾਲੀ ਵਾਲੇ ਪਾਸੇ ਲਿਜਾਣ ਦਾ ਹੀ ਕਾਰਨ ਬਣਨਗੇ।

# ਜਾਇਦਾਦ ਕਰ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਚ ਜਾਇਦਾਦ ਕਰ ਦੀ ਵਸੂਲੀ ਅਪਰੈਲ 2014 ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ ਪਰ ਜਾਇਦਾਦ ਕਰ ਲੱਗਣ ਤੋਂ ਪਹਿਲਾਂ ਹੀ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਵਿਭਾਗ ਵੱਲੋਂ ਤਾਂ ਇਸ ਕਰ ਨੂੰ ਸਰਲ ਦੱਸ ਕੇ ਲਾਗੂ ਕਰਨ ਦੀ ਗੱਲ ਕੀਤੀ ਹੈ ਪਰ ਪੰਜਾਬ ਵਿਚ ਜਾਇਦਾਦ ਕਰ ਦਿੱਲੀ ਵਿਚ ਲੱਗੇ ਕਰ ਦੀਆਂ ਦਰਾਂ ਵਾਂਗ ਹੀ ਲਾਗੂ ਕੀਤਾ ਗਿਆ ਹੈ। ਇਹ ਦਰਾਂ ਗੁਆਂਢੀ ਰਾਜ ਹਰਿਆਣਾ ਵਿਚ ਲੱਗੇ ਕਰ ਤੋਂ ਛੇ ਤੋਂ ਲੈ ਕੇ ਅੱਠ ਗੁਣਾ ਤੱਕ ਵੱਧ ਹਨ। ਦਿੱਲੀ ਦੀ ਜਰਜ਼ 'ਤੇ ਜਾਇਦਾਦ ਕਰ ਦੀਆਂ ਦਰਾਂ ਤਾਂ ਲਾਗੂ ਕਰ ਦਿੱਤੀਆਂ ਗਈਆਂ ਹਨ ਪਰ ਲੋਕਾਂ ਤੇ ਸਨਅਤਕਾਰਾਂ ਦਾ ਕਹਿਣਾ ਹੈ ਕਿ ਦਿੱਲੀ ਵਿਚ ਤਾਂ ਮੈਟਰੋ ਸਮੇਤ ਕਈ ਸਹੂਲਤਾਂ ਹਨ ਜਦਕਿ ਪੰਜਾਬ ਵਿਚ ਇਹ ਸਹੂਲਤਾਂ ਨਾ-ਮਾਤਰ ਹਨ। ਸਨਅਤਕਾਰਾਂ ਦਾ ਕਹਿਣਾ ਹੈ ਕਿ ਜਾਇਦਾਦ ਕਰ ਹਰਿਆਣਾ ਵਾਂਗ ਲਾਇਆ ਜਾਣਾ ਚਾਹੀਦਾ ਹੈ। ਹਰਿਆਣਾ ਵਿਚ ਤਾਂ ਇਕ ਏਕੜ ਵਿਚ ਬਣੀ ਸਨਅਤੀ ਯੂਨਿਟ ਤੋਂ 16,580 ਰੁਪਏ ਸਾਲਾਨਾ ਜਾਇਦਾਦ ਕਰ ਵਸੂਲ ਕੀਤਾ ਜਾਣਾ ਹੈ ਜਦਕਿ ਪੰਜਾਬ ਵਿਚ ਸਨਅਤਾਂ 'ਤੇ ਇਹ ਵਸੂਲੀ 95,000 ਰੁਪਏ ਦੇ ਕਰੀਬ ਸਾਲਾਨਾ ਵਸੂਲ ਕੀਤੀ ਜਾਵੇਗੀ।

# ਹਾਈ ਕੋਰਟ ਨੇ ਦਾਗੀ ਪੁਲਿਸ ਅਫਸਰਾਂ ਨੂੰ ਘਰ ਤੋਰਿਆ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਵਿਚ ਦਾਗ਼ੀ ਪੁਲਿਸ ਕਰਮੀਆਂ ਨੂੰ ਬਾਹਰ ਦਾ ਰਸਤਾ ਦਿਖਾਉਂਦਿਆਂ ਡੀਜੀਪੀ ਵੱਲੋਂ ਇਨ੍ਹਾਂ ਕਰਮੀਆਂ ਦੀਆਂ ਸੇਵਾਵਾਂ ਬਚਾਉਣ ਲਈ ਜਾਰੀ ਕੀਤਾ ਗਿਆ ਸਰਕੁਲਰ ਰੱਦ ਕਰ ਦਿੱਤਾ ਹੈ। ਚੀਫ਼ ਜਸਟਿਸ ਅਰਜਨ ਕੁਮਾਰ ਸੀਕਰੀ ਤੇ ਜਸਟਿਸ ਰਾਕੇਸ਼ ਕੁਮਾਰ ਜੈਨ 'ਤੇ ਆਧਾਰਤ ਡਿਵੀਜ਼ਨ ਬੈਂਚ ਨੇ ਅਹਿਮ ਫੈਸਲਾ ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਦਾਇਰ ਕੀਤੀ ਗਈ ਜਨਹਿਤ ਪਟੀਸ਼ਨ ਉੱਤੇ ਸੁਣਾਇਆ। ਐਡਵੋਕੇਟ ਅਰੋੜਾ ਨੇ 18 ਮਈ, 2010 ਨੂੰ ਡੀਜੀਪੀ ਪੰਜਾਬ ਵੱਲੋਂ ਜਾਰੀ ਕੀਤੇ ਗਏ ਸਰਕੁਲਰ ਦੀ ਧਾਰਾ (3) ਨੂੰ ਚੁਣੌਤੀ ਦਿੱਤੀ ਸੀ। ਇਸ ਸਰਕੁਲਰ ਤਹਿਤ ਉਨ੍ਹਾਂ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਨੂੰ ਬਰਤਰਫ਼ੀ ਤੋਂ ਛੋਟ ਦਿੱਤੀ ਗਈ ਸੀ ਜਿਨ੍ਹਾਂ ਨੂੰ ਵੱਖ-ਵੱਖ ਕੇਸਾਂ ਵਿਚ ਤਿੰਨ ਸਾਲ ਤੋਂ ਘੱਟ ਦੀ ਸਜ਼ਾ ਸੁਣਾਈ ਗਈ ਸੀ।

ਹਾਈ ਕੋਰਟ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਕਿਸੇ ਸੀਨੀਅਰ ਅਫਸਰ ਜਾਂ ਅਥਾਰਿਟੀ ਵੱਲੋਂ ਨਿਯੁਕਤੀਆਂ ਕਰਨ ਵਾਲੀ ਅਥਾਰਿਟੀ ਜਿਹੀ ਕਿਸੇ ਵਿਧਾਨਕ ਅਥਾਰਿਟੀ ਨੂੰ ਖਾਸ ਤਰ੍ਹਾਂ ਵਿਹਾਰ ਕਰਨ ਦੇ ਨਿਰਦੇਸ਼ ਨਹੀਂ ਦਿੱਤੇ ਜਾ ਸਕਦੇ। ਨਿਯੁਕਤੀ ਅਥਾਰਿਟੀ ਨੂੰ ਕਾਨੂੰਨ ਮੁਤਾਬਕ ਕੰਮ ਕਰਨਾ ਪਵੇਗਾ। ਬੈਂਚ ਨੇ ਰਾਇ ਦਿੱਤੀ ਕਿ ਸਰਕੁਲਰ ਦੀਆਂ ਹਦਾਇਤਾਂ ਸੰਵਿਧਾਨ ਦੀ ਧਾਰਾ 311 ਤੇ ਪੰਜਾਬ ਸਿਵਲ ਸਰਵਿਸਜ਼ (ਸਜ਼ਾ ਤੇ ਅਪੀਲ) ਨੇਮਾਂ ਦੀ ਧਾਰਾ 13 ਦੇ ਵੀ ਉਲਟ ਹੈ। ਇਨ੍ਹਾਂ ਧਾਰਾਵਾਂ ਤਹਿਤ ਕਿਸੇ ਸਬੰਧਤ ਅਧਿਕਾਰੀ ਨੂੰ ਕਿਸੇ ਸਰਕਾਰੀ ਮੁਲਾਜ਼ਮ ਖ਼ਿਲਾਫ਼ ਕਾਰਵਾਈ ਕਰਦਿਆਂ ਉਸ ਦੇ ਵਿਹਾਰ 'ਤੇ ਗੌਰ ਕਰਨਾ ਜ਼ਰੂਰੀ ਹੁੰਦਾ ਹੈ। ਬੈਂਚ ਨੇ ਇਹ ਤੈਅ ਕੀਤਾ ਕਿ ਕਿਸੇ ਫੌਜਦਾਰੀ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਗਏ ਸਰਕਾਰੀ ਮੁਲਾਜ਼ਮ ਨੂੰ ਖੁਦ-ਬ-ਖੁਦ ਸੇਵਾ ਤੋਂ ਬਰਖ਼ਾਸਤ ਨਹੀਂ ਕੀਤਾ ਜਾ ਸਕਦਾ ਪਰ ਇਸ ਦੇ ਜਾਰੀ ਕੀਤੇ ਹੋਏ ਸਰਕੁਲਰ ਦੀ ਧਾਰਾ ਤਿੰਨ (2) ਨੂੰ ਰੱਦ ਕਰ ਦਿੱਤਾ ਜਿਸ ਵਿਚ ਤਿੰਨ ਸਾਲ ਤੋਂ ਵੱਧ ਦੀ ਸਜ਼ਾ ਦੇ ਭਾਗੀ ਬਣੇ ਕਿਸੇ ਪੁਲਿਸ ਅਫਸਰ ਨੂੰ ਖੁਦ-ਬ-ਖੁਦ ਹੀ ਸੇਵਾ ਤੋਂ ਬਰਖ਼ਾਸਤ ਕੀਤੇ ਜਾਣ ਦੀ ਗੱਲ ਕਹੀ ਗਈ ਸੀ। ਬੈਂਚ ਨੇ ਇਸ ਨੂੰ ਉਸੇ ਆਧਾਰ 'ਤੇ ਰੱਦ ਕਰਦਿਆਂ ਕਿਹਾ ਕਿ ਇਹ ਕਿਸੇ ਦਾਗ਼ੀ ਪੁਲਿਸ ਅਫਸਰ ਖ਼ਿਲਾਫ਼ ਨਿਯੁਕਤੀ ਕਰਨ ਵਾਲੀ ਅਥਾਰਿਟੀ ਦੇ ਅਖ਼ਤਿਆਰ ਖੋਹਣ ਦੇ ਤੁੱਲ ਹੈ।


ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org



ਪੰਜਾਬੀ ਭਰਾਵਾਂ ਦਾ ਆਪਣਾ ਟਰੱਕ ਸਟਾਪ

Conoco Truckstop

3851 Hwy 119 Longmont, CO 80504 (Interstate 25, Exit 240)



Large cstore, Punjabi dhaba (veg+ non-veg), Truck Parts, Western Union, Cat Scale, Laundry, Shower, large parking lot

Buffet $8.95



ਟਰੱਕਰ ਵੀਰਾਂ ਲਈ ਸਪੈਸ਼ਲ

ਡੀਜ਼ਲ ਟੈਂਕੀ ਭਰੋ ਅਤੇ ਖਾਣੇ 'ਤੇ 10% ਛੋਟ ਲਓ
ਚਾਹ ਅਤੇ ਸ਼ਾਵਰ ਫਰੀ

Truck driver special
You fill up diesel 10% off dishes and free chai and free shower.

ਪੰਜਾਬੀ ਖਾਣੇ ਦਾ ਅਨੰਦ ਮਾਣੋ
ਤੁਸੀਂ ਆਪਣਾ ਖਾਣਾ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ

ਕੁਲਦੀਪ ਸਿੰਘ, ਫੋਨ: 303-776-9396

# ਪਾ ਦਿਓ ਸੜਕੇ ਮੌਲਾ ਜੀ...

ਕਲਾ ਪਰਿਕਰਮਾ

*ਸੁਰਾਂ ਦਾ ਸਹਿਜ਼ਾਦਾ ਸਤਿੰਦਰ ਸਰਤਾਜ ਉਦੋਂ ਤਿੰਨ ਸਾਲ ਦਾ ਸੀ ਜਦੋਂ ਉਸ ਦੀ ਸੁਰਾਂ ਨਾਲ ਸਾਂਝ ਪੈ ਗਈ ਸੀ। ਇਨ੍ਹਾਂ ਸੁਰਾਂ ਨਾਲ ਉਹ ਹੁਣ ਤੱਕ ਨਿਭ ਰਿਹਾ ਹੈ। ਉਸ ਦੇ ਗਾਉਣ ਦੀ ਕੋਈ ਰੀਸ ਨਹੀਂ ਜਾਪਦੀ। ਉਹ ਗਾਇਕਾਂ ਦੀ ਭੀੜ 'ਚ ਵੱਖਰਾ ਦਿਸਦਾ ਹੈ। ਹੁਸ਼ਿਆਰਪੁਰ ਦੇ ਪਿੰਡ ਬਜਰੌਰ ਵਿਚ ਸ. ਬਲਵਿੰਦਰ ਸਿੰਘ ਅਤੇ ਬੀਬੀ ਸਤਨਾਮ ਕੌਰ ਦੇ ਘਰ ਜੰਮੇ ਇਸ ਲਾਡਲੇ ਨੇ ਗਾਉਣ ਦਾ ਸੁੱਚਾ ਰੰਗ ਪੇਸ਼ ਕੀਤਾ ਹੈ। ਇਥੇ ਛਾਪੇ ਜਾ ਰਹੇ ਲੇਖ 'ਚ ਉਸ ਨੇ ਆਪਣੀ ਨਵੀਂ ਐਲਬਮ 'ਅਫ਼ਸਾਨੇ ਸਰਤਾਜ ਦੇ' ਦੇ ਨਾਲ-ਨਾਲ ਪੰਜਾਬੀ ਗਾਉਣ ਬਾਰੇ ਗੱਲਾਂ ਕੀਤੀਆਂ ਹਨ। -ਸੰਪਾਦਕ*

ਆਪਣੀ ਗੱਲ ਸਟੇਜ ਤੋਂ ਹੀ ਸ਼ੁਰੂ ਕਰਦਾ ਹਾਂ ਜੋ ਮੇਰੀ ਕਰਮਭੂਮੀ ਹੈ। ਸਟੇਜ ਬਾਰੇ ਮੈਂ ਬੜਾ ਸੁਚੇਤ ਰਹਿੰਦਾ ਹਾਂ। ਸਟੇਜ ਉਤੇ ਬੈਠ ਕੇ ਹਰਮੋਨੀਅਮ ਨਾਲ ਗਾਉਂਦਾ ਹਾਂ, ਹੁਣ ਮੈਂ ਇਸ ਵਿਚ ਚਿਮਟਾ ਵੀ ਸ਼ਾਮਲ ਕੀਤਾ ਹੈ। ਮੇਰਾ ਖਿਆਲ ਹੈ ਕਿ ਸਟੇਜ 'ਤੇ ਤੁਰ-ਫਿਰ ਕੇ ਗਾਉਣ ਨਾਲ ਸਰੋਤੇ ਆਕਰਸ਼ਿਤ ਨਹੀਂ ਹੁੰਦੇ। ਬੈਠ ਕੇ ਗਾਉਣ ਨਾਲ ਸਰੋਤੇ ਧਿਆਨ ਨਾਲ ਸੁਣਦੇ ਹਨ ਅਤੇ ਗਾਇਕ ਵੀ ਸਾਹਮਣੇ ਬੈਠੇ ਸਰੋਤਿਆਂ ਵੱਲ ਧਿਆਨ ਦੇ ਕੇ ਗਾਉਂਦਾ ਹੈ। ਲੋਕ ਤਾਲ 'ਤੇ ਆਪਣੇ-ਆਪ ਨੱਚਦੇ ਹਨ।

ਪੰਜਾਬੀ ਗਾਉਣ ਉਤੇ ਅਸ਼ਲੀਲਤਾ ਬੜੀ ਮਾਰ ਕਰ ਰਹੀ ਹੈ। ਇਸ ਬਾਰੇ ਗੱਲਾਂ ਅਕਸਰ ਚਲਦੀਆਂ ਹਨ। ਅਸਲ ਵਿਚ ਇਨਸਾਨ ਦੀ ਫਿਤਰਤ ਹੈ ਕਾਮੁਕ ਚੀਜ਼ਾਂ ਵੇਖਣਾ। ਜਿਨ੍ਹਾਂ ਮੁਲਕਾਂ ਵਿਚ ਇਨ੍ਹਾਂ ਗੱਲਾਂ 'ਤੇ ਬੰਦਸ਼ਾਂ ਨਹੀਂ, ਉਹ ਸਾਡੇ ਵਰਗੇ ਮੁਲਕਾਂ 'ਚ ਪਸੰਦ ਨਹੀਂ ਕੀਤੀਆਂ ਜਾ ਸਕਦੀਆਂ। ਸਾਡੇ ਦੇਸ਼ ਦੀ ਆਪਣੇ ਗਾਉਣ ਹਨ, ਆਪਣਾ ਸੱਭਿਆਚਾਰ ਹੈ, ਕਦਰਾਂ-ਕੀਮਤਾਂ ਹਨ। ਏਸ਼ੀਆ ਵਿਚ ਰਿਵਾਜ ਤੇ ਪਸੰਦ ਹੋਰ ਹੈ, ਪੱਛਮ ਵਿਚ ਬਿਲਕੁਲ ਇਸ ਦੇ ਉਲਟ ਹੈ। ਮੈਂ ਸੋਚਦਾ ਹਾਂ, ਜਿਥੇ ਤੁਸੀਂ ਰਹਿੰਦੇ ਹੋ...ਉਥੋਂ ਦੀਆਂ ਕਦਰਾਂ-ਕੀਮਤਾਂ ਦੀ ਕਦਰ ਕਰਨੀ ਚਾਹੀਦੀ ਹੈ। ਅਸੀਂ ਦਸਤਾਰ ਸਜਾਉਂਦੇ ਹਾਂ, ਇਹ ਸਾਡੀ ਪੁਸ਼ਾਕ ਦਾ ਹਿੱਸਾ ਹੈ; ਹੋ ਸਕਦਾ ਹੈ ਬਾਹਰਲੇ ਮੁਲਕਾਂ ਵਿਚ ਨਾ ਹੋਵੇ। ਨਾਲੇ ਇਹ ਸੋਚਣ ਵਾਲੀ ਗੱਲ ਹੈ ਕਿ ਇਕੱਲੇ ਫ਼ਨਕਾਰ ਹੀ ਇਸ ਨੂੰ ਨਹੀਂ ਠੱਲ੍ਹ ਪਾ ਸਕਦੇ ਹਨ। ਸ਼ਬਦ ਮਨ 'ਤੇ ਬਹੁਤ ਅਸਰ ਪਾਉਂਦੇ ਹਨ। ਸੋ, ਗੀਤ ਲਿਖਣ ਵਾਲਿਆਂ ਨੂੰ ਧਿਆਨ ਦੇਣਾ ਚਾਹੀਦਾ ਹੈ। ਕਲਾਕਾਰ ਤਾਂ ਪ੍ਰੇਰਨਾ ਦੇ ਸਕਦੇ ਹਨ, ਮੰਨਣਾ ਜਾਂ ਨਾ ਮੰਨਣਾ ਲੋਕਾਂ ਦੀ ਗੱਲ ਹੈ। ਮਾੜੀਆਂ ਗੱਲਾਂ ਵਾਇਆ ਇੰਟਰਨੈੱਟ ਵੀ ਘਰਾਂ 'ਚ ਪੁੱਜ ਜਾਂਦੀਆਂ ਹਨ। ਸਾਨੂੰ ਇਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਫਿਰ ਗੰਦ ਆਪਣੇ-ਆਪ ਸਾਫ਼ ਹੋ ਜਾਵੇਗਾ।

ਹੁਣ ਕਰਦੇ ਹਾਂ ਨਵੀਂ ਐਲਬਮ ਦੀ ਗੱਲ...'ਅਫ਼ਸਾਨੇ ਸਰਤਾਜ ਦੇ' ਮੇਰੀ ਚੌਥੀ ਐਲਬਮ ਹੈ। ਇਸ ਤੋਂ ਪਹਿਲਾਂ 'ਸਰਤਾਜ', 'ਚੀਰੇਵਾਲਾ ਸਰਤਾਜ' ਅਤੇ 'ਸਰਤਾਜ ਲਾਈਵ' ਐਲਬਮਾਂ ਆਈਆਂ। ਦੋ ਸਾਲ ਦੇ ਵਕਫੇ ਬਾਅਦ ਮੇਰੀ ਇਹ ਐਲਬਮ ਮੇਰੀ ਆਪਣੀ ਕੰਪਨੀ ਫ਼ਿਰਦੌਸ ਪ੍ਰੋਡਕਸ਼ਨ ਪ੍ਰਾਈਵੇਟ ਲਿਮਟਿਡ ਰਾਹੀਂ ਜਾਰੀ ਕੀਤੀ ਗਈ ਹੈ। ਐਲਬਮ ਵਿਚ ਮੇਰੇ ਆਪਣੇ ਹੀ ਲਿਖੇ ਹੋਏ ਕੁੱਲ 10 ਗੀਤ ਹਨ। ਸੰਗੀਤ ਜਤਿੰਦਰ ਸ਼ਾਹ ਦਾ ਹੈ। ਬਹੁਤੇ ਗੀਤ ਸਮਾਜਕ ਚੇਤਨਾ ਵਾਲੇ ਹਨ। ਪਹਿਲਾ ਗੀਤ ਵਾਤਾਵਰਨ ਵਿਚ ਫੈਲੇ ਪ੍ਰਦੂਸ਼ਣ ਬਾਬਤ ਹੈ। ਬੋਲ ਹਨ:

ਜੇ ਨਾ ਰਹੀ ਹਰਿਆਲੀ<br>
ਫੇਰ ਕੀ ਕਰਨਾ ਤਖਤਾਂ ਨੂੰ।<br>
ਸੁਣ ਭਾਈ ਆਰੇ ਵਾਲਿਆ ਵੇ<br>
ਨਾ ਚੀਰ ਦਰੱਖਤਾਂ ਨੂੰ...

ਅਫਸਾਨੇ ਉਹ ਹੁੰਦੇ ਹਨ ਜਿਨ੍ਹਾਂ ਦੀ ਉਮਰ ਲੰਬੀ ਹੋਵੇ ਤੇ ਇਹ ਕਾਫ਼ੀ ਦੇਰ ਤੱਕ ਸੁਣੇ ਜਾਂਦੇ ਹਨ। ਦੂਜਾ ਗੀਤ ਹੈ:



ਮੈਂ ਲਿਖਣਾ ਚਾਹੁੰਦਾ ਹਾਂ<br>
ਕੋਈ ਦਰਦ ਗ਼ਰੀਬਾਂ ਦਾ,<br>
ਜਿਨ੍ਹਾਂ ਨਾਲ ਪੈ ਗਿਆ ਏ ਕੋਈ<br>
ਵੈਰ ਨਸੀਬਾਂ ਦਾ...

ਇਹ ਗੀਤ ਉਨ੍ਹਾਂ ਲੋਕਾਂ ਦਾ ਹੈ ਜਿਨ੍ਹਾਂ ਤੋਂ ਰਿਜ਼ਕ ਦੂਰ ਹੀ ਰਹਿੰਦਾ ਹੈ। ਇਨ੍ਹਾਂ ਲੋਕਾਂ ਦੀ ਗੱਲ ਕਲਾਕਾਰ ਬਹੁਤ ਘੱਟ ਕਰਦੇ ਹਨ। ਇਹ ਮੇਰੇ ਦਿਲੋਂ ਨਿਕਲੇ ਨਗਮੇ ਹਨ। ਅਗਲਾ ਗੀਤ ਹੈ:

ਕੁੜੀਓ ਰੋਇਆ ਨਾ ਕਰੋ<br>
ਨੀ ਡੁੱਬ ਜਾਣੀਓ...

ਇਹ ਕੁੜੀਆਂ ਦੇ ਸੰਤਾਪ ਦੀ ਕਹਾਣੀ ਹੈ। ਚੰਗੀ ਸ਼ਾਇਰੀ ਹੈ।

ਅਗਲਾ ਗੀਤ ਮੌਲਾ ਨੂੰ ਅਰਦਾਸ ਹੈ। ਇਹ ਬੀਤੇ ਸਮੇਂ ਵਿਚ ਕੀਤੀ ਜਦੋ-ਜਹਿਦ ਅਤੇ ਤੰਗੀਆਂ-ਤੁਰਸ਼ੀਆਂ ਦਾ ਪ੍ਰਗਟਾਵਾ ਹੈ। ਬੋਲ ਹਨ:

ਮੇਰੀ ਜ਼ਿੰਦਗੀ ਵੀ ਇਕ ਨਾਟਕ,<br>
ਕੀਤੇ ਕਿਸਮਤ ਨੇ ਬੰਦ ਫਾਟਕ,<br>
ਆਉਂਦੇ ਸੁਫਨੇ ਘਾਤਕ ਘਾਤਕ,<br>
ਤੜਕੇ ਤੜਕੇ ਮੌਲਾ ਜੀ<br>
ਅਸੀਂ ਰਾਹੀ ਭੁੱਲੇ ਭਟਕੇ,<br>
ਸਾਡੇ ਢੰਗ ਤਰੀਕੇ ਜਟਕੇ,<br>
ਕਈ ਚਿਰ ਤੋਂ ਰਾਹ ਵਿਚ ਅਟਕੇ,<br>
ਪਾ ਦਿਓ ਸੜਕੇ ਮੌਲਾ ਜੀ...

ਮੇਰਾ ਮੰਨਣਾ ਹੈ ਕਿ ਸੰਗੀਤ ਵਿਚ ਸ਼ਾਇਰੀ ਜਿੱਤਦੀ ਹੈ। ਸੰਗੀਤ ਨਹੀਂ, ਸ਼ਬਦ ਹਮੇਸ਼ਾ ਜਿੱਤਦੇ ਹਨ। ਬਹੁਤੇ ਗੀਤ ਹੀ ਹਿੱਟ ਹੁੰਦੇ ਹਨ, ਕਲਾਕਾਰ ਨਹੀਂ। ਅਗਲਾ ਗੀਤ ਹੈ:

ਔਖੇ ਸੌਖੇ ਹੋ ਕੇ ਜਦੋਂ ਭੇਜਿਆ ਸੀ ਮਾਪਿਆਂ ਨੇ<br>
ਸੁਫਨੇ ਉਹ ਦੱਸੀਂ ਪੂਰੇ ਹੋਏ ਕਿ ਨਹੀਂ<br>
ਤੁਹਾਡੇ ਬਾਪੂ ਜੀ ਵੀ ਪੁੱਛਦੇ ਸੀ ਪੁੱਤ ਸਾਡੇ<br>
ਪੈਰਾਂ 'ਤੇ ਖਲੋਏ ਕਿ ਨਹੀਂ...

ਇਹ ਗੀਤ ਮੈਂ 2009 ਦੇ ਆਪਣੇ ਆਸਟ੍ਰੇਲੀਆ ਦੌਰੇ ਵੇਲੇ ਲਿਖਿਆ ਸੀ। ਐਲਬਮ ਦਾ ਟਾਈਟਲ ਗੀਤ ਹੈ:

ਦੱਸ ਹਾੜ੍ਹ ਦਾ ਦੁਪਹਿਰਾ ਕਿੱਥੇ ਕੱਟੀਏ,<br>
ਬਾਬੇ ਬੁੱਲ੍ਹੇ ਦੇ ਪੰਜਾਬ ਦੀਏ ਜੱਟੀਏ,<br>
ਸੂਹੇ ਖ਼ਤ ਇਸ਼ਕੇ ਦੇ ਨਾਜ਼ਾਂ ਪੱਟੀਏ<br>
ਕਦੋਂ ਕੁ ਮਨਜ਼ੂਰ ਹੋਣਗੇ ਤੇ ਫਾਸਲੇ ਵੀ ਦੂਰ ਹੋਣਗੇ

ਇਹ ਗੀਤ ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਇਸ ਗੀਤ ਵਿਚ ਸਾਂਝੇ ਪੰਜਾਬ ਦੀ ਗੱਲ ਹੈ; ਲਹਿੰਦਾ ਪੰਜਾਬ ਤੇ ਚੜ੍ਹਦਾ ਪੰਜਾਬ। ਦੋਵਾਂ ਪੰਜਾਬਾਂ ਦੇ ਪਹਿਰਾਵੇ ਦੀ ਰੰਗਤ ਭਰੀ ਗਈ ਹੈ। ਅਗਲੇ ਗੀਤ ਦੇ ਬੋਲ ਹਨ:

ਜਿਸ ਨੇ ਜਲ ਗੰਦਾ ਕੀਤਾ,<br>
ਉਸ ਤੋਂ ਜਾਣਾ ਨੀ ਪੀਤਾ।<br>
ਨਦੀਆਂ ਜੇ ਸ਼ੁੱਧ ਹੁੰਦੀਆਂ,<br>
ਪਾਪਾਂ ਨੂੰ ਦੁੱਧ ਧੋਂਦੀਆਂ<br>
ਇਕ ਗੱਲ ਹੈਰਾਨ ਜਾਣੀ,<br>
ਖੜ੍ਹ ਕੇ ਵੀ ਸੁਥਰਾ ਪਾਣੀ ਦੁਨੀਆਂ<br>
ਵਿਚ ਹੋਰ ਤਾਂ ਕਿਧਰੇ ਅੰਮ੍ਰਿਤਸਰ ਨੀ ਹੋਣਾ,<br>
ਜਦੋਂ ਕਿਤੇ ਪੈ ਗਿਆ ਖਿਲਾਰਾ<br>
ਇਕੱਠਾ ਕਰ ਨੀ ਹੋਣਾ...

ਅਗਲਾ ਗੀਤ ਖਿਡਾਰੀਆਂ ਬਾਰੇ ਹੈ:

ਜੋ ਹਾਰਾਂ ਕਬੂਲੇ ਨਾ ਖੇਲਣ ਦੇ ਮਗਰੋਂ,<br>
ਲੜਾਕੂ ਹੋਊ ਉਹ ਖਿਡਾਰੀ ਨਹੀਂ ਹੋਣਾ,<br>
ਜੋ ਦਾਅ 'ਤੇ ਲਗਾ ਕੇ ਦੋਚਿੱਤੀ 'ਚ ਪੈ ਜਾਏ<br>
ਵਪਾਰੀ ਹੋਏਗਾ ਜੁਆਰੀ ਨਹੀਂ ਹੋਣਾ।

**-ਪੰਜਾਬ ਟਾਈਮਜ਼ ਬਿਊਰੋ**



## ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 16 ਮਾਰਚ ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-55



ਤਸਵੀਰ: ਜਗਰਾਜ ਗਿੱਲ, ਸ਼ਾਰਲਟ।

**ਚੁਲ੍ਹੇ ਭੱਠੀਆਂ ਢਾਹੇ ਸਿਲੰਡਰਾਂ ਨੇ ਨਵੇਂ ਨਵੇਂ ਰਸੋਈਆਂ ਦੇ ਸੰਦ ਹੋਏ।<br>
ਚੰਦ ਕੌਰ ਵੀ ਡਾਕਟਰਾਂ ਵੱਸ ਪੈਗੀ ਕੂੰਡੇ ਘੋਟਣੇ ਜਦੋਂ ਤੋਂ ਬੰਦ ਹੋਏ !**

### ਕੈਪਸ਼ਨ ਮੁਕਾਬਲਾ-53



ਕੁੜੀਆਂ ਚਿੜੀਆਂ 'ਕੱਠੀਆਂ ਹੋ ਕੇ,<br>
ਵਿਚ ਖੁਸ਼ੀ ਦੇ ਮਨ ਪ੍ਰਚਾਵਣ।<br>
ਰੰਗਾਂ ਦੇ ਵਿਚ ਖਿੜੀਆਂ ਹੋਈਆਂ,<br>
ਮਿੱਠੀਆਂ ਮਿੱਠੀਆਂ ਹੇਕਾਂ ਲਾਵਣ।<br>
ਫ਼ੁਲਕਾਰੀ ਸੂਹੀ ਤਾਣ ਕੇ ਸਿਰ 'ਤੇ,<br>
ਨਾਲ ਬੋਲ ਦੇ ਬੋਲ ਰਲਾਵਣ।

**-ਜਗਮੀਤ ਸਿੰਘ ਪੰਧੇਰ**

---

'ਕੱਠੀਆਂ ਹੋ ਹੁਸਨਾਂ ਦੀਆਂ ਪਰੀਆਂ<br>
ਨਣਦਾਂ ਤੇ ਭਰਜਾਈਆਂ।<br>
ਰੰਗ-ਬਰੰਗੇ ਪਹਿਨ ਕੇ ਜੋੜੇ<br>
ਵਿਹੜੇ ਦੇ ਵਿਚ ਆਈਆਂ।<br>
ਰਹਿਣ ਸਦਾ 'ਸੁਰਜੀਤ' ਇਨ੍ਹਾਂ ਦੇ<br>
ਗਿੱਧੇ, ਗੀਤ ਤੇ ਹਾਸੇ,<br>
ਕਦੀ ਨਾ ਪੈਣ ਇਨ੍ਹਾਂ 'ਤੇ ਰੱਬ ਜੀ<br>
ਪੀੜਾਂ ਦੀਆਂ ਪਰਛਾਈਆਂ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

---

ਵਿਦੇਸ਼ੀਂ ਬੈਠੇ ਪਰਵਾਸੀਆਂ ਨੂੰ<br>
ਯਾਦਾਂ ਤ੍ਰਿੰਜਣਾਂ ਦੀਆਂ ਆਉਂਦੀਆਂ ਨੇ।<br>
ਜੁੜ ਬੈਠੀਆਂ ਧੀਆਂ ਪੰਜਾਬ ਦੀਆਂ,<br>
ਗੀਤ ਸ਼ਗਨਾਂ ਦੇ ਗਾਉਂਦੀਆਂ ਨੇ।

**-ਅਜਮੇਰ ਸਿੰਘ ਪੰਨੂ**<br>
**ਫੋਨ: 630-440-3458**

---

'ਕੱਠੀਆਂ ਹੋ ਕੇ ਕੁੜੀਆਂ-ਚਿੜੀਆਂ,<br>
ਬੋਲੀ 'ਤੇ ਬੋਲੀ ਪਾਉਣ ਬਈ।<br>
ਇਹ ਨੱਢੀਆਂ, ਸ਼ੌਕਣਾਂ ਵੱਡੀਆਂ,<br>
ਰੀਸ ਇਨ੍ਹਾਂ ਦੀ ਕਰੂ ਕੌਣ ਬਈ।

**-ਪਰਸ਼ੋਤਮ ਸਿੰਘ ਯੂਬਾ ਸਿਟੀ।**

---

ਛੇ ਜਣੀਆਂ ਨੇ ਫੜੀ ਫੁਲਕਾਰੀ<br>
ਤਿੰਨਾਂ ਦੇ ਸਿਰ ਉਤੇ ਤਾਣੀ।<br>
ਗਿੱਧੇ ਵਿਚ ਨੱਚਦੀਆਂ ਮਜਾਜਣਾਂ,<br>
ਮੁੱਖੋਂ ਚੋਵੇ ਮੁੜ੍ਹਕੇ ਦਾ ਪਾਣੀ।<br>
ਲਾਲ, ਪੀਲਾ, ਨੀਲਾ ਤੇ ਗੁਲਾਬੀ,<br>
ਕਿਸੇ ਰੰਗ ਕੇਸਰੀ ਤੇ ਹਰਾ ਪਾਇਆ।<br>
ਇਨ੍ਹਾਂ ਜੱਟੀਆਂ ਪੰਜਾਬ ਦੀਆਂ ਨੇ,<br>
ਗਿੱਧੇ ਵਿਚ ਭੜਥੂ ਹੈ ਪਾਇਆ।

**-ਹਰਮੀਕ ਸਿੰਘ ਵਿੱਕੀ**<br>
**ਸਟਾਕਟਨ, ਕੈਲੀਫੋਰਨੀਆ।**

---

ਇਨ੍ਹਾਂ ਰਸਮਾਂ ਦਾ ਜਸ਼ਨ<br>
ਪਿਆਰਾ ਤੇ ਖੂਬਸੂਰਤ ਵੀ ਹੈ।<br>
ਜੀਵਨ ਨਿਰੰਤਰ ਵਗਣ ਖਾਤਰ<br>
ਸ਼ਾਦੀ ਇਕ ਜ਼ਰੂਰਤ ਵੀ ਹੈ।<br>
ਰੂਪ ਡੁਲ੍ਹਦਾ, ਥਿਰਕਦਾ,<br>
ਗਾਉਂਦਾ ਤੇ ਹੱਸਦਾ ਮਚਲਦਾ ਰਹੇ,<br>
ਸਾਡੇ ਜੀਵਨ ਦੇ ਝੰਜਟਾਂ ਦਾ<br>
ਪਰ ਇਹ ਮਹੂਰਤ ਵੀ ਹੈ।

**-ਮਹਾਂ ਸਿੰਘ ਹਾਂਸ**<br>
**ਫੋਨ: 408-956-1696**

---

ਰੰਗ ਰੂਪ ਤੇ ਜੋਬਨ ਦਾ ਬਾਗ ਖਿੜਿਆ<br>
ਦੇਖ ਦੇਖ ਕੇ ਰੂਹ ਨਸ਼ਿਆਈ ਜਾਵੇ।<br>
ਟੂਣੇ ਹਾਰ ਜਵਾਨੀ ਦੀ ਉਮਰ ਵਾਲੀ<br>
ਕਿਹੜੇ ਸ਼ਬਦਾਂ 'ਚ ਕਰੀ ਵਡਿਆਈ ਜਾਵੇ?

**-ਫ਼ਕੀਰ ਚੰਦ ਸੈਂਪਲਾ, ਐਲ.ਏ.।**

---

ਜੀਤੋ, ਸੁਰਜੀਤੋ, ਸੁਣ ਭੋਲੀਏ ਤੇ ਜਿੰਦੋ ਨੀ<br>
ਆ ਜੋ ਭੈਣੋਂ ਰਲ ਮਿਲ ਗੀਤ ਲਈਏ ਗਾ।<br>
ਚਿੜੀਆਂ ਦੇ ਚੰਬੇ 'ਚੋਂ ਪਤਾ ਨ੍ਹੀਂ<br>
ਸਾਡੇ ਵਿਚੋਂ ਕਿਨ੍ਹੇ ਵਿਛੋੜਾ ਜਾਣਾ ਪਾ!

**-ਮਨਜੀਤ ਸਿੰਘ, ਏ.ਐਮ.ਆਟੋ।**

# ਸਲੀਵਲੈਸ ਸੂਟ ਤੇ ਖੁੱਲ੍ਹੇ ਗਲੇ ਹੀ ਔਰਤ ਦੀ ਆਜ਼ਾਦੀ ਨਹੀਂ

**ਮਹਿਲਾ ਦਿਵਸ 'ਤੇ**

8 ਮਾਰਚ ਦਾ ਦਿਨ ਪੂਰੇ ਵਿਸ਼ਵ ਵਿਚ 'ਮਹਿਲਾ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਸਮਾਜ ਵਿਚ ਚੰਗੇ ਕੰਮ ਕਰਨ ਬਦਲੇ ਬਹੁਤ ਸਾਰੀਆਂ ਔਰਤਾਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਪੜ੍ਹੀਆਂ-ਲਿਖੀਆਂ ਔਰਤਾਂ ਇਸ ਦਿਨ ਆਪਣੀ 'ਭੜਾਸ' ਕੱਢ ਲੈਂਦੀਆਂ ਹਨ ਕਿ ਮਰਦ ਪ੍ਰਧਾਨ

**ਡਾ. ਅਮਨਦੀਪ ਸਿੰਘ ਟੱਲੇਵਾਲੀਆ**
**ਫੋਨ: 91-98146-99446**

ਸਮਾਜ ਵਿਚ ਇਕੋ ਦਿਨ ਹੀ ਔਰਤ ਨੂੰ ਆਪਣੀ ਆਜ਼ਾਦੀ ਦਾ ਖ਼ਿਆਲ ਆਉਂਦਾ ਹੈ। ਔਰਤ ਅਤੇ ਮਰਦ ਇਕੋ ਗੱਡੀ ਦੇ ਦੋ ਪਹੀਏ ਹਨ। ਜੀਵਨ ਦੇ ਇਸ ਪੰਧ ਵਿਚੋਂ ਕਿਸੇ ਇੱਕ ਨੂੰ ਮਨਫੀ ਕਰ ਦੇਈਏ ਤਾਂ ਇਹ ਗੱਡੀ ਰੁਕ ਜਾਂਦੀ ਹੈ।

ਬੇਸ਼ੱਕ ਮਹਿਲਾ ਦਿਵਸ ਮਨਾਉਣ ਦਾ ਕਾਰਨ ਤਾਂ ਇਹ ਸੀ ਕਿ ਮਰਦ ਦੇ ਬਰਾਬਰ ਔਰਤ ਨੂੰ ਨੌਕਰੀਆਂ ਦਿੱਤੀਆਂ ਜਾਣ, ਵੋਟ ਪਾਉਣ ਦਾ ਹੱਕ ਦਿੱਤਾ ਜਾਵੇ ਅਤੇ ਉਸ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਜਾਵੇ। ਜੇਕਰ ਇਕੱਲੇ ਭਾਰਤ ਦੀ ਹੀ ਗੱਲ ਕਰੀਏ ਤਾਂ ਸਰਸਰੀ ਨਜ਼ਰੇ ਦੇਖਿਆਂ ਔਰਤ ਹਰ ਖੇਤਰ ਵਿਚ ਮਰਦ ਦੇ ਬਰਾਬਰ ਹੈ ਤੇ ਕਈ ਖੇਤਰਾਂ ਵਿਚ ਮਰਦਾਂ ਨੂੰ ਵੀ ਪਿੱਛੇ ਛੱਡ ਗਈ ਹੈ। ਪਰ ਗੌਰ ਨਾਲ ਦੇਖੀਏ ਤਾਂ ਉਂਗਲਾਂ 'ਤੇ ਗਿਣਨ ਜੋਗੀਆਂ ਔਰਤਾਂ ਨੂੰ ਛੱਡ ਕੇ ਬਾਕੀ ਸਭ ਨੂੰ ਆਪਣੀ ਆਜ਼ਾਦੀ ਦੀ ਰਤਾ ਪ੍ਰਵਾਹ ਨਹੀਂ। ਹਰ ਵਾਰ ਉਹੀ ਨਾਂ ਦੁਹਰਾਏ ਜਾਂਦੇ ਹਨ ਕਿਰਨ ਬੇਦੀ, ਪੀ.ਟੀ. ਊਸ਼ਾ, ਕਲਪਨਾ ਚਾਵਲਾ, ਸੋਨੀਆ ਗਾਂਧੀ ਜਾਂ ਇੱਕ-ਦੋ ਹੋਰ। ਕੀ ਇਨ੍ਹਾਂ ਔਰਤਾਂ ਤੋਂ ਇਲਾਵਾ ਹੋਰ ਔਰਤ ਜਾਤੀ ਨੇ ਆਪਣੇ ਆਪ ਨੂੰ ਉਚਾ ਚੁੱਕਣ ਦਾ ਤਹੱਈਆ ਨਹੀਂ ਕੀਤਾ। ਇਕ ਪਾਸੇ ਕੁੜੀਆਂ ਦੀ ਗਿਣਤੀ ਘੱਟ ਰਹੀ ਹੈ। ਦੂਸਰੇ ਪਾਸੇ 'ਔਰਤ ਜਾਤ' ਆਪਣੀ ਹੋਂਦ ਨੂੰ ਬਚਾਉਣ ਦਾ ਕੋਈ ਠੋਸ ਉਪਰਾਲਾ ਨਹੀਂ ਕਰ ਰਹੀ। ਕੁੱਖ ਵਿਚ ਹੋ ਰਹੇ ਧੀਆਂ ਦੇ ਕਤਲ ਦੀ ਜ਼ਿੰਮੇਵਾਰ ਬਹੁਤੀ ਵਾਰ ਖੁਦ ਹੈ, ਇੱਕ ਸੱਸ ਦੇ ਰੂਪ ਵਿਚ ਜਾਂ ਮਾਂ ਦੇ ਰੂਪ ਵਿਚ ਹੋਵੇ।

ਔਰਤ ਆਪਣੀ ਆਜ਼ਾਦੀ ਦੀ ਗੱਲ ਤਾਂ ਕਰਦੀ ਹੈ ਪਰ ਆਪਣੀ ਆਜ਼ਾਦੀ ਸਿਰਫ਼ ਚੰਗਾ ਪਹਿਨਣ ਜਾਂ ਘੁੰਮਣ ਫਿਰਨ ਨੂੰ ਸਮਝ ਰੱਖਿਆ ਹੈ। ਜੇ ਕਿਸੇ ਕੁੜੀ, ਬੁੜੀ ਉਪਰ ਪਰਿਵਾਰ ਦਾ ਕੋਈ ਦਬਾਅ ਨਹੀਂ ਤਾਂ ਇਹਦਾ ਮਤਲਬ ਇਹ ਨਹੀਂ ਕਿ ਉਹ 'ਆਜ਼ਾਦ' ਹੈ। ਔਰਤ ਨੇ ਆਪਣੀ ਆਜ਼ਾਦੀ ਦੇ ਅਰਥ ਬਦਲ ਲਏ ਹਨ। ਉਹ ਸੋਹਣਾ ਦਿਸਣ ਲਈ ਛੋਟੇ ਛੋਟੇ ਕੱਪੜੇ ਪਾਉਣ ਲੱਗ ਪਈ, ਗੋਡਿਆਂ ਤੋਂ ਥੱਲੇ ਨੰਗੀਆਂ ਲੱਤਾਂ, ਨੰਗਾ ਢਿੱਡ, ਖੁੱਲ੍ਹੇ ਗਲੇ, ਸਲੀਵਲੈਸ ਸ਼ਰਟਾਂ-ਟੀ ਸ਼ਰਟਾਂ ਜਾਂ ਸੂਟ ਪਾ ਕੇ, ਔਰਤ ਕਿਸ ਪੱਖੋਂ ਆਜ਼ਾਦ ਹੋਇਆ ਸਮਝਦੀ ਹੈ? ਜਿੱਥੋਂ ਤੱਕ ਘੁੰਡ ਦਾ ਸਵਾਲ ਹੈ, ਉਹ ਤਾਂ ਮੰਨਿਆ ਕਿ ਗੁਲਾਮੀ ਦੀ ਨਿਸ਼ਾਨੀ ਹੈ



ਪਰ ਸਿਰ ਤੋਂ ਚੁੰਨੀ ਲਾਹੁਣੀ ਵੀ ਆਜ਼ਾਦੀ ਦਾ ਪ੍ਰਤੀਕ ਨਹੀਂ। ਅਸਲ ਵਿਚ ਔਰਤ ਵਿਚ ਵੱਧ ਰਹੀ ਫੈਸ਼ਨਪ੍ਰਸਤੀ, ਟੈਲੀਵਿਜ਼ਨ ਉਪਰ ਆਉਂਦੇ ਨਾਟਕ ਜਾਂ ਫਿਲਮਾਂ ਇਸ ਦੀ ਮਾਨਸਿਕਤਾ ਨੂੰ ਵਿਗਾੜ ਰਹੇ ਹਨ। ਬੇਸ਼ੱਕ ਸੱਭੇ ਔਰਤਾਂ ਅਜਿਹੀਆਂ ਨਹੀਂ ਪਰ ਬਹੁਗਿਣਤੀ ਇਸ ਤਰ੍ਹਾਂ ਦੀ ਹੋ ਰਹੀ ਹੈ। ਅਗਰ ਔਰਤ ਆਪਣੇ ਆਪ ਨੂੰ ਆਜ਼ਾਦ ਸਮਝਦੀ ਹੈ, ਆਪਣੇ ਪੈਰਾਂ ਸਿਰ ਖੜੇ ਹੋਣਾ ਚਾਹੁੰਦੀ ਹੈ, ਮਰਦ ਪ੍ਰਧਾਨ ਸਮਾਜ ਵਿਚ ਆਪਣੀ ਪਛਾਣ ਬਣਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣੀ 'ਸ਼ਰਮ' ਨੂੰ ਸੰਭਾਲ ਕੇ ਰੱਖਣਾ ਪਵੇਗਾ। 'ਫੈਸ਼ਨ ਦੀ ਆਜ਼ਾਦੀ' ਔਰਤ ਨੂੰ ਕਦੇ ਵੀ ਆਜ਼ਾਦ ਫਿਜ਼ਾ ਵਿਚ ਸਾਹ ਨਹੀਂ ਲੈਣ ਦੇਵੇਗੀ, ਆਪਣੇ ਸੱਭਿਆਚਾਰ ਅਤੇ ਵਿਰਸੇ ਨਾਲੋਂ ਟੁੱਟ ਕੇ ਗ੍ਰਹਿਣ ਕੀਤੀ ਅਖੌਤੀ ਆਜ਼ਾਦੀ ਨੂੰ ਆਜ਼ਾਦੀ ਹਰਗਿਜ਼ ਨਹੀਂ ਕਿਹਾ ਜਾ ਸਕਦਾ।

ਜੇਕਰ ਛੋਟੇ ਪੱਧਰ ਤੋਂ ਗੱਲ ਸ਼ੁਰੂ ਕਰਨੀ ਹੋਵੇ ਤਾਂ ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕਰ ਲੈਂਦੇ ਹਾਂ। ਪਿੰਡ ਦੀ ਸਰਪੰਚ ਔਰਤ ਬਣਦੀ ਹੈ ਤਾਂ ਉਸ ਦਾ ਸਾਰਾ ਕਰਤਾ ਧਰਤਾ ਉਸ ਦਾ ਪਤੀ ਹੁੰਦਾ ਹੈ। ਬੱਸ ਮੋਹਰ ਸਿਰਫ਼ ਔਰਤ ਸਰਪੰਚ ਦੀ ਹੁੰਦੀ ਹੈ। ਕਿੰਨੀਆਂ ਕੁ ਔਰਤਾਂ ਹਨ ਜਿਨ੍ਹਾਂ ਨੇ ਆਪਣੇ ਪਿੰਡ ਦੀਆਂ ਸਮੱਸਿਆਵਾਂ ਕਿਸੇ ਅਫ਼ਸਰ ਦੀ ਕਚਹਿਰੀ ਵਿਚ ਪੇਸ਼ ਕੀਤੀਆਂ ਹਨ। ਇਸ ਤੋਂ ਅੱਗੇ ਵਿਧਾਨ ਸਭਾ, ਲੋਕ ਸਭਾ ਵਿਚ ਵੀ ਔਰਤਾਂ ਲਈ ਰਾਖਵੇਂਕਰਨ ਦੀ ਤਜਵੀਜ਼ ਰੱਖੀ ਗਈ ਹੈ। ਪਰ ਕਿੰਨੀਆਂ ਕੁ ਔਰਤਾਂ ਹਨ ਜੋ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਜਿੱਤ ਕੇ ਆਪਣੇ ਹਿਤਾਂ ਲਈ ਲੜਦੀਆਂ ਹਨ। ਔਰਤ ਨੇ ਆਪਣੇ ਆਪ ਨੂੰ ਹਮੇਸ਼ਾ ਨਿਮਾਣੀ, ਨਿਤਾਣੀ ਜਾਂ ਵਿਚਾਰੀ ਬਣ ਕੇ ਹੀ ਪੇਸ਼ ਕੀਤਾ ਹੈ। ਜਿਸ ਤਰ੍ਹਾਂ ਅਸੀਂ ਰੋਜ਼ਾਨਾ ਜੀਵਨ ਵਿਚ ਵੇਖਦੇ ਹਾਂ ਕਿ ਕਿਸੇ ਬੱਸ ਵਿਚ ਜੇ ਬਹੁਤੀ ਭੀੜ ਹੋਵੇ ਤਾਂ ਕਈ ਔਰਤਾਂ ਆਪਣੇ ਔਰਤ ਹੋਣ ਦਾ ਵਾਸਤਾ ਪਾ ਕੇ ਆਦਮੀਆਂ ਕੋਲੋਂ ਸੀਟ ਲੈ ਕੇ ਬੈਠਣ ਦਾ ਯਤਨ ਕਰਦੀਆਂ ਹਨ ਜਿਸ ਨੂੰ ਕਿ ਮੈਂ ਔਰਤ ਦਾ ਕਮਜ਼ੋਰ ਪੱਖ ਹੀ ਗਿਣ ਸਕਦਾ ਹਾਂ। ਇਸੇ ਤਰ੍ਹਾਂ ਕਿਸੇ ਵੀ ਦਫ਼ਤਰ ਵਿਚ ਚਲੇ ਜਾਵੋਂ, ਉਥੇ ਔਰਤਾਂ, ਮਰਦਾਂ ਅੱਗੇ ਆਪਣੇ ਔਰਤ ਹੋਣ ਦਾ ਵਾਸਤਾ ਪਾ ਕੇ ਇਹੋ ਕਹਿੰਦੀਆਂ ਸੁਣੀਆਂ ਜਾ ਸਕਦੀਆਂ ਹਨ। ਵੀਰ ਜੀ ਜਾਂ ਭਾਅ ਜੀ, ਤੁਸੀਂ ਤਾਂ ਬੰਦੇ ਹੋ, ਮੈਂ ਕੱਲੀ ਕਹਿਰੀ ਜਨਾਨੀ ਪਹਿਲਾਂ ਮੈਨੂੰ ਗੈਸ ਲੈ ਲੈਣ ਦਿਓ, ਜਾਂ ਬਿਲ ਭਰ ਲੈਣ ਦਿਓ, ਇਹ ਵੀ ਔਰਤ ਦੀ ਕਮਜ਼ੋਰੀ ਹੈ।

ਸਮੁੱਚੇ ਘਟਨਾਕ੍ਰਮ ਤੋਂ ਇਹੀ ਗੱਲ ਸਾਹਮਣੇ ਆਉਂਦੀ ਹੈ ਕਿ ਔਰਤ ਪਹਿਲਾਂ ਨਾਲੋਂ ਵਿਦਿਅਕ ਖੇਤਰ ਵਿਚ ਮੋਹਰੀ ਬਣ ਕੇ ਨਿਤਰੀ ਹੈ ਪਰ ਇਸ ਦੀ 'ਕਮਜ਼ੋਰੀ' ਅਜੇ ਵੀ ਬਰਕਰਾਰ ਹੈ। ਔਰਤ ਕਦੋਂ ਆਜ਼ਾਦ ਹੋਵੇਗੀ? ਇਹ ਕਹਿਣਾ ਅਜੇ ਮੁਸ਼ਕਿਲ ਹੈ। ਸਭ ਤੋਂ ਵੱਡੀ ਲੋੜ ਔਰਤ ਦੇ ਆਪਣੇ ਅੰਦਰੋਂ ਹੀਣ ਭਾਵਨਾ ਕੱਢਣ ਦੀ ਹੈ।

# ਜ਼ਿੰਦਗੀ ਦੇ ਅਸੂਲ

ਅਸਲ ਵਿਚ ਅਸੂਲ ਜ਼ਿੰਦਗੀ ਹਨ ਅਤੇ ਜ਼ਿੰਦਗੀ ਅਸੂਲ ਹੈ। ਜੇ ਸਾਡੇ ਕੋਈ ਅਸੂਲ ਨਹੀਂ ਤਾਂ ਅਸੀਂ ਇਨਸਾਨੀਅਤ ਤੋਂ ਬਹੁਤ ਦੂਰ ਹਾਂ। ਹਰ ਧਰਮ ਹੀ ਅਸੂਲਾਂ ਦੀ ਗੁਥਲੀ ਹੈ ਤੇ ਸਾਨੂੰ ਅਸੂਲਾਂ ਵਿਚ ਰਹਿਣ ਦੀ ਸਿੱਖਿਆ ਦਿੰਦਾ ਹੈ। ਜੇ ਅਸੀਂ ਇਨ੍ਹਾਂ ਅਸੂਲਾਂ ਦਾ ਸਤਿਕਾਰ ਨਹੀਂ ਕਰਦੇ ਤਾਂ ਅਸੀਂ ਧਰਮ ਵਿਚ ਵਿਸ਼ਵਾਸ ਰੱਖਦੇ ਹੋਏ ਵੀ ਧਾਰਮਿਕ ਨਹੀਂ ਹੋ ਸਕਦੇ। ਸਿੱਖ ਧਰਮ ਦੀ ਬਾਣੀ ਜ਼ਿੰਦਗੀ ਦੇ ਅਸੂਲਾਂ ਨਾਲ ਭਰੀ ਹੋਈ ਹੈ। ਹਮੇਸ਼ਾ

**ਪ੍ਰੇਮ ਮਾਨ**
**ਫੋਨ: 860-983-5002**

ਸੱਚ ਬੋਲਣਾ ਅਤੇ ਝੂਠ ਤੋਂ ਪਰਹੇਜ਼ ਕਰਨਾ, ਬੇਈਮਾਨੀ ਤੋਂ ਬਚਣਾ, ਵੰਡ ਛਕਣਾ, ਸੇਵਾ-ਭਾਵ, ਲੋੜਵੰਦਾਂ ਦੀ ਮਦਦ ਕਰਨੀ, ਰੱਬ ਦੀ ਰਜ਼ਾ ਵਿਚ ਰਹਿਣਾ, ਮਨ ਨੀਵਾਂ ਮੱਤ ਉਚੀ ਆਦਿ ਆਦਿ ਸਭ ਜ਼ਿੰਦਗੀ ਜੀਣ ਦੇ ਅਸੂਲ ਕਹੇ ਜਾ ਸਕਦੇ ਹਨ। ਗੁਰੂ ਸਾਹਿਬਾਨ ਦੇ ਹੇਠ ਲਿਖੇ ਸ਼ਬਦ ਸਾਨੂੰ ਜ਼ਿੰਦਗੀ ਦੇ ਅਸੂਲ ਹੀ ਤਾਂ ਦੱਸਦੇ ਹਨ,

ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ॥
ਜਾਂ
ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰਹਾਈ॥

ਸ਼ੇਖ ਬਾਬਾ ਫ਼ਰੀਦ ਦੇ ਸਲੋਕ ਜ਼ਿੰਦਗੀ ਦੇ ਅਸੂਲਾਂ ਨਾਲ ਭਰੇ ਪਏ ਹਨ, ਜਿਨ੍ਹਾਂ ਦਾ ਕੋਈ ਸਾਨੀ ਨਹੀਂ। ਈਸਾਈ ਮੱਤ ਵਿਚ ਵੀ ਦਸ ਖ਼ਾਸ ਹੁਕਮ ਹਨ ਅਤੇ ਈਸਾਈ ਮੱਤ ਵਿਚ ਵਿਸ਼ਵਾਸ ਰੱਖਣ ਵਾਲਿਆਂ ਲਈ ਇਨ੍ਹਾਂ ਨੂੰ ਅਪਨਾਉਣਾ ਜ਼ਰੂਰੀ ਸਮਝਿਆ ਜਾਂਦਾ ਹੈ। ਪਰ ਦੁਖਾਂਤ ਇਹ ਹੈ ਕਿ ਅਸੀਂ ਧਰਮ ਵਿਚ ਵਿਸ਼ਵਾਸ ਰੱਖਦੇ ਹੋਏ ਵੀ ਅਤੇ ਇਨ੍ਹਾਂ ਅਸੂਲਾਂ ਨੂੰ ਰੋਜ਼ ਪੜ੍ਹਦੇ-ਸੁਣਦੇ ਹੋਏ ਵੀ ਜ਼ਿੰਦਗੀ ਵਿਚ ਇਨ੍ਹਾਂ ਨੂੰ ਨਹੀਂ ਅਪਨਾਉਂਦੇ ਅਤੇ ਇਨ੍ਹਾਂ ਨੂੰ ਤੋੜਨ ਵੇਲੇ ਝਕਦੇ ਨਹੀਂ।

ਜੇ ਅਸੀਂ ਆਪਣੇ ਆਲੇ-ਦੁਆਲੇ ਦੇਖੀਏ ਤਾਂ ਅਸੀਂ ਧਾਰਮਿਕ ਅਸਥਾਨਾਂ, ਕਾਲਜਾਂ ਅਤੇ ਯੂਨੀਵਰਸਿਟੀਆਂ, ਹਸਪਤਾਲਾਂ, ਸਾਹਿਤਕ ਸੰਸਥਾਵਾਂ ਅਤੇ ਹੋਰ ਸਭਾਵਾਂ ਵਗ਼ੈਰਾ ਦੇ ਅਹੁਦੇਦਾਰਾਂ ਨੂੰ ਇਨ੍ਹਾਂ ਸੰਸਥਾਵਾਂ ਦੇ ਅਸੂਲਾਂ ਨੂੰ ਹਰ ਰੋਜ਼ ਭੰਗ ਕਰਦੇ ਦੇਖ ਸਕਦੇ ਹਾਂ। ਇੱਥੇ ਹੀ ਬੱਸ ਨਹੀਂ, ਅਸੂਲ ਭੰਗ ਕਰਨ ਨੂੰ ਲੁਕਾਉਣ ਜਾਂ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਜੋ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਦੇਖ ਸੁਣ ਕੇ ਬਾਕੀਆਂ ਨੂੰ ਸ਼ਰਮ ਆਉਣ ਲੱਗ ਪੈਂਦੀ ਹੈ। ਦੁਖਾਂਤ ਇਹ ਹੈ ਕਿ ਅਸੀਂ ਜੋ ਇਨ੍ਹਾਂ ਸੰਸਥਾਵਾਂ ਦੇ ਅਹੁਦੇਦਾਰ ਬਣ ਜਾਂਦੇ ਹਾਂ, ਇਸ ਦੀ ਬਜਾਏ ਕਿ ਇਨ੍ਹਾਂ ਸੰਸਥਾਵਾਂ ਨੂੰ ਉਪਰ ਚੁੱਕਣ ਲਈ ਠੋਸ ਕੰਮ ਕਰੀਏ, ਅਸੀਂ ਸਾਰਾ ਜ਼ੋਰ ਆਪਣੇ ਆਪ ਅਤੇ ਆਪਣੇ ਸਮਰਥਕ ਦੋਸਤਾਂ ਨੂੰ ਉਪਰ ਚੁੱਕਣ ਵਿਚ ਲਾ ਦਿੰਦੇ ਹਾਂ। ਧਾਰਮਿਕ ਸਥਾਨਾਂ 'ਤੇ, ਜਿੱਥੇ ਸਿਰਫ ਅਰਦਾਸ ਹੀ ਹੋਣੀ ਚਾਹੀਦੀ ਹੈ, ਅਸੀਂ ਲੜਾਈਆਂ ਕਰਦੇ ਹਾਂ ਸਿਰਫ ਚੌਧਰਾਂ ਖਾਤਰ। ਕਿੰਨਾ ਚੰਗਾ ਹੋਵੇ ਜੇ ਇਹ ਕੋਸ਼ਿਸ਼ਾਂ ਕੰਮ ਕਰਨ ਲਈ ਕੀਤੀਆਂ ਜਾਣ ਨਾ ਕਿ ਚੌਧਰਾਂ ਕਰਨ ਜਾਂ ਕਾਇਮ ਰੱਖਣ ਲਈ। ਬਹੁਤੇ ਅਹੁਦੇਦਾਰ, ਆਪਣੇ ਆਪ ਨੂੰ ਸੇਵਾਦਾਰ ਸਮਝਣ ਦੀ ਬਜਾਏ ਰੱਬ ਸਮਝਣ ਲੱਗ ਪੈਂਦੇ ਹਨ। ਫਿਰ ਉਨ੍ਹਾਂ ਦਾ ਕੰਮ ਸਿਰਫ਼ ਆਪਣੇ ਸਮਰਥਕਾਂ ਨੂੰ ਲਾਭ ਪਹੁੰਚਾਉਣਾ ਅਤੇ ਆਪਣੇ ਵਿਰੋਧੀਆਂ ਨੂੰ ਥੱਲੇ ਲਾਉਣਾ ਹੀ ਹੁੰਦਾ ਹੈ। ਅਸੀਂ ਨੈਤਿਕਤਾ, ਇਮਾਨਦਾਰੀ, ਅਸੂਲਾਂ ਅਤੇ ਪਵਿੱਤਰਤਾ ਵਾਲੇ ਪੱਖਾਂ ਨੂੰ ਬਿਲਕੁਲ ਭੁੱਲ ਜਾਂਦੇ ਹਾਂ।

ਸਾਨੂੰ ਹਿੰਦੁਸਤਾਨ ਵਿਚ ਅਤੇ ਬਾਹਰ ਸਥਾਪਤ ਕੀਤੇ ਧਾਰਮਿਕ ਅਸਥਾਨਾਂ ਦੀ ਹਾਲਤ ਦਾ ਤਾਂ ਬਹੁਤ ਚੰਗੀ ਤਰ੍ਹਾਂ ਪਤਾ ਹੀ ਹੈ। ਇਨ੍ਹਾਂ ਅਸਥਾਨਾਂ 'ਤੇ ਜਿਸ ਤਰ੍ਹਾਂ ਲੜਾਈਆਂ ਹੁੰਦੀਆਂ ਹਨ, ਜਿਸ ਤਰ੍ਹਾਂ ਇਨ੍ਹਾਂ ਅਸਥਾਨਾਂ ਦੀ ਦੁਰਦਸ਼ਾ ਕੀਤੀ ਜਾਂਦੀ ਹੈ, ਉਹ ਬੜੀ ਸ਼ਰਮ ਵਾਲੀ ਗੱਲ ਹੈ। ਇਨ੍ਹਾਂ ਸੰਸਥਾਵਾਂ ਦੇ ਅਹੁਦੇਦਾਰ ਹਰ ਧਾਰਮਿਕ ਮੌਕੇ 'ਤੇ ਅਖਬਾਰਾਂ ਵਿਚ ਆਪਣਾ ਅਹੁਦਾ ਵਰਤ ਕੇ ਵਧਾਈਆਂ ਦੀਆਂ ਖਬਰਾਂ ਦਿੰਦੇ ਹਨ ਜਿਨ੍ਹਾਂ ਵਿਚ ਉਹ ਅਸਲ ਵਿਚ ਆਪਣੇ ਵਪਾਰਾਂ ਦੇ ਇਸ਼ਤਿਹਾਰ ਦਿੰਦੇ ਹਨ। ਅਸਲ ਵਿਚ ਅਸੂਲਾਂ ਅਨੁਸਾਰ, ਇਹ ਵਧਾਈਆਂ ਜਾਂ ਤਾਂ ਸਿਰਫ ਅਹੁਦੇਦਾਰਾਂ ਵਲੋਂ ਹੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਜਾਂ ਫਿਰ ਆਪਣੇ ਵਪਾਰਾਂ ਵਲੋਂ, ਪਰ ਦੋਹਾਂ ਵਲੋਂ ਨਹੀਂ।

ਹਿੰਦੁਸਤਾਨ ਦੀ ਰਾਜਨੀਤੀ ਵਿਚ ਵੀ ਲੀਡਰ ਕੋਈ ਠੋਸ ਕੰਮ ਕਰਨ ਦੀ ਥਾਂ ਹਰ ਅਸੂਲ ਭੰਗ ਕਰ ਕੇ ਆਪਣੇ ਵਿਰੋਧੀਆਂ ਨੂੰ ਜੇਲ੍ਹ ਭੇਜਣ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਵਿਚ ਜ਼ਿਆਦਾ ਰੁੱਝੇ ਰਹਿੰਦੇ ਹਨ। ਕਿੰਨਾ ਚੰਗਾ ਹੋਵੇ ਜੇ ਇਹ ਲੀਡਰ ਜਿਨ੍ਹਾਂ ਕੰਮਾਂ ਲਈ ਚੁਣੇ ਗਏ ਹਨ ਉਨ੍ਹਾਂ ਕੰਮਾਂ ਵਲ ਧਿਆਨ ਦੇਣ ਅਤੇ ਬੇਈਮਾਨਾਂ ਨੂੰ ਜੇਲ੍ਹਾਂ ਵਿਚ ਭੇਜਣ ਦਾ ਕੰਮ ਕਚਹਿਰੀਆਂ ਤੇ ਛੱਡ ਦੇਣ। ਗੁਰਦਾਸ ਮਾਨ ਦੇ ਇਕ ਗੀਤ ਦੇ ਬੋਲ ਹਨ, ਰੋਟੀ ਹੱਕ ਦੀ ਖਾਈਏ ਜੀ, ਭਾਵੇਂ ਬੂਟ ਪਾਲਸ਼ਾਂ ਕਰੀਏ।

ਇਨ੍ਹਾਂ ਦੋ ਸਤਰਾਂ ਵਿਚ ਕਿੰਨਾ ਕੁਝ ਸਿੱਖਣ ਲਈ ਭਰਿਆ ਪਿਆ ਹੈ। ਅਸੀਂ ਇਹ ਜਾਣਦੇ ਹੋਏ ਵੀ ਦੂਜਿਆਂ ਦੇ ਹੱਕਾਂ 'ਤੇ ਕਬਜ਼ਾ ਕਰਨ ਦੀ ਹਰ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਭਰਾ ਭਰਾਵਾਂ ਦੀ ਜ਼ਮੀਨ ਹੜੱਪਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਸਰਮਾਏਦਾਰ ਗਰੀਬਾਂ ਦਾ ਹੱਕ ਮਾਰ ਕੇ ਹੋਰ ਅਮੀਰ ਬਣਨ ਵਿਚ ਲੱਗੇ ਰਹਿੰਦੇ ਹਨ। ਅਸੀਂ ਅਮੀਰਾਂ ਦੇ ਗੋਡੀਂ ਹੱਥ ਲਾਉਣ ਜਾਂ ਪੈਰ ਚੁੰਮਣ ਤੱਕ ਅਤੇ ਗ਼ਰੀਬਾਂ ਦੇ ਥੱਪੜ ਮਾਰਨ ਤੱਕ ਜਾਂਦੇ ਹਾਂ।

ਅਸੂਲ ਵੀ ਕਈ ਤਰ੍ਹਾਂ ਦੇ ਹੁੰਦੇ ਹਨ। ਕੁਝ ਅਸੂਲ, ਜਿਨ੍ਹਾਂ ਨੂੰ ਅਸੀਂ ਸਿਧਾਂਤ ਜਾਂ ਨਿਯਮ ਵੀ ਕਹਿ ਸਕਦੇ ਹਾਂ, ਲਿਖਤੀ ਰੂਪ ਵਿਚ ਹੁੰਦੇ ਹਨ। ਉਨ੍ਹਾਂ ਨੂੰ ਤੋੜਨ ਨਾਲ ਸਾਨੂੰ ਸਜ਼ਾ ਮਿਲਦੀ ਹੈ। ਜਿਵੇਂ ਕਾਰ ਚਲਾਉਂਦਿਆਂ ਗਲਤੀ ਕਰਨ 'ਤੇ ਸਾਨੂੰ ਜੁਰਮਾਨਾ ਹੋ ਸਕਦਾ ਹੈ; ਸ਼ਰਾਬ ਪੀ ਕੇ ਕਾਰ ਚਲਾਉਣ ਨਾਲ ਅਸੀਂ ਜੇਲ੍ਹ ਜਾ ਸਕਦੇ ਹਾਂ। ਕਿਸੇ ਦੀ ਕੁੱਟ-ਮਾਰ ਕਰਨ ਨਾਲ ਸਾਨੂੰ ਸਜ਼ਾ ਹੋ ਸਕਦੀ ਹੈ। ਕੁਝ ਅਸੂਲ ਅਣਲਿਖੇ ਹੁੰਦੇ ਹਨ। ਸੱਚ ਬੋਲਣਾ ਇਕ ਅਜਿਹਾ ਅਸੂਲ ਹੈ ਜੋ ਸਰਕਾਰ ਨੇ ਤਾਂ ਨਹੀਂ ਬਣਾਇਆ ਪਰ ਇਸ ਨੂੰ ਅਪਨਾਉਣਾ ਸਾਡਾ ਇਖ਼ਲਾਕੀ ਫ਼ਰਜ਼ ਹੈ। ਕੁਝ ਅਸੂਲ ਨਿੱਜੀ ਹੁੰਦੇ ਹਨ ਜੋ ਅਸੀਂ ਆਪਣੀ ਮਰਜ਼ੀ ਨਾਲ ਅਪਨਾ ਸਕਦੇ ਹਾਂ ਅਤੇ ਆਪਣੀ ਮਰਜ਼ੀ ਨਾਲ ਤੋੜ ਸਕਦੇ ਹਾਂ ਜਿਵੇਂ ਕੋਈ ਇਨਸਾਨ ਜਦੋਂ ਮਰਜ਼ੀ ਸ਼ਰਾਬ ਛੱਡਣ ਦਾ ਪ੍ਰਣ ਕਰ ਲਵੇ ਅਤੇ ਫਿਰ ਜਦੋਂ ਮਰਜ਼ੀ ਇਸ ਪ੍ਰਣ ਨੂੰ ਤੋੜ ਲਵੇ। ਕੋਈ ਵੀ ਇਸ ਇਨਸਾਨ ਨੂੰ ਪੁੱਛਣ ਵਾਲਾ ਨਹੀਂ ਕਿ ਉਸ ਨੇ ਇਹ ਪ੍ਰਣ ਕਿਉਂ ਕੀਤਾ ਸੀ ਅਤੇ ਕਿਉਂ ਤੋੜਿਆ ਸੀ।

ਜ਼ਿੰਦਗੀ ਦੇ ਹਰ ਪਹਿਲੂ ਵਿਚ ਕੁਝ ਨਾ ਕੁਝ ਅਸੂਲ ਹਨ ਜੋ ਸਾਨੂੰ ਅਪਨਾਉਣੇ ਪੈਂਦੇ ਹਨ। ਕੰਮ ਕਰਨ ਵਾਲੀਆਂ ਥਾਂਵਾਂ 'ਤੇ ਸਾਨੂੰ ਬਹੁਤ ਸਾਰੇ ਅਸੂਲਾਂ ਨੂੰ ਮੰਨਣਾ ਪੈਂਦਾ ਹੈ। ਜੇ ਅਸੀਂ ਇਨ੍ਹਾਂ ਅਸੂਲਾਂ ਵਿਚ ਰਹਿ ਕੇ ਨਾ ਚੱਲੀਏ ਤਾਂ ਸਾਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪੈ ਸਕਦੇ ਹਨ। ਪਰ ਕਈ ਵਾਰੀ ਫਿਰ ਵੀ ਅਸੀਂ ਇਨ੍ਹਾਂ ਅਸੂਲਾਂ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜੇ ਅਸੀਂ ਜ਼ਿੰਦਗੀ ਵਿਚ ਅਸੂਲਾਂ ਵਲ ਧਿਆਨ ਦੇ ਕੇ ਚੱਲੀਏ ਅਤੇ ਅਸੂਲਾਂ ਦੀ ਇੱਜ਼ਤ ਕਰੀਏ ਤਾਂ ਜ਼ਿੰਦਗੀ ਸੌਖੀ ਰਹਿੰਦੀ ਹੈ।

# ਲਿਊ ਦੀ ਰਿਹਾਈ ਲਈ ਨਿੱਤਰੇ ਨੋਬੇਲ ਪੁਰਸਕਾਰ ਜੇਤੂ

**ਤਾਇਪੇਈ:** ਆਰਕ ਬਿਸ਼ਪ ਡੈਸਮੰਡ ਟੂਟੂ ਦੀ ਅਗਵਾਈ ਹੇਠ 140 ਤੋਂ ਵੱਧ ਨੋਬੇਲ ਪੁਰਸਕਾਰ ਜੇਤੂਆਂ ਨੇ ਚੀਨ ਨੂੰ ਅਮਨ ਲਈ ਨੋਬੇਲ ਪੁਰਸਕਾਰ ਜੇਤੂ ਲਿਊ ਸਿਆਓਬੋ ਨੂੰ ਰਿਹਾ ਕਰਨ ਦੀ ਮੰਗ ਕੀਤੀ ਹੈ। ਮਨੁੱਖੀ ਹੱਕਾਂ ਦਾ ਇਹ ਕਾਰਕੁਨ 2009 ਤੋਂ ਜੇਲ੍ਹ ਵਿਚ ਬੰਦ ਹੈ। ਨੋਬੇਲ ਪੁਰਸਕਾਰ ਜੇਤੂਆਂ ਵੱਲੋਂ ਲਿਖੇ ਇਸ ਪੱਤਰ ਉਤੇ 130 ਤੋਂ ਵੱਧ ਮੁਲਕਾਂ ਦੇ 4000,000 ਲੋਕਾਂ ਵੱਲੋਂ ਵੀ ਦਸਤਖ਼ਤ ਕੀਤੇ ਗਏ ਹਨ।



ਲਿਊ ਸਿਆਓਬੋ

ਪੱਤਰ ਵਿਚ ਚੀਨ ਦੇ ਨਾਮਜ਼ਦ ਰਾਸ਼ਟਰਪਤੀ ਸੀ. ਚਿਨਪਿੰਗ ਨੂੰ ਮੁਖ਼ਾਤਬ ਹੁੰਦਿਆਂ ਸ੍ਰੀ ਲਿਊ ਤੇ ਉਨ੍ਹਾਂ ਦੀ ਪਤਨੀ ਲਿਊ ਸੀਆ ਨੂੰ ਰਿਹਾ ਕਰਨ ਦੀ ਬੇਨਤੀ ਕੀਤੀ ਗਈ ਹੈ। ਸੀਆ 'ਤੇ ਕੋਈ ਦੋਸ਼ ਆਇਦ ਨਹੀਂ ਕੀਤਾ ਗਿਆ ਪਰ ਉਸ ਨੂੰ ਘਰ ਵਿਚ ਨਜ਼ਰਬੰਦ ਕੀਤਾ ਹੋਇਆ ਹੈ। ਹਾਂਗਕਾਂਗ, ਨਿਊ ਯਾਰਕ, ਪੈਰਿਸ, ਬਰਲਿਨ ਤੇ ਲੰਡਨ ਵਿਚਲੇ ਚੀਨੀ ਦੂਤਾਵਾਸਾਂ ਤੇ ਕੂਟਨੀਤਕ ਮਿਸ਼ਨਾਂ ਨੂੰ ਇਹ ਪਟੀਸ਼ਨ ਸੌਂਪੀ ਗਈ ਹੈ। ਆਰਕ ਬਿਸ਼ਪ ਟੂਟੂ ਨੇ ਪਟੀਸ਼ਨ ਵਿਚ ਕਿਹਾ ਕਿ ਬੁਨਿਆਦੀ ਹੱਕਾਂ ਤੇ ਸਵੈ-ਪ੍ਰਗਟਾਵੇ ਦੇ ਢੁਕਵੇਂ ਅਮਲ ਦੀ ਇਸ ਘੋਰ ਅਵੱਗਿਆ ਦਾ ਕੌਮਾਂਤਰੀ ਭਾਈਚਾਰੇ ਵੱਲੋਂ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

1989 ਦੇ ਤਿਆਨਮਿਨ ਚੌਕ ਮੁਜ਼ਾਹਰਿਆਂ ਦੇ ਸਾਬਕਾ ਆਗੂ ਵੂਇਰ ਕਾਇਸੀ ਨੇ ਤਾਇਵਾਨ ਵਿਚ ਪੇਇਚਿੰਗ ਪੱਖੀ ਰਾਸ਼ਟਰਪਤੀ ਮਾ ਯਿੰਗਚਿਊ ਨੂੰ ਪਟੀਸ਼ਨ ਪੇਸ਼ ਕਰਦਿਆਂ ਲਿਊ ਦੀ ਰਿਹਾਈ ਕਰਾਉਣ ਲਈ ਕਿਹਾ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਉਮੀਦ ਹੈ ਕਿ ਪਟੀਸ਼ਨ ਰਾਹੀਂ ਰਾਸ਼ਟਰਪਤੀ ਮਾ ਕੁਝ ਕਰਨਗੇ ਜਿਸ ਨਾਲ ਚੀਨ ਸਰਕਾਰ ਨੂੰ ਲਿਊ ਸਿਆਓਬੋ ਤੇ ਉਸ ਦੀ ਪਤਨੀ ਨੂੰ ਰਿਹਾ ਕਰਾਉਣ 'ਚ ਮਦਦ ਮਿਲਦੀ ਹੋਵੇ।

# ਨਿਲਾਮੀ ਦੀ ਕਤਾਰ 'ਚ ਲੱਗੇ ਨਾਮੀ ਅਮਰੀਕੀ ਅਖ਼ਬਾਰ

**ਵਾਸ਼ਿੰਗਟਨ:** ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਕਈ ਅਮਰੀਕੀ ਅਖ਼ਬਾਰ ਨਿਲਾਮੀ ਦੀ ਕਤਾਰ ਵਿਚ ਲੱਗੇ ਹੋਏ ਹਨ। ਦਿ ਬੋਸਟਨ ਗਲੋਬ ਹਾਲ ਹੀ 'ਚ ਵੇਚੇ ਜਾਣ ਦਾ ਐਲਾਨ ਹੋਇਆ ਤੇ ਇਸ ਦੀ ਮੂਲ ਕੰਪਨੀ ਦਿ ਨਿਊ ਯਾਰਕ ਟਾਈਮਜ਼ ਕੰਪਨੀ ਨੇ ਕਿਹਾ ਕਿ ਇਹ ਇਸ ਅਖ਼ਬਾਰ ਲਈ ਸੰਭਾਵਨਾਵਾਂ ਤਲਾਸ਼ ਰਹੀ ਹੈ।

'ਦਿ ਲਾਸ ਏਂਜਲਸ ਟਾਈਮਜ਼', 'ਸ਼ਿਕਾਗੋ ਟ੍ਰਿਬਿਊਨ' ਤੇ 'ਬਾਲਟੀਮੋਰ ਸੰਨ' ਵੀ ਨਿਲਾਮੀ ਦੀ ਸ਼੍ਰੇਣੀ ਵਿਚ ਆ ਗਏ ਹਨ ਤੇ ਇਨ੍ਹਾਂ ਤੋਂ ਇਲਾਵਾ ਟ੍ਰਿਬਿਊਨ ਕੰਪਨੀ ਦੇ ਪੰਜ ਹੋਰ ਅਖ਼ਬਾਰ ਇਸ ਸ਼੍ਰੇਣੀ ਵਿਚ ਹਨ। ਅਖ਼ਬਾਰਾਂ ਵਿਚ ਹੋ ਰਹੀ ਇਸ ਹਿਲਜੁਲ ਸਦਕਾ ਅਮਰੀਕਾ ਦੇ ਮੀਡੀਆ ਖੇਤਰ ਵਿਚ ਨਾਟਕੀ ਤਬਦੀਲੀਆਂ ਆ ਸਕਦੀਆਂ ਹਨ। ਉਂਜ ਪੈਸੇ ਨਾਲੋਂ ਕਈ ਹੋਰ ਕਾਰਨਾਂ ਕਰਕੇ ਵੀ ਇਹ ਅਖ਼ਬਾਰ ਵੇਚੇ ਜਾ ਰਹੇ ਹਨ ਕਿਉਂਕਿ ਅਖ਼ਬਾਰੀ ਕੰਪਨੀਆਂ ਨੂੰ ਇਨ੍ਹਾਂ ਲਈ ਬਹੁਤੇ ਖਰੀਦਦਾਰ ਨਹੀਂ ਲੱਭ ਰਹੇ।

ਖੋਜੀ ਫਰਮ ਆਊਟਸੈਲ ਵਿਚ ਮੀਡੀਆ ਸਮੀਖਿਅਕ ਕੈਨ ਡਾਕਟਰ ਨੇ ਕਿਹਾ ਕਿ ਇਨ੍ਹਾਂ ਦੇ ਵੱਡੇ ਵਕਾਰ ਦੇ ਬਾਵਜੂਦ ਇਨ੍ਹਾਂ ਨੂੰ ਦੋ ਦਹਾਕੇ ਪਹਿਲਾਂ ਦੀ ਕੀਮਤ ਦੇ ਮੁਕਾਬਲੇ ਦਸਵੇਂ ਹਿੱਸੇ ਦੀ ਕੀਮਤ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਉਹ ਅਖ਼ਬਾਰ ਹਨ ਜਿਨ੍ਹਾਂ ਕੌਮੀ ਮਹੱਤਵ ਦੀਆਂ ਖ਼ਬਰਾਂ ਕੱਢੀਆਂ ਸਨ। ਇਹ ਬਹੁਤ ਅਹਿਮ ਹਨ ਪਰ ਇਨ੍ਹਾਂ 'ਤੇ ਤਬਦੀਲੀਆਂ ਅਤੇ ਡਿਜੀਟਲ ਭੰਨ-ਤੋੜ ਦੀ ਮਾਰ ਪੈਂਦੀ ਹੈ।

'ਦਿ ਬੋਸਟਨ ਗਲੋਬ' ਨੂੰ 1993 ਵਿਚ ਦਿ ਨਿਊ ਯਾਰਕ ਟਾਈਮਜ਼ ਕੰਪਨੀ ਨੇ 1.1 ਅਰਬ ਡਾਲਰ ਵਿਚ ਖਰੀਦਿਆ ਸੀ ਤੇ ਹੁਣ ਤਕਰੀਬਨ 1.10 ਕਰੋੜ ਡਾਲਰ ਵਿਚ ਵੇਚਿਆ ਜਾ ਰਿਹਾ, ਸ਼ਿਕਾਗੋ ਸੰਨ ਟਾਈਮਜ਼ 2011 ਵਿਚ ਦੋ ਕਰੋੜ ਡਾਲਰ 'ਚ ਵੇਚਿਆ ਗਿਆ ਸੀ ਜਿਸ ਦੀ ਕੀਮਤ 1994 ਵਿਚ 18 ਕਰੋੜ ਡਾਲਰ ਸੀ। ਫਿਲਾਡੈਲਫੀਆ ਅਖ਼ਬਾਰ ਸਮੂਹ ਜਿਸ ਵਿਚ ਫਿਲਾਡੈਲਫੀਆ ਇਨਕੁਆਇਰਰ ਵੀ ਸ਼ਾਮਲ ਹਨ, 5.5 ਕਰੋੜ ਡਾਲਰ ਵਿਚ ਵੇਚਿਆ ਗਿਆ ਜਿਸ ਦੀ 2006 ਵਿਚ 51.5 ਕਰੋੜ ਡਾਲਰ ਕੀਮਤ ਪਈ ਸੀ। ਇਨ੍ਹਾਂ ਅਖ਼ਬਾਰਾਂ ਲਈ ਇਕਮਾਤਰ ਖਰੀਦਦਾਰ ਨਿਊਜ਼ ਕਾਰਪੋਰੇਸ਼ਨ ਹੀ ਨਜ਼ਰ ਆ ਰਹੀ ਹੈ ਜੋ ਮੀਡੀਆ ਦੇ ਸੁਲਤਾਨ ਰੁਪਰਟ ਮਰਡੌਕ ਦੀ ਕੰਪਨੀ ਹੈ।

## ਜੈਕ ਲਿਊ ਅਮਰੀਕਾ ਦੇ ਨਵੇਂ ਖ਼ਜ਼ਾਨਾ ਮੰਤਰੀ ਬਣੇ

**ਵਾਸ਼ਿੰਗਟਨ:** ਸਾਬਕਾ ਅਧਿਕਾਰੀ ਜੈਕ ਲਿਊ ਅਮਰੀਕਾ ਦੇ ਨਵੇਂ ਖ਼ਜ਼ਾਨਾ ਮੰਤਰੀ ਬਣ ਗਏ ਹਨ। ਨਵੇਂ ਖ਼ਜ਼ਾਨਾ ਮੰਤਰੀ ਲਈ ਸਰਕਾਰੀ ਖਰਚਿਆਂ ਵਿਚ ਕਟੌਤੀਆਂ ਨੂੰ ਲਾਗੂ ਕਰਨ ਦੀ ਵੱਡੀ ਚੁਣੌਤੀ ਹੈ ਤੇ ਇਹ ਅਮਲ ਸ਼ੁਰੂ ਹੋ ਗਿਆ ਸੀ। ਸ੍ਰੀ ਲਿਊ (57) ਨੇ ਸ੍ਰੀ ਟਿਮੋਥੀ ਗੀਦਨਰ ਦੀ ਥਾਂ ਲਈ ਹੈ ਤੇ ਉਹ ਅਮਰੀਕਾ ਦੇ 76ਵੇਂ ਖ਼ਜ਼ਾਨਾ ਮੰਤਰੀ ਬਣੇ ਹਨ। ਅਮਰੀਕੀ ਸੰਸਦ ਦੇ ਉਪਰਲੇ ਸਦਨ ਸੈਨੇਟ ਨੇ ਉਨ੍ਹਾਂ ਦੀ ਨਿਯੁਕਤੀ ਨੂੰ 71-26 ਵੋਟਾਂ ਨਾਲ ਮਨਜ਼ੂਰੀ ਦਿੱਤੀ ਸੀ।

# ਖ਼ੁਸ਼ਵੰਤ ਸਿੰਘ

**98ਵੇਂ ਜਨਮ ਦਿਨ 'ਤੇ**

ਹਰਪਾਲ ਸਿੰਘ ਪੰਨੂ

ਮੈਨੂੰ ਲਗਦਾ ਹੁੰਦਾ ਖ਼ੁਸ਼ਵੰਤ ਸਿੰਘ ਉਪਰ ਲਿਖਣ ਵਿਚ ਕੀ ਮੁਸ਼ਕਲ ਹੋ ਸਕਦੀ ਹੈ? ਜਿਹੋ ਜਿਹਾ ਬੇਤਕੱਲਾ ਬੰਦਾ, ਉਹੋ ਜਿਹੀ ਬੇਤਕੱਲੀ ਲਿਖਤ ਕੰਮ ਸਾਰ ਦਏਗੀ। ਉਸ ਨੇ ਦੁਨੀਆਂ ਦੇ ਜਿਉਂਦੇ-ਮੁਰਦੇ ਸਭ ਵਿਸ਼ਿਆਂ ਉਪਰ ਕਲਮ ਚਲਾਈ, ਧਰਮ, ਫਿਲਮਾਂ, ਸ਼ਾਇਰੀ, ਸਿੱਖ ਇਤਿਹਾਸ, ਨਾਵਲ, ਅਨੁਵਾਦ, ਜੀਵਨੀਆਂ, ਰਾਜਨੀਤੀ, ਵਹਿਮ-ਭਰਮ, ਯਾਨਿ ਕਿ ਸਮੇਂ ਦਾ ਦਰਿਆ ਜੋ ਕੁਝ ਉਸ ਦੇ ਦਿਲ ਵਿਚੋਂ ਦੀ ਰੁੜ੍ਹਾ ਕੇ ਲਿਆਉਂਦਾ, ਲਿਖ ਦਿੰਦਾ। ਆਪਣੇ ਸਮੇਂ ਦੀ ਸਭ ਤੋਂ ਤਾਕਤਵਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਕੀ ਪ੍ਰਵਾਹ ਕਰਨੀ ਸੀ ਜਦੋਂ ਉਸ ਨੇ ਰੱਬ ਦੀ ਪ੍ਰਵਾਹ ਨਹੀਂ ਕੀਤੀ। ਪੁੱਛਿਆ ਗਿਆ, "ਤੁਸੀਂ ਏਨਾ ਕੁਝ ਕਿਵੇਂ ਲਿਖ ਲਿਆ?" ਹੱਸ ਪਿਆ, "ਹਰ ਸਵੇਰ ਚਾਰ ਵਜੇ ਮੇਰੀ ਨੀਂਦ ਖੁਲ੍ਹ ਜਾਂਦੀ ਹੈ। ਪਾਠ ਪੂਜਾ ਉਪਰ ਇਕ ਮਿੰਟ ਵੀ ਜ਼ਾਇਆ ਕਰਨ ਦੀ ਥਾਂ ਮੈਂ ਚਾਹ ਪੀ ਕੇ ਸਿੱਧਾ ਲਿਖਣ ਪੜ੍ਹਨ ਦੇ ਮੇਜ਼ ਅਗੇ ਜਾ ਬੈਠਦਾ ਹਾਂ। ਫੇਰ ਚੱਲ ਸੋ ਚੱਲ।"

ਇਤਿਹਾਸਕਾਰੀ, ਦਰਸ਼ਨ ਅਤੇ ਵਿਅੰਗ ਦੀ ਉਸ ਨੂੰ ਵਡੇ ਦਾਨਸ਼ਵਰ ਜਿੰਨੀ ਸਮਝ ਹੈ। ਜਾਣਬੁਝ ਕੇ ਆਪਣੀ ਅਤੇ ਜ਼ਮਾਨੇ ਦੀ ਖਿੱਲੀ ਉਡਾਉਂਦਾ। ਕਿਸੇ ਰਿਸ਼ਤੇ ਦੀ ਪ੍ਰਵਾਹ ਨਹੀਂ। ਧਨਾਢ ਪਿਉ ਸਰ ਸੋਭਾ ਸਿੰਘ ਦਾ ਪੁੱਤਰ ਇੰਗਲੈਂਡ ਪੜ੍ਹਨ ਗਿਆ, ਵਕਾਲਤ ਪਾਸ ਕੀਤੀ, ਲਾਹੌਰ ਪ੍ਰੈਕਟਿਸ ਵੀ ਕੀਤੀ। ਲਿਖਦਾ ਹੈ, "ਵਲਾਇਤ ਵਿਚ ਪਿਤਾ ਦਾ ਖ਼ਤ ਆਉਂਦਾ, ਸਖ਼ਤ ਮਿਹਨਤ ਕਰਨ ਦੀ ਹਦਾਇਤ ਲਿਖੀ ਹੁੰਦੀ, ਪੈਸੇ ਦਾ ਹਿਸਾਬ ਮੰਗਿਆ ਹੁੰਦਾ। ਮੈਂ ਕਈ ਕਈ ਦਿਨ ਖ਼ਤ ਬੰਦ ਪਿਆ ਰਹਿਣ ਦਿੰਦਾ। ਮਾਂ ਦੀ ਚਿੱਠੀ ਸੁਆਦਲੀ ਹੁੰਦੀ। ਗੁਆਂਢ ਦੀਆਂ ਚੁਗਲੀਆਂ ਲਿਖੀਆਂ ਹੁੰਦੀਆਂ। ਕਿਸ ਦੀ ਕੁੜੀ ਕਿਸ ਨਾਲ ਭੱਜ ਗਈ ਹੈ ਤੇ ਕਿਹੜੀ ਭੱਜਣ ਵਾਲੀ ਹੈ, ਬਿਰਤਾਂਤ ਹੁੰਦੇ। ਮੈਨੂੰ ਮਾਂ ਦੀ ਚਿੱਠੀ ਦੀ ਉਡੀਕ ਰਹਿੰਦੀ। ਪਿਤਾ ਸਾਹਮਣੇ ਉਹ ਸਹਿਮੀ ਸਹਿਮੀ ਰਹਿੰਦੀ। ਹਰ ਮਸਲੇ 'ਤੇ ਅੰਤਮ ਫੈਸਲਾ ਪਿਉ ਕਰੇਗਾ। ਪਿਤਾ ਦਾ ਦੇਹਾਂਤ ਹੋ ਗਿਆ। ਕੁਝ ਦਿਨ ਉਦਾਸੀ ਰਹੀ ਪਰ ਜਲਦੀ ਹੀ ਸਾਰੇ ਜਣੇ ਮਾਤਮ ਵਿਚੋਂ ਬਾਹਰ ਨਿਕਲ ਆਏ। ਮਾਂ ਦੇ ਹੱਥ ਘਰ ਦੇ ਖ਼ਜ਼ਾਨੇ ਦੀਆਂ ਚਾਬੀਆਂ ਆ ਗਈਆਂ। ਨੂੰਹਾਂ ਧੀਆਂ ਸਭ 'ਤੇ ਰੋਅਬ ਚਲਾਉਂਦੀ। ਕਦੀ ਕਦਾਈਂ ਸ਼ਾਮ ਪੈਣ 'ਤੇ ਵਿਸਕੀ ਦਾ ਪੈਗ ਲਾ ਲੈਂਦੀ। ਦਿਨਾਂ ਵਿਚ ਚਿਹਰੇ ਉਪਰ ਲਾਲੀਆਂ ਝਗੜਨ ਲੱਗੀਆਂ। ਗਵਾਂਢਣਾਂ ਆਪਸ ਵਿਚ ਗੱਲਾਂ ਕਰਦੀਆਂ, "ਸਾਡੇ ਖਾਵੰਦ ਪਤਾ ਨ੍ਹੀਂ ਕਦੋਂ ਮਰਨਗੇ!"

ਪੱਚੀ ਸਾਲ ਪਹਿਲਾਂ ਸਿੱਖ ਸਟਡੀਜ਼ ਦੇ ਸੈਮੀਨਾਰ ਵਿਚ ਖਾਸ ਮਹਿਮਾਨ ਵਜੋਂ ਪੰਜਾਬੀ ਯੂਨੀਵਰਸਿਟੀ ਆਇਆ। ਪਹਿਲਾ ਵਾਕ, "ਕੋਈ ਚੰਗਾ ਸਿੱਖ ਮੁੱਖ ਮਹਿਮਾਨ ਵਜੋਂ ਨਹੀਂ ਲੱਭਾ ਤੁਹਾਨੂੰ? ਖ਼ੁਸ਼ਵੰਤ ਸਿੰਘ ਮੁੱਖ ਮਹਿਮਾਨ ਤੇ ਸਿੱਖ ਸਟੱਡੀਜ਼ ਦੇ ਸੈਮੀਨਾਰ ਦਾ ਪ੍ਰਧਾਨ ਭਗਤ ਸਿੰਘ ਵਾਈਸ ਚਾਂਸਲਰ! ਪੈ ਗਿਆ ਸਿੱਖੀ ਦਾ ਭੋਗ। ਦਿਨ ਛਿਪਣ ਸਾਰ ਤਾਂ ਅਸੀਂ ਦੋਵੇਂ ਗਲਾਸੀਆਂ ਲੱਭਣ ਲੱਗ ਜਾਣੇ ਆਂ।

ਦਸ ਸਾਲ ਪਹਿਲਾਂ ਮੈਂ ਨੈਸ਼ਨਲ ਸੈਮੀਨਾਰ ਕਰਨ ਦੀ ਵਿਉਂਤ ਬਣਾਈ। ਖ਼ੁਸ਼ਵੰਤ ਸਿੰਘ ਨੂੰ ਖ਼ਤ ਲਿਖਿਆ, ਹਫਤੇ ਕੁ ਬਾਦ ਫੋਨ ਕੀਤਾ, ਉਨ੍ਹਾਂ ਨੇ ਮਨਜ਼ੂਰੀ ਦੇ ਦਿਤੀ। ਅਸੀਂ ਖ਼ੁਸ਼ ਹੋਏ, ਕਾਰਡ ਛਪਵਾ ਲਏ। ਤਿੰਨ ਦਿਨ ਪਹਿਲਾਂ ਫੋਨ ਕੀਤਾ, "ਸਰਦਾਰ ਸਾਹਿਬ ਕਾਰ ਰਾਹੀਂ ਆਓਗੇ, ਟਰੇਨ ਰਾਹੀਂ ਕਿ ਜਹਾਜ਼ ਰਾਹੀਂ? ਅਸੀਂ ਤੁਹਾਨੂੰ ਲੈਣ ਆਵਾਂਗੇ।" ਉਤਰ ਮਿਲਿਆ, "ਪ੍ਰੋਗਰਾਮ ਕੈਂਸਲ। ਮੇਰੀ ਸਰਦਾਰਨੀ ਦੀ ਮੌਤ ਹੋ ਗਈ ਐ। ਅਫਸੋਸ ਕਰਨ ਵਾਲੇ ਲੋਕ ਆ ਆ ਕੇ ਬੋਰ ਕਰਦੇ ਹਨ। ਇਕ ਮਹੀਨੇ ਵਾਸਤੇ ਗੋਆ ਚੱਲਿਆਂ। ਉਥੇ ਬੀਚ 'ਤੇ ਦਾਰੂ ਪੀਆਂਗਾ ਤੇ ਛੁੱਟੀਆਂ ਦਾ ਜ਼ਾਇਕਾ ਲਵਾਂਗਾ। ਐਤਕੀਂ ਕਿਸੇ ਹੋਰ ਨੂੰ ਸੱਦ ਲਵੋ।"



ਮੈਂ ਅੰਮ੍ਰਿਤਾ ਸ਼ੇਰਗਿਲ ਉਪਰ ਲਿਖਣ ਵਾਸਤੇ ਸ੍ਰੋਤ ਸਮੱਗਰੀ ਇੱਕਠੀ ਕਰਨੀ ਸ਼ੁਰੂ ਕੀਤੀ। ਕਾਫੀ ਕੁਝ ਮਿਲ ਗਿਆ। ਬਲਦੂਨ ਢੀਂਗਰਾ ਅਤੇ ਇਕਬਾਲ ਸਿੰਘ ਮੁਢਲੇ ਲੇਖਕ ਹਨ ਜਿਨ੍ਹਾਂ ਦੀ ਇਸ ਮਜੀਠੀਆ ਖਾਨਦਾਨ ਨਾਲ ਪਰਿਵਾਰਕ ਸਾਂਝ ਰਹੀ। ਮੈਨੂੰ ਖ਼ੁਸ਼ਵੰਤ ਸਿੰਘ ਪਾਸੋਂ ਬਹੁਤ ਕੁਝ ਮਿਲਣ ਦੀ ਆਸ ਸੀ ਜੋ ਪੂਰੀ ਨਹੀਂ ਹੋਈ। ਦੁਪਹਿਰ ਦੀ ਰੋਟੀ ਖਾਣ ਵਾਸਤੇ ਕੋਰਟ ਵਿਚੋਂ ਘਰ ਆਇਆ ਕਰਦਾ ਸੀ। ਇਕ ਦਿਨ ਦੇਖਿਆ, ਡਰਾਇੰਗ ਰੂਮ ਵਿਚਲੇ ਸੈਂਟਰ ਟੇਬਲ ਉਪਰ ਬੀਅਰ ਦੀ ਖਾਲੀ ਬੋਤਲ ਪਈ ਹੈ। ਨੌਕਰ ਨੂੰ ਪੁੱਛਿਆ, "ਕੌਣ ਆਇਆ ਸੀ?" ਨੌਕਰ ਨੇ ਹੌਲੀ ਜਿਹੀ ਦੱਸਿਆ, "ਇਕ ਮੇਮ ਸਾਹਿਬ ਆਈ ਹੈ, ਪੰਜਾਬੀ ਬੋਲਦੀ ਐ, ਆਪੇ ਫਰਿੱਜ ਖੋਲ੍ਹ ਕੇ ਬੋਤਲ ਕੱਢੀ ਤੇ ਗਟਾਗਟ ਪੀ ਗਈ। ਗੁਸਲਖਾਨੇ ਵਿਚ ਹੈ।" ਬਾਹਰ ਆਈ, ਸਜੀ ਫਬੀ ਰੁਅਬ-ਦਾਬ ਵਾਲੀ ਅੰਮ੍ਰਿਤਾ, ਲਿਸ਼ਕਾਰੇ ਮਾਰਦੀ ਸਾੜ੍ਹੀ ਵਿਚ। ਇਕ ਦੋ ਵਾਰ ਫੇਰ ਆਈ। ਖ਼ੁਸ਼ਵੰਤ ਸਿੰਘ ਦੀ ਸਰਦਾਰਨੀ ਨੂੰ ਉਸ ਦੀਆਂ ਹਰਕਤਾਂ ਸਹੀ ਨਹੀਂ ਲੱਗੀਆਂ, ਬਦਕਲਾਮੀ ਹੋਈ। ਅੰਮ੍ਰਿਤਾ ਨੇ ਕਿਹਾ, "ਤੂੰ ਮੇਰੇ 'ਤੇ ਸ਼ੱਕ ਕਰਦੀ ਹੈਂ ਕਿ ਮੈਂ ਤੇਰੇ ਮਰਦ ਨਾਲ ਰੋਮਾਂਸ ਕਰਦੀ ਹਾਂ, ਇਹ ਮੇਰੇ 'ਤੇ ਕਿਉਂਕਿ ਨਜਾਇਜ਼ ਦੋਸ਼ ਲਾਇਆ ਹੈ, ਇਸ ਕਰਕੇ ਹੁਣ ਮੈਂ ਤੇਰੇ ਖਾਵੰਦ ਨੂੰ ਨਠਾ ਕੇ ਲਿਜਾਵਾਂਗੀ।" ਖ਼ੁਸ਼ਵੰਤ ਸਿੰਘ ਲਿਖਦਾ ਹੈ, "ਕਈ ਸਾਲ ਮੈਂ ਇੰਤਜ਼ਾਰ ਕਰਦਾ ਰਿਹਾ ਕਿ ਉਹ ਮੈਨੂੰ ਨਠਾ ਲਿਜਾਏਗੀ, ਪਰ ਉਸ ਨੇ ਆਪਣਾ ਕਥਨ ਪੂਰਾ ਨਾ ਕੀਤਾ।" ਉਹ ਉਸ ਉਪਰ ਲਿਖ ਸਕਦਾ ਸੀ, ਲਿਖਣਾ ਚਾਹੁੰਦਾ ਸੀ ਪਰ ਅਜਿਹਾ ਕਰਨ ਨਾਲ ਪਰਿਵਾਰਕ ਮਾਹੌਲ ਖਰਾਬ ਹੋ ਜਾਣਾ ਸੀ।

ਕੁਝ ਲੋਕ ਆਖਦੇ ਹਨ, "ਉਸ ਦੀ ਬੀਵੀ ਬੜੀ ਸਖਤ ਸੀ। ਕੀ ਮਜਾਲ ਕੋਈ ਸਮਾਂ ਲਿਆਂ ਬਗੈਰ ਮਿਲਣ ਆ ਜਾਏ ਤੇ ਫਿਰ ਨਿਸ਼ਚਿਤ ਸਮੇਂ ਬਾਦ ਵੀ ਦੇਰ ਤੱਕ ਬੈਠਾ ਰਹੇ, ਜਾਣ ਵਾਸਤੇ ਕਹਿ ਦਿੰਦੀ।" ਮਾਸੂਮ ਲੋਕ! ਕੀ ਇਹ ਉਸ ਦੀ ਬੀਵੀ ਦਾ ਹੁਕਮ ਹੁੰਦਾ ਸੀ ਜਾਂ ਖ਼ੁਸ਼ਵੰਤ ਸਿੰਘ ਦੀ ਆਪਣੀ ਇੱਛਾ? ਬੀਵੀ ਤਾਂ ਸਾਧਨ ਮਾਤਰ ਸੀ। ਉਸ ਦੇ ਕੰਮ ਵਿਚ ਨਿਰੰਤਰ ਵਿਘਨ ਪੈਂਦਾ ਰਹਿੰਦਾ ਤਾਂ ਏਨਾ ਕਿਵੇਂ ਪੜ੍ਹ ਲਿਖ ਸਕਦਾ? ਦੋ ਸ਼ਖਸ ਅਜਿਹੇ ਦੇਖੇ ਜਿਨ੍ਹਾਂ ਕੋਲ ਧਨ ਅਤੇ ਹੋਰ ਸਾਧਨਾਂ ਦੀ ਕਮੀ ਨਹੀਂ ਸੀ ਪਰ ਉਹ ਸੰਜਮ ਵਿਚ ਰਹੇ, ਇਕ ਪ੍ਰੋਫੈਸਰ ਹਰਬੰਸ ਸਿੰਘ, ਜਿਨ੍ਹਾਂ ਨੇ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ ਤਿਆਰ ਕੀਤਾ, ਦੂਜਾ ਖ਼ੁਸ਼ਵੰਤ ਸਿੰਘ। ਆਪਣੇ ਅਧਿਆਪਕ ਪ੍ਰੋ. ਹਰਬੰਸ ਸਿੰਘ ਬਾਰੇ ਕਦੀ ਫਿਰ ਲਿਖਾਂਗਾ।

ਲੰਮਾ ਸਮਾਂ ਹਿੰਦੋਸਤਾਨ ਟਾਈਮਜ਼ ਅਤੇ ਇਲਸਟ੍ਰੇਟਿਡ ਵੀਕਲੀ ਦਾ ਸੰਪਾਦਨ ਕੀਤਾ, ਭਾਰਤ ਦਾ ਨੰਬਰ ਇਕ ਮੈਗਜ਼ੀਨ ਬਣਾ ਦਿਤਾ, ਫਿਰ ਆਪਣਾ ਮੈਗਜ਼ੀਨ 'ਨਿਊ ਦਿੱਲੀ' ਕੱਢਿਆ। 'ਨਿਊ ਦਿੱਲੀ' ਦੇ ਸੰਪਾਦਕੀ ਵਿਚ ਆਪਣੇ ਕੇਰਲਾ ਰਹਿੰਦੇ ਈਸਾਈ ਮਿੱਤਰ ਦੀ ਮੌਤ ਉਪਰੰਤ ਸ਼ਰਧਾਂਜਲੀ ਦੇ ਇਹ ਲਫਜ਼ ਲਿਖੇ, "ਉਹ ਏਨਾ ਚੰਗਾ, ਏਨਾ ਸਿਆਣਾ ਤੇ ਏਨਾ ਈਮਾਨਦਾਰ ਸੀ ਕਿ ਅਸੀਂ ਸਭ ਉਸ ਤੋਂ ਬੋਰ ਹੋ ਗਏ ਸਾਂ।"

ਬਲਵੰਤ ਗਾਰਗੀ ਦੀ ਮੌਤ ਪਿਛੋਂ ਖ਼ੁਸ਼ਵੰਤ ਸਿੰਘ ਨੇ ਉਸ ਦੀਆਂ ਕੁਝ ਯਾਦਾਂ ਲਿਖੀਆਂ, "ਇਕ ਦਿਨ ਮੇਰੇ ਕੋਲ ਗਾਰਗੀ ਦਾ ਫੋਨ ਆਇਆ, ਮੁੱਦਤ ਬਾਦ ਫੋਨ ਕਾਲ। ਕਹਿੰਦਾ, 'ਮੈਂ ਪੰਜਾਬੀ ਵਿਚ ਲਿਖਦਾ ਲਿਖਦਾ ਮਸ਼ਹੂਰ ਹੋ ਗਿਆ ਤਾਂ ਤੂੰ ਸਲਾਹ ਦਿਤੀ ਸੀ ਕਿ ਹੁਣ ਅੰਗਰੇਜ਼ੀ ਵਿਚ ਵੀ ਲਿਖਾਂ। ਮੈਂ ਅੰਗਰੇਜ਼ੀ ਵਿਚ ਲਿਖਿਆ ਤਾਂ ਦੁਨੀਆਂ ਨੂੰ ਮੇਰਾ ਪਤਾ ਲੱਗਾ ਮੇਰੀ ਕਲਮ ਵਿਚ ਜਾਨ ਐ। ਇਹ ਫੋਨ ਮੈਂ ਤੇਰਾ ਸ਼ੁਕਰਾਨਾ ਕਰਨ ਵਾਸਤੇ ਕੀਤਾ ਹੈ।' ਮੈਨੂੰ ਉਸ ਦੇ ਇਸ ਸ਼ੁਕਰਾਨੇ ਤੋਂ ਪਤਾ ਲੱਗ ਗਿਆ ਸੀ, ਗਾਰਗੀ ਵਿਛੜਨ ਵਾਲਾ ਹੈ ਹੁਣ।"

ਖ਼ੁਸ਼ਵੰਤ ਸਿੰਘ ਦਾ ਨਾਵਲ 'ਟ੍ਰੇਨ ਟੂ ਪਾਕਿਸਤਾਨ' ਅੰਗਰੇਜ਼ੀ ਦੀ ਲਿਖਤ ਲਗਦੀ ਹੀ ਨਹੀਂ, ਜਿਵੇਂ ਚੰਦਰਧਰ ਗੁਲੇਰੀ ਦੀ 'ਉਸ ਨੇ ਕਹਾ ਥਾ' ਹਿੰਦੀ ਵਿਚ ਲਿਖੀ ਹੋਣ ਦੇ ਬਾਵਜੂਦ ਪੰਜਾਬੀ ਕਹਾਣੀ ਲਗਦੀ ਹੈ ਕਿਉਂਕਿ ਦੋਹਾਂ ਦੇ ਪਾਤਰ ਪੰਜਾਬੀ ਹਨ, ਸੁਭਾਅ ਪੰਜਾਬੀ ਹੈ, ਮਾਹੌਲ ਪੰਜਾਬੀ ਹੈ।

ਟੀ.ਵੀ. ਉਪਰ ਉਸ ਦੀ ਇੰਟਰਵਿਊ ਆ ਰਹੀ ਸੀ। ਐਂਕਰ ਵਾਰ ਵਾਰ ਉਸ ਦੇ ਇਸ਼ਕਾਂ ਦੀ ਦਾਸਤਾਨ ਛੇੜਨੀ ਚਾਹ ਰਿਹਾ ਸੀ। ਖ਼ੁਸ਼ਵੰਤ ਸਿੰਘ ਟਾਲੀ ਜਾ ਰਿਹਾ ਸੀ, "ਭਰਾ ਮੈਂ ਗੱਪੀ ਹਾਂ। ਆਪਣੀ ਗੱਲ ਰਸਦਾਇਕ ਬਣਾਉਣ ਵਾਸਤੇ ਮਸਾਲੇ ਪਾ ਦਿੰਨਾਂ, ਹੋਰ ਕੁੱਝ ਨਹੀਂ। ਮਿੱਘੇ ਪਾਣੀ ਦੀ ਬੋਤਲ ਤੋਂ ਇਲਾਵਾ ਆਪਣੇ ਬਿਸਤਰੇ ਵਿਚ ਮੈਂ ਨਹੀਂ ਹੋਰ ਕੋਈ ਵੜਨ ਦਿੱਤਾ।" ਐਂਕਰ ਬਾਜ਼ ਨਾ ਆਇਆ ਤਾਂ ਖ਼ੁਸ਼ਵੰਤ ਸਿੰਘ ਹੱਸ ਪਿਆ, "ਛੱਡ ਭਰਾ, ਹੁਣ ਤਾਂ ਸ਼ਾਮ ਦੀ ਨਮਾਜ਼ ਦਾ ਵਕਤ ਹੋ ਚੱਲਿਐ, ਇਸ਼ਕਾਂ ਦੀਆਂ ਗੱਲਾਂ ਛੱਡ ਪਰੇ।" ਫਿਰ ਉਸ ਨੇ ਇਕ ਪ੍ਰਸਿੱਧ ਪੱਤਰਕਾਰ ਦਾ ਜ਼ਿਕਰ ਕਰਦਿਆਂ ਗਿਲਾ ਕੀਤਾ, "ਉਸ ਬਦਤਮੀਜ਼ ਨੇ ਉਨ੍ਹਾਂ ਸਾਰੀਆਂ ਕੁੜੀਆਂ ਦੇ ਬਿਰਤਾਂਤ ਆਪਣੀ ਕਿਤਾਬ ਵਿਚ ਛਾਪ ਦਿੱਤੇ ਹਨ ਜਿਨ੍ਹਾਂ ਨਾਲ ਇਸ਼ਕ ਕੀਤਾ। ਇਹ ਬੇਈਮਾਨੀ ਹੈ। ਹੁਣ ਮੇਰੇ ਵਰਗੇ ਪੱਤਰਕਾਰ ਉਪਰ ਵੀ ਸ਼ੱਕ ਕੀਤਾ ਜਾਏਗਾ ਕਿ ਮੈਂ ਅਜਿਹੀ ਕਰਤੂਤ ਨਾ ਕਰ ਦਿਆਂ। ਉਸ ਨੇ ਸਾਰਾ ਪੱਤਰਕਾਰ ਭਾਈਚਾਰਾ ਬਦਨਾਮ ਕਰ ਦਿੱਤਾ।"

ਕੈਨੇਡਾ ਵਾਸੀ ਹਰਦੇਵ ਸਿੰਘ ਆਰਟਿਸਟ ਉਸ ਦਾ ਦੋਸਤ ਹੈ। ਦਿੱਲੀ ਆ ਕੇ ਖ਼ੁਸ਼ਵੰਤ ਸਿੰਘ ਨੂੰ ਮਿਲਿਆ ਤੇ ਕਿਹਾ, "ਤੂੰ ਕਿਹਾ ਸੀ, ਸਿੱਖ ਅੱਧੀ ਸਦੀ ਵਿਚ ਖਤਮ ਹੋ ਜਾਣਗੇ, ਕਿਥੇ ਗਈ ਤੇਰੀ ਭਵਿਖਬਾਣੀ?" ਖ਼ੁਸ਼ਵੰਤ ਹੱਸ ਪਿਆ, ਕਿਹਾ, "ਦਿਖਾ ਤਾਂ ਕੋਈ ਸਿੱਖ। ਕਿਥੇ ਨੇ?"

ਫਰਵਰੀ 1984 ਵਿਚ ਸੰਤ ਜਰਨੈਲ ਸਿੰਘ ਨੂੰ ਮਿਲਣ ਅੰਮ੍ਰਿਤਸਰ ਆਇਆ। ਗੁਰੂ ਨਾਨਕ ਨਿਵਾਸ ਵਿਚ ਮਿਲੇ। ਖ਼ੁਸ਼ਗਵਾਰ ਮਾਹੌਲ ਵਿਚ ਗੱਲਾਂ ਹੋਈਆਂ। ਖ਼ੁਸ਼ਵੰਤ ਸਿੰਘ ਨੇ ਕਿਹਾ, ਤੁਸੀਂ ਕਿਹਾ ਸੀ ਜਿਹੜਾ ਸਿੱਖ ਸ਼ਰਾਬ ਪੀਂਦਾ ਹੋਵੇ ਫੜ ਕੇ ਮੇਰੇ ਕੋਲ ਲਿਆਓ, ਮੈਂ ਮਿੱਟੀ ਦੇ ਤੇਲ ਦਾ ਪੀਪਾ ਰੱਖਿਆ ਹੋਇਐ, ਅੱਗ ਲਾ ਕੇ ਸਾੜ ਦਿਆਂਗਾ। ਹਰ ਰੋਜ਼ ਵਿਸਕੀ ਪੀਣ ਵਾਲਾ ਸ਼ਖਸ ਤੁਹਾਡੇ ਕੋਲ ਖੁਦ ਪੁੱਜ ਗਿਐ। ਲਿਆਉ ਪੀਪਾ, ਕਰੋ ਮੇਰਾ ਇੰਤਜ਼ਾਮ। ਸੰਤ ਹੱਸ ਪਏ-ਭਰਾ ਜੀ ਚੰਗੀ ਗੱਲ ਤਾਂ ਨਹੀਂ ਨਾ ਸ਼ਰਾਬ ਪੀਣੀ। ਸਿੱਖ ਆਪਣੇ ਆਪ ਨੂੰ ਬਰਬਾਦ ਨਾ ਕਰ ਲੈਣ, ਇਸ ਲਈ ਅਜਿਹੀ ਗੱਲ ਕਰ ਦਿੰਦਾ ਹਾਂ। ਕਿੰਨਿਆਂ ਕੁ ਨੂੰ ਸਾੜ ਦਿੱਤਾ ਮੈਂ? ਕਿਥੇ ਐ ਮੇਰੇ ਕੋਲ ਮਿੱਟੀ ਦਾ ਤੇਲ? ਮੇਰੇ ਦਬਕੇ ਤੋਂ ਡਰਦੇ ਜੇ ਕੁਝ ਸਿੱਖ ਸ਼ਰਾਬ ਪੀਣੀ ਛੱਡ ਦੇਣ ਤਾਂ ਚੰਗਾ ਨਾ ਹੋਵੇ? ਖੂਬ ਹੱਸੇ।

ਦਰਬਾਰ ਸਾਹਿਬ ਉਪਰ ਫੌਜੀ ਹਮਲਾ ਹੋਇਆ ਤਾਂ ਉਸ ਨੇ ਪਾਰਲੀਮੈਂਟ ਦੀ ਮੈਂਬਰੀ ਤੋਂ ਅਸਤੀਫਾ ਦੇ ਕੇ ਪਦਮਸ੍ਰੀ ਦਾ ਖਿਤਾਬ ਵਾਪਸ ਕਰ ਦਿੱਤਾ। ਇੰਦਰਾ ਗਾਂਧੀ ਪਰਿਵਾਰ ਨਾਲ ਦਹਾਕਿਆਂ ਤੋਂ ਚਲੀ ਆ ਰਹੀ ਦੋਸਤੀ ਦਾ ਭੋਗ ਪਾਉਣ ਵਿਚ ਪਲ ਨਹੀਂ ਲਾਇਆ। ਉਦੋਂ ਬੇਸ਼ਕ ਗੰਡਾ ਸਿੰਘ, ਸਾਧੂ ਸਿੰਘ ਹਮਦਰਦ, ਖ਼ੁਸ਼ਦੇਵਾ ਸਿੰਘ, ਮਹਾਰਾਜਾ ਅਮਰਿੰਦਰ ਸਿੰਘ ਆਦਿਕ ਦਰਜਨਾਂ ਸਿੱਖਾਂ ਨੇ ਆਪਣੇ ਮਾਣ-ਸਨਮਾਨ ਰੋਸ ਵਜੋਂ ਵਾਪਸ ਕਰ ਦਿਤੇ ਸਨ ਪਰ ਇੰਦਰਾ ਗਾਂਧੀ ਨੂੰ ਸਭ ਤੋਂ ਵਧੀਕ ਗਿਲਾ ਖ਼ੁਸ਼ਵੰਤ ਸਿੰਘ ਉਪਰ ਹੋਇਆ, ਕਿਉਂਕਿ ਉਹ ਅੰਤਰਰਾਸ਼ਟਰੀ ਪੱਧਰ ਦੀ ਸ਼ਖਸੀਅਤ ਬਣ ਚੁਕਾ ਸੀ। ਅੰਮ੍ਰਿਤਾ ਪ੍ਰੀਤਮ ਅਤੇ ਖ਼ੁਸ਼ਵੰਤ ਸਿੰਘ ਨੂੰ ਇੰਦਰਾ ਗਾਂਧੀ ਨੇ ਰਾਜ ਸਭਾ ਵਿਚ ਸਤਿਕਾਰਤ ਮੈਂਬਰਾਂ ਵਜੋਂ ਨਾਮਜ਼ਦ ਕੀਤਾ ਸੀ। ਅੰਮ੍ਰਿਤਾ ਪ੍ਰੀਤਮ ਉਤੇ ਦਰਬਾਰ ਸਾਹਿਬ ਉਪਰ ਹਮਲੇ ਦਾ ਜਾਂ ਭਾਰਤ ਦੇ ਵੱਖ ਵੱਖ ਹਿਸਿਆਂ ਵਿਚ ਸਿੱਖਾਂ ਦੇ ਕਤਲੇਆਮ ਦਾ ਕੋਈ ਅਸਰ ਨਹੀਂ ਹੋਇਆ। ਅੱਜ ਆਖਾਂ ਵਾਰਸਸ਼ਾਹ ਨੂੰ... ਲਿਖਣ ਵਾਲੀ ਕਵਿਤਰੀ ਨੇ ਆਪਣੀ ਰਾਜ ਸਭਾ ਦੀ ਅਵਧੀ ਸ਼ਾਨ ਨਾਲ ਪੂਰੀ ਕੀਤੀ।

ਖ਼ੁਸ਼ਵੰਤ ਸਿੰਘ ਨੇ ਵੱਡੇ ਖੱਬੀਖਾਨਾਂ, ਨਾਢੂਖਾਨਾਂ ਦੀ ਰੱਜ ਕੇ ਖੱਲ ਉਤਾਰੀ, ਖਿੱਲੀ ਉਡਾਈ। ਕਿਸੇ ਦੀ ਹਿੰਮਤ ਨਹੀਂ ਪਈ, ਉਸ ਉਪਰ ਹਲਕੀ ਟਿੱਪਣੀ ਕਰਦਾ। ਉਸ ਨੂੰ ਆਪਣੇ ਆਪ ਦਾ ਮਜ਼ਾਕ ਉਡਾਉਣ ਵਿਚ ਜ਼ਾਇਕਾ ਆਉਂਦਾ। ਆਪਣੇ ਖਿਲਾਫ ਮਨਘੜਤ ਘਟਨਾਵਾਂ ਜੋੜ ਕੇ ਲਿਖ ਦਿੰਦਾ। ਤੈਨੂੰ ਕਾਫਰ ਕਾਫਰ ਆਖਦੇ, ਤੂੰ ਆਹੋ ਆਹੋ ਆਖ... ਵਾਲੀ ਗੱਲ। ਸ਼ਰਾਬ

(ਬਾਕੀ ਅਗਲੇ ਸਫੇ 'ਤੇ)

# ਮਾਤ ਭਾਸ਼ਾ ਦਿਵਸ ਦੇ ਝਰੋਖੇ 'ਚੋਂ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕੌਮਾਂਤਰੀ ਮਾਤ ਭਾਸ਼ਾ ਦਿਵਸ (21 ਫਰਵਰੀ) ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਨੂੰ ਪਿਆਰ ਕਰਨ ਵਾਲਿਆਂ ਨੇ ਵੀ ਚੋਖੀ ਉਤਸੁਕਤਾ ਦਿਖਾਈ ਹੈ। ਇੰਗਲੈਂਡ, ਅਮਰੀਕਾ, ਕੈਨੇਡਾ ਤੇ ਇਟਲੀ ਤੋਂ ਬਿਨਾ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿਚ ਸਾਹਿਤ ਸਭਾਵਾਂ ਨੇ ਆਪੋ ਆਪਣੇ ਢੰਗ ਨਾਲ ਜਸ਼ਨ ਮਨਾ ਕੇ ਡੇਢ ਸੌ ਦੇਸ਼ਾਂ ਵਿਚ ਵਸੇ 15 ਕਰੋੜ ਪੰਜਾਬੀਆਂ ਦੀ ਦੁਨੀਆਂ ਦੀਆਂ 7 ਹਜ਼ਾਰ ਭਾਸ਼ਾਵਾਂ ਵਿਚੋਂ ਦਸਵੇਂ ਸਥਾਨ 'ਤੇ ਮੰਨੀ ਜਾਣ ਵਾਲੀ ਇਸ ਭਾਸ਼ਾ ਪ੍ਰਤੀ ਮੋਹ ਜਤਾਇਆ ਹੈ। ਦਿੱਲੀ, ਕੁਰੂਕਸ਼ੇਤਰ, ਚੰਡੀਗੜ੍ਹ, ਪਟਿਆਲਾ ਤੇ ਅੰਮ੍ਰਿਤਸਰ ਵਿਚ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਐਮ ਏ, ਐਮ ਫਿਲ, ਡਾਕਟਰੇਟ ਤੱਕ ਦੀ ਪੜ੍ਹਾਈ ਦਾ ਹੋਣਾ ਇਸ ਦੀ ਸਰਬਵਿਆਪਕ ਪ੍ਰਵਾਨਗੀ ਦਾ ਸਬੂਤ ਹੈ।

ਇਸ ਪ੍ਰਸੰਗ ਵਿਚ ਪੰਜਾਬ ਭਾਸ਼ਾ ਵਿਭਾਗ ਦੀ ਵਰਤਮਾਨ ਸਥਿਤੀ ਅਤੇ ਕਾਰਗੁਜ਼ਾਰੀ ਵਲ ਧਿਆਨ ਜਾਣਾ ਵੀ ਅਹਿਮ ਹੈ। ਅਜ਼ਾਦੀ ਪਿਛੋਂ ਇਹ ਇੱਕੋ ਇੱਕ ਵਿਭਾਗ ਸੀ ਜਿਹੜਾ ਚੜ੍ਹਦੇ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਰਾਖੀ ਕਰਦਾ ਸੀ। ਇਤਿਹਾਸ, ਭੂਗੋਲ, ਭਾਸ਼ਾ ਤੇ ਸਭਿਆਚਾਰ ਨੂੰ ਦਰਸਾਉਣ ਵਾਲੀਆਂ ਅੰਗਰੇਜ਼ੀ, ਉਰਦੂ ਤੇ ਪੰਜਾਬੀ ਰਚਨਾਵਾਂ ਨਵੇਂ ਸਿਰਿਉਂ ਪ੍ਰਕਾਸ਼ਤ ਕਰਨ ਤੋਂ ਬਿਨਾ ਸੈਮੀਨਾਰ, ਮੇਲੇ ਤੇ ਪੁਸਤਕ ਪ੍ਰਦਰਸ਼ਨੀਆਂ ਦਾ ਪ੍ਰਬੰਧ ਕਰਕੇ ਪੰਜਾਬੀ ਭਾਸ਼ਾ ਦਾ ਡੰਕਾ ਦੂਰ-ਦੂਰ ਤੱਕ ਵਜਾ ਰਿਹਾ ਸੀ। 1960 ਵਿਚ ਡਾ. ਮਹਿੰਦਰ ਸਿੰਘ ਰੰਧਾਵਾ ਵਲੋਂ ਸੰਪਾਦਤ ਤੇ ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਤ 'ਪੰਜਾਬ' ਨਾਂ ਦੀ ਰਚਨਾ ਉਸ ਵੇਲੇ ਦੀ ਸਰਬ ਸਾਂਝੀ ਤੇ ਉਸਾਰੂ ਸੋਚ ਦਾ ਗੌਲਣਯੋਗ ਸਬੂਤ ਹੈ।

ਹਿਮਾਚਲ ਤੇ ਹਰਿਆਣਾ-ਦੋ ਵੱਖਰੇ ਰਾਜ ਬਣਨ ਤੇ ਪੰਜਾਬ ਵਿਚ ਨਵੀਆਂ ਯੂਨੀਵਰਸਿਟੀਆਂ ਦੀ ਸਥਾਪਨਾ ਨਾਲ ਭਾਸ਼ਾ ਵਿਭਾਗ ਦੀ ਕਾਰਗੁਜ਼ਾਰੀ ਆਪਣਾ ਮਹੱਤਵ ਗੰਵਾ ਚੁੱਕੀ ਹੈ। ਨਵੀਆਂ ਵਿਦਿਅਕ ਤੇ ਤਕਨੀਕੀ ਸੰਸਥਾਵਾਂ ਨੂੰ ਰਾਜ ਸਰਕਾਰਾਂ ਤੋਂ ਬਿਨਾ ਕੇਂਦਰ ਸਰਕਾਰ ਵਲੋਂ ਵੀ ਮਾਲੀ ਮਦਦ ਮਿਲ ਰਹੀ ਹੈ। ਸਮੇਂ ਸਮੇਂ ਬਦਲੀਆਂ ਸਰਕਾਰਾਂ ਨੇ ਇਸ ਵਿਭਾਗ ਨੂੰ ਸਾਹਿਤਕਾਰਾਂ, ਕਲਾਕਾਰਾਂ ਤੇ ਪੱਤਰਕਾਰਾਂ ਨੂੰ ਇਨਾਮਾਂ ਨਾਲ ਰਿਝਾਉਣ ਤੱਕ ਸੀਮਤ ਕਰ ਛੱਡਿਆ ਹੈ। ਚੰਗੀਆਂ ਸਕੀਮਾਂ ਨੂੰ ਚਾਲੂ ਰੱਖਣ ਲਈ ਅਮਲੇ ਦੀ ਲੋੜ ਵਲ ਉਕਾ ਹੀ ਧਿਆਨ ਨਹੀਂ ਦਿੱਤਾ ਗਿਆ। ਇਥੋਂ ਤੱਕ ਕਿ ਪਹਿਲਿਆਂ ਵਿਚ ਤਿਆਰ ਹੋਈਆਂ ਵਧੀਆ ਪੁਸਤਕਾਂ ਦੇ ਖਰੜੇ ਵੀ ਛਪਣ ਖੁਣੋਂ ਪਏ ਹਨ। ਮਾਂ ਬੋਲੀ ਨੂੰ ਵਧਦੇ ਫੁਲਦੇ ਵੇਖਣ ਵਾਲਿਆਂ ਦਾ ਫਰਜ਼ ਹੈ ਕਿ ਇਸ ਵਿਭਾਗ ਨੂੰ ਯੂਨੀਵਰਸਿਟੀਆਂ ਵਾਂਗ ਮਾਇਕ ਸਮਰਥਨ ਦਿਵਾਈਏ। ਪੁਸਤਕਾਂ ਦੀ ਛਪਾਈ ਲਈ ਛਾਪੇਖਾਨੇ, ਵਿੱਕਰੀ ਲਈ ਮੇਲੇ ਤੇ ਪ੍ਰਦਰਸ਼ਨੀਆਂ ਅਤੇ ਲੋੜੀਂਦੇ ਅਮਲੇ ਦਾ ਪ੍ਰਬੰਧ ਕੀਤਿਆਂ ਹੀ ਭਾਸ਼ਾ ਵਿਭਾਗ ਦਾ ਮਹੱਤਵ ਬਹਾਲ ਹੋ ਸਕਦਾ ਹੈ, ਪੁਰਸਕਾਰਾਂ ਦੀ ਗਿਣਤੀ ਜਾਂ ਰਾਸ਼ੀ ਵਧਾਉਣ ਨਾਲ ਨਹੀਂ। ਹਫੜਾ-ਤਫੜੀ ਨਾਲ ਦਿੱਤੇ ਪੁਰਸਕਾਰ ਰਾਜ ਸਰਕਾਰ ਦੀ ਸ਼ੋਭਾ ਵਧਾਉਂਦੇ ਨਹੀਂ ਸਗੋਂ ਘਟਾਉਂਦੇ ਹਨ। ਅਸਲੀ ਸ਼ੋਭਾ ਮਾਤ ਭਾਸ਼ਾ ਦੀਆਂ ਸੰਚਾਰ ਵਿਧੀਆਂ ਉਤੇ ਪਹਿਰਾ ਦਿਤਿਆਂ ਹੀ ਮਿਲਣੀ ਹੈ।

**ਆਸਟ੍ਰੇਲੀਆ ਤੋਂ ਪੰਜਾਬੀ ਰਸਾਲਾ**

ਮੈਂ ਆਸਟਰੇਲੀਆ ਨੂੰ ਉਥੋਂ ਦੀ ਨਾਵਲਿਸਟ ਬੈਟੀ ਕਾਲਿਨਜ਼ ਰਾਹੀਂ ਜਾਣਿਆ ਹੈ। ਉਹ ਆਪਣੇ ਤਾਸ਼ਕੰਦ ਦੌਰੇ ਤੋਂ ਵਾਪਸ ਜਾਂਦੇ ਸਮੇਂ ਅੰਮ੍ਰਿਤਾ ਪ੍ਰੀਤਮ ਦੇ ਘਰ 1970 ਵਿਚ ਮੈਨੂੰ ਮਿਲੀ ਤੇ ਪੱਕੀ ਮਿੱਤਰ ਹੋ ਗਈ। ਕੋਈ ਤੀਹ ਲੱਖ ਵਰਗ ਮੀਲਾਂ ਵਿਚ ਫੈਲਿਆ ਇਹ ਦੇਸ਼ ਸਾਗਰ ਦੇ ਕੰਢਿਆਂ ਉਤੇ ਵਸੇ ਸ਼ਹਿਰਾਂ ਨੂੰ ਛਡ ਕੇ ਹਜ਼ਾਰਾਂ ਮੀਲਾਂ ਤੱਕ ਪਸਰੀ ਰੇਤ ਤੋਂ ਸਿਵਾ ਕੁੱਝ ਵੀ ਨਹੀਂ। ਆਦਿਵਾਸੀਆਂ ਦੀ ਧਰਤੀ ਹੈ, ਬਾਹਰੋਂ ਆਏ ਵਿਦੇਸ਼ੀਆਂ ਦੀ ਵਸਾਈ ਹੋਈ। ਪਰ ਤਾਂਬੇ ਤੇ ਸੋਨੇ ਦੀ ਖਾਣ ਨਾਲ ਮਾਲਾਮਾਲ ਹੋਣ ਕਾਰਨ ਪੂਰੀ ਚੜ੍ਹਤ ਵਿਚ ਹੈ।

ਹੁਣ ਉਥੋਂ ਦੇ ਨਿਊ ਸਾਊਥ ਵੇਲਜ਼ ਰਾਜ ਦੀ ਬੌਨਵਿਲੇ ਬਸਤੀ ਤੋਂ ਦੋ ਪੰਜਾਬੀ ਨੌਜਵਾਨਾਂ-ਕਰਨ ਬਰਾੜ ਤੇ ਸ਼ਿਵਦੀਪ ਨੇ ਖੇਤੀ ਯੂਨੀਵਰਸਿਟੀ ਲੁਧਿਆਣਾ ਦੀ ਜਗਦੀਸ਼ ਕੌਰ ਨੂੰ ਆਪਣੇ ਨਾਲ ਗੰਢ ਕੇ ਇਕ ਨਿਵੇਕਲਾ ਦੋ ਮਾਸਕ ਪੰਜਾਬੀ ਰਸਾਲਾ ਕੱਢਿਆ ਹੈ। ਸਾਡੇ ਦੇਸ਼ ਦੇ ਮੋਰਾਂ ਵਾਂਗ ਸਤਿਕਾਰੇ ਜਾਂਦੇ ਉਥੋਂ ਦੇ ਹਸਦੇ ਪੰਛੀ ਦੇ ਨਾਂ ਤੇ 'ਕੂਕਾਬਾਰਾ' ਸਾਹਿਤ ਤੇ ਆਮ ਜਾਣਕਾਰੀ ਨਾਲ ਭਰਪੂਰ ਇਹ ਰਸਾਲਾ ਸ਼ੇਖ ਫਰੀਦ ਅਤੇ ਐਮ ਐਸ ਰੰਧਾਵਾ ਤੋਂ ਲੈ ਕੇ ਜੋਗਿੰਦਰ ਬਾਹਰਲਾ, ਜਗਤਾਰ, ਸਵਿਤੋਜ ਤੇ ਸਰਵਮੀਤ ਦੀਆਂ ਰਚਨਾਵਾਂ ਦਾ ਵੀ ਛੱਟਾ ਦਿੰਦਾ ਹੈ ਤੇ ਮਨਮੋਹਨ ਬਾਵਾ, ਹਰਪਾਲ ਪੰਨੂੰ ਤੇ ਜਸਵੰਤ ਜ਼ਫਰ ਤੇ ਜਪਾਨ ਵਾਸੀ ਪਰਮਿੰਦਰ ਸੋਢੀ ਦੀਆਂ ਕਲਾ ਕ੍ਰਿਤਾਂ ਦਾ ਵੀ। ਕਲਾ ਤੇ ਸਾਹਿਤ ਦਾ ਦਮ ਭਰਨ ਵਾਲੇ ਹਰ ਕਿਸੇ ਲਈ ਇਸ ਵਿਚ ਕੁਝ ਨਾ ਕੁਝ ਮਿਲ ਜਾਂਦਾ ਹੈ। ਨਿਵੇਦਤਾ ਸ਼ਰਮਾ ਦੀਆਂ ਇਨ੍ਹਾਂ ਪੰਕਤੀਆਂ ਵਰਗਾ,

ਕਿੰਨੇ ਖਿਡੌਣੇ ਤੇਰੇ ਸੀ?<br>
ਕਿੰਨੇ ਖਿਡੌਣੇ ਮੇਰੇ ਸੀ?<br>
ਜੋ ਗਿਣ ਗਿਣ ਖੇਡਾਂ ਖੇਡੀਆਂ।<br>
ਕਿਹੜਾ ਕਤਰਾ ਤੇਰੇ ਲਈ?<br>
ਕਿਹੜਾ ਕਤਰਾ ਮੇਰੇ ਲਈ?<br>
ਜੋ ਵੰਡ ਵੰਡ ਨਦੀਆਂ ਪੀਤੀਆਂ।

ਕਾਗਜ਼ ਮੋਮੀ, ਛਪਾਈ ਸੁੰਦਰ, ਪੰਨੇ 80, ਮੁੱਲ 60 ਰੁਪਏ। ਮਾਰਚ-ਅਪਰੈਲ 2013 ਅੰਕ ਦਾ ਉਨਾ ਹੀ ਸਵਾਗਤ ਹੈ ਜਿੰਨਾ ਅਠ ਸਾਲ ਪਹਿਲਾ 'ਹੁਣ' ਦਾ ਕੀਤਾ ਸੀ। ਕਾਸ਼ ਅੱਜ ਅੰਮ੍ਰਿਤਾ ਪ੍ਰੀਤਮ ਤੇ ਮੇਰੀ ਦੋਸਤ ਬੈਟੀ ਕਾਲਿਨਜ਼ ਇਹ ਰਸਾਲਾ ਵੇਖਣ ਲਈ ਜੀਵਤ ਹੁੰਦੇ। ਦੋਵੇਂ ਦੋਨਾਂ ਦੇਸ਼ਾਂ ਵਿਚ ਸਾਂਝ ਦੀਆਂ ਮੁੱਦਈ ਸਨ।

**ਅੰਤਿਕਾ:** (ਅਮਰਜੀਤ ਸਿੰਘ ਅਮਰ)

ਮਿਲਣ ਦੀ ਤਾਂਘ ਸੁਆਲੇ ਵਾਂਗਰਾਂ<br>
ਜੇ ਮਘ ਰਹੀ ਹੁੰਦੀ<br>
ਸਮੇਂ ਦੀ ਚਾਲ ਦਾ ਕੀ ਸੀ<br>
ਘਟਾ ਲੈਂਦੇ ਵਧਾ ਲੈਂਦੇ।<br>
ਮਜ਼ਾ ਕੁੱਝ ਹੋਰ ਹੈ<br>
ਵਿਪਰੀਤ ਰੁਚੀਆਂ ਨਾਲ ਨਿਭਣੇ ਦਾ<br>
ਅਜ਼ੀਜ਼ਾਂ ਹਮ-ਖਿਆਲਾਂ ਨਾਲ<br>
ਤਾਂ ਸਾਰੇ ਨਿਭਾ ਲੈਂਦੇ।

ਸੁਰਤ ਤੇ ਸੰਗੀਤ

# ਮੇਰਾ ਬਚਪਨ, ਹਿੰਦੀ ਗੀਤਾਂ ਦਾ ਸੁਨਹਿਰੀ ਕਾਲ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868

ਮੇਰੇ ਬਚਪਨ ਨੂੰ ਪ੍ਰਭਾਵਿਤ ਕਰਨ ਵਾਲੇ ਪੰਜਾਬੀ ਗੀਤਾਂ, ਗਾਇਕਾਂ, ਗਮੰਤਰੀਆਂ ਤੇ ਕਵੀਸ਼ਰਾਂ ਵੱਲ ਪਰਤਣ ਤੋਂ ਪਹਿਲਾਂ ਲਤਾ ਮੰਗੇਸ਼ਕਰ ਤੇ ਆਸ਼ਾ ਭੋਸਲੇ ਨਾਲ ਸ਼ੁਰੂ ਹੋਈ ਗੱਲ ਸਿਰੇ ਲਾਉਣੀ ਠੀਕ ਰਹੇਗੀ। ਸਾਡੀ ਪੀੜ੍ਹੀ ਸਮੇਤ ਕਈ ਪੀੜ੍ਹੀਆਂ ਦੇ ਮਨਾਂ ਉਤੇ ਡੂੰਘੀ ਛਾਪ ਛੱਡ ਗਏ ਬੁਲੰਦ ਮਿਆਰ ਵਾਲੇ ਗੀਤਾਂ ਦਾ ਜ਼ਿਕਰ ਇਕ ਹੋਰ ਕਾਰਨ ਕਰਕੇ ਵੀ ਜ਼ਰੂਰੀ ਹੈ। ਇਹ ਕਲਾ ਦੀ ਇਸ ਹੋਣੀ ਅਤੇ ਮਜਬੂਰੀ ਨੂੰ ਉਜਾਗਰ ਕਰਦਾ ਹੈ ਕਿ ਉਹਦਾ ਅੱਗੇ ਵੱਲ ਦਾ ਮਾਰਗ



ਕੇ ਐਲ ਸਹਿਗਲ

ਸਿੱਧਾ-ਸਵਾਹਰਾ ਨਹੀਂ ਹੁੰਦਾ। ਗਾਇਕੀ ਸਮੇਤ ਹਰ ਕਲਾ ਦੇ ਵੱਖ ਵੱਖ ਇਤਿਹਾਸੀ ਦੌਰ ਸਮੁੰਦਰ ਦੀਆਂ ਛੱਲਾਂ ਵਾਂਗ ਹੁੰਦੇ ਹਨ। ਇਕ ਛੱਲ ਆਉਂਦੀ ਹੈ ਤੇ ਕੰਢੇ ਉਤੇ ਮੋਤੀ ਬਖੇਰ ਜਾਂਦੀ ਹੈ। ਦੂਜੀ ਛੱਲ ਆਉਂਦੀ ਹੈ ਤਾਂ ਕੰਢੇ ਉਤੇ ਕੂੜਾ-ਕਚਰਾ ਤੇ ਮੈਲੀ ਝੱਗ ਵਿਛਾ ਜਾਂਦੀ ਹੈ।

ਅੱਜ ਹਿੰਦੀ ਫਿਲਮੀ ਗੀਤ-ਸੰਗੀਤ ਤੋਂ ਲੈ ਕੇ ਥਾਂ ਥਾਂ ਵਜਦੇ ਪੰਜਾਬੀ ਗੀਤ-ਸੰਗੀਤ ਦਾ ਜੋ ਨਿਘਾਰ ਦੇਖਣ-ਸੁਣਨ ਵਿਚ ਆਉਂਦਾ ਹੈ, ਮੇਰੀ ਚੜ੍ਹਦੀ ਉਮਰ ਵੇਲੇ ਇਹ ਮਾਹੌਲ ਅਜਿਹੀਆਂ



ਸਲਿਲ ਚੌਧਰੀ

ਬੁਲੰਦੀਆਂ ਛੋਹ ਰਿਹਾ ਸੀ ਕਿ ਦਿਲ-ਦਿਮਾਗ ਤੋਂ ਪਾਰ ਹੋ ਕੇ ਰੂਹ ਨਾਲ ਨਾਤਾ ਜਾ ਜੋੜਦਾ ਸੀ। ਹਿੰਦੀ ਫਿਲਮਾਂ, ਜਿਨ੍ਹਾਂ ਦੀ ਪਹੁੰਚ ਪੰਜਾਬ ਦੇ ਛੋਟੇ ਛੋਟੇ ਸ਼ਹਿਰਾਂ ਦੇ ਸਿਨਮਾਘਰਾਂ ਤੱਕ ਤਾਂ ਹੋ ਹੀ ਗਈ ਸੀ, ਕਦੀ ਕਦੀ ਤਾਂ ਫਿਰਤੂ ਸਿਨਮਿਆਂ ਦੇ ਰੂਪ ਵਿਚ ਪਿੰਡਾਂ ਤੱਕ ਵੀ ਪਹੁੰਚ ਜਾਂਦੀਆਂ ਸਨ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦਿਨਾਂ ਵਿਚ ਫਿਲਮ ਦੇ ਪ੍ਰਿੰਟ ਅੱਜ ਜਿੰਨੇ ਬਹੁਤੇ ਨਾ ਬਣਦੇ ਹੋਣ ਕਾਰਨ ਪਹਿਲਾਂ ਹਰ ਫਿਲਮ ਗਿਣਤੀ ਦੇ ਵੱਡੇ ਸ਼ਹਿਰਾਂ ਵਿਚ ਲਗਦੀ ਅਤੇ ਉਥੋਂ ਲਹਿਣ ਮਗਰੋਂ ਪੌੜੀਆਂ ਉਤਰਨ ਵਾਂਗ ਛੋਟੇ ਸ਼ਹਿਰਾਂ, ਬਹੁਤੇ ਛੋਟੇ ਸ਼ਹਿਰਾਂ, ਮੰਡੀਆਂ ਤੇ ਕਸਬਿਆਂ ਤੱਕ ਪੁਜਦੀ। ਪਰ ਜਦੋਂ ਵੀ ਕਿਤੇ ਪੁਜਦੀ, ਉਸ ਜ਼ਮਾਨੇ ਵਿਚ ਆਵਾਜਾਈ, ਪਰਚਾਰ, ਪਰਸਾਰ ਤੇ ਸੰਚਾਰ ਦੇ ਸਾਧਨ ਬਹੁਤ ਹੀ ਮੁੱਢਲੇ ਹੋਣ ਕਾਰਨ ਉਥੋਂ ਦੇ ਲੋਕਾਂ ਲਈ ਉਹ ਨਵੀਂ ਹੀ ਹੁੰਦੀ।

ਕਦੀ-ਕਦਾਈਂ ਪਿੰਡਾਂ ਤੱਕ ਪਹੁੰਚਣ ਦੀ ਕਿਰਪਾ ਕਰਦੇ ਫਿਰਤੂ ਸਿਨਮੇ ਵਾਲੇ ਤਾਂ ਚੱਕਵੀਂ ਮਸ਼ੀਨ ਤੇ ਮੋਟੀ ਚਿੱਟੀ ਚਾਦਰ ਜਿਹੇ ਮਾਮੂਲੀ ਸਾਧਨਾਂ ਨਾਲ, ਸਾਲ ਕਿਹਾ ਤਾਂ ਕੀ ਕਿਹਾ, ਦਹਾਕਿਆਂ ਪੁਰਾਣੀਆਂ ਫਿਲਮਾਂ ਦਿਖਾਉਣ ਦੇ ਹੀ ਸਮਰੱਥ ਹੁੰਦੇ। ਤਸਵੀਰ ਤੇ ਆਵਾਜ਼ ਦੇ ਪੱਖੋਂ ਘਸੀ-ਪੁਰਾਣੀ ਰੀਲ੍ਹ ਵਿਚ ਵਿਚ ਟੁੱਟਦੀ ਵੀ ਰਹਿੰਦੀ ਜੀਹਨੂੰ ਸੰਢ ਲਾ ਕੇ ਉਹ ਅੱਗੇ ਤੋਰ ਲੈਂਦੇ। ਪਰ ਅਜਿਹੇ ਮਨਪਰਚਾਵੇ ਤੋਂ ਉਕਾ ਹੀ ਵਿਰਵਾ ਜੀਵਨ ਜਿਉਂ ਰਹੇ ਲੋਕ ਜੋ ਆਨੰਦ ਮਾਣਦੇ, ਉਹਦਾ ਅਨੁਭਵ ਤਾਂ ਅੱਜ ਦੇ ਆਧੁਨਿਕ ਥੀਏਟਰਾਂ ਵਿਚ ਫਿਲਮਾਂ ਦੇਖਣ ਵਾਲੇ ਦਰਸ਼ਕ ਕਰ-ਕਲਪ ਵੀ ਨਹੀਂ ਸਕਦੇ!

ਮੇਰੀ ਪੀੜ੍ਹੀ ਸਮੇਤ ਕਈ ਪੀੜ੍ਹੀਆਂ ਨੂੰ ਭਰਪੂਰ ਅਨੰਦ ਦੇ ਕੇ ਪ੍ਰਭਾਵਿਤ ਕਰਦੇ ਰਹੇ ਹਿੰਦੀ ਫਿਲਮੀ ਗੀਤ-ਸੰਗੀਤ ਦੇ ਇਤਿਹਾਸ ਵਿਚ ਕੰਢੇ ਉਤੇ ਮੋਤੀ ਲਿਆ ਬਖੇਰਨ ਵਾਲੀ ਛੱਲ ਜਿਹੇ ਉਸ ਦੌਰ ਦਾ ਮਹੱਤਵ ਉਹਦੇ ਸਰਬੰਗੀ ਹੋਣ ਵਿਚ ਸੀ। ਗੱਲ ਗੀਤਕਾਰਾਂ ਦੀ ਕਰੀਏ, ਸੰਗੀਤਕਾਰਾਂ ਦੀ ਜਾਂ ਗਾਇਕਾਂ ਦੀ ਕਰੀਏ, ਹਰ ਖੇਤਰ ਵਿਚ ਅਨੇਕ ਨਾਂ ਅਜਿਹੇ ਸਨ ਜਿਨ੍ਹਾਂ ਬਾਰੇ ਇਹ ਨਿਰਣਾ ਕਰਨਾ ਅੱਜ ਵੀ ਮੁਸ਼ਕਿਲ ਹੈ ਕਿ ਕੌਣ ਕੀਹਤੋਂ ਵੱਡਾ-ਛੋਟਾ ਸੀ! ਇਕ ਦੂਜੇ ਨੂੰ ਪ੍ਰਭਾਵਿਤ ਕਰਨ ਵਾਲੇ ਤੇ ਇਕ ਦੂਜੇ ਨਾਲ ਜੁੜੇ ਸਗੋਂ ਗੁੰਦੇ ਹੋਏ ਇਨ੍ਹਾਂ ਤਿੰਨਾਂ ਖੇਤਰਾਂ ਵਿਚ ਇਕੋ ਸਮੇਂ ਅਜਿਹੇ ਅਣਗਿਣਤ ਕਲਾਵੰਤਾਂ ਦਾ ਉਦੈ ਕੁਦਰਤ ਦਾ ਅਦੁਤੀ ਵਰਦਾਨ ਹੀ ਕਿਹਾ ਜਾ ਸਕਦਾ ਹੈ।

ਗੀਤਕਾਰਾਂ ਵਿਚੋਂ ਜਾਂ ਨਿਸਾਰ ਅਖ਼ਤਰ, ਕੈਫ਼ੀ ਆਜ਼ਮੀ, ਸ਼ਕੀਲ ਬਦਾਯੂੰਨੀ, ਅਲੀ ਸਰਦਾਰ ਜਾਫ਼ਰੀ, ਕਮਰ ਜਲਾਲਾਬਾਦੀ, ਰਾਜਾ ਮਹਿਦੀ ਅਲੀ ਖਾਂ, ਸਾਹਿਰ ਲੁਧਿਆਣਵੀ, ਪਰਦੀਪ, ਸ਼ੈਲੇਂਦਰ, ਮਜਰੂਹ ਸੁਲਤਾਨਪੁਰੀ, ਆਦਿ ਕੁਝ ਇਕ ਨਾਂ ਹਨ। ਇਹ ਕਲਮ ਦੇ ਅਜਿਹੇ ਧਨੀ ਸਨ ਜਿਨ੍ਹਾਂ ਦੀ ਸਾਹਿਤ, ਸਟੇਜ ਤੇ ਫਿਲਮਾਂ ਵਿਚ ਇਕੋ ਜਿੰਨੀ ਸਰਦਾਰੀ ਸੀ। ਇਹ ਗੀਤ ਲਿਖਦੇ ਨਹੀਂ, ਜਿਉਂਦੇ-ਰਚਦੇ ਸਨ। ਅਜਿਹੀ ਹੀ ਹਾਲਤ ਸੰਗੀਤ ਦੀ ਸੀ। ਅਨਿਲ ਬਿਸਵਾਸ, ਐਸ. ਡੀ.ਬਰਮਨ, ਹੇਮੰਤ ਕੁਮਾਰ, ਖ਼ਯਾਮ, ਕਿਸ਼ੋਰ ਕੁਮਾਰ, ਮਦਨ ਮੋਹਨ, ਨੌਸ਼ਾਦ, ਓ.ਪੀ. ਨਈਅਰ, ਪੰਕਜ ਮਲਿਕ, ਸੀ. ਰਾਮਚੰਦਰ, ਰੌਸ਼ਨ, ਸਲਿਲ ਚੌਧਰੀ, ਸ਼ੰਕਰ ਜੈਕਿਸ਼ਨ ਅਜਿਹੇ ਸੰਗੀਤਕਾਰ ਸਨ, ਜਿਨ੍ਹਾਂ ਨੇ ਫਿਲਮਾਂ ਵਿਚ ਸੰਗੀਤ ਦੇਣ ਨੂੰ ਕਿੱਤਾ ਬਣਾਇਆ ਹੋਣ ਦੇ ਬਾਵਜੂਦ ਸ਼ਾਸਤਰੀ ਸੰਗੀਤ ਦੇ ਆਪਣੇ ਗਹਿਨ ਗਿਆਨ ਨੂੰ ਆਧਾਰ ਬਣਾਈ ਰੱਖਿਆ। ਫਿਲਮੀ ਗੀਤਾਂ ਦੇ ਸਾਧਾਰਨ ਸਰੋਤਿਆਂ ਦੀ ਸਰਵਣੀ ਸਮਰੱਥਾ ਬਾਰੇ ਸਚੇਤ ਰਹਿੰਦਿਆਂ ਉਨ੍ਹਾਂ ਨੇ ਸ਼ਾਸਤਰੀ ਸੰਗੀਤ ਦੇ ਸੁਹਜ ਨੂੰ ਆਮ ਸਮਝ ਵਿਚ ਆਉਣ ਵਾਲੇ ਗੀਤਾਂ ਨਾਲ ਸੁਮੇਲਦਿਆਂ ਹਿੰਦੀ ਫਿਲਮਾਂ ਵਿਚ ਅਰਧ-ਸ਼ਾਸਤਰੀ ਸ਼ੈਲੀ ਪ੍ਰਚੱਲਤ ਕੀਤੀ। ਇਹ ਅਰਧ-ਸ਼ਾਸਤਰੀ ਰੂਪ ਵਾਲੇ ਫਿਲਮੀ ਗੀਤ ਹੀ ਹਨ ਜਿਨ੍ਹਾਂ ਨੇ ਦਹਾਕੇ ਚੀਰ ਕੇ ਅੱਜ ਵੀ ਆਪਣੀ ਤਾਜ਼ਗੀ ਤੇ ਖਿੱਚ ਉਸੇ ਤਰ੍ਹਾਂ ਕਾਇਮ ਰੱਖੀ ਹੋਈ ਹੈ ਅਤੇ ਅੱਗੇ ਨੂੰ ਵੀ ਯਕੀਨਨ ਕਾਇਮ ਰੱਖਣਗੇ।

ਇਨ੍ਹਾਂ ਸ਼ਬਦ-ਸਮਰਾਟ ਗੀਤਕਾਰਾਂ ਤੇ ਧੁਨ-ਸਮਰਾਟ ਸੰਗੀਤਕਾਰਾਂ ਵਾਂਗ ਉਸ ਜ਼ਮਾਨੇ ਦੇ ਸੁਰ-ਸਮਰਾਟ ਗਾਇਕਾਂ ਦਾ ਵੀ ਕੋਈ ਜਵਾਬ ਨਹੀਂ। ਪੁਰਸ਼-ਗਾਇਕਾਂ ਵਿਚੋਂ ਕੇ.ਐਲ.ਸਹਿਗਲ, ਐਸ.ਡੀ.ਬਰਮਨ, ਤਲਤ ਮਹਿਮੂਦ, ਮੰਨਾ ਡੇਅ, ਹੇਮੰਤ ਕੁਮਾਰ, ਮੁਹੰਮਦ ਰਫ਼ੀ, ਮੁਕੇਸ਼, ਕਿਸ਼ੋਰ ਕੁਮਾਰ, ਆਦਿ ਵਿਚੋਂ ਹਰ ਇਕ ਦਾ ਆਪਣਾ ਰੰਗ, ਆਪਣਾ ਰਸ ਸੀ। ਇਨ੍ਹਾਂ ਦੇ ਬਰਾਬਰ ਦੀ ਪ੍ਰਤਿਭਾ ਅਮੀਰਬਾਈ ਕਰਨਾਟਕੀ, ਨੂਰ ਜਹਾਂ, ਉਮਾ ਦੇਵੀ, ਸ਼ਮਸ਼ਾਦ ਬੇਗਮ, ਸੁਰਿੰਦਰ ਕੌਰ, ਲਤਾ ਮੰਗੇਸ਼ਕਰ, ਆਸ਼ਾ ਭੋਸਲੇ, ਗੀਤਾ ਦੱਤ, ਸੁਰੱਈਆ, ਰਾਜ ਕੁਮਾਰੀ, ਮੁਬਾਰਕ ਬੇਗਮ, ਜਗਜੀਤ ਕੌਰ, ਸੁਮਨ ਕਲਿਆਣਪੁਰ, ਸੁਧਾ ਮਲਹੋਤਰਾ ਜਿਹੀਆਂ ਇਸਤਰੀ-ਗਾਇਕਾਂ ਦੇ ਰੂਪ ਵਿਚ ਉਜਾਗਰ ਸੀ।

ਹਿੰਦੀ ਫਿਲਮੀ ਗੀਤ-ਸੰਗੀਤ ਨੂੰ ਕਮਾਲ ਬੁਲੰਦੀਆਂ ਤੱਕ ਲੈ ਜਾਣ ਵਾਲੀਆਂ ਇਨ੍ਹਾਂ ਤਿੰਨਾਂ ਖੇਤਰਾਂ ਦੀਆਂ ਨਿਪੁੰਨ ਹਸਤੀਆਂ ਨੇ ਮਨੁੱਖ ਦੇ



ਸਾਹਿਰ ਲੁਧਿਆਣਵੀ

ਮੂਲ ਜਜ਼ਬਿਆਂ ਨੂੰ ਸਾਕਾਰ ਕੀਤਾ। ਗੀਤਾਂ ਨੇ ਗ਼ੁਲਾਮੀ ਦੇ ਹਨੇਰੇ ਵਿਚੋਂ ਨਿੱਕਲ ਕੇ ਆਜ਼ਾਦੀ ਦੇ ਚਾਨਣ ਵਿਚ ਆਏ ਦੇਸ ਦੀਆਂ ਆਸਾਂ ਨੂੰ ਬੋਲ ਦਿੱਤੇ:"ਵੁਹ ਸੁਬਹ ਕਭੀ ਤੋ ਆਏਗੀ/ ਕਾਲੀ ਸਦੀਉਂ ਕੇ ਸਰ ਸੇ ਜਬ, ਰਾਤ ਕਾ ਆਂਚਲ ਢਲਕੇਗਾ..."(ਫਿਲਮ ਫਿਰ ਸੁਬਹ ਹੋਗੀ/ ਲੇਖਕ ਸਾਹਿਰ/ ਗਾਇਕ ਮੁਕੇਸ਼ ਤੇ ਆਸ਼ਾ)। ਛੇਤੀ ਹੀ ਜਦੋਂ ਇਹ ਆਸਾਂ ਮੱਧਮ ਪੈਣ ਲੱਗੀਆਂ, ਦੇਸ ਦੇ ਉਨ੍ਹਾਂ ਆਗੂਆਂ ਨੂੰ ਰੋਸ-ਭਰਿਆ ਉਲਾਂਭਾ, ਜਿਨ੍ਹਾਂ ਉਤੇ ਇਹ ਆਸਾਂ ਟਿਕੀਆਂ ਹੋਈਆਂ ਸਨ: "ਯਿਹ ਕੂਚੇ ਯਿਹ ਨੀਲਾਮਘਰ ਦਿਲਕਸ਼ੀ ਕੇ/ ਯਿਹ ਲੁਟਤੇ ਹੁਏ ਕਾਰਵਾਂ ਜ਼ਿੰਦਗੀ ਕੇ/ ਕਹਾਂ ਹੈਂ ਕਹਾਂ ਹੈਂ ਮੁਹਾਫ਼ਿਜ਼ ਖ਼ੁਦੀ ਕੇ/ ਜਿਨ੍ਹੇਂ ਨਾਜ਼ ਹੈ ਹਿੰਦ ਪਰ ਵੁਹ ਕਹਾਂ ਹੈਂ..."(ਪਿਆਸਾ/ ਸਾਹਿਰ/ ਰਫ਼ੀ)। ਕਿਹਾ ਜਾਂਦਾ ਹੈ ਕਿ ਸਾਹਿਰ ਨੇ ਆਪਣੀ ਪ੍ਰਸਿੱਧ ਨਜ਼ਮ 'ਚਕਲੇ', ਜਿਸ ਨੂੰ ਕੁਝ ਸਰਲ ਬਣਾ ਕੇ ਉਹਨੇ ਇਸ ਗੀਤ ਦੇ ਰੂਪ ਵਿਚ ਢਾਲਿਆ, ਜਵਾਹਰਲਾਲ ਨਹਿਰੂ ਨੂੰ ਉਲਾਂਭੇ ਵਜੋਂ ਲਿਖੀ ਸੀ। ਦੇਸ ਦੇ ਰਹਿਬਰਾਂ ਨੂੰ ਦਿੱਤਾ ਉਲਾਂਭਾ ਅਣਸੁਣਿਆ



ਸ਼ਮਸ਼ਾਦ ਬੇਗਮ

ਰਹਿਣ ਮਗਰੋਂ ਰੱਬ ਆਸਰੇ ਜਿਉਣ ਵਾਲੇ ਸਾਡੇ ਦੇਸ ਦੇ ਭੋਲੇ ਲੋਕਾਂ ਦਾ ਉਹਨੂੰ ਉਲਾਂਭਾ: "ਦੁਨੀਆ ਬਨਾਨੇ ਵਾਲੇ ਕਿਆ ਤੇਰੇ ਮਨ ਮੇਂ ਸਮਾਈ/ ਕਾਹੇ ਕੋ ਦੁਨੀਆਂ ਬਣਾਈ/ ਤੂਨੇ ਕਾਹੇ ਕੋ ਦੁਨੀਆਂ ਬਨਾਈ..."(ਤੀਸਰੀ ਕਸਮ/ ਸ਼ੈਲੇਂਦਰ/ ਮੁਕੇਸ਼)।

ਜਦੋਂ ਮਨੁੱਖ ਦੇ ਆਦਿ ਜਜ਼ਬੇ, ਪਿਆਰ ਦੀ ਗੱਲ ਆਉਂਦੀ ਹੈ, ਦਸ-ਵੀਹ, ਸੌ-ਦੋ ਸੌ ਨਹੀਂ, ਹਜ਼ਾਰਾਂ ਗੀਤ ਅਜਿਹੇ ਪੇਸ਼ ਕੀਤੇ ਜਾ ਸਕਦੇ ਹਨ ਜੋ ਸਰੋਤੇ ਦੇ ਦਿਲ ਦੀਆਂ ਤਾਰਾਂ ਟੁਣਕਾ ਦਿੰਦੇ ਹਨ। ਪਿਆਰ ਦੀ ਅਸੀਮਤਾ ਦੇ ਚਰਨੀਂ ਸ਼ਰਧਾ ਦੇ ਫੁੱਲ ਤੇ ਸਭ ਕੁਛ ਨਿਛਾਵਰ ਕਰਨ ਦਾ ਜਜ਼ਬਾ: "ਤੂ ਪਿਆਰ ਕਾ ਸਾਗਰ ਹੈ, ਤੇਰੀ ਇਕ ਬੂੰਦ ਕੇ ਪਿਆਸੇ ਹਮ..."(ਸੀਮਾ/ ਸ਼ੈਲੇਂਦਰ/ ਮੰਨਾ ਡੇਅ) ਜਾਂ "ਜ਼ਰਾ ਸੀ ਆਹਟ ਹੋਤੀ ਹੈ ਤੋ ਦਿਲ ਸੋਚਤਾ ਹੈ, ਕਹੀਂ ਵੁਹ ਤੋ ਨਹੀਂ..."(ਹਕੀਕਤ/ ਕੈਫ਼ੀ/ ਲਤਾ) ਜਾਂ "ਆਪ ਕੀ ਨਜ਼ਰੋਂ ਨੇ ਸਮਝਾ ਪਿਆਰ ਕੇ ਕਾਬਲ ਮੁਝੇ/ ਦਿਲ ਕੀ ਐ ਧੜਕਨ ਠਹਿਰ ਜਾ ਮਿਲ ਗਈ ਮੰਜ਼ਿਲ ਮੁਝੇ..."(ਅਨਪੜ੍ਹ/ ਰਾਜਾ ਮਹਿਦੀ ਅਲੀ ਖਾਂ/ ਲਤਾ)।

ਫੇਰ ਪਿਆਰ ਦੀ ਪਤਝੜ ਰੁੱਤ: "ਪੂਛੋ ਨਾ ਮੈਂ ਨੇ ਕੈਸੇ ਰੈਨ ਬਿਤਾਈ/ ਇਕ ਪਲ ਜੈਸੇ ਇਕ ਜੁੱਗ ਬੀਤਾ, ਜੁੱਗ ਬੀਤੇ ਮੋਹੇ ਨੀਂਦ ਨਾ ਆਈ..."(ਮੇਰੀ ਸੂਰਤ ਤੇਰੀ ਆਂਖੇਂ/ ਸ਼ੈਲੇਂਦਰ/ ਮੰਨਾ ਡੇਅ) ਜਾਂ "ਦੇਖੀ ਜ਼ਮਾਨੇ ਕੀ ਯਾਰੀ/ ਬਿਛੜੇ ਸਭੀ ਬਾਰੀ ਬਾਰੀ..."(ਕਾਗਜ਼ ਕੇ ਫੂਲ/ ਕੈਫ਼ੀ/



ਕੈਫ਼ੀ ਆਜ਼ਮੀ

ਰਫ਼ੀ) ਜਾਂ "ਵਕਤ ਨੇ ਕੀਆ ਕਿਆ ਹਸੀਂ ਸਿਤਮ/ ਤੁਮ ਰਹੇ ਨਾ ਤੁਮ, ਹਮ ਰਹੇ ਨਾ ਹਮ..."(ਕਾਗਜ਼ ਕੇ ਫੂਲ/ ਕੈਫ਼ੀ/ ਗੀਤਾ ਦੱਤ) ਤੇ ਮਨ ਨੂੰ ਸਮਝੌਤੀ: "ਮਨ ਰੇ ਤੂ ਕਾਹੇ ਨਾ ਧੀਰ ਧਰੇ/ ਵੁਹ ਨਿਰਮੋਹੀ ਮੋਹ ਨਾ ਜਾਨੇ ਜਿਸਕਾ ਮੋਹ ਕਰੇ..."(ਚਿਤਰਲੇਖਾ/ ਸਾਹਿਰ/ ਰਫ਼ੀ)। ਹੁਣ ਤਪਦੀ ਧਰਤੀ ਉਤੇ ਬਰਸਾਤ ਵਰਗੇ ਬੋਲ: "ਤੁਮ ਅਪਨਾ ਰੰਜੋ-ਗ਼ਮ ਅਪਨੀ ਪਰੇਸ਼ਾਨੀ ਮੁਝੇ ਦੇ ਦੋ/ ਤੁਮਹੇਂ ਗ਼ਮ ਕੀ ਕਸਮ ਇਸ ਦਿਲ ਕੀ ਵੀਰਾਨੀ ਮੁਝੇ ਦੇ ਦੋ/ ਮੈਂ ਦੇਖੂੰ ਤੋ ਸਹੀ ਦੁਨੀਆ ਤੁਮਹੇਂ ਕੈਸੇ ਸਤਾਤੀ ਹੈ/ ਕੋਈ ਦਿਨ ਕੇ ਲੀਏ ਅਪਨੀ ਨਿਗਾਹਬਾਨੀ ਮੁਝੇ ਦੇ ਦੋ..."(ਸ਼ਗੁਨ/ ਸਾਹਿਰ/ ਜਗਜੀਤ ਕੌਰ)।

ਹੰਝੂਆਂ ਦੇ ਤੇ ਪਿਆਰ ਦੇ ਆਦਿ-ਅਟੁੱਟ ਨਾਤੇ ਦੇ ਗੀਤਾਂ ਦੀ ਖ਼ੂਬਸੂਰਤੀ ਦਾ ਤਾਂ ਪਾਰਾਵਾਰ ਹੀ ਕੋਈ ਨਹੀਂ:"ਆਜ ਸੋਚਾ ਤੋ ਆਂਸੂ ਭਰ ਆਏ/ ਮੁੱਦਤੇਂ ਹੋ ਗਈਂ ਮੁਸਕਰਾਏ..."(ਹੱਸਤੇ ਜ਼ਖ਼ਮ/ ਕੈਫ਼ੀ/ ਲਤਾ) ਜਾਂ "ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ/ ਦਰਦ ਭਰੇ ਆਂਸੂਓ ਆਂਖੋਂ ਮੇਂ ਨਾ ਆਨਾ..." (ਸ਼ਹੀਦ/ ਰਾਜਾ ਮਹਿਦੀ ਅਲੀ ਖਾਂ/ ਸੁਰਿੰਦਰ ਕੌਰ) ਜਾਂ "ਹੈ ਇਸੀ ਮੇਂ ਪਿਆਰ ਕੀ ਆਬਰੂ, ਵੁਹ ਜਫ਼ਾ ਕਰੇਂ ਮੈਂ ਵਫ਼ਾ



ਮੰਨਾ ਡੇ

ਕਰੂੰ..."(ਅਨਪੜ੍ਹ/ ਰਾਜਾ ਮਹਿਦੀ ਅਲੀ ਖਾਂ/ ਲਤਾ) ਜਾਂ ਰਾਜਾ ਦਾ ਹੀ ਲਿਖਿਆ ਤੇ ਲਤਾ ਦਾ ਹੀ ਗਾਇਆ ਫਿਲਮ 'ਵੁਹ ਕੌਨ ਥੀ' ਦਾ ਸਾਕਾਰ ਦਰਦ ਗੀਤ: "ਜੋ ਹਮ ਨੇ ਦਾਸਤਾਂ ਅਪਨੀ ਸੁਨਾਈ, ਆਪ ਕਿਉਂ ਰੋਏ/ ਤਬਾਹੀ ਤੋ ਹਮਾਰੇ ਦਿਲ ਪੇ ਆਈ, ਆਪ ਕਿਉਂ ਰੋਏ...!"

ਅੱਜ ਪੰਜਾਬੀ ਗਾਇਕੀ ਵਾਂਗ ਹੀ ਹਿੰਦੀ ਫਿਲਮੀ ਗਾਇਕੀ ਵੀ ਨਵੀਆਂ ਨਿਵਾਣਾਂ ਵਿਚ ਗ਼ਰਕ ਰਹੀ ਹੈ। ਯੋ ਯੋ ਹਨੀ ਸਿੰਘ ਨਾਂ ਦਾ ਦੋਵਾਂ ਭਾਸ਼ਾਵਾਂ ਦਾ ਸਾਂਝਾ ਵਰਤਾਰਾ ਇਸੇ ਦੀਰਘ ਰੋਗ ਦੀ ਅਲਾਮਤ ਹੈ। ਪੰਜਾਬੀ ਤੇ ਹਿੰਦੀ ਲੋਕਮੁਖੀ ਗਾਇਕੀ ਦੀਆਂ ਬੁਲੰਦੀਆਂ ਦੇ ਜਾਣਕਾਰ ਸਾਡੇ ਵਰਗਿਆਂ ਨੂੰ ਇਹ ਨਿਵਾਣਾਂ ਹੋਰ ਵੀ ਡੂੰਘੀਆਂ ਤੇ ਹਨੇਰੀਆਂ ਦਿਸਦੀਆਂ ਹਨ। ਰੂਹ ਨੂੰ ਨਸ਼ਿਆ ਦੇਣ



ਨੂਰ ਜਹਾਂ

ਵਾਲੀ ਮਹਿਕ ਦੇ ਆਦੀਆਂ ਲਈ ਅਜੋਕੀ ਹਵਾੜ੍ਹ ਸੱਚਮੁੱਚ ਬਰਦਾਸ਼ਤ ਤੋਂ ਬਾਹਰ ਦਾ ਵਰਤਾਰਾ ਹੈ!



ਮੁਹੰਮਦ ਰਫ਼ੀ

## ਖ਼ੁਸ਼ਵੰਤ ਸਿੰਘ

(ਸਫਾ 20 ਦੀ ਬਾਕੀ)

ਅਤੇ ਔਰਤਾਂ ਵਿਚ ਉਸ ਨੇ ਏਨੀ ਦਿਲਚਸਪੀ ਨਹੀਂ ਲਈ ਜਿੰਨਾ ਕੁਝ ਲਿਖ ਮਾਰਿਆ, ਫਿਰ ਇਸ ਗੱਲੋਂ ਦੁਖੀ ਹੁੰਦਾ ਹੈ ਕਿ ਉਸ ਨੂੰ ਗੰਭੀਰ ਲੇਖਕ ਕਿਉਂ ਨਹੀਂ ਮੰਨਿਆ ਗਿਆ, ਲੋਕ ਮਸਖ਼ਰਾ ਮੰਨਦੇ ਹਨ। ਇਹ ਖ਼ੁਸ਼ਵੰਤ ਸਿੰਘ ਦੀ ਗਲਤਫ਼ਹਿਮੀ ਹੈ। ਉਸ ਨੂੰ ਜਹਾਨ ਆਧੁਨਿਕ ਅੰਗਰੇਜ਼ੀ ਅੱਖਰਾਂ ਦਾ ਪਿਤਾਮਾ ਮੰਨ ਚੁੱਕਾ ਹੈ। ਸੰਸਾਰ ਦੇ ਅੰਗਰੇਜ਼ੀ ਸਾਹਿਤ ਉਪਰ ਉਹ ਸਹਿਜ ਸੁਭਾਅ ਇਉਂ ਟਿੱਪਣੀ ਦੇ ਸਕਦਾ ਹੈ ਜਿਵੇਂ ਉਸਤਾਦ ਬੜੇ ਗੁਲਾਮ ਅਲੀ ਖਾਨ ਮਾਹੀਆ ਸੁਣਾ ਦੇਣ।

ਹੈਦਰਾਬਾਦ ਦਾ ਨਾਮਵਰ ਉਰਦੂ ਲੇਖਕ ਮੁਜਤਬਾ ਹੁਸੈਨ ਦਿੱਲੀ ਆ ਕੇ ਉਦੋਂ ਮਿਲਿਆ ਜਦੋਂ ਖ਼ੁਸ਼ਵੰਤ ਸਿੰਘ ਇਕਬਾਲ ਦਾ ਸ਼ਿਕਵਾ ਅੰਗਰੇਜ਼ੀ ਵਿਚ ਅਨੁਵਾਦ ਕਰ ਰਿਹਾ ਸੀ। ਖ਼ੁਸ਼ਵੰਤ ਸਿੰਘ ਨੇ ਕਿਹਾ, "ਦਿਲੀ ਵਿਚ ਰਹਿ ਰਿਹਾ ਹੈਂ ਫਿਰ ਮਿਲਦਾ ਕਿਉਂ ਨਹੀਂ?" ਜਵਾਬਿ-ਸ਼ਿਕਵਾ ਦੀ ਤਰਜ਼ 'ਤੇ ਹੁਸੈਨ ਨੇ ਉਤਰ ਦਿਤਾ-ਤੁਹਾਡੇ ਰੁਝੇਵੇਂ ਏਨੇ ਹਨ ਕਿ ਵਿਘਨ ਪਾਉਣ ਨੂੰ ਦਿਲ ਨਹੀਂ ਕਰਦਾ। ਖ਼ੁਸ਼ਵੰਤ ਸਿੰਘ ਨੇ ਕਿਹਾ-ਜਦੋਂ ਆਏਂਗਾ ਤਹਿ ਲਾ ਕੇ ਰੁਝੇਵੇਂ ਅਲਮਾਰੀ ਵਿਚ ਰੱਖ ਦਿਆਂਗਾ। ਹੁਸੈਨ ਮਿਲਣ ਚਲਾ ਗਿਆ। ਖ਼ੁਸ਼ਵੰਤ ਸਿੰਘ ਨੇ ਪੁੱਛਿਆ-ਫਿਤਨਾ ਲਫ਼ਜ਼ ਦਾ ਕੀ ਅਨੁਵਾਦ ਕਰਾਂ? ਜੋਬਨ ਵਾਸਤੇ, ਅੰਗੜਾਈ ਵਾਸਤੇ ਅੰਗਰੇਜ਼ੀ ਦਾ ਕਿਹੜਾ ਲਫ਼ਜ਼ ਹੈ ਭਲਾ? ਹੁਸੈਨ ਹੱਸ ਪਿਆ- ਹਜ਼ੂਰ ਮੈਨੂੰ ਤਾਂ ਉਰਦੂ ਸਹੀ ਤਰ੍ਹਾਂ ਨਹੀਂ ਆਉਂਦੀ, ਅੰਗਰੇਜ਼ੀ ਦਾ ਕੀ ਕਰਾਂ? ਇਕ ਦੁਨੀਆਂ ਚੁੱਕ ਕੇ ਦੂਜੀ ਦੁਨੀਆਂ ਵਿਚ ਲਿਜਾਣ ਦਾ ਨਾਮ ਤਰਜਮਾ ਹੈ। ਹੁਸੈਨ ਨੂੰ ਇਕਬਾਲ ਦੇ ਕੁਝ ਸ਼ਿਅਰ ਸੁਣਾ ਕੇ ਕਿਹਾ-ਦੇਖਿਆ ਜਲਵਾ? ਰੌਂਗਟੇ ਖੜ੍ਹੇ ਹੋ ਜਾਂਦੇ ਨੇ ਇਕਬਾਲ ਦੀ ਸ਼ਾਇਰੀ ਪੜ੍ਹ ਕੇ। ਮੈਂ ਸਿੱਖ ਹਾਂ, ਮੇਰੇ ਰੌਂਗਟੇ ਖੜ੍ਹੇ ਹੋ ਜਾਂਦੇ ਨੇ, ਤਾਂ ਮੁਸਲਮਾਨ 'ਤੇ ਕੀ ਅਸਰ ਹੁੰਦਾ ਹੋਏਗਾ? ਇਹ ਕਹਿੰਦਿਆਂ ਉਸ ਨੇ ਹੁਸੈਨ ਦੇ ਰੌਂਗਟਿਆਂ 'ਤੇ ਨਜ਼ਰ ਮਾਰੀ। ਹੁਸੈਨ ਲਿਖਦਾ ਹੈ, "ਮੈਂ ਬੜਾ ਸ਼ਰਮਿੰਦਾ ਹੋਇਆ ਕਿਉਂਕਿ ਮੇਰੇ ਰੌਂਗਟੇ ਖੜ੍ਹੇ ਨਹੀਂ ਹੋ ਸਕੇ।"

ਸ਼ਿਕਵਾ ਅਤੇ ਜਵਾਬਿ-ਸ਼ਿਕਵਾ ਦਾ ਅੰਗਰੇਜ਼ੀ ਅਨੁਵਾਦ ਛਪਿਆ ਤਾਂ ਖ਼ੁਸ਼ਵੰਤ ਦਾ ਸੁਫ਼ਨਾ ਸਾਕਾਰ ਹੋਇਆ। ਪਾਕਿਸਤਾਨ ਦੇ ਭਾਰਤ ਵਿਚਲੇ ਸਫ਼ੀਰ ਨੇ ਘੁੰਡ ਚੁਕਾਈ ਰਸਮ ਨਿਭਾਉਂਦਿਆਂ ਕਿਹਾ, "ਇਸ ਲਿਖਤ ਦਾ ਤਰਜਮਾ ਆਰ.ਜੀ. ਆਰਬਰੀ ਅਤੇ ਫਿਰ ਇਲਤਾਫ਼ ਹੁਸੈਨ ਨੇ ਕੀਤਾ ਪਰ ਖ਼ੁਸ਼ਵੰਤ ਸਿੰਘ ਦੇ ਤਰਜਮੇ ਦੀ ਸ਼ਾਨ ਵੱਖਰੀ ਹੈ। ਜੋ ਅਨੁਭਵ ਉਰਦੂ ਵਿਚ ਪੜ੍ਹਦਿਆਂ ਹਾਸਲ ਹੁੰਦਾ ਹੈ, ਉਹੀ ਅੰਗਰੇਜ਼ੀ ਵਿਚ ਹੈ।

ਮਸ਼ਹੂਰ ਉਰਦੂ ਸ਼ਾਇਰ ਬਲਰਾਜ ਕੋਮਲ ਨੇ ਕਿਹਾ, "ਉਹ ਸਾਂਚੇ ਟੁੱਟ ਚੁਕੇ ਹਨ ਜਿਨ੍ਹਾਂ 'ਚ ਖ਼ੁਸ਼ਵੰਤ ਸਿੰਘ ਵਰਗੀਆਂ ਸ਼ਖ਼ਸੀਅਤਾਂ ਢਲੀਆਂ।"

# ਦੇਖ ਪਰਾਈਆਂ ਚੰਗੀਆਂ ਮਾਂਵਾਂ ਭੈਣਾਂ ਧੀਆਂ ਜਾਣੈ



ਡਾ. ਗੁਰਨਾਮ ਕੌਰ, ਕੈਨੇਡਾ

ਕੌਮਾਂਤਰੀ ਮਹਿਲਾ ਦਿਵਸ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਮਨਾਇਆ ਜਾਂਦਾ ਹੈ ਜਿਸ ਦਾ ਮੁੱਢਲਾ ਨਾਂ 'ਕੌਮੀ ਕੰਮ-ਕਾਜੀ ਔਰਤਾਂ ਦਾ ਦਿਵਸ' ਸੀ। ਸੰਸਾਰ ਦੇ ਉਦਯੋਗੀਕਰਣ ਦੇ ਨਾਲ ਨਾਲ ਅਬਾਦੀ ਵਿਚ ਵਾਧਾ ਹੋਇਆ, ਉਥਲ-ਪੁਥਲ ਅਤੇ ਗਰਮ-ਖਿਆਲੀ ਵਿਚਾਰਧਾਰਾਵਾਂ ਹੋਂਦ ਵਿਚ ਆਈਆਂ। ਦਮਨ ਅਤੇ ਹੱਕਾਂ ਵਿਚ ਨਾ-ਬਰਾਬਰੀ ਨੇ ਔਰਤਾਂ ਨੂੰ ਤਬਦੀਲੀ ਵਾਸਤੇ ਆਵਾਜ਼ ਉਠਾਉਣ ਲਈ ਪ੍ਰੇਰਿਆ। ਸੰਨ 1908 ਵਿਚ ਨਿਊ ਯਾਰਕ ਸ਼ਹਿਰ ਵਿਚ 15000 ਔਰਤਾਂ ਨੇ ਕੰਮ ਦੇ ਘੱਟ ਘੰਟਿਆਂ, ਬਿਹਤਰ ਉਜ਼ਰਤ ਅਤੇ ਵੋਟ ਦੇ ਹੱਕ ਲਈ ਮਾਰਚ ਕੀਤਾ। ਪਹਿਲਾ 'ਕੌਮੀ ਮਹਿਲਾ ਦਿਵਸ' 28 ਫਰਵਰੀ ਨੂੰ ਅਮਰੀਕਾ 'ਚ 'ਸੋਸ਼ਲਿਸਟ ਪਾਰਟੀ ਆਫ ਅਮੈਰਿਕਾ' ਨੇ ਮਨਾਇਆ।

ਸੰਨ 1910 ਵਿਚ ਕੋਪਨਹੇਗਨ ਵਿਚ ਕੰਮ-ਕਾਜੀ ਔਰਤਾਂ ਦੀ ਦੂਜੀ ਕੌਮਾਂਤਰੀ ਕਾਨਫਰੰਸ ਹੋਈ ਜਿਸ ਵਿਚ ਜਰਮਨ ਸੋਸ਼ਲਿਸਟ ਲੂਸੀ ਜ਼ੈਜ਼ (Luise Zietz) ਨੇ 'ਕੌਮਾਂਤਰੀ ਮਹਿਲਾ ਦਿਵਸ' ਦੀ ਤਜਵੀਜ਼ ਰੱਖੀ ਜਿਸ ਦੀ ਕਲਾਰਾ ਜ਼ੈਕਿਨ (Clara Zetkin) ਨੇ ਤਾਈਦ ਕੀਤੀ। ਸਤਾਰਾਂ ਮੁਲਕਾਂ ਤੋਂ ਤਕਰੀਬਨ ਸੌ ਡੈਲੀਗੇਟਾਂ ਨੇ ਔਰਤਾਂ ਲਈ ਬਰਾਬਰ ਦੇ ਹੱਕਾਂ ਦੇ ਵਿਚਾਰ ਨਾਲ ਸਹਿਮਤੀ ਜਤਾਈ। ਅਗਲੇ ਸਾਲ 18 ਮਾਰਚ 1911 ਨੂੰ ਪਹਿਲੀ ਵਾਰ 'ਕੌਮਾਂਤਰੀ ਮਹਿਲਾ ਦਿਵਸ' ਦੀ ਸੰਸਾਰ ਦੇ ਕਈ ਮੁਲਕਾਂ-ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਜ਼ਰਲੈਂਡ ਆਦਿ ਵਿਚ ਨਿਸ਼ਾਨਦੇਹੀ ਕੀਤੀ ਗਈ ਅਤੇ ਦਿਖਾਵੇ ਕੀਤੇ ਗਏ। ਅਮਰੀਕਾ ਨੇ ਫਰਵਰੀ ਦੇ ਆਖ਼ਰੀ ਐਤਵਾਰ 'ਕੌਮੀ ਮਹਿਲਾ ਦਿਵਸ' ਮਨਾਉਣਾ ਜ਼ਾਰੀ ਰੱਖਿਆ।

'ਕੌਮਾਂਤਰੀ ਮਹਿਲਾ ਦਿਵਸ' ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਯੂ.ਐਨ.ਓ. ਵਲੋਂ ਹਰ ਸਾਲ ਔਰਤਾਂ ਵਾਸਤੇ ਕੀਤੇ ਜਾਣ ਵਾਲੇ ਕਾਰਜਾਂ ਦਾ ਖ਼ਾਸ ਏਜੰਡਾ ਰੱਖਿਆ ਜਾਂਦਾ ਹੈ ਜਿਨ੍ਹਾਂ ਵਿਚੋਂ ਕੁੱਝ ਇੱਕ ਦਾ ਜ਼ਿਕਰ ਇਥੇ ਜ਼ਰੂਰੀ ਹੈ। 1996 ਦਾ ਵਰ੍ਹਾ-ਬੀਤੇ ਦਾ ਜਸ਼ਨ ਮਨਾਉਣ ਅਤੇ ਭਵਿੱਖ ਦੀ ਵਿਉਂਤ; 1997-ਔਰਤਾਂ ਅਤੇ ਸ਼ਾਂਤੀ; 1998-ਔਰਤਾਂ ਅਤੇ ਮਨੁੱਖੀ ਅਧਿਕਾਰ; 1999-ਔਰਤਾਂ ਖ਼ਿਲਾਫ ਹਿੰਸਾ-ਰਹਿਤ ਸੰਸਾਰ; 2003- ਔਰਤ-ਮਰਦ ਬਰਾਬਰੀ ਅਤੇ ਦਹਿਸਦੀ ਵਿਕਾਸ ਟੀਚੇ; 2005-ਔਰਤ-ਮਰਦ ਬਰਾਬਰੀ 2005 ਤੋਂ ਅੱਗੇ ਅਤੇ ਔਰਤਾਂ ਲਈ ਵੱਧ ਸੁਰੱਖਿਅਤ ਭਵਿੱਖ ਦੀ ਸਿਰਜਣਾ; 2007-ਔਰਤਾਂ ਅਤੇ ਲੜਕੀਆਂ ਖਿਲਾਫ਼ ਹਿੰਸਾ ਤੇ ਸਜਾ-ਮੁਕਤੀ ਦਾ ਅੰਤ;, 2009-ਔਰਤਾਂ ਅਤੇ ਲੜਕੀਆਂ ਵਿਰੁਧ ਹਿੰਸਾ ਖਿਲਾਫ ਔਰਤਾਂ ਅਤੇ ਪੁਰਸ਼ਾਂ ਦੀ ਏਕਤਾ; 2010-ਬਰਾਬਰ ਅਧਿਕਾਰ, ਬਰਾਬਰ ਅਵਸਰ, ਸਭ ਦੀ ਉਨਤੀ; 2011-ਸਿੱਖਿਆ ਲਈ ਬਰਾਬਰ ਪਹੁੰਚ, ਸਿਖਲਾਈ ਅਤੇ ਸਾਇੰਸ ਤੇ ਤਕਨਾਲੋਜੀ, ਔਰਤਾਂ ਲਈ ਚੰਗੇ ਕੰਮ ਦਾ ਮਾਰਗ; 2012-ਪੇਂਡੂ ਔਰਤ ਨੂੰ ਸ਼ਕਤੀਸ਼ਾਲੀ ਬਣਾਉਣਾ, ਗ਼ਰੀਬੀ ਅਤੇ ਭੁੱਖ ਦਾ ਅੰਤ; 2013-ਇਕਰਾਰ ਇਕਰਾਰ ਹੈ: ਔਰਤਾਂ ਖਿਲਾਫ਼ ਹਿੰਸਾ ਦਾ ਅੰਤ ਕਰਨ ਲਈ ਅਮਲ ਦਾ ਸਮਾਂ।

ਇਸ ਸੂਚੀ ਤੋਂ ਜਾਹਰ ਹੈ ਕਿ ਸੰਨ 1996 ਤੋਂ ਲੈ ਕੇ ਹੁਣ ਤੱਕ ਦੇ ਯੂ.ਐਨ.ਓ. ਵਲੋਂ ਔਰਤ-ਦਿਵਸ ਤੇ ਔਰਤਾਂ ਲਈ ਮਿੱਥੇ ਕਾਰਜਾਂ ਵਿਚ ਔਰਤਾਂ ਉਤੇ ਹਿੰਸਾ ਨੂੰ ਖ਼ਤਮ ਕਰਨ ਦਾ ਏਜੰਡਾ ਸਭ ਤੋਂ ਵੱਧ ਵਾਰ ਰੱਖਿਆ ਗਿਆ ਹੈ। ਪਰ ਸਵਾਲ ਹੈ ਕਿ ਯੂ.ਐਨ.ਓ. ਵਲੋਂ ਵੱਖ ਵੱਖ ਰੂਪਾਂ ਵਿਚ ਏਨੀ ਵਾਰੀ ਇੱਕੋ ਏਜੰਡਾ ਰੱਖਣ 'ਤੇ ਵੀ ਕੀ ਅੱਜ ਇੱਕੀਵੀਂ ਸਦੀ ਵਿਚ, ਜਿਸ ਨੂੰ ਮਨੁੱਖੀ ਇਤਿਹਾਸ ਦੀ ਸਭ ਤੋਂ ਅਗਾਂਹਵਧੂ ਸਦੀ ਕਿਹਾ ਜਾ ਸਕਦਾ ਹੈ, ਔਰਤਾਂ 'ਤੇ ਤਸ਼ੱਦਦ ਵਿਚ ਕਿੰਨੀ ਕੁ ਕਮੀ ਆਈ ਹੈ? ਜਦ ਕਿ ਅੱਜ ਔਰਤ ਕਾਫੀ ਹੱਦ ਤੱਕ ਸਿਖਿਅਤ ਅਤੇ ਆਰਥਿਕ ਤੌਰ 'ਤੇ ਆਤਮ-ਨਿਰਭਰ, ਹਰ ਖੇਤਰ ਵਿਚ ਪੁਰਸ਼ਾਂ ਦੇ ਬਰਾਬਰ ਕੰਮ ਕਰਨ ਅਤੇ ਫੈਸਲੇ ਲੈ ਸਕਣ ਦੇ ਯੋਗ ਹੋ ਗਈ ਹੈ।

ਔਰਤਾਂ ਪ੍ਰਤੀ ਹਿੰਸਾ ਦੇ ਕਈ ਰੂਪ ਹਨ ਜਿਵੇਂ ਜਨਮ ਤੋਂ ਪਹਿਲਾਂ ਹੀ ਮਾਂ ਦੇ ਪੇਟ ਵਿਚ ਲੜਕੀਆਂ ਦਾ ਕਤਲ, ਬਲਾਤਕਾਰ, ਘਰੇਲੂ ਹਿੰਸਾ, ਦਾਜ ਨਾ ਲਿਆਉਣ ਜਾਂ ਘੱਟ ਲਿਆਉਣ 'ਤੇ ਮਾਰ-ਕੁਟਾਈ ਅਤੇ ਕਈ ਵਾਰ ਜਾਨ ਤੋਂ ਮਾਰ ਦੇਣਾ, ਬੱਸਾਂ-ਗੱਡੀਆਂ ਵਿਚ ਸਫਰ ਕਰਦਿਆਂ, ਜਨਤਕ ਥਾਂਵਾਂ ਜਾਂ ਕੰਮ ਦੀਆਂ ਥਾਂਵਾਂ 'ਤੇ ਜਿਸਮਾਨੀ ਛੇੜ-ਛਾੜ ਆਦਿ। ਪੰਜਾਬ ਟਾਈਮਜ਼ ਦੇ 23 ਫਰਵਰੀ ਦੇ ਅੰਕ ਵਿਚ ਛਪੀ ਖਬਰ ਅਨੁਸਾਰ 'ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ' ਵਲੋਂ ਤਿਆਰ ਕੀਤੀ ਗਈ ਰਿਪੋਰਟ ਅਨੁਸਾਰ ਦਿੱਲੀ ਸਮੂਹਿਕ ਬਲਾਤਕਾਰ ਦੀ ਘਟਨਾ ਤੋਂ ਬਾਅਦ ਪੰਜਾਬ ਵਿਚ ਬਲਾਤਕਾਰ ਦੇ ਕੇਸਾਂ ਵਿਚ ਦੋ ਗੁਣਾਂ ਤੋਂ ਵੱਧ ਵਾਧਾ ਹੋਇਆ ਹੈ। ਇਹ ਤੁਲਨਾਤਮਕ ਅਧਿਐਨ ਕਮਿਸ਼ਨ ਨੇ ਦਰਜ਼ ਹੋਈਆਂ ਸ਼ਿਕਾਇਤਾਂ ਦੇ ਆਧਾਰ 'ਤੇ ਕੀਤਾ ਹੈ (ਇਸ ਵਿਚ ਸਮੂਹਕ ਬਲਾਤਕਾਰ ਦੀਆਂ ਸ਼ਿਕਾਇਤਾਂ ਸ਼ਾਮਲ ਨਹੀਂ ਹਨ)। ਦਾਜ ਮੰਗਣ ਦੇ ਕੇਸਾਂ ਅਤੇ ਦਾਜ ਕਾਰਨ ਜਾਨੋਂ ਮਾਰ ਦੇਣ ਦੀ ਸਾਜ਼ਿਸ਼ ਰਚਣ ਦੇ ਕੇਸਾਂ ਅਤੇ ਸਰਕਾਰੀ ਦਫ਼ਤਰਾਂ 'ਚ ਔਰਤਾਂ ਨਾਲ ਛੇੜ-ਛਾੜ ਕਰਨ ਦੇ ਕੇਸਾਂ ਵਿਚ ਵੀ ਵਾਧਾ ਹੋਇਆ ਹੈ। ਇਸੇ ਅਖਬਾਰ ਵਿਚ ਛਪੀ ਸੰਗਰੂਰ ਜ਼ਿਲੇ ਦੇ ਇੱਕ ਪਿੰਡ ਦੀ ਖ਼ਬਰ ਵਿਚ ਦੱਸਿਆ ਗਿਆ ਹੈ ਕਿ ਸਕੂਲ ਦੇ ਗਣਿਤ ਦੇ ਅਧਿਆਪਕ ਗੁਰਜੰਟ ਸਿੰਘ ਨੇ 14 ਸਾਲ ਦੀ ਇੱਕ ਵਿਦਿਆਰਥਣ ਨਾਲ ਜਬਰ ਜਨਾਹ ਕੀਤਾ ਅਤੇ ਪੁਲਿਸ ਨੇ ਇਹ ਮਾਮਲਾ ਦਰਜ ਕੀਤਾ ਹੈ। ਪਿਛਲੇ ਸਮੇਂ ਵਿਚ ਦਿੱਲੀ ਸਮੂਹਕ ਬਲਾਤਕਾਰ ਦੀ ਘਟਨਾ, ਫ਼ਰੀਦਕੋਟ ਵਿਚ ਸ਼ਰੁਤੀ-ਅਗਵਾ ਕਾਂਡ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਧੀ ਦੀ ਇੱਜ਼ਤ ਬਚਾਉਣ ਗਏ ਪੁਲਿਸ ਅਫ਼ਸਰ ਦੀ ਹੱਤਿਆ ਦੇ ਕੇਸ ਬਹੁਤ ਚਰਚਾ ਵਿਚ ਰਹੇ ਹਨ। ਪਹਿਲੇ ਦੋ ਕੇਸ ਇਸ ਲਈ ਜ਼ਿਆਦਾ ਚਰਚਾ ਦਾ ਵਿਸ਼ਾ ਬਣੇ ਕਿਉਂਕਿ ਇਨ੍ਹਾਂ ਘਟਨਾਵਾਂ ਦੇ ਖ਼ਿਲਾਫ ਜਨਤਾ ਨੇ ਸੜਕਾਂ 'ਤੇ ਨਿਕਲ ਕੇ ਲਗਾਤਾਰ ਜ਼ੋਰਦਾਰ ਰੋਸ ਪ੍ਰਗਟ ਕੀਤਾ ਅਤੇ ਤੀਸਰਾ ਕੇਸ ਅਜਿਹਾ ਕੇਸ ਹੈ ਜਿਸ ਵਿਚ ਇੱਕ ਪੁਲਿਸ ਅਫ਼ਸਰ, ਜਿਸ ਪਾਸੋਂ ਆਮ ਜਨਤਾ ਦੀ ਰਾਖੀ ਦੀ ਜ਼ਿੰਮੇਵਾਰੀ ਦੀ ਤਵੱਕੋ ਕੀਤੀ ਜਾਂਦੀ ਹੈ, ਵਰਦੀ ਵਿਚ ਹੁੰਦਿਆਂ ਵੀ ਆਪਣੀ ਧੀ ਦੀ ਇੱਜ਼ਤ ਬਚਾਉਂਦਿਆਂ ਆਪਣੀ ਜਾਨ ਤੋਂ ਹੱਥ ਧੋਣੇ ਪਏ, ਉਹ ਵੀ ਇਲਾਕੇ ਦੇ ਪੁਲਿਸ ਕੇਂਦਰ ਦੇ ਬਿਲਕੁਲ ਨੇੜੇ। ਫ਼ਰੀਦਕੋਟ ਅਤੇ ਅੰਮ੍ਰਿਤਸਰ ਦੇ ਕੇਸਾਂ ਵਿਚ ਇੱਕ ਗੱਲ ਸਾਂਝੀ ਹੈ ਕਿ ਦੋਸ਼ੀਆਂ ਦਾ ਸਬੰਧ ਇੱਕ ਜਾਂ ਦੂਜੇ ਢੰਗ ਨਾਲ ਮੌਜੂਦਾ ਸਰਕਾਰ ਦੀ ਸਰਪ੍ਰਸਤੀ ਨਾਲ ਜੁੜਿਆ ਹੋਇਆ ਸੀ। ਪ੍ਰੇਸ਼ਾਨੀ ਵਾਲੀ ਗੱਲ ਇਹ ਵੀ ਹੈ ਕਿ ਜੇ ਅਜਿਹੇ ਸੂਬੇ ਵਿਚ, ਜਿਸ ਨੂੰ ਔਰਤਾਂ ਵਾਸਤੇ ਸਭ ਤੋਂ ਸੁਰੱਖਿਅਤ ਮੰਨਿਆ ਜਾਂਦਾ ਸੀ, ਇੱਕ ਪੁਲਿਸ ਅਫ਼ਸਰ ਨੂੰ ਆਪਣੀ ਧੀ ਦੀ ਇੱਜ਼ਤ ਬਚਾਉਣ ਲਈ ਆਪਣੀ ਜਾਨ ਤੋਂ ਹੱਥ ਧੋਣੇ ਪੈ ਸਕਦੇ ਹਨ ਤਾਂ ਆਮ ਬੰਦੇ ਦਾ ਕੀ ਹਸ਼ਰ ਹੋਵੇਗਾ?

'ਸੋਸ਼ਲਿਸਟ ਪਾਰਟੀ ਆਫ ਅਮੈਰਿਕਾ' ਦੇ ਹੋਂਦ ਵਿਚ ਆਉਣ ਤੋਂ ਵੀ ਕਿਤੇ ਪਹਿਲਾਂ 15ਵੀਂ ਸਦੀ ਵਿਚ, ਉਸ ਮੱਧ-ਜੁਗ ਦੇ ਸਮੇਂ ਵਿਚ ਜਿਸ ਨੂੰ ਪੱਛਮੀ ਫ਼ਲਸਫ਼ੇ ਦੇ ਇਤਿਹਾਸ ਵਿਚ 'ਡਾਰਕ ਪੀਰੀਅਡ' ਕਿਹਾ ਗਿਆ ਹੈ, ਗੁਰੂ ਨਾਨਕ ਸਾਹਿਬ ਨੇ ਪੁਰਸ਼ ਦੇ ਬਰਾਬਰ ਔਰਤ ਦੇ ਸਮਾਜਿਕ ਅਤੇ ਧਾਰਮਿਕ, ਅਧਿਆਤਮਕ ਰੁਤਬੇ ਅਤੇ ਹੱਕ ਲਈ ਆਵਾਜ਼ ਉਠਾਈ। ਸਿਰਫ਼ ਆਵਾਜ਼ ਹੀ ਨਹੀਂ ਉਠਾਈ ਉਸ ਨੂੰ ਬਰਾਬਰ ਦਾ ਦਰਜ਼ਾ ਦਿੱਤਾ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਰਾਹੀਂ ਸਮਝਾਇਆ ਕਿ ਇਸਤਰੀ ਤੋਂ ਬਗੈਰ ਸਮਾਜ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਅਧਿਆਤਮਕ ਅਨੁਭਵ ਨੂੰ ਇਕਾਂਤ ਵਿਚੋਂ ਕੱਢ ਕੇ ਗ੍ਰਹਿਸਥ ਨਾਲ ਜੋੜਿਆ। ਇਕਾਂਤਕ ਭਗਤੀ, ਸਨਿਆਸ ਅਤੇ ਇਸਤਰੀ ਦਾ ਨਿਰਾਦਰ ਕਰਨ ਵਾਲੀਆਂ ਜੋਗ-ਮੱਤ ਵਰਗੀਆਂ ਧਾਰਮਿਕ ਪਰੰਪਰਾਵਾਂ ਨੂੰ ਵੰਗਾਰਿਆ। ਵਿਹਲੇ ਰਹਿ ਕੇ ਰੱਬ ਨੂੰ ਪਾਉਣ ਵਾਲੇ ਅਜਿਹੇ ਅਧਿਆਤਮਵਾਦੀਆਂ ਨੂੰ ਉਨ੍ਹਾਂ ਨੇ ਸਮਾਜ ਦਾ ਬੋਝ ਅਤੇ ਸਮਾਜ ਨੂੰ ਠੱਗਣ ਵਾਲੇ ਗਰਦਾਨਿਆ (ਅੱਜ ਕਲ੍ਹ ਦੇ ਸੰਤ ਅਤੇ ਡੇਰੇਦਾਰ ਵੀ ਇਸੇ ਵਰਗ ਵਿਚ ਆਉਂਦੇ ਹਨ)।

ਸਿੱਖ ਧਰਮ ਦੇ ਆਗ਼ਾਜ਼ ਨਾਲ ਹਿੰਦੁਸਤਾਨ ਦੀ ਧਰਤੀ 'ਤੇ ਚਾਨਣ ਦਾ ਨਵਾਂ ਜੁਗ ਸ਼ੁਰੂ ਹੋਇਆ। ਇਸਤਰੀ ਦੇ ਸਤਿਕਾਰ ਦੀ ਬਹਾਲੀ ਲਈ ਅਮਲੀ ਕਦਮ ਚੁੱਕੇ ਗਏ। ਇਸਤਰੀ ਉਤੇ ਤਸ਼ੱਦਦ ਅਤੇ ਉਸ ਦੀ ਗ਼ੁਲਾਮੀ ਨਾਲ ਜੁੜੀਆਂ ਰਸਮਾਂ ਜਿਵੇਂ ਸਤੀ ਦੀ ਰਸਮ ਅਤੇ ਪਰਦਾ ਆਦਿ ਦਾ ਖੁਲ੍ਹਾ ਵਿਰੋਧ ਕੀਤਾ ਜਾਣ ਲੱਗਾ। ਸਿੱਖ ਇਸਤਰੀ ਨੇ ਬਰਾਬਰ ਦੇ ਹੱਕਾਂ ਨੂੰ ਮਾਣਿਆ ਵੀ ਅਤੇ ਆਪਣੀ ਲੋੜੀਂਦੀ ਭੂਮਿਕਾ ਵੀ ਨਿਭਾਈ। ਸਿੱਖ ਨੂੰ ਇਹ ਸਿੱਖਿਆ ਖਾਸ ਤੌਰ 'ਤੇ ਦਿੱਤੀ ਗਈ ਕਿ ਉਸ ਨੇ ਹਰ ਇਸਤਰੀ ਦਾ ਬਿਨਾ ਕਿਸੇ ਭੇਦ-ਭਾਵ ਦੇ ਸਤਿਕਾਰ ਕਰਨਾ ਹੈ। ਇਤਿਹਾਸ ਗਵਾਹ ਹੈ ਕਿ ਜਿਥੇ ਅਤੇ ਜਦੋਂ ਵੀ ਲੋੜ ਪਈ ਖ਼ਾਲਸੇ ਨੇ ਇਸਤਰੀ ਦੀ ਇਜ਼ਤ ਦੀ ਰਾਖੀ ਕੀਤੀ। ਭਾਈ ਗੁਰਦਾਸ ਆਪਣੀਆਂ ਰਚਨਾਵਾਂ ਵਿਚ ਇੱਕ ਸਿੱਖ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ, ਦਾ ਜ਼ਿਕਰ ਕਰਦਿਆਂ ਇਸਤਰੀ ਦੇ ਸਤਿਕਾਰ ਵੱਲ ਵਿਸ਼ੇਸ਼ ਧਿਆਨ ਦੁਆਉਂਦੇ ਹਨ। ਉਹ ਜਿੱਥੇ ਸਿੱਖ ਨੂੰ ਗੁਰੂ ਦੀ ਸਿੱਖਿਆ 'ਤੇ ਚੱਲਦਿਆਂ ਗਿਆਨਵਾਨ ਹੋਣ, ਪਰਾਇਆ ਧਨ ਨਾ ਖਾਣ, ਗ੍ਰਹਿਸਥ ਜੀਵਨ ਜਿਉਣ ਅਤੇ ਸਤਿਸੰਗਤਿ ਦਾ ਉਪਦੇਸ਼ ਕਰਦੇ ਹਨ, ਨਾਲ ਹੀ ਕਹਿੰਦੇ ਹਨ ਕਿ ਪਰਾਈ ਇਸਤਰੀ ਨੂੰ ਵੀ ਸਤਿਕਾਰ ਦੀ ਨਜ਼ਰ ਨਾਲ ਦੇਖਣਾ ਹੈ,

> ਏਕਾ ਨਾਰੀ ਜਤੀ ਹੋਇ
> ਪਰ ਨਾਰੀ ਧੀ ਭੈਣ ਵਖਾਣੈ। (6/8)
> ਹਉ ਤਿਸੁ ਘੋਲਿ ਘੁਮਾਇਆ
> ਗੁਰਮਤਿ ਰਿਦੈ ਗਰੀਬੀ ਆਵੈ।
> ਹਉ ਤਿਸੁ ਘੋਲਿ ਘੁਮਾਇਆ
> ਪਰ ਨਾਰੀ ਦੇ ਨੇੜਿ ਨ ਜਾਵੈ। (12/4)

ਭਾਈ ਸਾਹਿਬ ਵਾਰ ਵਾਰ ਸਿੱਖ ਨੂੰ ਇਹ ਦ੍ਰਿੜ ਕਰਵਾਉਂਦੇ ਹਨ ਕਿ ਪਰਾਈਆਂ ਔਰਤਾਂ ਨੂੰ ਉਮਰ ਅਨੁਸਾਰ ਮਾਂਵਾਂ, ਭੈਣਾਂ ਅਤੇ ਆਪਣੀਆਂ ਧੀਆਂ ਦੇ ਸਮਾਨ ਸਮਝਣਾ ਹੈ। ਪਰਾਇਆ ਧਨ ਛਕਣਾ ਉਵੇਂ ਹੀ ਹੈ ਜਿਵੇਂ ਮੁਸਲਮਾਨ ਲਈ ਸੂਰ ਦੀ ਆਣ ਅਤੇ ਹਿੰਦੂ ਲਈ ਗਊ ਦੀ ਆਣ। ਪੁੱਤਰ ਜਾਂ ਪਰਿਵਾਰਕ ਮੋਹ ਵਿਚ ਆ ਕੇ ਕਿਸੇ ਨਾਲ ਧੱਕਾ ਜਾਂ ਜੋਰ ਕਰਨਾ ਬੁਰਾ ਹੈ। ਕੰਨਾਂ ਨਾਲ ਕਿਸੇ ਦੀ ਉਸਤਤਿ ਜਾਂ ਬੁਰਾਈ ਸੁਣ ਕੇ ਉਸ ਨੂੰ ਆਪਣੇ ਆਪ ਤੋਂ ਬੁਰਾ ਨਹੀਂ ਸਮਝਣਾ, ਸ਼ਕਤੀਸ਼ਾਲੀ ਹੋਣ 'ਤੇ ਜਾਂ ਹਉਮੈ ਵਿਚ ਕਿਸੇ ਨੂੰ ਨਾਰਾਜ਼ ਨਹੀਂ ਕਰਨਾ। ਇਸ ਤਰ੍ਹਾਂ ਗੁਰੂ ਦੇ ਰਸਤੇ 'ਤੇ ਚੱਲਣ ਵਾਲਾ ਸੁੱਖ ਫਲ ਦੀ ਪ੍ਰਾਪਤੀ ਕਰਦਾ ਹੈ ਅਤੇ ਰਾਜ-ਜੋਗ ਮਾਣਦਾ ਹੈ। ਅਜਿਹੇ ਗੁਣ ਸਤਿ-ਸੰਗਤਿ ਵਿਚ ਜਾਇਆਂ ਪ੍ਰਾਪਤ ਹੁੰਦੇ ਹਨ ਜਿਸ ਤੋਂ ਕੁਰਬਾਨ ਜਾਈਏ,

> ਦੇਖਿ ਪਰਾਈਆਂ ਚੰਗੀਆਂ
> ਮਾਂਵਾਂ ਭੈਣਾਂ ਧੀਆਂ ਜਾਣੈ।
> ਉਸੁ ਸੂਅਰੁ ਉਸੁ ਗਾਇ ਹੈ
> ਪਰ ਧਨ ਹਿੰਦੂ ਮੁਸਲਮਾਣੈ।

ਅਹਿਮਦ ਸ਼ਾਹ ਅਬਦਾਲੀ ਵਰਗੇ ਧਾੜਵੀ ਜਦੋਂ ਹਿੰਦੁਸਤਾਨ ਨੂੰ ਲੁੱਟਣ ਦੇ ਇਰਾਦੇ ਨਾਲ ਹਮਲਾ ਕਰਦੇ ਤਾਂ ਧਨ-ਦੌਲਤ ਦੇ ਨਾਲ ਨਾਲ ਇਥੋਂ ਔਰਤਾਂ ਨੂੰ ਵੀ ਬੰਦੀ ਬਣਾ ਕੇ ਲੈ ਜਾਣ ਦੀ ਕੋਸ਼ਿਸ਼ ਕਰਦੇ ਪਰ ਗੁਰੂ ਦਾ ਖ਼ਾਲਸਾ ਉਨ੍ਹਾਂ ਉਤੇ ਹਮਲਾ ਕਰਕੇ ਔਰਤਾਂ ਨੂੰ ਛੁਡਾ ਲੈਂਦਾ ਅਤੇ ਉਨ੍ਹਾਂ ਦੇ ਘਰੀਂ ਛੱਡ ਕੇ ਆਉਂਦਾ (ਇਨ੍ਹਾਂ ਘਟਨਾਵਾਂ ਦਾ ਜ਼ਿਕਰ ਸਾਡੇ ਕਵੀਸ਼ਰ ਅਤੇ ਢਾਡੀ ਸਟੇਜਾਂ ਤੇ ਬੜੇ ਜ਼ੋਰ ਨਾਲ ਕਰਦੇ ਹਨ ਕਿ 'ਅਸੀਂ ਹਿੰਦੂਆਂ ਦੀਆਂ ਧੀਆਂ ਭੈਣਾਂ ਛੁਡਾਉਂਦੇ ਰਹੇ।' ਉਹ ਭੁੱਲ ਜਾਂਦੇ ਹਨ ਕਿ ਧਾੜਵੀ ਦਾ ਕੋਈ ਧਰਮ ਨਹੀਂ ਹੁੰਦਾ। ਬਾਹਰੋਂ ਆਉਣ ਵਾਲੇ ਹਿੰਦੂ ਜਾਂ ਮੁਸਲਮਾਨ ਇਸਤਰੀ ਵਿਚ ਕੋਈ ਫਰਕ ਨਹੀਂ ਸੀ ਕਰਦੇ)। ਬਾਬਰ ਨੇ ਜਦੋਂ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਇਥੇ ਪਠਾਣਾਂ ਦਾ ਰਾਜ ਸੀ ਅਤੇ ਬਾਬਰ ਦੀ ਫੌਜ ਨੇ ਹਿੰਦੂ ਅਤੇ ਮੁਸਲਿਮ-ਦੋਹਾਂ ਧਰਮਾਂ ਦੀਆਂ ਔਰਤਾਂ 'ਤੇ ਜ਼ੁਲਮ ਕੀਤਾ, ਜਿਸ ਦਾ ਜ਼ਿਕਰ ਗੁਰੂ ਨਾਨਕ ਇਸ ਤਰ੍ਹਾਂ ਕਰਦੇ ਹਨ,

> ਮੁਸਲਮਾਨੀਆ ਪੜਹਿ ਕਤੇਬਾ
> ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
> ਜਾਤਿ ਸਨਾਤੀ ਹੋਰਿ ਹਿਦਵਾਣੀਆ
> ਏਹਿ ਭੀ ਲੇਖੈ ਲਾਇ ਵੇ ਲਾਲੋ॥
> (ਪੰਨਾ 722)

ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਦਾ ਸਿੱਖ ਕਹਾਉਣ ਵਾਲੇ ਵਿਅਕਤੀ ਦਾ ਕਿਰਦਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਫਿਰ ਅੱਜ ਆਪਣੇ ਆਪ ਨੂੰ 'ਪੰਥਕ' ਕਹਾਉਣ ਵਾਲੀ ਸਰਕਾਰ ਦੇ ਸਮੇਂ, ਜਿਸ ਦੀ ਪਾਰਟੀ ਦਾ ਕਬਜ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲੈ ਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਹੋ ਗਿਆ ਹੈ, ਪੰਜਾਬ ਬਲਾਤਕਾਰੀ, ਲੁੱਟਾਂ-ਖੋਹਾਂ, ਨਸ਼ਿਆਂ, ਨਾਜਾਇਜ਼ ਕਬਜਿਆਂ ਅਤੇ ਹੋਰ ਹਰ ਤਰ੍ਹਾਂ ਦੇ ਜੁਰਮਾਂ ਦਾ ਪ੍ਰਾਂਤ ਕਿਉਂ ਬਣਦਾ ਜਾਂਦਾ ਹੈ? ਇਸ ਸਭ ਦੀ ਜਿੰਮੇਵਾਰੀ ਰਾਜ ਸਰਕਾਰ 'ਤੇ ਆਉਂਦੀ ਹੈ। ਗੁਰੂ ਨਾਨਕ ਸਾਹਿਬ ਬਾਬਰ ਦੇ ਹਮਲੇ ਦਾ ਜ਼ਿਕਰ ਕਰਦਿਆਂ ਫਰਮਾਉਂਦੇ ਹਨ ਕਿ ਜੇ ਤਕੜਾ ਤਕੜੇ ਨੂੰ ਮਾਰੇ ਤਾਂ ਕਿਸੇ ਦੇ ਮਨ ਵਿਚ ਰੋਸ ਨਹੀਂ ਜਾਗਦਾ ਪਰ ਜੇ ਸ਼ੇਰ ਕਮਜ਼ੋਰ ਵੱਗ ਨੂੰ ਪੈ ਨਿਕਲੇ ਤਾਂ ਫਿਰ ਵੱਗ ਦਾ ਮਾਲਕ ਜਵਾਬਦੇਹ ਹੁੰਦਾ ਹੈ,

> ਸਕਤਾ ਸੀਹੁ ਮਾਰੇ ਪੈ ਵਗੈ
> ਖਸਮੈ ਸਾ ਪੁਰਸਾਈ॥ (ਪੰਨਾ 360)

ਇਸ ਲਈ ਸਟੇਟ ਵਿਚ ਜੋ ਵੀ ਵਾਪਰ ਰਿਹਾ ਹੈ ਉਸ ਦੀ ਜਿੰਮੇਵਾਰੀ ਇਸ ਦੀ ਸਰਕਾਰ 'ਤੇ ਆਉਂਦੀ ਹੈ। ਮਨੁੱਖ ਦੇ ਬੁਰੇ ਵਰਤਾਉ ਲਈ ਗੁਰਮਤਿ ਦਰਸ਼ਨ ਵਿਚ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਮੰਨਿਆ ਗਿਆ ਹੈ। ਵਿਅਕਤੀਗਤ ਅਤੇ ਸਮੂਹਕ ਪੱਧਰ 'ਤੇ ਇਹ ਪੰਜੇ ਵਿਕਾਰ ਇਸ ਵੇਲੇ ਵੀ ਮਾੜੇ ਮਨੁੱਖੀ ਵਰਤਾਰੇ ਦਾ ਕਾਰਨ ਹਨ ਭਾਵੇਂ ਇਹ ਭਰੂਣ-ਹੱਤਿਆ, ਦਾਜ, ਬਲਾਤਕਾਰ ਅਤੇ ਔਰਤਾਂ ਨਾਲ ਸਬੰਧਤ ਹੋਰ ਜ਼ੁਰਮ ਹਨ। ਇਨ੍ਹਾਂ ਦੀਆਂ ਜੜ੍ਹਾਂ ਵੀ ਕਿਤੇ ਨਾ ਕਿਤੇ ਪੰਜਾਬੀ ਸਮਾਜ ਵਿਚ ਹੀ ਪਈਆਂ ਹਨ। ਪੰਜਾਬੀ ਸਭਿਆਚਾਰ ਦੇ ਨਾਂ ਹੇਠ ਬਹੁ-ਗਿਣਤੀ ਪੰਜਾਬੀ ਗਾਇਕ ਇਨ੍ਹਾਂ ਮਾੜੀਆਂ ਬਿਰਤੀਆਂ ਨੂੰ ਉਤਸ਼ਾਹ ਦੇ ਰਹੇ ਹਨ। ਪੈਸੇ ਦੇ ਲਾਲਚ ਵਿਚ ਉਹ ਧੀਆਂ-ਭੈਣਾਂ ਦੇ ਸੰਕਲਪ ਅਤੇ ਸਮਾਜਿਕ ਰਿਸ਼ਤਿਆਂ ਨੂੰ ਹੀ ਭੁੱਲ ਗਏ ਹਨ ਅਤੇ ਇਸਤਰੀ ਦਾ ਜ਼ਿਕਰ ਉਹ ਕਿਸੇ 'ਵਸਤੂ' ਵਾਂਗ ਕਰਦੇ ਹਨ ਜਿਸ ਨਾਲ ਕੁੱਝ ਵੀ ਕੀਤਾ ਜਾ ਸਕਦਾ ਹੈ। ਗੀਤਕਾਰਾਂ ਅਤੇ ਗਾਇਕਾਂ ਨੇ ਸਮਾਜਿਕ ਰਿਸ਼ਤਿਆਂ ਦੀ ਨੈਤਿਕਤਾ ਨੂੰ ਮਲੀਆਮੇਟ ਕਰ ਦਿੱਤਾ ਹੈ। ਦਾਜ਼ ਦੇ ਲਾਲਚੀ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੇ ਘਰ ਨੂੰਹ ਬਣ ਕੇ ਆਉਣ ਵਾਲੀ ਵੀ ਕਿਸੇ ਦੀ ਧੀ ਹੈ। ਨਿਤ ਦਾ ਦੁਰ-ਵਿਹਾਰ ਦੇਖ ਕੇ ਧੀਆਂ ਦੇ ਮਾਪੇ ਏਨੇ ਪ੍ਰੇਸ਼ਾਨ ਹੁੰਦੇ ਹਨ ਕਿ ਲੋਕ ਧੀਆਂ ਜੰਮਣ ਤੋਂ ਹੀ ਇਨਕਾਰ ਕਰਨ ਲੱਗ ਪਏ ਹਨ।

ਸਾਡੀ ਪੁਲਿਸ ਦੇ ਤਾਂ ਕਹਿਣੇ ਹੀ ਕੀ ਹਨ। ਅੰਗਰੇਜ਼ ਨੇ ਪੁਲਿਸ ਦਾ ਢਾਂਚਾ ਇਸ ਕਿਸਮ ਦਾ ਤਿਆਰ ਕੀਤਾ ਸੀ, ਜਿਸ ਰਾਹੀਂ ਉਹ ਲੋਕਾਂ ਨੂੰ ਡਰਾ ਕੇ ਰੱਖ ਸਕੇ। ਅੰਗਰੇਜ਼ਾਂ ਦੇ ਚਲੇ ਜਾਣ ਦੇ 66 ਸਾਲ ਬਾਅਦ ਵੀ ਪੰਜਾਬ ਦੇ ਪੁਲਿਸ ਢਾਂਚੇ ਅਤੇ ਨਜ਼ਰੀਏ ਵਿਚ ਕੋਈ ਤਬਦੀਲੀ ਨਹੀਂ ਲਿਆਂਦੀ ਗਈ। ਦੂਸਰਾ ਕਾਰਨ ਪੁਲਿਸ ਦਾ ਲੋੜ ਤੋਂ ਵੱਧ ਰਾਜਨੀਤੀਕਰਨ ਹੋਣਾ ਹੈ। ਪੁਲਿਸ ਦੀ ਭਰਤੀ, ਤਰੱਕੀ, ਤਬਾਦਲਾ ਆਦਿ ਸਭ ਕੁੱਝ ਤਾਂ ਮੰਤਰੀਆਂ ਦੇ ਹੱਥ ਹੈ, ਫਿਰ ਪੁਲਿਸ ਸੁਤੰਤਰ ਰੂਪ ਵਿਚ ਕਿਵੇਂ ਕੰਮ ਕਰੇਗੀ? ਹਰ ਮਹਿਕਮੇ ਦੀ ਤਰ੍ਹਾਂ ਪੁਲਿਸ ਵਿਚ ਵੀ ਰਿਸ਼ਵਤ ਅਤੇ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੈ। ਆਮ ਸਮਾਜ ਦਾ ਨਜ਼ਰੀਆ ਦੂਸਰੇ ਦੀ ਮੁਸ਼ਕਿਲ ਪ੍ਰਤੀ 'ਮੈਨੂੰ ਕੀ' ਵਾਲਾ ਹੋ ਗਿਆ ਹੈ। ਨਹੀਂ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਜਲੰਧਰ ਵਰਗੇ ਭੀੜ ਵਾਲੇ ਸ਼ਹਿਰ ਵਿਚ ਕੁੜੀ ਦੀ ਮਦਦ ਕਰਨ ਵਾਲੇ ਪੱਤਰਕਾਰ ਨੂੰ ਗੁੰਡੇ ਕੁੱਟ ਜਾਣ? ਫਰੀਦਕੋਟ ਘਰ ਵਿਚ ਬੈਠੀ ਸ਼ਰੁਤੀ ਨੂੰ ਨਿਸ਼ਾਨ ਸਿੰਘ ਵਰਗਾ ਗੁੰਡਾ ਚੁੱਕ ਕੇ ਲੈ ਜਾਵੇ? ਧੀ ਨੂੰ ਬਚਾਉਣ ਆਇਆ ਪੁਲਿਸ ਅਫਸਰ ਰਾਣੇ ਵਰਗੇ ਗੁੰਡੇ ਦੀ ਗੋਲੀ ਖਾ ਕੇ ਤੜਪ ਰਿਹਾ ਹੋਵੇ, ਧੀ ਮਦਦ ਲਈ ਚੀਖ-ਪੁਕਾਰ ਕਰੇ ਅਤੇ ਲੋਕ ਤਮਾਸ਼ਾ ਦੇਖਦੇ ਰਹਿਣ? ਇੱਕ ਆਮ ਅਖਾਣ ਹੈ 'ਜਿਹੀ ਪਰਜਾ ਤਿਹਾ ਰਾਜਾ', ਇਸ ਲਈ ਜਦੋਂ ਤੱਕ ਲੋਕ ਆਪ ਜਾਗ੍ਰਿਤ ਨਹੀਂ ਹੁੰਦੇ, ਸਹੀ ਲੋਕਾਂ ਨੂੰ ਅੱਗੇ ਨਹੀਂ ਲਿਆਉਂਦੇ, 'ਮੈਨੂੰ ਕੀ' ਦਾ ਨਜ਼ਰੀਆ ਨਹੀਂ ਛੱਡਦੇ, ਉਦੋਂ ਤੱਕ ਅਜਿਹੇ ਜ਼ੁਰਮਾਂ ਨੂੰ ਠੱਲ ਨਹੀਂ ਪਾਈ ਜਾ ਸਕਦੀ।

## ਗੁਰਬਾਣੀ ਗਿਆਨ

### ਸੁਣਿ ਵਡਾ ਆਖੈ ਸਭੁ ਕੋਇ॥

> ਆਸਾ ਮਹਲਾ ੧
> ਸੁਣਿ ਵਡਾ ਆਖੈ ਸਭੁ ਕੋਇ॥
> ਕੇਵਡੁ ਵਡਾ ਡੀਠਾ ਹੋਇ॥
> ਕੀਮਤਿ ਪਾਇ ਨ ਕਹਿਆ ਜਾਇ॥
> ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
> ਵਡੇ ਮੇਰੇ ਸਾਹਿਬਾ
> ਗਹਿਰ ਗੰਭੀਰਾ ਗੁਣੀ ਗਹੀਰਾ॥
> ਕੋਇ ਨਾ ਜਾਣੈ
> ਤੇਰਾ ਕੇਤਾ ਕੇਵਡੁ ਚੀਰਾ॥੧॥ ਰਹਾਉ॥
> ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
> ਸਭ ਕੀਮਤਿ ਮਿਲਿ ਕੀਮਤਿ ਪਾਈ॥
> ਗਿਆਨੀ ਧਿਆਨੀ ਗੁਰ ਗੁਰ ਹਾਈ॥
> ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥
> ਸਭਿ ਸਤ ਸਭਿ ਤਪ ਸਭਿ ਚੰਗਿਆਈਆ॥
> ਸਿਧਾ ਪੁਰਖਾ ਕੀਆ ਵਡਿਆਈਆ॥
> ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥
> ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥
> ਆਖਣ ਵਾਲਾ ਕਿਆ ਵੇਚਾਰਾ॥
> ਸਿਫਤੀ ਭਰੇ ਤੇਰੇ ਭੰਡਾਰਾ॥
> ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥
> ਨਾਨਕ ਸਚੁ ਸਵਾਰਣਹਾਰਾ॥੪॥

ਗੁਰੂ ਨਾਨਕ ਦੇਵ ਜੀ ਆਖਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਇਸ ਜਗਤ ਦੇ ਜੀਵ ਤਾਂ ਹੋਰਨਾਂ ਕੋਲੋਂ ਸੁਣ-ਸੁਣ ਕੇ ਹੀ ਆਖੀ ਜਾਂਦੇ ਹਨ ਕਿ ਤੂੰ ਵੱਡਾ ਹੈਂ, ਬਹੁਤ ਵੱਡਾ ਹੈਂ ਪਰ ਪ੍ਰਭੂ ਜੀਉ! ਤੂੰ ਕਿੰਨਾ ਵੱਡਾ ਹੈਂ, ਇਹ ਤਾਂ ਤੈਨੂੰ ਵੇਖ ਕੇ ਹੀ ਦੱਸਿਆ ਜਾ ਸਕਦਾ ਹੈ ਕਿ ਤੂੰ ਤਾਂ ਬੇਅੰਤ ਹੈਂ, ਤੇਰਾ ਤਾਂ ਕੋਈ ਅੰਤ ਹੀ ਨਹੀਂ ਹੈ। ਤੇਰਾ ਮੁੱਲ ਨਹੀਂ ਪਾਇਆ ਜਾ ਸਕਦਾ, ਸਰੂਪ ਦੱਸਿਆ ਨਹੀਂ ਜਾ ਸਕਦਾ। ਦੱਸਣ ਵਾਲੇ ਤਾਂ ਆਪਾ ਭੁੱਲ ਕੇ ਤੇਰੇ ਵਿਚ ਹੀ ਸਮਾ ਜਾਂਦੇ ਹਨ।

> ਵਡੇ ਮੇਰੇ ਸਾਹਿਬਾ
> ਗਹਿਰ ਗੰਭੀਰਾ ਗੁਣੀ ਗਹੀਰਾ॥
> ਕੋਇ ਨਾ ਜਾਣੈ
> ਤੇਰਾ ਕੇਤਾ ਕੇਵਡੁ ਚੀਰਾ॥੧॥ ਰਹਾਉ॥

ਹੇ ਪ੍ਰਭ ਜੀਉ! ਗਹਿਰ ਗੰਭੀਰਾ, ਭਾਵ ਤੂੰ ਤਾਂ ਅਤਿ ਡੂੰਘਾ ਸਮੁੰਦਰ ਹੈਂ ਅਤੇ ਵੱਡੇ ਦਿਲ ਦਾ ਮਾਲਕ ਹੈਂ, ਬੇਅੰਤ ਗੁਣਾਂ ਦਾ ਧਾਰਨੀ ਹੈਂ ਅਤੇ ਕੋਈ ਨਹੀਂ ਜਾਣਦਾ ਤੇਰਾ ਵਿਸਥਾਰ ਕਿੰਨਾ ਵੱਡਾ ਹੈ। ਹੇ ਪ੍ਰਭੂ ਜੀ, ਤੂੰ ਆਪਣੇ ਜੈਸਾ ਆਪ ਹੀ ਹੈਂ।

> ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
> ਸਭ ਕੀਮਤਿ ਮਿਲਿ ਕੀਮਤਿ ਪਾਈ॥
> ਗਿਆਨੀ ਧਿਆਨੀ ਗੁਰ ਗੁਰ ਹਾਈ॥
> ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥

ਪ੍ਰਭੂ ਜੀਉ! ਤੂੰ ਕਿੰਨਾ ਡੂੰਘਾ, ਕਿੱਡਾ ਵੱਡਾ ਹੈਂ, ਇਨ੍ਹਾਂ ਗੱਲਾਂ ਦੀ ਭਾਲ ਲਈ ਕਈਆਂ ਜੋਗੀਆਂ ਨੇ ਸਮਾਧੀਆਂ ਲਾਈਆਂ, ਧਿਆਨ ਲਾਉਣ ਦੇ ਯਤਨ ਕੀਤੇ। ਉਚੀ ਵਿਦਿਆ ਵਾਲੇ ਵਿਚਾਰਵਾਨਾਂ ਅਤੇ ਗਿਆਨੀਆਂ-ਧਿਆਨੀਆਂ ਨੇ ਤੇਰੇ ਵਰਗੀ ਕੋਈ ਹੋਰ ਹਸਤੀ ਲੱਭਣ ਦੇ ਬਥੇਰੇ ਯਤਨ ਕੀਤੇ ਪਰ ਕੁਝ ਨਾ ਬਣਿਆ। ਤੇਰੀ ਵਡਿਆਈ ਬਾਰੇ ਉਹ ਇਕ ਤਿਲ ਜਿੰਨਾ ਵੀ ਨਾ ਦੱਸ ਸਕੇ।

> ਸਭਿ ਸਤ ਸਭਿ ਤਪ ਸਭਿ ਚੰਗਿਆਈਆ॥
> ਸਿਧਾ ਪੁਰਖਾ ਕੀਆ ਵਡਿਆਈਆ॥
> ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥
> ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥

ਹੇ ਪ੍ਰਭੂ ਜੀਉ! ਭਾਵੇਂ ਕੋਈ ਗਿਆਨੀ ਪੁਰਸ਼ ਉਚੇ ਤੋਂ ਉਚੇ ਵਿਚਾਰਾਂ ਵਾਲਾ ਹੋਵੇ, ਸਿੱਧ ਜਾਂ ਜੋਗੀ ਪਿਆ ਹੋਵੇ, ਉਹ ਤੇਰੀ ਮਹਿਮਾ ਦਾ ਅੰਤ ਨਹੀਂ ਪਾ ਸਕਦੇ; ਪਰ ਹੇ ਪ੍ਰਭੂ! ਇਨ੍ਹਾਂ ਗਿਆਨਵਾਨ ਪੁਰਸ਼ਾਂ ਕੋਲ ਜੋ ਵੀ ਨੇਕ ਕਰਮ, ਤਪ ਅਤੇ ਚੰਗੇ ਗੁਣ ਹਨ ਅਤੇ ਸਿੱਧਾਂ ਕੋਲ ਰਿੱਧੀਆਂ-ਸਿੱਧੀਆਂ ਹਨ, ਇਹ ਸਭ ਚੀਜ਼ਾਂ ਤੇਰੀ ਕ੍ਰਿਪਾ ਦ੍ਰਿਸ਼ਟੀ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀਆਂ। ਪ੍ਰਭੂ ਜੀਉ! ਜਿਸ ਜੀਵ 'ਤੇ ਤੇਰੀ ਮਿਹਰ ਹੋ ਜਾਂਦੀ ਹੈ, ਉਸ ਵਡਭਾਗੇ ਨੂੰ ਸਵਾਰਨ ਵਾਲਾ ਵੀ ਤੂੰ ਆਪ ਹੀ ਹੈਂ।

> ਆਖਣ ਵਾਲਾ ਕਿਆ ਵੇਚਾਰਾ॥
> ਸਿਫਤੀ ਭਰੇ ਤੇਰੇ ਭੰਡਾਰਾ॥
> ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥
> ਨਾਨਕ ਸਚੁ ਸਵਾਰਣਹਾਰਾ॥੪॥

ਹੇ ਮਿਹਰਾਂ ਦੇ ਮਾਲਕ ਪ੍ਰਭੂ ਜੀਉ! ਕਿਸੇ ਵੀ ਜੀਵ ਦੀ ਹਿੰਮਤ ਹੈ ਕਿ ਉਹ ਤੇਰੇ ਗੁਣਾਂ ਦਾ ਵਰਣਨ ਕਰ ਸਕੇ। ਤੇਰੇ ਗੁਣਾਂ ਦੇ ਤਾਂ ਭੰਡਾਰ ਭਰੇ ਪਏ ਹਨ, ਪਰ ਹੇ ਪ੍ਰਭੂ ਜੀਉ! ਜਿਸ ਜੀਵ 'ਤੇ ਤੂੰ ਆਪਣੀ ਮਿਹਰ ਕਰ ਕੇ ਆਪਣੀ ਸਿਫਤ ਸਾਲਾਹ ਦੀ ਦਾਤ ਬਖ਼ਸ਼ ਦਿੰਦਾ ਹੈਂ, ਉਸ ਜੀਵ ਦੇ ਰਸਤੇ ਵਿਚ ਰੁਕਾਵਟ ਖੜ੍ਹੀ ਕਰਨ ਲਈ ਕਿਸੇ ਦਾ ਚਾਰਾ ਨਹੀਂ ਚੱਲ ਸਕਦਾ। ਨਾਨਕ ਆਖਦਾ ਹੈ, ਮਿਹਰਬਾਨ ਪਿਤਾ, ਤੂੰ ਸਦਾ ਹੀ ਕਾਇਮ ਰਹਿਣ ਵਾਲਾ ਹੈਂ। ਜਿਸ ਜੀਵ 'ਤੇ ਤੇਰੀ ਮਿਹਰ ਹੋ ਜਾਂਦੀ ਹੈ, ਉਸ ਵਡਭਾਗੇ ਜੀਵ ਨੂੰ ਸਵਾਰਨ ਵਾਲਾ ਵੀ ਤੂੰ ਆਪ ਹੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੱਬਰ ਅਕਾਲੀ ਲਹਿਰ ਦੇ ਵਰਕੇ ਫਰੋਲਦਿਆਂ

**ਆਜ਼ਾਦੀ ਲਹਿਰ ਦੇ ਯੋਧੇ**

ਦੁਨੀਆਂ ਦੇ ਸਾਰੇ ਮਹਾਂਪੁਰਖ ਹਰ ਸਮੇਂ ਅਤੇ ਹਰ ਜਗ੍ਹਾ ਇਨਸਾਨ ਦੀ ਆਜ਼ਾਦੀ ਦੇ ਹੱਕ ਵਿਚ ਰਹੇ ਹਨ ਪਰ ਜਦੋਂ ਜਾਬਰ ਹੁਕਮਰਾਨ ਮਨੁੱਖੀ ਹੱਕਾਂ ਦੀ ਉਲੰਘਣਾ ਕਰਨੋਂ ਨਾ ਹਟਣ ਤਾਂ ਮਿੱਟੀ ਵੀ ਬਾਰੂਦ ਬਣ ਜਾਂਦੀ ਹੈ। ਪੰਜਾਬ ਦੇ ਲੋਕਾਂ ਨੂੰ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ 'ਤੇ

**ਵਾਸਦੇਵ ਸਿੰਘ ਪਰਹਾਰ**
ਫੋਨ:91-94174-34352

ਵਰ੍ਹਾਈਆਂ ਗੋਲੀਆਂ, ਗੁਰਦੁਆਰਾ ਰਕਾਬਗੰਜ ਦਿੱਲੀ ਦੀ ਕੰਧ ਢਾਹੁਣ, ਜੈਤੋ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ ਅਤੇ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਦੀ ਮਦਦ ਕਰਨ ਕਰ ਕੇ ਅੰਗਰੇਜ਼ ਸਰਕਾਰ ਵਿਰੁਧ ਰੋਸ ਸੀ। ਸਾਕਾ ਨਨਕਾਣਾ ਸਾਹਿਬ ਤੋਂ ਬਾਅਦ ਤਾਂ ਸਿੱਖਾਂ ਦੇ ਦਿਲਾਂ ਵਿਚ ਅੰਗਰੇਜ਼ ਸਰਕਾਰ ਵਿਰੁਧ ਨਫ਼ਰਤ ਦਾ ਭਾਂਬੜ ਬਲ ਉਠਿਆ। ਅਕਾਲੀਆਂ ਨੂੰ ਯਕੀਨ ਹੋ ਗਿਆ ਸੀ ਕਿ ਇਸ ਸਾਕੇ ਵਿਚ ਸ਼ੇਖ਼ੂਪੁਰ ਦੇ ਡਿਪਟੀ ਕਮਿਸ਼ਨਰ ਮਿਸਟਰ ਕਿੰਗ ਅਤੇ ਪੁਲਿਸ ਕਪਤਾਨ ਮਿਸਟਰ ਬੋਰਿੰਗ ਤੋਂ ਇਲਾਵਾ ਬੇਦੀ ਕਰਤਾਰ ਸਿੰਘ, ਮਹੰਤ ਬਸੰਤ ਦਾਸ ਮਾਣਕ, ਮਹੰਤ ਸੇਵਾ ਦਾਸ ਨਨਕਾਣਾ ਸਾਹਿਬ ਅਤੇ ਸਰਦਾਰ ਬਹਾਦਰ ਸ. ਸੁੰਦਰ ਸਿੰਘ ਮਜੀਠੀਏ ਦਾ ਵੀ ਹੱਥ ਹੈ। ਸੰਨ 1921 ਵਿਚ ਹੁਸ਼ਿਆਰਪੁਰ ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਸਮੇਂ ਕੁਝ ਗਰਮ ਖਿਆਲੀ ਸਿੱਖ ਨੌਜਵਾਨਾਂ ਨੇ ਆਪਣੀ ਵੱਖਰੀ ਕਾਨਫਰੰਸ ਕਰ ਕੇ ਹਥਿਆਰਬੰਦ ਗੁਰੀਲਾ ਯੁੱਧ ਲੜਨ ਦਾ ਫੈਸਲਾ ਕੀਤਾ। ਉਨ੍ਹਾਂ ਦਾ ਖਿਆਲ ਸੀ ਕਿ ਸ਼ਾਂਤਮਈ ਢੰਗ ਨਾਲ ਆਜ਼ਾਦੀ ਨਹੀਂ ਮਿਲਣੀ। ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਯਾਦ ਸਨ,

ਕੋਈ ਕਿਸੀ ਕੋ ਰਾਜ ਨਾ ਦੇ ਹੈ,
ਜੋ ਕੋਈ ਲੇ ਹੈ ਨਿੱਜ ਬਲ ਸੇ ਲੇ ਹੈ।
ਅਤੇ
ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ,
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

ਜਦੋਂ ਇਨਸਾਫ਼ ਹਾਸਲ ਕਰਨ ਦੇ ਹੀਲੇ ਵਸੀਲੇ ਵੀ ਕੰਮ ਨਾ ਆਉਣ ਤਾਂ ਤਲਵਾਰ ਹੱਥ ਵਿਚ ਲੈਣੀ ਜਾਇਜ਼ ਹੈ। ਹੁਸ਼ਿਆਰਪੁਰ ਦੀ ਗਰਮਦਲੀਆਂ ਦੀ ਕਾਨਫਰੰਸ ਪਿੰਡ ਪੁਰ ਹੀਰਾਂ ਦੇ ਹਾਈ ਸਕੂਲ ਵਿਚ ਮਾਸਟਰ ਮੋਤਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਅਤੇ ਗੰਡਾ ਸਿੰਘ ਅਤੇ ਬੇਲਾ ਸਿੰਘ ਦੀ ਡਿਊਟੀ ਅੰਗਰੇਜ਼ ਅਫਸਰਾਂ ਨੂੰ ਸੋਧਣ ਦੀ ਲਾਈ ਗਈ। ਉਨ੍ਹਾਂ ਦਿਨਾਂ ਵਿਚ ਲਾਹੌਰ ਤੋਂ ਅਕਾਲੀ ਨਾਂ ਦਾ ਅਖਬਾਰ ਨਿਕਲਦਾ ਸੀ। ਬੇਲਾ ਸਿੰਘ ਅਤੇ ਗੰਢਾ ਸਿੰਘ ਇਸ ਅਖਬਾਰ ਦੇ ਦਫਤਰ ਵਿਚ ਕੰਮ ਕਰਦੇ ਇਕ ਸਾਧੂ ਸਿੰਘ ਨਾਂ ਦੇ ਬੰਦੇ ਕੋਲ ਗਏ ਜਿਸ ਬਾਰੇ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕਰੇਗਾ।

ਸਾਧੂ ਸਿੰਘ ਨੇ ਇਨ੍ਹਾਂ ਦੋਹਾਂ ਨੂੰ ਗੁਰਦੁਆਰਾ ਚੁਮਾਹਲਾ ਸਾਹਿਬ ਵਿਖੇ ਠਹਿਰਾਇਆ ਅਤੇ ਆਖਿਆ ਕਿ ਉਹ ਅੰਗਰੇਜ਼ ਅਫ਼ਸਰਾਂ ਦੀਆਂ ਕੋਠੀਆਂ ਦਾ ਪਤਾ ਕਰ ਕੇ ਅਤੇ ਉਨ੍ਹਾਂ ਦੇ ਉਥੇ ਕਿਸੇ ਬਹਾਨੇ ਜਾਣ ਬਾਰੇ ਕੋਈ ਵਿਉਂਤ ਬਣਾ ਕੇ ਉਨ੍ਹਾਂ ਨੂੰ ਅਗਲੇ ਦਿਨ ਮਿਲੇਗਾ। ਅਗਲੇ ਦਿਨ ਉਹ ਇਨ੍ਹਾਂ ਨੂੰ ਨਾਲ ਲੈ ਕੇ ਪੁਲਿਸ ਕਪਤਾਨ ਦੀ ਕੋਠੀ ਪਹੁੰਚਿਆ ਅਤੇ ਬਰਾਂਡੇ ਵਿਚ ਬੈਠੇ ਇਕ ਅਰਦਲੀ ਤੋਂ ਪੁੱਛਿਆ ਕਿ ਸਾਹਿਬ ਕਿੱਥੇ ਹਨ? ਇਨ੍ਹਾਂ ਨੇ ਸਾਹਿਬ ਤੋਂ ਮਜ਼ਦੂਰੀ ਦੇ ਕੁਝ ਪੈਸੇ ਲੈਣ ਹਨ, ਇਨ੍ਹਾਂ ਨੇ ਸਾਹਿਬ ਦੀ ਕੋਠੀ ਵਿਚ ਬਿਜਲੀ ਦੀ ਮੁਰੰਮਤ ਵਗੈਰਾ ਕੀਤੀ ਸੀ। ਅਰਦਲੀ ਨੇ ਦੱਸਿਆ ਕਿ ਸਾਹਿਬ ਤਾਂ ਕੋਠੀ ਹੈ ਨਹੀਂ, ਕਿਤੇ ਬਾਹਰ ਗਏ ਹੋਏ ਹਨ ਅਤੇ ਉਨ੍ਹਾਂ ਨੇ ਲੌਢੇ ਵੇਲੇ ਦੀ ਗੱਡੀ ਅੰਮ੍ਰਿਤਸਰ ਨੂੰ ਜਾਣਾ ਹੈ। ਸ਼ਾਮ ਨੂੰ ਉਨ੍ਹਾਂ ਦੋਹਾਂ ਨੂੰ ਸਟੇਸ਼ਨ 'ਤੇ ਪਹੁੰਚਾ ਕੇ ਆਪ ਸਾਧੂ ਸਿੰਘ ਖਿਸਕਦਾ ਹੋਇਆ। ਦਰਅਸਲ ਸਾਧੂ ਸਿੰਘ ਪੁਲਿਸ ਦਾ ਸੂਹੀਆ ਸੀ। ਦੋਵੇਂ ਬੱਬਰ ਪੁਲਿਸ ਨੇ ਸਟੇਸ਼ਨ 'ਤੇ ਹੀ ਦਬੋਚ ਲਏ ਅਤੇ ਤਸ਼ੱਦਦ ਕਰ ਕੇ ਸਾਜ਼ਿਸ਼ ਦਾ ਸਭ ਭੇਤ ਪਤਾ ਕਰ ਲਿਆ। ਮਾਸਟਰ ਮੋਤਾ ਸਿੰਘ ਅਤੇ ਕਿਸ਼ਨ ਸਿੰਘ ਗੜਗੱਜ ਰੂਪੋਸ਼ ਹੋ ਗਏ, ਫਿਰ ਵੀ ਦੁਆਬੇ ਦੇ ਪਿੰਡਾਂ ਵਿਚ ਜਲਸਿਆਂ ਵਿਚ ਅੰਗਰੇਜ਼ ਸਰਕਾਰ ਵਿਰੁਧ ਭੜਕੀਲੀਆਂ ਤਕਰੀਰਾਂ ਕਰ ਕੇ, ਝੋਲੀ ਚੁੱਕਾਂ ਨੂੰ ਬੱਬਰਾਂ ਵਿਰੁਧ ਮੁਖਬਰੀ ਕਰਨ ਤੋਂ ਬਾਜ਼ ਆਉਣ ਲਈ ਆਖ ਕੇ ਭੀੜ ਵਿਚ ਗੁੰਮ ਹੋ ਜਾਂਦੇ ਰਹੇ।

24 ਤੋਂ 26 ਫਰਵਰੀ ਸੰਨ 1922 ਨੂੰ ਪਿੰਡ ਘੁੜਿਆਲ ਜ਼ਿਲ੍ਹਾ ਜਲੰਧਰ ਵਿਖੇ ਬੜਾ ਭਾਰੀ ਧਾਰਮਿਕ ਦੀਵਾਨ ਸਜਿਆ। ਸੰਤ ਅਤਰ ਸਿੰਘ ਮਸਤੂਆਣੇ ਵਾਲੇ ਵੀ ਇਸ ਦੀਵਾਨ ਵਿਚ ਆਏ ਸਨ। ਉਨ੍ਹੀਂ ਦਿਨੀਂ ਪ੍ਰਿੰਸ ਆਫ ਵੇਲਜ਼ ਬਰਤਾਨਵੀ ਸਹਿਜ਼ਾਦਾ ਮੁਲਕ ਵਿਚ ਆ ਚੁੱਕਿਆ ਸੀ। ਅੰਗਰੇਜ਼ਪ੍ਰਸਤ ਉਸ ਦੇ ਗਲ ਵਿਚ ਫੁੱਲਾਂ ਦੇ ਹਾਰ ਪਾਉਣ ਦੀਆਂ ਤਿਆਰੀਆਂ ਕਰ ਰਹੇ ਸਨ। ਇਸ ਦੀਵਾਨ ਵਿਚ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਮਿਆਨ ਵਿਚੋਂ ਤਲਵਾਰ ਧੂਹ ਕੇ ਗਰਜਵੀਂ ਆਵਾਜ਼ ਵਿਚ ਆਖਿਆ, "ਮੈਂ ਐਲਾਨ ਕਰਦਾ ਹਾਂ ਕਿ ਮੈਂ ਆਪਣੇ ਚੱਕਰਵਰਤੀ ਜਥੇ ਦੇ ਬਾਹੂਬਲ ਨਾਲ ਸ਼ਹਿਜ਼ਾਦੇ ਦੇ ਗਲ ਵਿਚ ਬੰਬਾਂ ਦੇ ਹਾਰ ਪਾਵਾਂਗਾ।" ਜਲਸੇ ਵਿਚ ਹਾਜ਼ਰ ਲੋਕਾਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਜੈਕਾਰੇ ਐਨੇ ਜੋਸ਼ ਨਾਲ ਗਜਾਏ ਕਿ ਆਸਮਾਨ ਗੂੰਜ ਉਠਿਆ। ਕਿਸ਼ਨ ਸਿੰਘ ਗੜਗੱਜ ਦੀ ਇਸ ਤਕਰੀਰ ਬਾਰੇ ਗਵਾਹੀ ਮਹੱਦੀਪੁਰ ਦੇ ਸਫੈਦਪੋਸ਼ ਹਰਨਾਮ ਸਿੰਘ ਸਰਕਾਰੀ ਗਵਾਹ ਨੰਬਰ 69 ਨੇ ਬੱਬਰ ਅਕਾਲੀ ਟਰਾਇਲ ਕੇਸ ਵਿਚ ਦਿੱਤੀ ਸੀ। ਇਸ ਝੋਲੀ ਚੁੱਕ ਨੂੰ ਬੱਬਰਾਂ ਨੇ ਬਾਅਦ ਵਿਚ ਸੋਧ ਦਿੱਤਾ ਸੀ।


ਕਿਸ਼ਨ ਸਿੰਘ ਗੜਗਜ


ਮਾਸਟਰ ਮੋਤਾ ਸਿੰਘ


ਬੇਲਾ ਸਿੰਘ


ਧੰਨਾ ਸਿੰਘ

ਫਰਵਰੀ 1922 ਵਿਚ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ 'ਤੇ ਅਕਾਲੀਆਂ ਦਾ ਕਬਜ਼ਾ ਹੋ ਗਿਆ ਤਾਂ ਇਸ ਸਾਲ ਦੇ ਹੋਲੇ ਮਹੱਲੇ 'ਤੇ ਜਰਨੈਲ ਮੂਲਾ ਸਿੰਘ ਬਾਹੋਵਾਲ ਨੇ ਮੇਲੇ ਵਿਚ ਅਮਨ ਸ਼ਾਂਤੀ ਬਣਾਉਣ ਲਈ ਸੁਯੋਗ ਪ੍ਰਬੰਧ ਕੀਤਾ। ਔਰਤਾਂ ਨਾਲ ਛੇੜਖਾਨੀ ਕਰਨ ਵਾਲਿਆਂ ਅਤੇ ਚੋਰਾਂ, ਜੇਬ ਕਤਰਿਆਂ ਨੂੰ ਤੁਰੰਤ ਸਜ਼ਾਵਾਂ ਦਿੱਤੀਆਂ। ਇਸ ਸਾਲ ਹੋਲੇ ਮਹੱਲੇ 'ਤੇ ਕਿਸ਼ਨ ਸਿੰਘ ਗੜਗੱਜ ਦੇ ਭਾਸ਼ਣਾਂ ਦੀਆਂ ਧੁੰਮਾਂ ਪੈ ਗਈਆਂ। ਪੁਲਿਸ ਉਨ੍ਹਾਂ ਨੂੰ ਹੱਥ ਪਾਉਣ ਤੋਂ ਸੰਕੋਚ ਕਰਦੀ ਸੀ। ਉਹ ਭਾਸ਼ਣ ਕਰ ਕੇ ਹਟਦੇ ਤਾਂ ਉਨ੍ਹਾਂ ਦੇ ਸਮਰਥਕ ਉਨ੍ਹਾਂ ਦੁਆਲੇ ਇਨਸਾਨੀ ਸਰੀਰਾਂ ਦਾ ਕਿਲਾ ਬਣਾ ਕੇ ਉਨ੍ਹਾਂ ਨੂੰ ਭੀੜ ਵਿਚ ਇਸ ਤਰ੍ਹਾਂ ਲੁਕਾ ਦਿੰਦੇ ਜਿਵੇਂ ਮੱਛੀ ਸਮੁੰਦਰ ਵਿਚ।

ਕੁਝ ਜ਼ੈਲਦਾਰਾਂ, ਲੰਬੜਦਾਰਾਂ ਅਤੇ ਸਫੈਦਪੋਸ਼ਾਂ ਨੇ ਸਿੰਗਾਂ 'ਤੇ ਮਿੱਟੀ ਚੁੱਕੀ ਹੋਈ ਸੀ। ਉਹ ਕਾਲੀ ਪੱਗ ਬੰਨ੍ਹਣ ਵਾਲੇ ਅਕਾਲੀਆਂ ਨੂੰ ਪੁਲਿਸ ਤੋਂ ਬੇਇੱਜ਼ਤ ਕਰਵਾਉਂਦੇ। ਉਨ੍ਹਾਂ ਵਿਚੋਂ ਰਾਣੀਪੁਰ ਤਹਿਸੀਲ ਫਗਵਾੜਾ ਦਾ ਜ਼ੈਲਦਾਰ ਬਿਸ਼ਨ ਸਿੰਘ 10 ਫਰਵਰੀ 1923 ਨੂੰ ਬੱਬਰਾਂ ਨੇ ਸੋਧਿਆ। ਉਸ ਤੋਂ ਬਾਅਦ ਨੰਗਲ ਸ਼ਾਮਾ ਦਾ ਲੰਬੜਦਾਰ ਬੂਟਾ ਸਿੰਘ ਅਤੇ ਘੁੜਿਆਲ ਦਾ ਸੂਬੇਦਾਰ ਗੇਂਦਾ ਸਿੰਘ, ਇਨ੍ਹਾਂ ਤਿੰਨਾਂ ਝੋਲੀ ਚੁੱਕਾਂ ਦੇ ਕਤਲਾਂ ਨੇ ਦੁਆਬੇ ਵਿਚ ਅੰਗਰੇਜ਼ ਸਰਕਾਰ ਦੀ ਮਸ਼ੀਨਰੀ ਫੇਲ੍ਹ ਕਰ ਕੇ ਰੱਖ ਦਿੱਤੀ। ਜਲੰਧਰ ਦੇ ਡਿਪਟੀ ਕਮਿਸ਼ਨਰ ਨੇ ਸਰਕਾਰ ਤੋਂ ਅਮਨ ਬਹਾਲੀ ਲਈ ਸਪੈਸ਼ਲ ਫੋਰਸ ਦੀ ਮੰਗ ਕੀਤੀ। 200 ਘੋੜਸਵਾਰਾਂ ਦਾ ਰਸਾਲਾ ਪਿੰਡ ਵਿਚ ਗਸ਼ਤ ਕਰਨ 'ਤੇ ਲਗਾਇਆ। ਬੱਬਰ ਅਕਾਲੀ ਸਾਰੇ ਹੀ ਸਿੱਖ ਸਨ, ਇਸ ਲਈ ਉਨ੍ਹਾਂ ਨੂੰ ਫੜਨ ਲਈ ਬਹੁਤੇ ਪੁਲਿਸ ਕਰਮਚਾਰੀ ਮੁਸਲਮਾਨ ਲਾਏ ਗਏ। ਸੂੰਢ ਦੇ ਲੰਬੜਦਾਰ ਸ਼ੇਰ ਸਿੰਘ ਦੇ ਪੁੱਤਰ ਜਿਸ ਨੇ ਬੱਬਰ ਸੁੰਦਰ ਸਿੰਘ ਮਖਸੂਸਪੁਰੀ ਨੂੰ ਜ਼ਖ਼ਮੀ ਕੀਤਾ ਸੀ, ਨੂੰ ਵੀ ਬੱਬਰਾਂ ਨੇ ਸੋਧਿਆ।

1921-22 ਤੱਕ ਭਾਈ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਹੇਠ ਚੱਕਰਵਰਤੀ ਜਥਾ ਹੀ ਝੋਲੀਚੁੱਕਾਂ ਨੂੰ ਵਖਤ ਪਾਈ ਜਾ ਰਿਹਾ ਸੀ, ਫਿਰ ਬੱਬਰ ਕਰਮ ਸਿੰਘ ਦੌਲਤਪੁਰ ਕੈਨੇਡਾ ਤੋਂ ਵਾਪਸ ਆਏ ਤਾਂ ਉਨ੍ਹਾਂ ਨੇ ਆਪਣਾ ਵੱਖਰਾ ਬੱਬਰ ਅਕਾਲੀ ਜਥਾ ਬਣਾਇਆ। ਬੱਬਰ ਕਿਸ਼ਨ ਸਿੰਘ ਗੜਗੱਜ ਅਤੇ ਬੱਬਰ ਕਰਮ ਸਿੰਘ ਦੌਲਤਪੁਰ ਦੀ ਆਪਸੀ ਸਹਿਮਤੀ ਨਾਲ ਦੋਨੋਂ ਜਥੇ ਇਕ ਹੋ ਗਏ ਅਤੇ ਅੱਗੇ ਤੋਂ ਜਥੇ ਦਾ ਨਾਂ ਬੱਬਰ ਅਕਾਲੀ ਰੱਖਿਆ ਗਿਆ। ਬੱਬਰਾਂ ਨੇ ਆਪਣਾ 'ਬੱਬਰ ਅਕਾਲੀ' ਨਾਂ ਦਾ ਅਖ਼ਬਾਰ ਕੱਢਣ ਦਾ ਵੀ ਫੈਸਲਾ ਕੀਤਾ। ਬਛੌੜੀ ਵਾਲੇ ਕਾਕੇ ਲੰਬੜਦਾਰ ਤੋਂ ਖੋਹੀ ਸਰਕਾਰੀ ਮਾਮਲੇ ਦੀ ਰਕਮ ਨਾਲ ਅਖ਼ਬਾਰ ਲਈ ਪਹਿਲਾ ਡੁਪਲੀਕੇਟਰ ਖਰੀਦਿਆ ਗਿਆ। ਬੱਬਰ ਅਕਾਲੀ ਦੁਆਬਾ ਅਖ਼ਬਾਰ ਦੇ ਪਰਚੇ ਪਿੰਡਾਂ ਵਿਚ ਵੰਡੇ ਗਏ। ਪਿੰਡਾਂ ਦੀਆਂ ਸੱਥਾਂ ਵਿਚ ਕੋਈ ਇਕ ਪੜ੍ਹਿਆ ਲਿਖਿਆ ਬੰਦਾ ਖੜ੍ਹਾ ਹੋ ਕੇ ਇਹ ਅਖ਼ਬਾਰ ਬਾਕੀਆਂ ਨੂੰ ਸੁਣਾਉਂਦਾ। ਝੋਲੀਚੁੱਕ 'ਬੱਬਰ ਅਕਾਲੀ' ਅਖ਼ਬਾਰ ਦੇ ਪਰਚੇ ਅੰਗਰੇਜ਼ ਅਫ਼ਸਰਾਂ ਪਾਸ ਪਹੁੰਚਾ ਕੇ ਆਪਣੀ ਵਫਾਦਾਰੀ ਦਾ ਸਬੂਤ ਦਿੰਦੇ। ਇਹ ਪਰਚੇ ਸੀ.ਆਈ.ਡੀ. ਦੀਆਂ ਫਾਈਲਾਂ ਵਿਚ ਵੀ ਲੱਗਦੇ। 'ਬੱਬਰ ਅਕਾਲੀ' ਅਖ਼ਬਾਰ ਦਾ ਪਹਿਲਾ ਪਰਚਾ ਸੰਤ ਠਾਕਰ ਸਿੰਘ ਰਾਜੋਵਾਲ ਦੀ ਕੁਟੀਆ ਤੋਂ ਛਾਪਿਆ ਗਿਆ। ਇਸ ਕੁਟੀਆ ਵਿਚ ਭੋਰਾ ਵੀ ਸੀ ਜਿਥੇ ਪਰਚੇ ਦਾ ਕੰਮ ਖੁਫੀਆ ਤਰੀਕੇ ਨਾਲ ਕੀਤਾ ਜਾ ਸਕਦਾ ਸੀ। ਆਏ ਗਏ ਬੱਬਰਾਂ ਲਈ ਲੰਗਰ ਪਾਣੀ ਦਾ ਵੀ ਠੀਕ ਪ੍ਰਬੰਧ ਇਸ ਕੁਟੀਆ ਵਿਚ ਹੋ ਜਾਂਦਾ ਸੀ। ਦਿਨ ਵੇਲੇ ਲੁਕਣ ਲਈ ਆਸ ਪਾਸ ਸੰਘਣੀਆਂ ਝਿੜੀਆਂ ਵੀ ਹੈ ਸਨ। ਦੁਆਬੇ ਦੇ ਪਿੰਡਾਂ ਵਿਚ ਉਨ੍ਹਾਂ ਦਿਨਾਂ ਵਿਚ ਕਾਫ਼ੀ ਜ਼ਮੀਨ ਬੇਆਬਾਦ ਪਈ ਸੀ ਜਿਸ ਵਿਚ ਸੰਘਣੀਆਂ ਝਿੜੀਆਂ ਬੱਬਰਾਂ ਦੇ ਟਿਕਾਣੇ ਸਨ। ਰੋਟੀ ਪਾਣੀ ਪਿੰਡਾਂ ਦੇ ਲੋਕ ਪਹੁੰਚਾ ਹੀ ਦਿੰਦੇ ਸਨ। ਪਿੰਡਾਂ ਦੇ ਆਮ ਲੋਕਾਂ ਦੀ ਬੱਬਰਾਂ ਨਾਲ ਹਮਦਰਦੀ ਹੋਣ ਕਰ ਕੇ ਹੀ ਪੁਲਿਸ ਲਈ ਉਹ ਸਿਰਦਰਦੀ ਬਣੇ ਹੋਏ ਸਨ।

ਸਰਕਾਰ ਨੇ ਬਹੁਤ ਸਾਰੇ ਬੱਬਰਾਂ ਨੂੰ ਭਗੌੜੇ ਕਰਾਰ ਦੇ ਦਿੱਤਾ। ਪੁਲਿਸ ਰਸਾਲੇ ਅਤੇ ਫੌਜ ਨਾਲ ਸਿੱਧੀਆਂ ਟੱਕਰਾਂ ਲੈਣ ਵਾਲੇ ਕ੍ਰਾਂਤੀਕਾਰੀ ਕੇਵਲ ਬੱਬਰ ਹੀ ਸਨ। ਉਨ੍ਹਾਂ ਵਿਚ ਬਹੁਤੇ ਨਾਮ ਕਟੇ ਫੌਜੀ ਸਨ ਜਿਨ੍ਹਾਂ ਨੂੰ ਹਥਿਆਰ ਚਲਾਉਣੇ ਆਉਂਦੇ ਸਨ। ਸਰਕਾਰ ਨੇ ਆਪਣੇ ਝੋਲੀਚੁੱਕਾਂ ਰਾਹੀਂ ਪਿੰਡਾਂ ਵਿਚ ਅਮਨ ਸਭਾਵਾਂ ਬਣਾਈਆਂ ਤੇ ਇਨ੍ਹਾਂ ਸਭਾਵਾਂ ਵਿਚ ਬੱਬਰਾਂ ਦਾ ਸਾਥ ਨਾ ਦੇਣ ਦਾ ਪ੍ਰਚਾਰ ਕੀਤਾ ਜਾਂਦਾ। ਇਸ ਤਰ੍ਹਾਂ ਦਾ ਅਮਨ ਸਭਾ ਦਾ ਜਲਸਾ ਧੈਨੋਵਾਲੀ ਦੇ ਰੇਲਵੇ ਫਾਟਕ ਕੋਲ ਹੋ ਰਿਹਾ ਸੀ। ਇਲਾਕੇ ਦੇ ਬਹੁਤ ਸਾਰੇ ਲੰਬੜਦਾਰ, ਸਫੈਦਪੋਸ਼ ਅਤੇ ਜ਼ੈਲਦਾਰ ਹਾਜ਼ਰ ਸਨ। ਜਲਸੇ ਦੇ ਕੋਲ ਕਾਰ ਆ ਕੇ ਰੁਕੀ ਜਿਸ ਵਿਚੋਂ ਬੱਬਰ ਕਿਸ਼ਨ ਸਿੰਘ ਗੜਗੱਜ, ਜਰਨੈਲ ਮੂਲਾ ਸਿੰਘ ਬਾਹੋਵਾਲ, ਜੋਗਿੰਦਰ ਸਿੰਘ ਖੁਰਦਪੁਰ ਅਤੇ ਉਜਾਗਰ ਸਿੰਘ ਬਸਰਾਮਪੁਰ ਉਤਰੇ। ਸਾਰਿਆਂ ਦੇ ਹੱਥਾਂ ਵਿਚ ਨੰਗੀਆਂ ਕਿਰਪਾਨਾਂ ਸਨ। ਬੱਬਰ ਕਿਸ਼ਨ ਸਿੰਘ ਨੇ ਭਾਸ਼ਣ ਸ਼ੁਰੂ ਕਰ ਦਿੱਤਾ। ਝੋਲੀਚੁੱਕਾਂ ਨੇ ਖਿਸਕਣ ਦੀ ਕੀਤੀ। ਬੱਬਰ ਨੇ ਆਪਣੇ ਭਾਸ਼ਣ ਵਿਚ ਝੋਲੀਚੁੱਕਾਂ ਨੂੰ ਲਾਹਣਤਾਂ ਪਾਈਆਂ ਕਿ ਜ਼ੈਲਦਾਰੀਆਂ ਤਾਂ ਤੁਹਾਡੇ ਗਲਾਂ ਵਿਚ ਪਾਵੇ ਹਨ, ਜੇ ਤੁਸੀਂ ਸਰਕਾਰ ਦਾ ਸਾਥ ਦੇਣੋਂ ਨਾ ਹਟੇ ਤਾਂ ਮਜਬੂਰਨ ਸਾਨੂੰ ਤੁਹਾਡੇ ਖਿਲਾਫ ਕਾਰਵਾਈ ਕਰਨੀ ਪਵੇਗੀ। ਇਸ ਅਮਨ ਸਭਾ ਦੇ ਜਲਸੇ ਤੋਂ ਬਾਅਦ ਦੁਆਬੇ 'ਚ ਝੋਲੀਚੁੱਕ ਕੋਈ ਜਲਸਾ ਨਾ ਕਰ ਸਕੇ।

ਬੱਬਰਾਂ ਨੇ ਆਪਣੇ ਪਰਚੇ ਰਾਹੀਂ ਐਲਾਨ ਕਰ ਦਿੱਤਾ ਕਿ ਸੜਕਾਂ ਕੰਢੇ ਲੱਗੇ ਅੰਬਾਂ ਅਤੇ ਹੋਰ ਫਲਦਾਰ ਦਰਖ਼ਤਾਂ ਦੇ ਫਲ ਦੀ ਕੋਈ ਬੋਲੀ ਨਾ ਦੇਵੇ। ਇਨ੍ਹਾਂ ਫਲਾਂ ਦੀ ਵਿਕਰੀ ਡਿਸਟ੍ਰਿਕਟ ਬੋਰਡ ਪਾਸ ਜਾਂਦੀ ਸੀ ਜਿਸ ਦੇ ਸਾਰੇ ਹੀ ਮੈਂਬਰ ਅੰਗਰੇਜ਼ਪ੍ਰਸਤ ਹੁੰਦੇ ਸਨ। ਬੱਬਰਾਂ ਦੇ ਡਰ ਨਾਲ ਦੋ ਸਾਲ ਦੁਆਬੇ ਵਿਚ ਸੜਕਾਂ ਕੰਢੇ ਲੱਗੇ ਦਰਖ਼ਤਾਂ ਦੇ ਫਲਾਂ ਦੀ ਬੋਲੀ ਨਾ ਹੋਈ। 23 ਮਾਰਚ 1923 ਨੂੰ ਤਿੰਨ ਬੱਬਰਾਂ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਧੰਨਾ ਸਿੰਘ ਬਹਿਬਲਪੁਰ ਨੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਆਪਣੇ ਦਸਤਖ਼ਤਾਂ ਨਾਲ ਪਹਿਲੀ ਖੁੱਲ੍ਹੀ ਚਿੱਠੀ ਲਿਖੀ ਕਿ ਰਾਣੀਪੁਰ ਦੇ ਜ਼ੈਲਦਾਰ ਬਿਸ਼ਨ ਸਿੰਘ, ਨੰਗਲ ਸ਼ਾਮਾ ਦੇ ਲੰਬੜਦਾਰ ਬੂਟਾ ਸਿੰਘ ਅਤੇ ਮਿਸਤਰੀ ਲਾਭ ਸਿੰਘ ਗੜ੍ਹਸ਼ੰਕਰ ਦੇ ਕਤਲ ਦੇ ਉਹ ਜ਼ਿੰਮੇਵਾਰ ਹਨ, ਬੇਗੁਨਾਹਾਂ ਨੂੰ ਐਵੇਂ ਤੰਗ ਨਾ ਕੀਤਾ ਜਾਵੇ। ਉਨ੍ਹਾਂ ਦਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕਿ ਸਾਰੇ ਅੰਗਰੇਜ਼ਾਂ ਨੂੰ ਜਿਸ ਰਸਤੇ ਤੋਂ ਉਹ ਆਏ, ਉਸੇ ਰਸਤੇ ਵਾਪਸ ਇੰਗਲੈਂਡ ਨਹੀਂ ਭੇਜ ਦਿੰਦੇ। ਘੁੜਿਆਲ ਦੇ ਸੂਬੇਦਾਰ ਗੇਂਦਾ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ ਬੱਬਰ ਨੰਦ ਸਿੰਘ ਘੁੜਿਆਲ ਨੇ ਲੈ ਲਈ ਸੀ।

ਪਿੰਡ ਕੌਲਗੜ੍ਹ ਦਾ ਸਫੈਦਪੋਸ਼ ਰੱਲ੍ਹਾ ਤੇ ਉਸ ਦਾ ਭਰਾ ਦਿੱਤੂ ਸਰਕਾਰ ਦੇ ਪੱਕੇ ਮੁਖ਼ਬਰ ਸਨ। ਬੱਬਰ ਕਰਮ ਸਿੰਘ ਦੌਲਤਪੁਰ ਦੇ ਇਸ ਪਿੰਡ ਨਾਨਕੇ ਸਨ। ਕਈ ਵਾਰੀ ਸਮਝਾਉਣ 'ਤੇ ਉਹ ਬਾਜ਼ ਨਾ ਆਏ ਤਾਂ ਇਕ ਦਿਨ ਉਨ੍ਹਾਂ ਦਾ ਵੀ ਨੰਬਰ ਆ ਗਿਆ। ਦੋਨਾਂ ਨੂੰ ਘਰੋਂ ਬਾਹਰ ਕੱਢ ਲਿਆ। ਉਹ ਨੱਕ ਨਾਲ ਲਕੀਰਾਂ ਕੱਢਣ ਕਿ ਮੁੜ ਕੇ ਬੱਬਰਾਂ ਵਿਰੁਧ ਕੋਈ ਮੁਖਬਰੀ ਨਹੀਂ ਕਰਨਗੇ; ਬੱਸ ਇਕ ਵਾਰ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਜਾਵੇ, ਪਰ ਕਰਮ ਸਿੰਘ ਨੇ ਕਿਹਾ ਕਿ 'ਸਾਡਾ ਤਜਰਬਾ ਹੈ, ਕੁੱਤੇ ਦੀ ਪੂਛ ਕਦੇ ਸਿੱਧੀ ਨਹੀਂ ਹੁੰਦੀ' ਤੇ ਉਨ੍ਹਾਂ ਦਾ ਫਸਤਾ ਵੱਢ ਦਿੱਤਾ। ਬੱਬਰ ਸੰਤਾ ਸਿੰਘ ਨੇ ਹੱਥ ਲਿਖਿਆ ਪਰਚਾ ਦਰਵਾਜ਼ੇ ਨਾਲ ਟੰਗ ਦਿੱਤਾ ਜਿਸ ਵਿਚ ਇਨ੍ਹਾਂ ਕਤਲਾਂ ਦੇ ਜ਼ਿੰਮੇਵਾਰ ਸੱਤ ਬੱਬਰਾਂ ਦੇ ਨਾਂ ਲਿਖੇ ਜੋ ਇਹ ਸਨ-ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਧੰਨਾ ਸਿੰਘ ਬਹਿਬਲਪੁਰ, ਬਾਬੂ ਸੰਤਾ ਸਿੰਘ, ਬਿਸ਼ਨ ਸਿੰਘ, ਦਲੀਪਾ ਧਾਮੀਆਂ ਅਤੇ ਅਨੂਪ ਸਿੰਘ ਮਾਣਕੋ। ਇਸ ਕਤਲ ਤੋਂ ਬਾਅਦ ਸੰਤੋਖਗੜ੍ਹ (ਨੇੜੇ ਭਾਖੜਾ ਨੰਗਲ) ਵੱਲ ਨਿਕਲ ਗਏ। ਜੰਗਲਾਂ ਵਿਚ ਸ਼ਿਕਾਰੀਆਂ ਵਾਂਗ ਫਿਰਦੇ ਰਹਿੰਦੇ। ਲਾਗੇ ਦੇ ਪਿੰਡਾਂ ਦੇ ਅਕਾਲੀ ਅੰਨ-ਪਾਣੀ ਪਹੁੰਚਾ ਦਿੰਦੇ। ਭਬੌਰ ਸਾਹਿਬ ਗੁਰਦੁਆਰੇ ਠਹਿਰ ਕੇ ਉਥੋਂ 'ਬੱਬਰ ਅਕਾਲੀ' ਪਰਚਾ ਛਾਪਿਆ। ਤਿੰਨ ਚਾਰ ਸੌ ਕਾਪੀਆਂ ਆਪਸ ਵਿਚ ਵੰਡ ਕੇ ਬੱਬਰ ਆਪਣੇ ਆਪਣੇ ਟਿਕਾਣਿਆਂ ਵੱਲ ਵਾਪਸ ਆ ਗਏ। ਇਸ ਪਰਚੇ ਵਿਚ ਜਿਹੜੇ ਜਿਹੜੇ ਝੋਲੀ ਚੁੱਕਾਂ ਦੇ ਕਤਲ ਬੱਬਰਾਂ ਕੀਤੇ ਸਨ, ਉਨ੍ਹਾਂ ਦੇ ਨਾਂ ਲਿਖੇ ਸਨ ਅਤੇ ਬਾਕੀਆਂ ਨੂੰ ਤਾੜਨਾ ਕੀਤੀ ਗਈ ਸੀ।

ਬੱਬਰ ਧੰਨਾ ਸਿੰਘ ਬਹਿਬਲਪੁਰ ਦਾ ਐਲਾਨ ਸੀ ਕਿ ਪੁਲਿਸ ਉਸ ਨੂੰ ਜਿਉਂਦੇ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੀ। ਇਕ ਪਾਸੇ ਬੱਬਰ ਸਿਰ 'ਤੇ ਕਫ਼ਨ ਬੰਨ੍ਹ ਕੇ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਸਨ, ਦੂਜੇ ਪਾਸੇ ਝੋਲੀਚੁੱਕ ਜ਼ਮੀਨ ਦੇ ਮੁਰੱਬਿਆਂ ਅਤੇ ਨਕਦ ਇਨਾਮਾਂ ਦੇ ਲਾਲਚ ਵਿਚ ਗੁਲਾਮੀ ਦੀਆਂ ਜੰਜ਼ੀਰਾਂ ਹੋਰ ਪੱਕੀਆਂ ਕਰ ਰਹੇ ਸਨ। ਜਿਆਣ ਪਿੰਡ ਦੇ ਜਵਾਲਾ ਸਿੰਘ ਦੀ ਮੁਖਬਰੀ 'ਤੇ ਪਿੰਡ ਮੰਨਣਹਾਣਾ ਵਿਖੇ ਪੁਲਿਸ ਨੇ ਬੱਬਰ ਧੰਨਾ ਸਿੰਘ ਨੂੰ ਸੁੱਤੇ ਪਏ ਨੂੰ ਦਬੋਚ ਲਿਆ। ਹੁਸ਼ਿਆਰਪੁਰ ਦੇ ਪੁਲਿਸ ਕਪਤਾਨ ਮਿਸਟਰ ਹਾਰਟਨ, ਉਪ ਪੁਲਿਸ ਕਪਤਾਨ ਮਿਸਟਰ ਜੈਨਕਿਨ, ਮਾਹਲਪੁਰ ਦਾ ਥਾਣੇਦਾਰ ਗੁਲਜ਼ਾਰ ਸਿੰਘ ਭਾਰੀ ਫੋਰਸ ਨਾਲ ਉਥੇ ਪਹੁੰਚੇ ਸਨ। ਬੱਬਰ ਦੇ ਦੋਨਾਂ ਹੱਥਾਂ ਨੂੰ ਹੱਥਕੜੀ ਲਾ ਕੇ ਉਸ ਨੂੰ ਜਬਰਨ ਜ਼ਮੀਨ 'ਤੇ ਬਿਠਾ ਲਿਆ ਤੇ ਸਾਹਮਣੇ ਖੜ੍ਹਾ ਪੁਲਿਸ ਕਪਤਾਨ ਕਹਿਣ ਲੱਗਾ, "ਟੁਮ ਤੋ ਬੋਲਤਾ ਥਾ, ਹਮ ਜੀਤੇ ਜੀ ਗ੍ਰਿਫਤਾਰ ਨਹੀਂ ਹੋਗਾ, ਅਬ ਦੇਖ ਲੋ ਹਮ ਨੇ ਗ੍ਰਿਫਤਾਰ ਕਰ ਲੀਆ ਹੈ।" ਬੱਬਰ ਹਰ ਵੇਲੇ ਆਪਣੀ ਵੱਖੀ ਨਾਲ ਬੰਬ ਬੰਨ੍ਹ ਕੇ ਰੱਖਦਾ ਸੀ ਜਿਸ ਦੀ ਪਿੰਨ ਨੂੰ ਧਾਗਾ ਬੰਨ੍ਹ ਕੇ ਉਹ ਧਾਗਾ ਹੱਥ ਦੇ ਅੰਗੂਠੇ ਨਾਲ ਬੰਨ੍ਹ ਰੱਖਦਾ ਸੀ। ਬੱਬਰ ਨੇ ਝੰਜੋੜਾ ਮਾਰ ਕੇ ਹੱਥਕੜੀ ਆਪਣੇ ਵੱਲ ਖਿੱਚੀ ਤੇ ਨਾਲ ਹੀ ਅੰਗੂਠੇ ਨਾਲ ਬੰਨ੍ਹੇ ਧਾਗੇ ਨੂੰ ਖਿੱਚ ਕੇ ਬੰਬ ਦੀ ਪਿੰਨ ਕੱਢ ਦਿੱਤੀ। ਜ਼ਬਰਦਸਤ ਧਮਾਕਾ ਹੋਇਆ। ਦੋਨਾਂ ਅੰਗਰੇਜ਼ ਅਫ਼ਸਰਾਂ ਦੀਆਂ ਲੱਤਾਂ ਉਡ ਗਈਆਂ। ਬੱਬਰ ਧੰਨਾ ਸਿੰਘ ਦੇ ਸਰੀਰ ਦੇ ਟੁਕੜੇ ਟੁਕੜੇ ਹੋ ਗਏ। ਪੰਜ ਪੁਲਿਸ ਵਾਲੇ-ਹੈਡ ਕਾਂਸਟੇਬਲ ਸੁਲਤਾਨ ਅਲੀ, ਦਫੇਦਾਰ ਗੁਲਾਮ ਰਸੂਲ ਖਾਂ, ਵਰਿਆਮਾ, ਬਸੰਤ ਸਿੰਘ ਅਤੇ ਸਿਰੀ ਰਾਮ ਮੌਕੇ 'ਤੇ ਹੀ ਮਾਰੇ ਗਏ। ਮਿਸਟਰ ਹਾਰਟਨ ਪੁਲਿਸ ਕਪਤਾਨ ਦੀ ਮੌਤ ਹਸਪਤਾਲ ਵਿਚ ਹੋ ਗਈ। ਉਪ ਪੁਲਿਸ ਕਪਤਾਨ ਜੈਨਕਿਨ ਦੀਆਂ ਦੋਨੋਂ ਲੱਤਾਂ ਗੋਡਿਆਂ ਤੋਂ ਉਪਰੋਂ ਕੱਟੀਆਂ ਗਈਆਂ, ਪਰ ਉਹ ਬਚ ਗਿਆ। ਲੱਤਾਂ ਤੋਂ ਨਕਾਰਾ ਹੁੰਦੇ ਨੂੰ ਵੀ ਸਰਕਾਰ ਨੇ ਨੌਕਰੀ ਤੇ ਤਰੱਕੀ ਦੇ ਕੇ ਰੱਖੀ ਛੱਡਿਆ। ਗੁਲਜ਼ਾਰ ਸਿੰਘ ਥਾਣੇਦਾਰ ਜਿਸ ਨੇ ਸਭ ਤੋਂ ਪਹਿਲਾਂ ਬੱਬਰ ਦੇ ਲਾਠੀ ਮਾਰੀ ਸੀ, ਤਿੰਨ ਮਹੀਨੇ ਹਸਪਤਾਲ ਵਿਚ ਰਹਿ ਕੇ ਮਰ ਗਿਆ। ਬੰਬ ਦੇ ਧਮਾਕੇ ਵਾਲੀ ਥਾਂ 'ਤੇ ਡੰਗਰ ਪਸ਼ੂ ਬੱਝੇ ਹੋਣ ਕਰ ਕੇ ਅਤੇ ਤੂੜੀ ਦੇ ਕੁੱਪ ਹੋਣ ਕਰ ਕੇ ਬਹੁਤੇ ਪੁਲਿਸ ਵਾਲੇ ਬਚ ਗਏ। ਜਵਾਲਾ ਸਿੰਘ ਜਿਆਣ ਵਾਲੇ ਨੂੰ ਇਨਾਮ ਵਜੋਂ ਲਾਇਲਪੁਰ ਜ਼ਿਲ੍ਹੇ ਦੇ 'ਚੱਕ ਚੁਗਲਖੋਰਾਂ' ਵਿਚ ਦੋ ਮੁਰੱਬੇ ਜ਼ਮੀਨ ਮਿਲੀ। ਵੈਸੇ ਤਾਂ ਅੰਗਰੇਜ਼ ਸਰਕਾਰ ਨੇ ਬਾਰ ਵਿਚ ਨਵੇਂ ਵਸਾਏ ਪਿੰਡਾਂ ਦੇ ਚੱਕ ਨੰਬਰ ਲਿਖੇ ਸਨ, ਜਿਸ ਚੱਕ ਵਿਚ ਮੁਖਬਰੀ ਕਰਨ ਵਾਲਿਆਂ ਨੂੰ ਮੁਰੱਬੇ ਅਲਾਟ ਕੀਤੇ ਸਨ। ਇਸੇ ਕਰ ਕੇ ਲੋਕਾਂ ਇਸ ਦਾ ਨਾਂ 'ਚੱਕ ਚੁਗਲਖੋਰਾਂ' ਰੱਖ ਛੱਡਿਆ ਸੀ। ਧੰਨਾ ਸਿੰਘ ਬਹਿਬਲਪੁਰ 24 ਅਕਤੂਬਰ 1924 ਨੂੰ ਸ਼ਹੀਦ ਹੋਇਆ ਸੀ।

ਬੱਬਰਾਂ ਵਿਚੋਂ ਹੀ ਕਈ ਗੱਦਾਰ ਪੁਲਿਸ ਨਾਲ ਮਿਲ ਗਏ ਜਿਸ ਕਾਰਨ ਲਹਿਰ ਨੂੰ ਬਹੁਤ ਨੁਕਸਾਨ ਹੋਇਆ। ਬਹੁਤ ਸਾਰੇ ਬੱਬਰ ਲੀਡਰ ਮੁਕਾਬਲਿਆਂ ਵਿਚ ਸ਼ਹੀਦ ਹੋ ਗਏ ਅਤੇ ਕਾਫੀ ਗ੍ਰਿਫ਼ਤਾਰ ਕਰ ਲਏ ਗਏ। ਮੁਕੱਦਮੇ ਚੱਲੇ, ਕਈਆਂ ਨੂੰ ਫਾਂਸੀਆਂ, ਕਈਆਂ ਨੂੰ ਉਮਰ ਕੈਦਾਂ ਅਤੇ ਕਈਆਂ ਨੂੰ ਵੱਖ ਵੱਖ ਸਮੇਂ ਦੀਆਂ ਸਜ਼ਾਵਾਂ ਹੋਈਆਂ। ਜੇਲ੍ਹਾਂ ਅੰਦਰ ਜੋ ਤਸੀਹੇ ਬੱਬਰਾਂ ਨੂੰ ਦਿੱਤੇ ਗਏ, ਉਹ ਆਮ ਕੈਦੀਆਂ ਨੂੰ ਨਹੀਂ ਦਿੱਤੇ ਜਾਂਦੇ ਸਨ। ਹਰ ਰੋਜ਼ ਬਿਨਾਂ ਕਾਰਨ ਬੈਂਤਾਂ ਮਾਰਨ ਦੀ ਸਜ਼ਾ, ਡੰਡਾ ਬੇੜੀਆਂ, ਟਾਟ ਵਰਦੀਆਂ, ਖੜ੍ਹੀਆਂ ਹੱਥਕੜੀਆਂ ਆਮ ਜਿਹੀ ਗੱਲ ਸੀ ਪਰ ਆਜ਼ਾਦੀ ਦੇ ਪਰਵਾਨਿਆਂ ਨੇ ਹੱਸ ਹੱਸ ਕੇ ਇਹ ਤਸੀਹੇ ਝੱਲੇ। ਪਿੱਛੇ ਉਨ੍ਹਾਂ ਦੇ ਟੱਬਰ ਰੁਲ ਗਏ।

27 ਫਰਵਰੀ ਦਾ ਦਿਨ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਵਿਚ ਵਿਸ਼ੇਸ਼ ਥਾਂ ਰੱਖਦਾ ਹੈ। 27 ਫਰਵਰੀ 1926 ਨੂੰ ਲਾਹੌਰ ਜੇਲ੍ਹ ਅੰਦਰ ਛੇ ਬੱਬਰਾਂ ਨੂੰ ਫਾਂਸੀ ਲਾਇਆ ਗਿਆ। ਇਨ੍ਹਾਂ ਦੇ ਨਾਂ ਹਨ-ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਦਲੀਪਾ ਭੁਚੰਗੀ, ਕਰਮ ਸਿੰਘ, ਨੰਦ ਸਿੰਘ ਅਤੇ ਧਰਮ ਸਿੰਘ। ਜੇਲ੍ਹ ਲਾਗੇ ਲੋਕਾਂ ਦਾ ਠਾਠਾਂ ਮਾਰਦਾ ਸਮੁੰਦਰ ਇਕੱਠਾ ਹੋ ਗਿਆ। ਲੀਡਰਾਂ ਨੇ ਫੈਸਲਾ ਕੀਤਾ ਕਿ ਸ਼ਹੀਦਾਂ ਦਾ ਸਸਕਾਰ ਰਾਮੂੰ ਦੇ ਬਾਗ ਦੇ ਸ਼ਮਸ਼ਾਨਘਾਟ ਵਿਚ ਕੀਤਾ ਜਾਵੇਗਾ ਪਰ ਸਰਕਾਰ ਜੇਲ੍ਹ ਦੇ ਸ਼ਮਸ਼ਾਨਘਾਟ ਵਿਚ ਸਸਕਾਰ ਕਰਨਾ ਚਾਹੁੰਦੀ ਸੀ। ਅਖੀਰ ਸਰਦਾਰ ਬਹਾਦਰ ਮਹਿਤਾਬ ਸਿੰਘ ਐਡਵੋਕੇਟ, ਸਰਦੂਲ ਸਿੰਘ ਕਵੀਸ਼ਰ ਅਤੇ ਮੌਲਾਨਾ ਜ਼ਫਰ ਅਲੀ ਖਿਲਾਫ਼ਤੀ ਸਿੱਧੇ ਗਵਰਨਰ ਨੂੰ ਜਾ ਮਿਲੇ ਅਤੇ ਉਸ ਨੂੰ ਮੌਕੇ ਦੀ ਨਜ਼ਾਕਤ ਸਮਝਾ ਕੇ ਉਸ ਤੋਂ ਲਿਖਤੀ ਹੁਕਮ ਲੈ ਆਏ ਕਿ ਲਾਸ਼ਾਂ ਇਨ੍ਹਾਂ ਦੇ ਹਵਾਲੇ ਕਰ ਦਿੱਤੀਆਂ ਜਾਣ। ਛੇਆਂ ਲਾਸ਼ਾਂ ਨੂੰ ਫੁੱਲਾਂ ਨਾਲ ਸਜਾ ਕੇ ਜਲੂਸ ਗੁਰਦੁਆਰਾ ਡੇਰਾ ਸਾਹਿਬ ਪਹੁੰਚਿਆ ਅਤੇ ਉਸ ਤੋਂ ਬਾਅਦ ਇੱਕੋ ਅੰਗੀਠਾ ਸਜਾ ਕੇ ਅੰਤਿਮ ਸਸਕਾਰ ਕਰ ਦਿੱਤਾ ਗਿਆ। ਰਾਖ ਰਾਵੀ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤੀ ਗਈ।

17 ਸਾਲ ਦੀ ਉਮਰ ਦਾ ਬੱਬਰ ਦਲੀਪ ਸਿੰਘ ਉਰਫ਼ ਦਲੀਪਾ ਬੱਬਰ ਜਥੇ ਦਾ ਸਭ ਤੋਂ ਛੋਟਾ ਹੋਣ ਕਰ ਕੇ ਵੱਡੇ ਬੱਬਰ ਪਿਆਰ ਨਾਲ ਉਸ ਨੂੰ ਭੁਚੰਗੀ ਆਖਦੇ ਸਨ, ਜਦੋਂ ਉਸ ਨੂੰ ਫਾਂਸੀ ਲੱਗੀ ਤਾਂ ਉਹ ਵੀਹ ਕੁ ਸਾਲ ਦਾ ਸੀ। ਬੱਬਰ ਲਹਿਰ ਵਿਚ ਸਭ ਤੋਂ ਵੱਧ ਬੱਬਰ ਪਿੰਡ ਪੰਡੋਰੀ ਨਿੱਝਰਾਂ ਥਾਣਾ ਆਦਮਪੁਰ ਅਤੇ ਧਾਮੀਆਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਨ। ਪਿੰਡ ਡੁਮੇਲੀ ਤਹਿਸੀਲ ਫਗਵਾੜਾ, ਸਰਹਾਲਾਂ ਕਲਾਂ, ਰੱਕੜਾਂ ਢਾਹਾਂ, ਦੌਲਤਪੁਰ, ਹਰੀਪੁਰ, ਬਹਿਲਪੁਰ, ਕੋਟ ਫਤੂਹੀ ਅਤੇ ਹੋਰ ਵੀ ਕਈ ਪਿੰਡਾਂ ਦਾ ਇਸ ਕ੍ਰਾਂਤੀਕਾਰੀ ਲਹਿਰ ਵਿਚ ਵਰਣਨਯੋਗ ਥਾਂ ਹੈ।

27 ਫਰਵਰੀ ਦਾ ਮੰਦਭਾਗਾ ਦਿਨ ਅਗਲੇ ਸਾਲ 1927 ਨੂੰ ਜਦੋਂ ਆਇਆ ਤਾਂ ਇਸ ਦਿਨ ਵੀ ਛੇ ਬੱਬਰਾਂ ਨੂੰ ਲਾਹੌਰ ਜੇਲ੍ਹ ਅੰਦਰ ਫਾਂਸੀ ਲਾਈ ਗਈ। ਇਨ੍ਹਾਂ ਛੇਆਂ ਯੋਧਿਆਂ ਦੀਆਂ ਅਰਥੀਆਂ ਦਾ ਵੀ ਜਲੂਸ ਦੀ ਸ਼ਕਲ ਵਿਚ ਰਾਮੂੰ ਦੇ ਬਾਗ ਵਾਲੇ ਸ਼ਮਸ਼ਾਨਘਾਟ ਵਿਚ ਸਸਕਾਰ ਕਰ ਕੇ ਰਾਖ ਰਾਵੀ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤੀ ਗਈ। ਬੱਬਰਾਂ ਦਾ ਪਵਿੱਤਰ ਨਿਸ਼ਾਨਾ ਤਾਂ ਭਾਵੇਂ ਪੂਰਾ ਨਾ ਹੋ ਸਕਿਆ, ਪਰ ਉਨ੍ਹਾਂ ਦੇ ਜਜ਼ਬਾਤ ਬਾਰੇ ਇਹ ਸ਼ੇਅਰ ਢੁੱਕਵਾਂ ਹੈ,

ਮਾਨਾ ਕਿ ਇਸ ਜਹਾਨ ਕੋ
ਨਾ ਗੁਲਜ਼ਾਰ ਕਰ ਸਕੇ,
ਕੁਛ ਖਾਰ ਕਮ ਹੋ ਗਏ
ਗੁਜ਼ਰੇ ਜਿਧਰ ਸੇ ਹਮ।

## ਕਹਾਣੀ

# ਤੀਜੀ ਅੱਖ ਦਾ ਚਾਨਣ

***ਨੌਜਵਾਨ ਲੇਖਕ ਜਸਵੀਰ ਸਿੰਘ ਰਾਣਾ ਨਵੀਂ ਪੀੜ੍ਹੀ ਦੇ ਲੇਖਕਾਂ ਵਿਚੋਂ ਹੈ। ਉਸ ਨੇ ਆਪਣੇ ਆਲੇ-ਦੁਆਲੇ ਵਿਚੋਂ ਘਟਨਾਵਾਂ ਅਤੇ ਪਾਤਰਾਂ ਨੂੰ ਆਧਾਰ ਬਣਾ ਕੇ ਬੜੀਆਂ ਖੂਬਸੂਰਤ ਕਹਾਣੀਆਂ ਲਿਖੀਆਂ ਹਨ। ਇਸ ਕਹਾਣੀ 'ਤੀਜੀ ਅੱਖ ਦਾ ਚਾਨਣ' ਵਿਚ ਵੀ ਉਸ ਦਾ ਇਹੀ ਰੰਗ ਉਭਰਦਾ ਹੈ। ਸਭ ਕੁਝ ਸਹਿਜ ਵਿਚੋਂ ਹੀ ਨਿਕਲਦਾ ਹੈ। ਅਸਲ ਵਿਚ ਲੇਖਕ ਕਹਾਣੀ ਲਿਖਣ ਲਈ ਕਿਸੇ ਉਚੇਚ ਵਿਚ ਨਹੀਂ ਪੈਂਦਾ। ਉਹ ਸ਼ਬਦ ਚੁਣਦਾ ਹੈ ਤਾਂ ਕਹਾਣੀ ਜਨਮ ਲੈ ਲੈਂਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਅਜਿਹਾ ਬਾਲ ਹੈ ਜਿਸ ਨੂੰ ਅੱਖਾਂ ਤੋਂ ਨਹੀਂ ਦਿਸਦਾ ਅਤੇ ਉਸ ਦੇ ਘਰ ਦੇ ਹਾਲਾਤ ਵੀ ਉਸ ਨੂੰ ਲਗਾਤਾਰ ਝੰਬੀ ਰੱਖਦੇ ਹਨ, ਪਰ ਉਹ ਅੱਖਾਂ ਤੋਂ ਬਗੈਰ ਹੀ ਆਪਣੇ ਆਲੇ-ਦੁਆਲੇ ਨਾਲ ਡੂੰਘਾ ਜੁੜਿਆ ਹੋਇਆ ਹੈ। ਲੇਖਕ ਨੇ ਇਸ ਕਹਾਣੀ ਵਿਚ ਆਰਥਿਕ ਅਤੇ ਸਮਾਜਕ ਸਰੋਕਾਰਾਂ ਬਾਰੇ ਬਹੁਤ ਗੁੱਝੀਆਂ ਚੋਟਾਂ ਕੀਤੀਆਂ ਹਨ। -ਸੰਪਾਦਕ***

"ਪੀਪੇ 'ਚ ਆਟਾ ਤਾਂ ਹੈ ਨੀ! ਰੋਟੀ ਦੱਸ ਕਿੱਥੋਂ ਲਾਹਾਂ!" ਮਾਂ ਦੀ ਆਵਾਜ਼ ਆਈ।

"ਕਰਦੀ ਐਂ ਕਿ ਨਹੀਂ ਚੁੱਪ! ਕਿਮੇਂ ਸਵੇਰੇ ਈ ਰੌਲਾ ਪਾਉਣ ਲੱਗੀ ਐ!" ਬਾਪੂ ਉਚੀ-ਉਚੀ ਬੋਲਣ ਲੱਗ ਪਿਆ।

ਉਨ੍ਹਾਂ ਦੀਆਂ ਆਵਾਜ਼ਾਂ ਸੁਣ ਕੇ ਮੇਰੀ ਨੀਂਦ ਟੁੱਟ ਗਈ। ਆਖਰ ਇਹ ਲੜਾਈ ਕਦੋਂ ਮੁੱਕਣੀ ਸੀ? ਪਿਆ-ਪਿਆ ਮੈਂ ਸੋਚਣ ਲੱਗ ਪਿਆ। ਬਾਪੂ, ਕਿਰਪਾਲ ਕਿਆਂ ਨਾਲ ਸੀਰੀ ਸੀ। ਉਥੋਂ ਉਹਨੂੰ

**ਜਸਵੀਰ ਸਿੰਘ ਰਾਣਾ**
**ਫੋਨ:91-98156-59220**

ਤਿੰਨ ਵੇਲੇ ਰੋਟੀ ਮਿਲਦੀ, ਪਰ ਕਈ ਵਾਰੀ ਉਸ ਨੂੰ ਰਾਤ ਵੇਲੇ ਬਹੁਤ ਭੁੱਖ ਲੱਗਦੀ। ਉਹ ਸਵੇਰੇ ਹੀ ਰੋਟੀ ਮੰਗਣ ਲੱਗ ਪੈਂਦਾ। ਬੱਸ ਲੜਾਈ ਛਿੜ ਪੈਂਦੀ।

ਜਦੋਂ ਦੀ ਮੇਰੀ ਸੁਰਤ ਸੰਭਲੀ, ਮੈਂ ਦੋਵਾਂ ਨੂੰ ਲੜਦੇ ਹੀ ਸੁਣਦਾ ਆ ਰਿਹਾ ਸੀ। ਉਨ੍ਹਾਂ ਨੂੰ ਲੜਦਾ ਛੱਡ ਮੈਂ ਦੋਹਾਂ ਹੱਥਾਂ ਨਾਲ ਮੰਜਾ ਟੋਹਿਆ। ਖੱਬਾ ਹੱਥ ਬਾਹੀ ਨਾਲ ਜਾ ਟਕਰਾਇਆ। ਮੈਂ ਬਾਹੀ ਫੜੀ। ਉਠ ਕੇ ਬੈਠਾ ਹੋ ਗਿਆ। ਫਿਰ ਲੱਤਾਂ ਹੇਠ ਲਮਕਾ ਲਈਆਂ। ਮੇਰਾ ਇੱਕ ਪੈਰ ਕੰਧ ਨਾਲ ਜਾ ਲੱਗਿਆ। ਮੈਂ ਕੰਧ ਛੋਹੀ, ਹੌਲੀ-ਹੌਲੀ ਹੇਠਾਂ ਉਤਰਿਆ। ਤੇ ਫਿਰ ਤੱਕ ਨਾਲ ਹੀ ਨਲਕੇ ਵੱਲ ਤੁਰ ਪਿਆ।

ਨਲਕੇ ਤੋਂ ਹੱਥ-ਮੂੰਹ ਧੋ ਕੇ ਮੈਂ ਚੁੱਲ੍ਹੇ ਵੱਲ ਹੋ ਲਿਆ।

"ਲੈ ਫੜ, ਪਹਿਲਾਂ ਮੂੰਹ ਪੂੰਝ ਲੈ! ਫਿਰ ਆਹ ਚਾਹ ਪੀ ਲਈਂ ਭੋਰਾ!" ਮੈਨੂੰ ਬਾਪੂ ਦਾ ਪਰਨਾ ਫੜਾਉਂਦੀ ਹੋਈ ਮਾਂ ਬੋਲੀ।

ਹੱਥ-ਮੂੰਹ ਪੂੰਝ ਕੇ ਮੈਂ ਪਰਨਾ ਉਸ ਨੂੰ ਫੜਾ ਦਿੱਤਾ। ਉਹਨੇ ਮੇਰੇ ਹੱਥ ਚਾਹ ਦਾ ਗਿਲਾਸ ਫੜਾ ਦਿੱਤਾ। ਚਾਹ ਪੀ ਕੇ ਮੈਂ ਗਿਲਾਸ ਹੇਠਾਂ ਰੱਖ ਦਿੱਤਾ। ਬਾਪੂ ਦੀ ਆਵਾਜ਼ ਨਹੀਂ ਆ ਰਹੀ ਸੀ। ਮੈਂ ਪੁੱਛਣ ਲੱਗ ਪਿਆ, "ਬਾਪੂ ਕਿੱਥੇ ਗਿਆ ਮਾਂ?"

"ਜਿੱਥੋਂ ਰੋਟੀ ਮਿਲਦੀ ਐ!" ਆਖਦੀ ਮਾਂ ਲੋਕਾਂ ਦਾ ਗੋਹਾ-ਕੂੜਾ ਕਰਨ ਤੁਰ ਪਈ।

ਉਹਦੀ ਬੀਹੀ ਵਿਚ ਤੁਰੀ ਜਾਂਦੀ ਦੀ ਆਵਾਜ਼ ਆਈ, "ਨਹਾ ਕੇ ਸਕੂਲ ਚਲਿਆ ਜਾਈਂ।"

ਪਹਿਲਾਂ ਤਾਂ ਮੈਂ ਬੈਠਾ ਖਾਸਾ ਚਿਰ ਸੋਚਦਾ ਰਿਹਾ। ਕਿੰਨੀਆਂ ਹੀ ਗੱਲਾਂ ਮੇਰੇ ਦਿਮਾਗ਼ ਵਿਚ ਆਈ ਗਈਆਂ, ਪਰ ਸਕੂਲ ਤਾਂ ਜਾਣਾ ਪੈਣਾ ਸੀ। ਇੱਕ ਇਹੀ ਤਾਂ ਥਾਂ ਸੀ ਜਿੱਥੇ ਗਿਆਨ ਦਾ ਸੂਰਜ ਚੜ੍ਹਦਾ ਸੀ। ਜਿੱਥੇ ਜਾ ਕੇ ਮੇਰੇ ਅੰਦਰ ਰੌਸ਼ਨੀ ਫੈਲਦੀ। ਮੇਰਾ ਦਿਮਾਗ਼ ਚੱਲਣ ਲੱਗਦਾ। ਨਹੀਂ ਤਾਂ ਚਾਰੇ ਪਾਸੇ ਘੁੱਪ ਹਨੇਰਾ ਸੀ।

ਦੂਜੀ ਕਲਾਸ 'ਚ ਮੇਰੀ ਨਜ਼ਰ ਘਟਣ ਲੱਗ ਪਈ ਸੀ। ਜਦੋਂ ਆਥਣ ਹੁੰਦੀ, ਮੈਨੂੰ ਧੁੰਦਲਾ-ਧੁੰਦਲਾ ਦਿੱਸਣ ਲੱਗ ਪੈਂਦਾ। ਚੀਜ਼ਾਂ ਦੇ ਭੁਲੇਖੇ ਜਿਹੇ ਪੈਂਦੇ। ਕਿਤੇ ਡਿੱਗ ਨਾ ਪਵਾਂ। ਕਿਸੇ ਦੇ ਵਿਚ ਨਾ ਵੱਜਾਂ। ਮੈਂ ਸੰਭਲ-ਸੰਭਲ ਕੇ ਤੁਰਦਾ। ਜਦੋਂ ਰਾਤ ਹੋ ਜਾਂਦੀ, ਫਿਰ ਤਾਂ ਕੁਝ ਨਾ ਦਿੱਸਦਾ। ਮੈਂ ਘਰੋਂ ਨਾ ਨਿਕਲਦਾ। ਸਾਝਰੇ ਹੀ ਰੋਟੀ ਖਾ ਕੇ ਪੈ ਜਾਂਦਾ, ਨੀਂਦ ਆ ਜਾਂਦੀ। ਸਵੇਰ ਦਾ ਸੂਰਜ ਮੇਰੇ ਲਈ ਰੌਸ਼ਨੀ ਲੈ ਕੇ ਆਉਂਦਾ ਸੀ।

ਸ਼ਾਇਦ ਹੁਣ ਵੀ ਸੂਰਜ ਚੜ੍ਹ ਆਇਆ ਸੀ। ਮੈਂ ਆਲੇ-ਦੁਆਲੇ ਵੇਖਿਆ, ਪਰ ਕੁਝ ਨਜ਼ਰ ਨਾ ਆਇਆ। ਮੈਂ ਪੀੜ੍ਹੀ ਤੋਂ ਉਠ ਕੇ ਹੌਲੀ-ਹੌਲੀ ਨਲਕੇ ਵੱਲ ਤੁਰ ਪਿਆ।

ਜਿਉਂ ਹੀ ਨਲਕਾ ਗੇੜਿਆ, ਪਾਣੀ ਹੇਠਾਂ ਡਿੱਗਣ ਲੱਗ ਪਿਆ। ਬਾਲਟੀ ਕਿੱਧਰ ਗਈ! ਅੱਗੇ ਤਾਂ ਮਾਂ ਨਲਕੇ ਹੇਠਾਂ ਰੱਖ ਜਾਂਦੀ ਸੀ। ਪਤਾ ਨਹੀਂ ਅੱਜ ਕਿਉਂ ਭੁੱਲ ਗਈ। ਮੈਂ ਸੋਚੀਂ ਪੈ ਗਿਆ। ਬਾਲਟੀ ਕਿੱਥੇ ਸੀ। ਲੱਭਣ ਲਈ ਮੈਂ ਹੇਠਾਂ ਬੈਠ ਗਿਆ। ਧਰਤੀ 'ਤੇ ਹੱਥ ਮਾਰ-ਮਾਰ ਲੱਭਣ ਲੱਗ ਪਿਆ। ਬੈਠਾ-ਬੈਠਾ ਹੀ ਤੁਰਨ ਲੱਗਿਆ। ਜਦੋਂ ਕੰਧ ਕੋਲ ਪਹੁੰਚਿਆ, ਮੇਰਾ ਹੱਥ ਕਾਸੇ ਵਿਚ ਵੱਜਿਆ। ਬਾਲਟੀ ਸੀ। ਮੈਂ ਚੁੱਕ ਕੇ ਨਲਕੇ ਹੇਠ ਲਿਆ ਰੱਖੀ। ਫਿਰ ਨਲਕਾ ਗੇੜਨ ਲੱਗਾ। ਬਾਲਟੀ ਭਰਨ ਲੱਗਿਆ।

ਇਹ ਮੇਰਾ ਰੋਜ਼ ਦਾ ਕੰਮ ਸੀ। ਆਪ ਹੀ ਨਲਕੇ ਤੱਕ ਜਾਂਦਾ। ਪਾਣੀ ਦੀ ਬਾਲਟੀ ਭਰਦਾ। ਪਹਿਲਾਂ-ਪਹਿਲਾਂ ਤਾਂ ਔਖਾ ਜਿਹਾ ਲੱਗਿਆ, ਪਰ ਫਿਰ ਕੱਪੜੇ ਵੀ ਆਪ ਪਾਉਣ ਲੱਗ ਪਿਆ ਸੀ।

ਨਹਾ ਕੇ ਮੈਂ ਕੱਪੜੇ ਪਾ ਲਏ। ਕੰਧ ਫੜ-ਫੜ ਪੇਟੀ ਕੋਲ ਗਿਆ। ਉਸ 'ਤੋਂ ਬਸਤਾ ਚੁੱਕਿਆ। ਮੋਢੇ ਟੰਗਿਆ। ਖੂੰਜੇ ਵਿਚ ਪਈ ਸੋਟੀ ਚੁੱਕੀ। ਤੇ ਫਿਰ ਉਸ ਨਾਲ ਧਰਤੀ ਨੂੰ ਟੋਂਹਦਾ ਸਕੂਲ ਵੱਲ ਤੁਰ ਪਿਆ।

"ਸਿੱਧਾ ਈ ਤੁਰਿਆ ਜਾਹ...।" ਛੱਜੂ ਕੇ ਘਰ ਕੋਲ ਪੁੱਜਾ ਤਾਂ ਆਵਾਜ਼ ਆਈ।

ਛੱਜੂ ਹੀ ਸੀ। ਅੱਜ ਤਾਂ ਉਹ ਵੀ ਠੀਕ ਰਸਤਾ ਦੱਸ ਰਿਹਾ ਸੀ। ਸ਼ਾਇਦ ਉਸ 'ਤੇ ਰਾਤ ਵਾਲੀ ਘਟਨਾ ਦਾ ਅਸਰ ਸੀ।

ਅਭਿਆਸ ਨਾਲ ਮੈਂ ਦਿਨੇ ਤਾਂ ਇਕੱਲਾ ਹੀ ਤੁਰਨ-ਫਿਰਨ ਲੱਗ ਪਿਆ ਸੀ, ਹੁਣ ਮੈਂ ਚਾਹੁੰਦਾ ਸੀ ਕਿ ਰਾਤ ਨੂੰ ਵੀ ਤੁਰ ਕੇ ਵੇਖਾਂ। ਮੈਂ ਇਕੱਲਾ ਹੀ ਤੁਰਾਂ। ਨਾ ਡਿੱਗਾਂ। ਨਾ ਕਿਸੇ ਦੇ ਵਿਚ ਵੱਜਾਂ। ਇਸ ਲਈ ਮੈਂ ਕਿਸੇ ਜੁਗਤ ਦੀ ਭਾਲ ਵਿਚ ਸੀ।

ਕੱਲ੍ਹ ਰਾਤ ਉਹ ਜੁਗਤ ਲੱਭ ਗਈ। ਘਰੇ ਮਾਂ ਦੀ ਪੇਟੀ ਓਹਲੇ ਖ਼ਾਸੀਆਂ ਪੁਰਾਣੀਆਂ ਚੀਜ਼ਾਂ ਪਈਆਂ ਸਨ। ਉਨ੍ਹਾਂ ਵਿਚ ਇੱਕ ਲਾਲਟੈਣ ਵੀ ਸੀ। ਮੈਂ ਮਾਂ ਨੂੰ ਕਹਿ ਕੇ ਉਹ ਕਢਵਾ ਲਈ। ਉਹਨੇ ਪੂੰਝ-ਸੁਆਰ ਕੇ ਨਵੀਂ ਕੱਢ ਦਿੱਤੀ। ਫਿਰ ਉਸ ਵਿਚ ਤੇਲ ਪਵਾ ਲਿਆ। ਮੈਂ ਕੀ ਕਰਨਾ ਚਾਹੁੰਦਾ ਸੀ, ਮਾਂ ਨੂੰ ਸਾਰਾ ਕੁਝ ਦੱਸ ਦਿੱਤਾ। ਮੇਰੀ ਸਕੀਮ ਸੁਣ ਕੇ ਉਹ ਕਹਿੰਦੀ, "ਦੇਖ ਕਿੰਨਾ ਦਿਮਾਗ਼ੀ ਐ ਮੇਰਾ ਪੁੱਤ।...ਰੱਬ ਦਾ ਦੱਸ ਤੈਂ ਕੀ ਵਿਗਾੜਿਆ ਸੀ। ਤੇਰੀ ਅੱਖਾਂ ਦੀ ਜੋਤ ਖੋਹ ਕੇ ਲੈ ਗਿਆ।"

ਜਿਉਂ ਹੀ ਰਾਤ ਹੋਈ, ਮਾਂ ਨੇ ਲਾਲਟੈਣ ਜਗਾ ਕੇ ਮੈਨੂੰ ਫੜਾ ਦਿੱਤੀ। ਇੱਕ ਹੱਥ ਸੋਟੀ, ਦੂਜੇ ਵਿਚ ਲਾਲਟੈਣ। ਧਰਤੀ 'ਤੇ ਸੋਟੀ ਮਾਰਦਾ ਮੈਂ ਬਾਹਰ ਵੱਲ ਤੁਰ ਪਿਆ। ਦਰਾਂ ਤੱਕ ਮਾਂ ਮੇਰੇ ਨਾਲ ਆਈ। ਹਨੇਰੇ ਵਿਚ ਲਾਲਟੈਣ ਚੁੱਕੀ ਜਦੋਂ ਮੈਂ ਬੀਹੀ ਦਾ ਪਰਲਾ ਮੋੜ ਮੁੜਿਆ ਤਾਂ ਮੈਨੂੰ ਲੱਗਿਆ, ਕੋਈ ਤੇਜ਼-ਤੇਜ਼ ਤੁਰਿਆ ਆ ਰਿਹਾ ਸੀ। ਆਉਣ ਵਾਲਾ ਕਿੱਧਰ ਦੀ ਲੰਘੂ, ਮੈਂ ਅਜੇ ਸੋਚ ਹੀ ਰਿਹਾ ਸੀ ਕਿ ਕੋਈ ਠਾਹ ਦੇਣੀ ਮੇਰੇ ਵਿਚ ਵੱਜਿਆ। ਮੇਰੀ ਸੋਟੀ ਤੇ ਲਾਲਟੈਣ ਪਤਾ ਨਹੀਂ ਕਿੱਥੇ ਜਾ ਡਿੱਗੀਆਂ। ਮੈਂ ਪਰ੍ਹਾਂ ਜਾ ਡਿੱਗਿਆ। ਸ਼ਾਇਦ ਮੂਹਰਿਓਂ ਆਉਣ ਵਾਲਾ ਵੀ ਡਿੱਗ ਪਿਆ ਸੀ।

ਪਹਿਲਾਂ ਉਹ ਉਠਿਆ। ਮੈਂ ਆਪਣੀ ਸੋਟੀ, ਲਾਲਟੈਣ ਲੱਭਣ ਲੱਗ ਪਿਆ ਪਰ ਕੁਝ ਲੱਭ ਨਹੀਂ ਸੀ ਰਿਹਾ।

"ਆਹ ਸੋਟੀ...ਆਹ ਲੈ ਫੜ ਲਾਲਟੈਣ।" ਮੈਨੂੰ ਖੜ੍ਹਾ ਕਰਦਾ ਹੋਇਆ ਵੱਜਣ ਵਾਲਾ ਬੋਲਿਆ।

ਦੋਵੇਂ ਚੀਜ਼ਾਂ ਫੜ ਮੈਂ ਘਰ ਨੂੰ ਮੁੜਨ ਹੀ ਲੱਗ ਸੀ, ਉਹਨੇ ਪਿੱਛੋਂ ਆਵਾਜ਼ ਮਾਰੀ, "ਨਾ ਇੱਕ ਗੱਲ ਦੱਸ?"

"ਹਾਂ ਜੀ।" ਮੈਂ ਰੁਕ ਗਿਆ।

ਉਹ ਕਹਿੰਦਾ, "ਤੈਨੂੰ ਅੱਖਾਂ ਤੋਂ ਤਾਂ ਦਿਸਦਾ ਨੀ, ਫਿਰ ਤੂੰ ਆਹ ਲਾਲਟੈਣ ਕਿਉਂ ਚੁੱਕੀ ਤੁਰਿਆ ਜਾਂਦਾ ਸੀ। ਇਹ ਕਾਹਦੇ ਲਈ?"

"ਇਹ ਲਾਲਟੈਣ ਮੇਰੇ ਲਈ ਨਹੀਂ, ਤੁਹਾਡੇ ਲਈ ਐ...ਜਿਨ੍ਹਾਂ ਨੂੰ ਦਿਸਦਾ।" ਆਖ ਕੇ ਮੈਂ ਹੌਲੀ-ਹੌਲੀ ਘਰ ਨੂੰ ਤੁਰ ਪਿਆ। ਥੋੜ੍ਹੀ ਦੂਰ ਜਾ ਕੇ ਮੈਨੂੰ ਆਵਾਜ਼ ਦੀ ਪਛਾਣ ਆ ਗਈ। ਛੱਜੂ ਸੀ।

"ਬੱਸ ਸਿੱਧਾ ਈ ਤੁਰਿਆ ਜਾਹ।" ਪਹਿਲਾਂ ਗ਼ਲਤ ਰਸਤਾ ਦੱਸਣ ਵਾਲਾ ਛੱਜੂ ਅੱਜ ਮੈਨੂੰ ਸਹੀ



ਰਸਤਾ ਦਿਖਾ ਰਿਹਾ ਸੀ। ਬੀਹੀ ਦੇ ਪਰਲੇ ਮੋੜ ਤੱਕ ਮੈਨੂੰ ਉਹਦੀ ਆਵਾਜ਼ ਸੁਣਦੀ ਰਹੀ।

ਮੋੜ ਮੁੜ ਕੇ ਮੈਂ ਸਿੱਧਾ ਹੀ ਸਿੱਧਾ ਤੁਰ ਪਿਆ। ਮੇਰਾ ਚਾਨਣ ਮੁਨਾਰਾ ਮੇਰਾ ਸਕੂਲ ਬੱਸ ਥੋੜ੍ਹੀ ਹੀ ਦੂਰ ਸੀ। ਸਕੂਲ ਜਾਣ ਤੋਂ ਪਹਿਲਾਂ ਮੇਰੀ ਦੁਨੀਆਂ ਹਨੇਰੀ ਸੀ। ਜਿਸ ਸਾਲ ਮੈਂ ਸਕੂਲ ਦਾਖਲ ਹੋਇਆ, ਮੇਰੀ ਭੈਣ ਦੂਜੀ ਵਿਚ ਸੀ। ਉਹ ਦੋ ਸਾਲ ਮੇਰੀਆਂ ਅੱਖਾਂ ਬਣੀ ਰਹੀ। ਮੈਂ ਉਹਦਾ ਹੱਥ ਫੜ ਕੇ ਸਕੂਲ ਜਾਂਦਾ ਰਿਹਾ।

ਜਦੋਂ ਉਹ ਪੰਜਵੀਂ ਪਾਸ ਕਰ ਕੇ ਛੇਵੀਂ 'ਚ ਹੋਈ, ਉਹ ਇੱਕ ਦਿਨ ਆਥਣੇ ਮਾਂ ਨਾਲ ਖੇਤਾਂ ਵੱਲ ਕੱਖ ਲੈਣ ਗਈ ਸੀ। ਵੱਟ 'ਤੇ ਕੱਖ ਖੋਤਦੀ ਜਦੋਂ ਉਹ ਅਗਾਂਹ ਵਧੀ, ਉਹਦਾ ਪੈਰ ਖੁੱਡ ਉਪਰ ਜਾ ਟਿਕਿਆ। ਉਸ ਵਿਚ ਸੱਪ ਸੀ। ਉਹਨੇ ਡੰਗ ਮਾਰਿਆ। ਘਰ ਆਉਣ ਤੱਕ ਭੈਣ ਦਾ ਸਰੀਰ ਨੀਲਾ ਹੋ ਗਿਆ। ਉਹ ਬਾਪੂ ਦੇ ਹੱਥਾਂ 'ਚ ਹੀ ਮਰ ਗਈ।

ਉਹਦੀ ਮੌਤ ਨਾਲ ਮੈਂ ਡਰ ਗਿਆ। ਮਨ ਬੜਾ ਦੁਖੀ ਹੋਇਆ। ਇੱਕ ਦਿਨ ਅਜੀਬ ਖਿਆਲ ਆਇਆ। ਹੁਣ ਕਿਵੇਂ ਸਕੂਲ ਜਾਇਆ ਕਰਾਂਗਾ।

"ਹੁਣ ਤੇਰੇ ਅੰਦਰ ਸਕੂਲ ਦਾ ਰਾਹ ਬਣ ਗਿਆ ਮਨੀ...।" ਇੱਕ ਰਾਤ ਸੁਪਨੇ ਵਿਚ ਦਿਸੀ ਭੈਣ ਮੈਨੂੰ ਇਸ਼ਾਰਾ ਕਰ ਰਹੀ ਸੀ।

ਉਹ ਠੀਕ ਕਹਿੰਦੀ ਸੀ। ਐਨੇ ਸਾਲਾਂ ਵਿਚ ਮੇਰੇ ਅੰਦਰ ਸਕੂਲ ਦਾ ਰਾਹ ਬਣ ਗਿਆ ਸੀ। ਜਿਸ ਦਿਨ ਭੈਣ ਸਕੂਲ ਨਾ ਆਉਂਦੀ, ਮੈਂ ਇਕੱਲਾ ਹੀ ਆ ਜਾਂਦਾ। ਕਈ ਵਾਰ ਛੱਜੂ ਸ਼ਰਾਰਤ ਕਰ ਦਿੰਦਾ। ਉਹ ਆਖਦਾ, "ਮਨੀ, ਤੂੰ ਗ਼ਲਤ ਰਾਹ ਪੈ ਗਿਆ। ਆ ਜਾ ਐਧਰ ਨੂੰ ਆ ਜਾ...।"

ਮੇਰਾ ਹੱਥ ਫੜ ਉਹ ਗ਼ਲਤ ਰਾਹ ਪਾ ਦਿੰਦਾ, ਪਰ ਥੋੜ੍ਹੀ ਦੂਰ ਜਾ ਕੇ ਮੈਨੂੰ ਪਤਾ ਲੱਗ ਜਾਂਦਾ। ਬੀਹੀ ਦੀਆਂ ਉਚੀਆਂ-ਨੀਵੀਆਂ ਇੱਟਾਂ, ਮੋੜ-ਘੋੜ ਤੇ ਲੋਕਾਂ ਦੀਆਂ ਆਵਾਜ਼ਾਂ।

ਸਕੂਲ ਵਿਚੋਂ ਜੁਆਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਮੈਂ ਸੋਟੀ ਨਾਲ ਧਰਤੀ ਟੋਂਹਦਾ ਆਵਾਜ਼ਾਂ ਦੀ ਦਿਸ਼ਾ ਵੱਲ ਤੁਰ ਪਿਆ।

"ਆ ਜਾ ਮਨੀ, ਤੈਨੂੰ ਕਲਾਸ ਵਿਚ ਛੱਡ ਕੇ ਆਵਾਂ।" ਗੇਟ ਵੜਨ ਸਾਰ ਪੰਜਵੀਂ ਵਾਲਾ ਰੋਡੂ ਮੇਰੇ ਵੱਲ ਭੱਜਿਆ ਆਇਆ।

ਮੇਰਾ ਹੱਥ ਫੜ ਉਹ ਕਮਰੇ ਵੱਲ ਤੁਰ ਪਿਆ। ਸੋਟੀ ਤੇ ਬਸਤਾ ਰੱਖ ਮੈਂ ਟਾਟ 'ਤੇ ਬਹਿ ਗਿਆ।

"ਹਾਂ ਬਈ ਮਨੀ, ਤਿਆਰੀ ਐ ਅੱਜ ਫਿਰ।" ਥੋੜ੍ਹੀ ਦੇਰ ਬਾਅਦ ਮਾਸਟਰ ਜੀ ਦੀ ਆਵਾਜ਼ ਆਈ।

"ਸਾਸਰੀ ਕਾਲ ਮਾਸਟਰ ਜੀ। ਹਾਂ ਜੀ ਤਿਆਰੀ ਐ।" ਆਵਾਜ਼ ਦੀ ਦਿਸ਼ਾ ਵੱਲ ਮੂੰਹ ਕਰ ਮੈਂ ਸਵੇਰੇ ਲੜਦੇ ਮਾਂ-ਬਾਪੂ ਬਾਰੇ ਸੋਚਣ ਲੱਗਾ।

ਬਾਹਰ ਸਵੇਰ ਦੀ ਸਭਾ ਦੀ ਘੰਟੀ ਵੱਜਣ ਲੱਗ ਪਈ। ਰੌਲਾ ਬੰਦ ਹੋਣ ਲੱਗ ਪਿਆ। ਸਾਰੇ ਬੱਚੇ ਲਾਈਨ ਵਿਚ ਖੜ੍ਹੇ। ਮੈਨੂੰ ਵੀ ਰੋਡੂ ਲੈਣ ਆ ਗਿਆ, "ਆ ਜਾ ਮਨੀ, ਪਰੇਅਰ ਹੋਣ ਲੱਗ ਪੀ।"

ਉਹਦਾ ਹੱਥ ਫੜੀ ਮੈਂ ਆਪਣੀ ਕਲਾਸ ਦੀ ਲਾਈਨ ਵਿਚ ਜਾ ਕੇ ਖੜ੍ਹ ਗਿਆ।

ਮਾਸਟਰ ਜੀ ਨੇ ਸਾਵਧਾਨ-ਵਿਸ਼ਰਾਮ ਕਰਵਾਈ। ਸ਼ਬਦ ਤੋਂ ਬਾਅਦ ਜਨ-ਗਨ-ਮਨ ਕਰਵਾਈ ਗਈ। ਦੋਹਾਂ ਦੇ ਵਿਚਕਾਰ ਮਾਸਟਰ ਜੀ ਨੇ ਚੰਗੀਆਂ ਗੱਲਾਂ ਦੱਸੀਆਂ। ਉਹ ਕਹਿੰਦੇ, "ਜਿਹੜਾ ਕੁਝ ਤੁਹਾਡੇ ਆਲੇ-ਦੁਆਲੇ ਵਾਪਰਦਾ ਹੈ...ਤੁਸੀਂ ਉਸ ਨੂੰ ਵਾਕਾਂ ਵਿਚ ਵਰਤੋ, ਤੁਹਾਡੇ ਵੱਧ ਨੰਬਰ ਆਉਣਗੇ।"

ਇਹ ਗੱਲ ਉਹ ਅਕਸਰ ਕਹਿੰਦੇ ਸਨ। ਅਸੀਂ ਇੰਜ ਹੀ ਕਰਦੇ। ਮੇਰਾ ਜਵਾਬ ਸਭ ਤੋਂ ਵੱਖਰਾ ਹੁੰਦਾ। ਉਹ ਮੈਨੂੰ ਆਉਣ ਸਾਰ ਪੁੱਛਦੇ, "ਹਾਂ ਬਈ ਮਨੀ, ਤਿਆਰੀ ਐ ਅੱਜ ਫਿਰ?"

ਮੇਰੀ ਪੂਰੀ ਤਿਆਰੀ ਸੀ। ਮੈਨੂੰ ਫਟਾਫਟ ਕਲਾਸ ਵਿਚ ਜਾਣ ਦੀ ਉਡੀਕ ਸੀ।

"ਚਲੋ ਬਈ ਪਹਿਲੀ ਆਲੇ ਆਪਣੀ ਕਲਾਸ ਵਿਚ ਚਲੋ...।" ਮਾਸਟਰ ਜੀ ਵਾਰੀ-ਵਾਰੀ ਸਭ ਨੂੰ ਕਲਾਸਾਂ ਵਿਚ ਭੇਜਣ ਲੱਗ ਪਏ।

ਸਾਡੀ ਕਲਾਸ ਵੀ ਕਮਰੇ ਵਿਚ ਜਾ ਬੈਠੀ। ਕੁਝ ਦੇਰ ਬੱਚਿਆਂ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਫਿਰ ਚੁੱਪ ਵਰਤ ਗਈ। ਮਾਸਟਰ ਜੀ ਆ ਗਏ ਸਨ। ਉਹ ਆਉਣ ਸਾਰ ਸਾਨੂੰ ਪੜ੍ਹਾਉਣ ਲੱਗ ਪਏ, "ਹਾਂ ਬਈ, ਕੱਲ੍ਹ ਮੈਂ ਤੁਹਾਨੂੰ ਇੱਕ ਸ਼ਬਦ ਦਿੱਤਾ ਸੀ 'ਵਾਰੀ'। ਅੱਜ ਤੁਸੀਂ ਉਹਦੇ ਵਾਕ ਬਣਾ ਕੇ ਸੁਣਾਉਗੇ।"

ਮੈਂ ਆਪਣਾ ਸਾਰਾ ਧਿਆਨ ਆਵਾਜ਼ਾਂ ਵੱਲ ਲਾ ਲਿਆ।

"ਚੱਲ ਬਈ ਜਗਜੀਤ, ਵਾਰੀ ਸ਼ਬਦ ਦਾ ਵਾਕ ਬਣਾ।" ਮਾਸਟਰ ਜੀ ਬੋਲੇ।

ਜਗਜੀਤ ਦੇ ਉਠਣ ਦੀ ਆਵਾਜ਼ ਆਈ। ਪਹਿਲਾਂ ਉਹਨੇ ਆਪਣੇ ਕੱਪੜੇ ਝਾੜੇ। ਫਿਰ ਬੋਲਿਆ, "ਮਾਸਟਰ ਜੀ, ਮੇਰੇ ਕੋਲ ਬਹੁਤ ਕੱਪੜੇ ਨੇ। ਇੱਕ ਕਮੀਜ਼ ਪਾਉਣ ਦੀ ਵਾਰੀ ਹਫ਼ਤੇ ਪਿੱਛੋਂ ਆਉਂਦੀ ਐ।"

"ਵਾਹ ਬਈ ਵਾਹ, ਚੱਲ ਕਮਲ ਤੂੰ ਸੁਣਾ।" ਮਾਸਟਰ ਦੀ ਆਵਾਜ਼ ਸੁਣ ਕਮਲ ਉਠ ਕੇ ਖੜ੍ਹੀ ਹੋ ਗਈ। ਕਹਿੰਦੀ, "ਮਾਸਟਰ ਜੀ, ਅੱਜ ਨਹਿਰ ਤੋਂ ਖੇਤਾਂ ਨੂੰ ਪਾਣੀ ਲਾਉਣ ਦੀ ਸਾਡੀ ਵਾਰੀ ਐ।"

"ਵਾਹ ਬਈ ਵਾਹ, ਕਮਾਲ ਕਰ'ਤੀ ਕਮਲ ਨੇ। ਚੱਲ ਬਈ ਮਨੀ, ਹੁਣ ਤੂੰ ਵਾਰੀ ਸ਼ਬਦ ਦਾ ਵਾਕ ਬਣਾ।" ਮਾਸਟਰ ਜੀ ਦੀ ਆਵਾਜ਼ ਸੁਣ ਮੈਂ ਹੌਲੀ-ਹੌਲੀ ਉਠ ਕੇ ਖੜ੍ਹਾ ਹੋ ਗਿਆ।

"ਮਾਸਟਰ ਜੀ, ਜਿਨ੍ਹਾਂ ਦੇ ਮੇਰਾ ਬਾਪੂ ਸੀਰੀ ਐ, ਉਥੋਂ ਉਹਨੂੰ ਤਿੰਨ ਟਾਈਮ ਦੀ ਰੋਟੀ ਮਿਲਦੀ ਐ। ਉਸ ਵਿਚੋਂ ਸਵੇਰੇ ਬਾਪੂ ਦੀ, ਦੁਪਹਿਰੇ ਮਾਂ ਦੀ, ਤੇ ਰਾਤ ਨੂੰ ਰੋਟੀ ਖਾਣ ਦੀ ਮੇਰੀ ਵਾਰੀ ਹੁੰਦੀ ਐ।" ਜਵਾਬ ਦਿੰਦਾ-ਦਿੰਦਾ ਮੈਂ ਹੇਠਾਂ ਬੈਠ ਗਿਆ।

ਸਾਰੀ ਕਲਾਸ ਵਿਚ ਚੁੱਪ ਛਾ ਗਈ। ਕੁਝ ਦੇਰ ਬਾਅਦ ਮਾਸਟਰ ਜੀ ਦੀ ਆਵਾਜ਼ ਆਈ, "ਵੇਖੋ ਬੱਚਿਓ, ਮਨੀ ਨੂੰ ਭਾਵੇਂ ਅੱਖਾਂ ਤੋਂ ਨਹੀਂ ਦਿੱਸਦਾ ਪਰ ਇਸ ਅੰਦਰ ਗਿਆਨ ਦਾ ਸੂਰਜ ਚੜ੍ਹ ਚੁੱਕਾ ਹੈ। ਇੱਕ ਦਿਨ ਇਹ ਹਰ ਤਰ੍ਹਾਂ ਦਾ ਹਨੇਰਾ ਦੂਰ ਕਰੇਗਾ।"

ਮਾਸਟਰ ਜੀ ਦੀ ਗੱਲ ਸੁਣ ਮੇਰੇ ਮੱਥੇ ਵਿਚ ਕੁਝ ਜਗਣ ਲੱਗ ਪਿਆ। ਮੈਨੂੰ ਜਾਣੋਂ ਕਿੰਨਾ ਹੀ ਕੁਝ ਦਿੱਸਣ ਲੱਗ ਪਿਆ।

## ਕਾਵਿ-ਜਗਤ

### ਜੰਮੀਆਂ-ਅਣਜੰਮੀਆਂ ਧੀਆਂ

ਮੈਨੂੰ ਕੁੱਖ 'ਚ ਨਸ਼ਤਰ ਕੁਤਰਦੇ,
ਮੈਨੂੰ ਬਾਹਰ ਠੂੰਗਦੇ ਕਾਂ।
ਤੈਂ ਅਜੇ ਨਾ ਦਿੱਤੀ ਧਰਤੀਏ,
ਮੈਨੂੰ ਜੀਣੇ ਜੋਗੀ ਥਾਂ।
ਤੈਂ ਕਦੇ ਨਾ ਦਿੱਤੀ ਧਰਤੀਏ...
ਮੈਨੂੰ ਜੀਣੇ ਜੋਗੀ ਥਾਂ।

ਤੂੰ ਜੀ ਜੁ ਲਿਆ ਸੀ ਮਾਂ,
ਤੇਰੀ ਮੇਰੀ ਜਾਤ ਦਾ ਚੰਦਰਾ ਨਸੀਬ
ਜਿਸ ਨੂੰ ਵਿਧਾਤਾ ਕਲਮ ਨਾਲ ਨਹੀਂ ਲਿਖਦਾ।
ਠੋਕ ਦਿੰਦਾ ਮੱਥੇ 'ਚ ਕਿੱਲ।
ਮਾਂ, ਕੀ ਤਾਹੀਓਂ ਤੂੰ ਮਾਰਦੀ ਧੀਆਂ ਨੂੰ ਕੁੱਖ 'ਚ?
ਤੇਰੀਆਂ ਜੱਗ ਜਿਉਂਦੀਆਂ ਧੀਆਂ
ਜੁ ਨਿੱਤ ਨਵੀਂ ਨਵੀਂ ਮੌਤ ਮਰਦੀਆਂ
ਕੋਈ ਦਾਜ ਦੀ ਅੱਗ 'ਚ ਸੜਦੀਆਂ
ਲੱਖਾਂ ਹਵਸ ਦੀ ਭੇਟ ਚੜ੍ਹਦੀਆਂ।

ਮੇਰੀ ਘਟੀ ਗਿਣਤੀ ਦਾ ਹਿਸਾਬ ਵੀ
ਮਰਦ ਦੀ ਇਸ ਦੁਨੀਆਂ ਨੇ
ਇਨ੍ਹਾਂ 'ਚੋਂ ਈ ਪੂਰਾ ਕਰਨਾ...
ਕਦੀ ਦੇਵਦਾਸੀਆਂ ਬਣਾ ਕੇ
ਕੋਠੇ ਸਜਾ ਕੇ, ਪੰਚਾਲੀਆਂ ਬਣਾ ਕੇ।
ਇਸ ਤੋਂ ਅਗਾਂਹ ਹੋਰ ਵੀ ਨੇ ਬਹੁਤ ਨਾਂ
ਇਸ ਮਾਡਰਨ ਯੁੱਗ ਦੀ
ਮੇਰੀ ਨਵੀਂ ਤਿਜਾਰਤ ਦੇ।
ਖੂਨ ਦੇ ਅੱਥਰੂ
ਹਜ਼ਾਰਾਂ ਰੋਂਦੀਆਂ ਜਿਉਂਦੇ ਜੀਅ
ਮੁਰਦਾ ਈ ਆਪਣਾ ਢੋਂਦੀਆਂ
ਬੰਦ ਕੀ ਹੋਣੇ ਸੀ ਸ਼ੋਸ਼ਣ,
ਬਣ ਗਈ ਇਕ ਆਮ ਗੱਲ।

ਮਾਏ ਧੀ ਤੇਰੀ ਚਾਵਲਾ
ਗਾਹ ਲਿਆ ਜਿਸ ਨੇ ਪੁਲਾੜ।
ਪਹੁੰਚੀਆਂ ਕੁਝ ਸਿਖ਼ਰ ਕੁਰਸੀ ਦੇਸ਼ ਦੀ
ਹੋਰ ਵੀ ਕਿਰਨਾਂ ਹਜ਼ਾਰਾਂ।
ਜੋ ਬਣ ਸਿਤਾਰੇ ਚਮਕੀਆਂ
ਕੁਝ ਹਨੇਰਾ ਛੰਡਿਆ
ਕੁਝ ਕੁ ਚਾਨਣ ਵੰਡਿਆ
ਕੁਝ ਉਡਾਣਾਂ ਸਫ਼ਲ ਹੋਈਆਂ
ਕੁਝ ਉਡਾਣਾਂ ਸਿਖ਼ਰ ਛੋਹੀ।
ਮਾਂ ਤੈਨੂੰ ਮੁਬਾਰਕ
ਵਟਾ ਰਹੀ ਹੈ
ਅੱਜ ਰੂਪ ਸ਼ਕਤੀ ਦਾ ਤੇਰੀ ਧੀ

***-ਸਵਰਾਜ ਕੌਰ***
***ਫੋਨ: 360-597-8437***

---

### ਚੰਗੀ ਕੁੜੀ

ਉਹ ਕੁੜੀ ਮੈਨੂੰ ਚੰਗੀ ਚੰਗੀ ਲੱਗਦੀ ਹੈ,
ਵਿਦਿਆ ਵਾਲੀ ਕਾਨੀ ਜਿਸ ਹੱਥ ਫੱਬਦੀ ਹੈ।
ਕਾਲਾ ਕਾਲਾ ਤਿਲ ਹੈ, ਉਸ ਦੀ ਠੋਡੀ 'ਤੇ,
ਨੈਣਾਂ ਦੇ ਵਿਚ ਸੁਰਖ਼ ਮਤਾਬੀ ਜਗਦੀ ਹੈ।
ਦੰਦ ਨੇ ਫੁੱਲ ਮਖਾਣੇ, ਖਿੜਦੇ ਰਹਿੰਦੇ ਨੇ,
ਵਾਲਾਂ ਦੇ ਵਿਚ, ਮੱਕੀ ਸੂਤਰ ਕੱਤਦੀ ਹੈ।
ਮੱਥੇ ਦੇ ਵਿਚ ਚੰਦ ਟਿੱਕਾ ਚਮਕਦਾ ਹੈ,
ਧੌਣ ਮਿਰਗ ਜਿਹੀ ਲੰਮੀ, ਗੋਰੇ ਰੰਗ ਦੀ ਹੈ।
ਬੁੱਲ੍ਹਾਂ ਉਤੇ ਹਯਾ ਦਾ ਤਾਲਾ ਲੱਗਾ ਰਹੇ,
ਸੀਨੇ ਅੰਦਰ ਜੋਸ਼, ਜਵਾਨੀ ਸੁਲਘਦੀ ਹੈ।
ਲੱਕ ਹੈ ਲੰਮ-ਸਲੰਮਾ ਜਿਓਂ ਪੋਰੀ ਗੰਨੇ ਦੀ,
ਬਦਨਾਂ ਦੀ ਖੁਸ਼ਬੂ ਬਹਾਰਾਂ ਵੰਡਦੀ ਹੈ।
ਅੱਥਰਾ ਸੱਜਰਾ ਹੁਸਨ, ਚੋਅ ਚੋਅ ਪੈਂਦਾ ਹੈ,
ਵਾਲਾਂ ਅੰਦਰ ਫੁੱਲ ਗੁਲਾਬੀ ਟੰਗਦੀ ਹੈ।
ਖੇਡਾਂ ਦੇ ਵਿਚ ਉਚੀ ਛਾਲ ਲਗਾਉਂਦੀ ਉਹ,
ਨਿੱਤ ਨਵੇਂ ਰਿਕਾਰਡ ਬਣਾ ਕੇ ਅੱਗੇ ਲੰਘਦੀ ਹੈ।
ਪੜ੍ਹਨ ਲਿਖਣ ਵਿਚ ਸਦਾ ਹੀ ਮੂਹਰੇ ਰਹਿੰਦੀ ਹੈ,
ਹਾਨਣ ਨਾ ਕੋਈ ਉਸ ਦੀ ਉਚੀ ਖੰਘਦੀ ਹੈ।
ਗਿੱਧੇ ਦੇ ਵਿਚ ਨੱਚ ਕੇ ਧਰਤ ਹਿਲਾ ਦਿੰਦੀ,
ਪੰਜੇਬਾਂ ਦਾ ਛਣਕਾਟਾ, ਐਕਟਿੰਗ ਢੰਗ ਦੀ ਹੈ।
ਨਾ ਹੁਣ ਉਹ ਅਬਲਾ ਨਾ ਉਹ ਰਹੀ ਵਿਚਾਰੀ,
ਭੈੜੀ ਨਜ਼ਰ ਵੇਖੇ ਜੋ ਉਸ ਨੂੰ, ਪੁੱਠਾ ਟੰਗਦੀ ਹੈ।
ਰੂਪ ਰੱਬ ਨੇ ਘੜਿਆ ਉਸ ਦਾ ਰੀਝਾਂ ਨਾਲ,
ਲੱਗੇ ਹੀਰ ਸਿਆਲ 'ਪੰਨੂ' ਨੂੰ ਝੰਗ ਦੀ ਹੈ।
ਉਹ ਕੁੜੀ ਮੈਨੂੰ ਚੰਗੀ ਚੰਗੀ ਲੱਗਦੀ ਹੈ,
ਕਾਲੀ ਗਾਨੀ ਜਿਸ ਦੇ ਗਲ ਵਿਚ ਫੱਬਦੀ ਹੈ।

***-ਚਰਨਜੀਤ ਸਿੰਘ ਪੰਨੂ***

ਹਿੰਦੀ ਕਹਾਣੀ

# ਪਲੀਜ਼ ਟੇਕ ਕੇਅਰ

ਕਮਲ ਕੁਮਾਰ
ਅਨੁਵਾਦ: ਕੁਲਦੀਪ ਭੁੱਲਰ

ਸ਼ਾਇਦ ਉਸ ਦੀ ਰਾਤ ਦੀ ਫਲਾਈਟ ਸੀ। ਮੋਬਾਈਲ 'ਤੇ ਵਾਰ ਵਾਰ ਘੰਟੀ ਵੱਜ ਰਹੀ ਸੀ। ਉਹ ਫੋਨ 'ਤੇ ਗੱਲ ਕਰਦਾ ਕਰਦਾ ਆਸ-ਪਾਸ ਖੜ੍ਹੇ ਲੋਕਾਂ ਨੂੰ ਮਿਸਿਜ਼ ਜਾਰਜ ਦਾ ਧਿਆਨ ਰੱਖਣ ਲਈ ਕਹਿੰਦਾ। ਮਿਸਿਜ਼ ਜਾਰਜ ਦੀ ਬੈਡ 'ਤੇ ਪਈ ਦੇਹ ਸਥਿਰ ਸੀ ਪਰ ਉਸ ਦੀਆਂ ਅੱਖਾਂ ਵਿਚ ਇਕ ਬੇਚੈਨੀ ਸੀ। ਉਸ ਦੀਆਂ ਅੱਖਾਂ ਟੌਮ ਦੇ ਹਿਲਦੇ-ਬੋਲਦੇ ਚਿਹਰੇ ਨਾਲ ਸੱਜੇ-ਖੱਬੇ, ਉਪਰ-ਥੱਲੇ ਦੇਖ ਰਹੀਆਂ ਸਨ। ਕਮਰੇ ਵਿਚ ਦੀਵਾਰ ਦੇ ਨਾਲ ਟੌਮ ਦਾ ਏਅਰ ਬੈਗ ਪਿਆ ਸੀ। ਕਮਰ 'ਤੇ ਟਰੈਵਲਰ ਮਨੀ ਬੈਗ ਬੰਨ੍ਹਿਆ ਹੋਇਆ ਸੀ। ਟੌਮ ਦੇ ਜਾਣ ਦਾ ਸਮਾਂ ਹੋ ਗਿਆ ਸੀ। ਉਹ ਮਿਸਿਜ਼ ਜਾਰਜ ਦੇ ਚਿਹਰੇ 'ਤੇ ਝੁਕਿਆ ਹੋਇਆ ਸੀ। ਉਸ ਨੇ ਉਸ ਦੇ ਸਰੀਰ ਨੂੰ ਸੱਜੇ ਖੱਬਿਉਂ ਬਾਹਾਂ ਨਾਲ ਵਲ ਕੇ ਘੇਰ ਲਿਆ ਸੀ। 'ਓ.ਕੇ. ਇਟ ਇਜ਼ ਟਾਈਮ ਟੂ ਗੋ ਨਾਓ। ਪਲੀਜ਼ ਟੇਕ ਕੇਅਰ। ਲਵ ਯੂ ਮੰਮਾ।' ਟੌਮ ਨੇ ਐਲਿਸ ਦੇ ਹੱਥ ਵਿਚ 500 ਰੁਪਏ ਦਾ ਇਕ ਨੋਟ ਫੜਾਇਆ, 'ਮੰਮਾ ਦਾ ਧਿਆਨ ਰੱਖਣਾ, ਓ.ਕੇ.।'

ਉਹ ਰੁਕ ਗਈ ਸੀ। ਕੁਰਸੀ ਖਿਸਕਾ ਕੇ ਉਸ ਦੇ ਬੈਡ ਦੇ ਇਕਦਮ ਨੇੜੇ ਜਾ ਕੇ ਬੈਠ ਗਈ ਸੀ। ਮਿਸਿਜ਼ ਜਾਰਜ ਨੇ ਆਪਣਾ ਚਿਹਰਾ ਦੀਵਾਰ ਵੱਲ ਘੁਮਾ ਲਿਆ। ਉਸ ਨੇ ਉਸ ਦੇ ਹੱਥਾਂ ਨੂੰ ਛੋਹਿਆ ਤਾਂ ਉਸ ਦੀਆਂ ਉਂਗਲਾਂ ਵਿਚ ਕੰਬਣੀ ਮਹਿਸੂਸ ਕੀਤੀ। ਥੋੜ੍ਹੀ ਦੇਰ ਉਥੇ ਰੁਕ ਕੇ ਉਹ ਵੀ ਵਾਪਸ ਆ ਗਈ ਸੀ। ਇਕ ਅਜੀਬ ਜਿਹੀ ਬੇਚੈਨੀ ਮਹਿਸੂਸ ਕਰ ਰਹੀ ਸੀ। ਉਸ ਦੀਆਂ ਅੱਖਾਂ ਸਾਹਮਣੇ ਕਈ ਚਿਹਰੇ ਆ ਜਾ ਰਹੇ ਸਨ। ਮਿਸਟਰ ਜਾਰਜ ਦੀ ਮੌਤ ਪਿੱਛੋਂ ਟੌਮ ਮਿਸਿਜ਼ ਜਾਰਜ ਨੂੰ ਆਪਣੇ ਨਾਲ ਲੈ ਗਿਆ ਸੀ ਪਰ ਉਹ ਤਿੰਨ ਮਹੀਨਿਆਂ ਪਿੱਛੋਂ ਹੀ ਵਾਪਸ ਆ ਗਈ ਸੀ। ਉਦੋਂ ਤੋਂ ਉਹ ਇਕੱਲੀ ਹੀ ਉਥੇ ਰਹਿ ਰਹੀ ਸੀ। ਉਸ ਦੀ ਲੜਕੀ ਰੋਜ਼ੀ ਕਲਕੱਤੇ ਸੀ। ਉਸ ਦਾ ਆਪਣਾ ਪਰਿਵਾਰ ਸੀ ਅਤੇ ਉਸ ਦੇ ਘਰ ਦੇ ਰੁਝੇਵੇਂ ਬਹੁਤ ਸਨ। ਡੇਢ ਦੋ ਸਾਲ ਪਿੱਛੋਂ ਕਦੇ ਦੋ ਚਾਰ ਦਿਨਾਂ ਲਈ ਆਉਂਦੀ ਤੇ ਵਾਪਸ ਚਲੀ ਜਾਂਦੀ। ਮਿਸਿਜ਼ ਜਾਰਜ ਸਵੇਰੇ ਉਠ ਕੇ ਘਰ ਦੇ ਨਾਲ ਜਿਹੜੀ ਥੋੜ੍ਹੀ ਜਿਹੀ ਕੱਚੀ ਜਗ੍ਹਾ ਸੀ, ਉਥੇ ਪੌਦਿਆਂ ਨੂੰ ਪਾਣੀ ਦਿੰਦੀ, ਫੁੱਲ ਪੱਤਿਆਂ ਤੇ ਪੋਲੇ ਪੋਲੇ ਹੱਥ ਫੇਰਦੀ। ਸਰਦੀਆਂ ਵਿਚ ਉਥੇ ਬੈਠ ਕੇ ਚਾਹ-ਨਾਸ਼ਤਾ ਕਰਦੀ। ਫਿਰ ਤਿਆਰ ਹੋ ਕੇ ਚੈਰਿਟੀ ਦੇ ਕੰਮ ਲਈ ਨਿਕਲ ਜਾਂਦੀ।

ਸਿਲਵੀ ਕਈ ਸਾਲਾਂ ਤੋਂ ਉਸ ਦੇ ਨਾਲ ਹੀ ਸੀ। ਉਹ ਘਰ ਦੀ ਦੇਖ ਭਾਲ ਕਰਦੀ, ਖਾਣਾ ਬਣਾਉਂਦੀ ਤੇ ਮਿਸਿਜ਼ ਜਾਰਜ ਦੇ ਕਈ ਛੋਟੇ ਮੋਟੇ ਕੰਮ ਵੀ ਕਰ ਦਿੰਦੀ। ਮਿਸਿਜ਼ ਜਾਰਜ ਪਹਿਲਾਂ 5 ਦਿਨ ਸਮਾਜ ਸੇਵਾ ਲਈ ਜਾਂਦੀ, ਫਿਰ ਤਿੰਨ ਦਿਨ ਜਾਣ ਲੱਗੀ ਅਤੇ ਫੇਰ ਦੋ ਦਿਨ ਜਾਣ ਲੱਗੀ ਸੀ। ਹੁਣ ਘਰ ਵਿਚ ਫੋਨ 'ਤੇ ਹੀ ਲੋਕਾਂ ਨਾਲ ਸੰਪਰਕ ਕਰਕੇ ਚੰਦਾ ਇਕੱਠਾ ਕਰਕੇ ਗਿਰਜਾਘਰ ਭੇਜ ਦਿੰਦੀ। ਉਹ ਜਦੋਂ ਵੀ ਉਸ ਦੇ ਘਰ ਦੇ ਸਾਹਮਣਿਉਂ ਲੰਘਦੀ, ਉਹ ਉਸ ਨੂੰ ਆਵਾਜ਼ ਦਿੰਦੀ, "ਹਾਓ ਆਰ ਯੂ ਮਾਈ ਡਾਰਲਿੰਗ।"

ਉਹ ਜਵਾਬ ਦਿੰਦੀ, "ਮੈਂ ਠੀਕ ਹਾਂ, ਤਹਾਡਾ ਕੀ ਹਾਲ ਹੈ?"

ਮਿਸਿਜ਼ ਜਾਰਜ ਮੁਸਕਰਾ ਕੇ ਕਹਿੰਦੀ, "ਵੈਰੀ ਫਾਈਨ।" ਉਸ ਨੂੰ ਕਦੇ ਉਦਾਸ ਜਾਂ ਪ੍ਰੇਸ਼ਾਨ ਨਹੀਂ ਦੇਖਿਆ ਸੀ। ਸਿਲਵੀ ਛੁੱਟੀ 'ਤੇ ਜਾਂਦੀ ਤਾਂ ਉਹ ਇਕ ਗੁਆਂਢਣ ਹੋਣ ਨਾਤੇ ਪੁੱਛ ਲੈਂਦੀ, ਤੁਹਾਡੇ ਲਈ ਕੁਝ ਬਣਵਾ ਕੇ ਭੇਜ ਦਿਆਂ। ਦੱਸੋ ਕੀ ਖਾਣਾ ਪਸੰਦ ਕਰੋਗੇ। ਉਹ ਹੱਸਦੀ, ਟਿਫਨ ਸਰਵਿਸ ਹੈ ਨਾ। ਜੇ ਤੁਸੀਂ ਚਾਹੋ ਤਾਂ ਉਸ ਦਾ ਫੋਨ ਨੰਬਰ ਤੁਹਾਨੂੰ ਵੀ ਦੇ ਦਿੰਦੀ ਹਾਂ। ਕਿਸੇ ਵੇਲੇ ਘਰ ਵਿਚ ਪ੍ਰਾਹੁਣੇ ਆ ਜਾਣ ਅਤੇ ਤੁਸੀਂ ਖਾਣਾ ਨਾ ਬਣਾ ਸਕੋ ਤਾਂ ਤੁਸੀਂ ਟਿਫਨ ਸਰਵਿਸ ਵਾਲਿਆਂ ਨੂੰ ਫੋਨ ਕਰ ਦਿਓ। ਇਕ ਡੇਢ ਘੰਟੇ ਵਿਚ ਖਾਣਾ ਤਿਆਰ ਕਰਵਾ ਕੇ ਘਰ ਭੇਜ ਦਿੰਦੇ ਹਨ। ਮਿਸਿਜ਼ ਜਾਰਜ ਫੋਨ 'ਤੇ ਫਲ, ਸਬਜ਼ੀਆਂ, ਦੁੱਧ ਤੇ ਦਵਾਈਆਂ ਫ੍ਰੀ ਹੋਮ ਡਿਲਿਵਰੀ ਤੋਂ ਮੰਗਵਾ ਲੈਂਦੀ ਸੀ। ਕਾਲੋਨੀ ਵਿਚ ਬਜ਼ੁਰਗਾਂ ਦੀ ਜਿਹੜੀ ਪੀੜ੍ਹੀ ਰਹਿੰਦੀ ਸੀ ਉਹ ਜਾਂ ਦੋਵੇਂ ਇਕੱਲੇ ਰਹਿੰਦੇ ਜਾਂ ਇਕੱਲੇ ਇਕੱਲੇ ਹੀ। ਮਿਸਿਜ਼ ਜਾਰਜ ਨੇ ਮੁਸਕਰਾ ਕੇ ਕਿਹਾ ਸੀ, "ਦੋਹਾਂ ਵਿਚੋਂ ਇਕ ਨੇ ਤਾਂ ਪਹਿਲਾਂ ਜਾਣਾ ਹੀ ਹੁੰਦਾ ਹੈ ਅਤੇ ਬੱਚੇ ਵੀ ਆਪਣੇ ਰਸਤੇ ਚਲੇ ਹੀ ਜਾਂਦੇ ਹਨ।" ਉਸ ਦੀ ਮੁਸਕਰਾਹਟ ਪਿਛੇ ਛੁਪਿਆ ਦਰਦ ਪਿਘਲ ਕੇ ਅੱਖਾਂ ਵਿਚ ਤੈਰ ਗਿਆ ਸੀ।

ਮਿਸਿਜ਼ ਅਤੇ ਮਿਸਟਰ ਗੁਪਤਾ ਅੱਠ ਨੌਂ ਮਹੀਨੇ ਸ਼ਿਕਾਗੋ ਆਪਣੇ ਪੁੱਤਰ ਕੋਲ ਰਹਿੰਦੇ ਅਤੇ 3-4 ਮਹੀਨੇ ਭਾਰਤ ਆ ਜਾਂਦੇ। ਬੰਦ ਪਏ ਘਰ ਦੀ ਸਫਾਈ ਅਤੇ ਹੋਰ ਪ੍ਰਬੰਧ ਕਰਨ ਵਿਚ 15 ਦਿਨ ਲੱਗ ਜਾਂਦੇ। ਗਰਮੀ ਤੇ ਬਿਜਲੀ, ਪਾਣੀ ਦੀ ਕਿੱਲਤ ਤੋਂ ਬੇਹਾਲ ਹੋ ਕੇ ਉਹ ਉਥੋਂ ਦੀਆਂ ਸੁਖ ਸਹੂਲਤਾਂ ਚੇਤੇ ਕਰਦੇ। ਜਦੋਂ ਤਕ ਇਸ ਮਾਹੌਲ ਵਿਚ ਢਲਣ ਲਗਦੇ ਉਦੋਂ ਤਕ ਫਿਰ ਸ਼ਿਕਾਗੋ ਜਾਣ ਦਾ ਸਮਾਂ ਆ ਜਾਂਦਾ। 'ਵੂਈ ਆਰ ਟੌਰਨ ਅਪਾਰਟ' ਪਰ ਕੀ ਕਰੀਏ ਉਥੇ ਪੁੱਤਰ ਅਤੇ ਨੂੰਹ ਦੋਵੇਂ ਕੰਮ 'ਤੇ ਜਾਂਦੇ ਹਨ। ਬੇਟੇ ਦੇ ਬੱਚੇ ਛੋਟੇ ਹਨ। ਪੁੱਤਰ ਤੇ ਨੂੰਹ ਕਿਸੇ ਮਲਟੀਨੈਸ਼ਨਲ ਕੰਪਨੀ ਵਿਚ ਕੰਮ ਕਰਦੇ ਹਨ। ਘਰ ਆਉਣ ਦਾ ਕੋਈ ਸਮਾਂ ਨਹੀਂ ਹੁੰਦਾ। ਅਸੀਂ ਉਥੇ ਘਰ ਅਤੇ ਬੱਚਿਆਂ ਨੂੰ ਦੇਖ ਲੈਂਦੇ ਹਾਂ। ਸਾਡਾ ਇਕੋ ਹੀ ਬੇਟਾ ਹੈ। ਹੁਣ ਉਥੇ ਰਹਿਣਾ ਠੀਕ ਹੀ ਹੈ। ਸਾਰੇ ਜਾਣਦੇ ਸਨ ਕਿ ਬੇਟੇ ਨੇ ਮਾਂ ਬਾਪ ਨੂੰ ਡਿਪੈਂਡੈਂਟ ਦਿਖਾਇਆ ਹੋਇਆ ਸੀ। ਉਨ੍ਹਾਂ ਦੀ ਪੈਨਸ਼ਨ ਦੀ ਮੋਟੀ ਰਕਮ ਮਿਲਦੀ ਹੈ।

ਮਿਸਿਜ਼ ਜਾਰਜ ਵੀ ਉਸ ਦਿਨ ਮੂਡ ਵਿਚ ਸੀ। ਕਹਿਣ ਲੱਗੀ, ਬੇਟਾ ਤੇ ਨੂੰਹ ਸਵੇਰੇ ਹੀ ਕੰਮ 'ਤੇ ਚਲੇ ਜਾਂਦੇ ਸਨ। ਦੋਵੇਂ ਦੇਰ ਰਾਤ ਨੂੰ ਵਾਪਸ ਆਉਂਦੇ। ਬੱਚਿਆਂ ਦਾ ਆਪਣਾ ਰੁਟੀਨ ਸੀ। ਸਕੂਲ ਤੋਂ ਆ ਕੇ ਖਾਣਾ ਖਾ ਕੇ ਉਹ ਮਿਊਜ਼ਿਕ ਸਕੂਲ ਚਲੇ ਜਾਂਦੇ। ਫਿਰ ਸ਼ਾਮ ਨੂੰ ਸਵਿਮਿੰਗ ਲਈ ਚਲੇ ਜਾਂਦੇ। ਸੱਤ ਵਜੇ ਵਾਪਸ ਆ ਕੇ ਨਹਾ ਧੋ ਕੇ ਖਾਣਾ ਖਾ ਕੇ ਅੱਠ ਵਜੇ ਤਕ ਸੌਂ ਜਾਂਦੇ। ਟੌਮ ਨਹੀਂ ਚਾਹੁੰਦਾ ਸੀ ਕਿ ਮੈਂ ਵਾਪਸ ਜਾਵਾਂ। ਜਦੋਂ ਬੱਚਿਆਂ ਨੂੰ ਛੁੱਟੀਆਂ ਹੋਣ ਉਦੋਂ ਇਕ ਮਹੀਨੇ ਲਈ ਮੈਂ ਭਾਰਤ ਚਲੀ ਜਾਇਆ ਕਰਾਂ ਤੇ ਛੁੱਟੀਆਂ ਖਤਮ ਹੋਣ 'ਤੇ ਵਾਪਸ ਆ ਜਾਵਾਂ ਪਰ ਮੈਂ ਉਸ ਦੀ ਇਹ ਗੱਲ ਨਾ ਮੰਨੀ। ਟੌਮ ਨੇ ਬਹੁਤ ਵਾਰ ਕਿਹਾ ਪਰ ਮੈਂ ਉਥੇ ਰਹਿ ਹੀ ਨਹੀਂ ਸੀ ਸਕਦੀ। ਪੈਨਸ਼ਨ ਦੀ ਉਸ ਦੀ ਰਕਮ ਵੀ ਬੰਦ ਹੋ ਜਾਣੀ ਸੀ। ਇਸੇ ਗੱਲ ਕਰਕੇ ਮਿਸਿਜ਼ ਜਾਰਜ ਦੀ ਟੌਮ ਨਾਲ ਬਹਿਸ ਵੀ ਹੋ ਗਈ ਸੀ। ਉਥੇ ਇਕੱਲੇ ਰਹਿਣ ਦੀ ਕੀ ਤੁਕ ਹੈ?

ਇਥੇ ਵੀ ਇਕੱਲੀ ਹੀ ਰਹਿੰਦੀ ਹਾਂ। ਪੰਜ ਦਿਨ ਉਨ੍ਹਾਂ ਦੇ ਕੰਮ ਦੇ ਹੁੰਦੇ ਹਨ। ਛੇਵਾਂ ਅਤੇ ਸੱਤਵਾਂ ਸੋਸ਼ਲਾਈਜ਼ੇਸ਼ਨ ਲਈ ਅਤੇ ਘਰ ਦੇ ਕੰਮਾਂ ਲਈ ਰੱਖੇ ਹੁੰਦੇ। ਸਭ ਕੁਝ ਮਕੈਨੀਕਲ ਹੁੰਦਾ। ਉਹ 5 ਦਿਨ ਉਨ੍ਹਾਂ ਦੇ ਕੰਮ 'ਤੇ ਜਾਣ ਅਤੇ ਛੇਵੇਂ ਅਤੇ ਸੱਤਵੇਂ ਦਿਨ ਘਰ ਵਿਚ ਜਾਂ ਘਰ ਤੋਂ ਬਾਹਰ ਪਾਰਟੀਆਂ ਵਿਚ ਵੀ ਇਕੱਲੀ ਅਤੇ ਵਾਧੂ ਜਿਹੀ ਹੋ ਜਾਂਦੀ ਸੀ। ਟੌਮ ਨੇ ਬਹੁਤ ਜ਼ੋਰ ਲਾਇਆ ਪਰ ਉਹ ਨਾ ਮੰਨੀ। ਉਸ ਦੇ ਨਾ ਜਾਣ ਕਾਰਨ ਪੈਨਸ਼ਨ ਵੀ ਬੰਦ ਹੋ ਗਈ। 'ਟੌਮ ਵੀ ਕਦੇ ਨਹੀਂ ਆਉਂਦਾ? ਪੁੱਛਣ 'ਤੇ ਮਿਸਿਜ਼ ਜਾਰਜ ਮੁਸਕਰਾ ਦਿੰਦੀ, ਆਪਣੇ ਬੱਚੇ ਹਨ। ਜਿਥੇ ਵੀ ਰਹਿਣ ਖੁਸ਼ ਰਹਿਣ।

ਮਿਸਿਜ਼ ਰਮਾ ਗੁਪਤਾ ਇਕੱਲੀ ਰਹਿੰਦੀ ਸੀ। ਛਾਤੀ ਤਾਣ ਕੇ ਆਪਣੇ ਪੁੱਤਰ ਦਾ ਗੁਣਗਾਣ ਕਰਦੀ। ਉਸ ਨੇ ਫੂਡ ਪਲੱਸ ਭੇਜਿਆ ਹੈ, ਗੋਡਿਆਂ ਦੇ ਦਰਦ ਲਈ। ਪਹਿਲਾਂ ਵਾਰਮਰ ਭੇਜਿਆ ਸੀ। ਇਹ ਹੀਟਿੰਗ ਪੈਡ ਵੀ ਉਸ ਨੇ ਹੀ ਭੇਜਿਆ ਹੈ। ਬਹੁਤ ਧਿਆਨ ਰੱਖਦਾ ਹੈ ਮੇਰਾ।

ਕਾਲੋਨੀ ਵਿਚ ਸੀਨੀਅਰ ਸਿਟੀਜ਼ਨਜ਼ ਦਾ ਇਕ ਕਲੱਬ ਵੀ ਸੀ। ਕਲੱਬ ਵਿਚ ਹੀ ਇਕ ਛੋਟੀ ਜਿਹੀ ਕੰਟੀਨ ਸੀ ਜਿਥੇ ਚਾਹ, ਕੌਫੀ, ਠੰਢਾ ਅਤੇ ਕੁਝ ਨਮਕੀਨ ਮਿਲ ਜਾਂਦਾ ਸੀ। ਇਕ ਕਮਰਾ ਸੀ ਜਿਸ ਦੇ ਇਕ ਕੋਨੇ ਵਿਚ ਟੇਬਲ ਟੈਨਿਸ ਦੀ ਮੇਜ਼ ਸੀ। ਦੂਜੇ ਪਾਸੇ ਇਕ ਹੋਰ ਗੋਲ ਮੇਜ਼ ਸੀ ਜਿਸ ਦੇ ਚਾਰੇ ਪਾਸੇ ਕੁਰਸੀਆਂ ਲੱਗੀਆਂ ਹੋਈਆਂ ਸਨ ਜਿਥੇ ਔਰਤਾਂ ਦੁਪਹਿਰ ਵੇਲੇ ਅਤੇ ਮਰਦ ਸ਼ਾਮ ਨੂੰ ਤਾਸ਼ ਖੇਡਦੇ ਸਨ। ਖਾਸ ਦਿਨਾਂ ਅਤੇ ਤਿਉਹਾਰਾਂ ਮੌਕੇ ਕੁਝ ਪ੍ਰੋਗਰਾਮ ਕੀਤੇ ਜਾਂਦੇ ਸਨ। ਲੋਕ ਆਪਸ ਵਿਚ ਮਿਲ ਜੁਲ ਕੇ ਆਪਣੀ ਖੁਸ਼ੀ ਗਮੀ ਵੰਡ ਲੈਂਦੇ ਸਨ। ਮੋਬਾਈਲ 'ਤੇ ਐਸ.ਐਮ.ਐਸ. ਆਉਂਦਾ 'ਟੇਕ ਕੇਅਰ' ਈਮੇਲ ਵਿਚ ਲਿਖਿਆ ਹੁੰਦਾ 'ਟੇਕ ਕੇਅਰ', ਮੋਬਾਈਲ 'ਤੇ ਬੱਚੇ ਕਹਿੰਦੇ 'ਟੇਕ ਕੇਅਰ।' ਸਾਰੇ ਜਾਣਦੇ ਸਨ, ਉਸ ਨੇ ਆਪਣੀਆਂ ਸ਼ਰਤਾਂ ਅਨੁਸਾਰ ਹੀ ਜਿਊਣਾ ਹੈ। ਸਵੇਰੇ ਸੈਰ ਨੂੰ ਜਾਣਾ ਜ਼ਰੂਰੀ ਸੀ। ਕੁਝ ਲੋਕਾਂ ਨੇ ਹੈਲਥ ਕਲੱਬ ਵੀ ਜਾਇਨ ਕੀਤਾ ਹੋਇਆ ਸੀ। ਇਕ ਦੂਜੇ ਨੂੰ ਹੈਲਥ ਲਈ ਟਿਪਸ ਵੀ ਦਿੰਦੇ ਰਹਿੰਦੇ।

ਮਿਸਿਜ਼ ਮੈਨਨ ਦਿਲ ਦੀ ਮਰੀਜ਼ ਸੀ। ਉਸ ਦੀ ਬਾਇਪਾਸ ਸਰਜਰੀ ਹੋ ਚੁੱਕੀ ਸੀ। ਉਹ ਘਰ ਵਿਚ ਇਕੱਲੀ ਰਾਤ ਬਿਤਾਉਣ ਅਤੇ ਸਵੇਰ ਹੋਣ ਦੀ ਇੰਤਜ਼ਾਰ ਕਰਦੀ ਕਈ ਵਾਰ ਰਾਤ ਭਰ ਸੌਂ ਵੀ ਨਾ ਸਕਦੀ। ਕਾਲੋਨੀ ਵਿਚ ਉਹ ਸਾਰੇ ਨਾਲ ਨਾਲ ਸਨ ਪਰ ਆਪਣੇ ਘਰ ਵਿਚ ਸਾਰੇ ਇਕੱਲੇ, ਉਦਾਸ, ਪ੍ਰੇਸ਼ਾਨ ਤੇ ਹਾਰੇ ਹੋਏ ਮਹਿਸੂਸ ਕਰਦੇ।

ਮਿਸਿਜ਼ ਖੰਨਾ ਦੇ ਹੱਥ ਵਿਚੋਂ ਅਖਬਾਰ ਛੁੱਟ ਕੇ ਥੱਲੇ ਜਾ ਡਿਗਿਆ ਸੀ। ਇਕ ਦਬੀ ਹੋਈ ਚੀਕ ਦੇ ਨਾਲ ਉਹ ਕੁਰਸੀ 'ਤੇ ਲੁੜ੍ਹਕ ਗਈ ਸੀ। ਇਹ ਦੇਖੋ ਕੀ ਪੜ੍ਹਿਆ ਹੈ ਤੁਸੀਂ? ਨਾਲ ਦੀ ਕਾਲੋਨੀ ਵਿਚ ਇਕੱਲੇ ਰਹਿ ਰਹੇ ਇਕ ਬਜ਼ੁਰਗ ਦੀ ਦਿਨ ਦਿਹਾੜੇ ਹੱਤਿਆ ਕਰ ਦਿੱਤੀ ਗਈ ਹੈ।

ਮੇਜ਼ ਦੇ ਕੋਨੇ ਦੀ ਕੁਰਸੀ 'ਤੇ ਬੈਠਾ ਮਿਸਟਰ ਗੁਪਤਾ ਬੁੱਲ੍ਹਾਂ 'ਚ ਮੰਦ ਮੰਦ ਮੁਸਕਰਾ ਰਿਹਾ ਸੀ। ਉਸ ਦਾ ਬੇਟਾ ਤੇ ਨੂੰਹ ਇਸੇ ਸ਼ਹਿਰ ਵਿਚ ਸਨ ਪਰ ਉਨ੍ਹਾਂ ਦਾ ਘਰ ਅਲੱਗ ਜਗ੍ਹਾ 'ਤੇ ਸੀ। ਉਹ ਕੰਪਨੀ ਵੱਲੋਂ ਦਿੱਤੇ ਘਰ ਵਿਚ ਰਹਿੰਦੇ ਸਨ। ਮਿਸਟਰ ਗੁਪਤਾ ਇਥੇ ਇਕੱਲਾ ਹੀ ਰਹਿੰਦਾ ਸੀ। ਬੜਾ ਅਨੁਸ਼ਾਸਿਤ ਜੀਵਨ ਸੀ ਉਸ ਦਾ। ਸਾਰੇ ਉਸ ਦੀ ਮਿਸਾਲ ਦਿੰਦੇ ਸਨ। ਆਖਰ ਕੀ ਹੋਇਆ। ਅਖਬਾਰ ਵਾਲੇ ਨੇ ਦੱਸਿਆ ਸੀ। ਬਾਹਰ ਕਈ ਦਿਨਾਂ ਦੇ ਅਖਬਾਰ ਪਏ ਸਨ। ਡੋਰ ਬੈਲ ਦਾ ਕੋਈ ਜਵਾਬ ਨਹੀਂ ਦੇ ਰਿਹਾ ਸੀ। ਦਰਵਾਜ਼ਾ ਤੋੜਿਆ ਤਾਂ ਪਤਾ ਲੱਗਾ। ਡਾਕਟਰ ਨੂੰ ਬੁਲਾਇਆ ਗਿਆ। ਬਾਥਰੂਮ ਦੇ ਐਨ ਵਿਚਕਾਰ ਮਿਸਟਰ ਗੁਪਤਾ ਡਿਗਿਆ ਪਿਆ ਸੀ। ਡਾਕਟਰ ਨੇ ਕਹਿ ਦਿਤਾ ਕਿ ਉਸ ਦੀ ਮੌਤ 3 ਦਿਨ ਪਹਿਲਾਂ ਬਰੇਨ ਹੈਮਰੇਜ ਨਾਲ ਹੋ ਗਈ ਸੀ। ਸਭ ਦੇ ਚਿਹਰੇ ਕਾਲਖ ਰੰਗੇ ਹੋ ਗਏ। ਉਸ ਦਾ ਪੁੱਤਰ ਤੇ ਨੂੰਹ ਵੀ ਆਏ ਸਨ। ਸੰਸਕਾਰ ਕਰਕੇ ਚਲੇ ਗਏ। ਅਗਲੇ ਮਹੀਨੇ ਉਸ ਦਾ ਬੇਟਾ ਤੇ ਨੂੰਹ ਉਸ ਘਰ ਸ਼ਿਫਟ ਕਰ ਗਏ।

ਇਸ ਕਾਲੋਨੀ ਵਿਚ ਰਹਿੰਦਿਆਂ 25 ਸਾਲ ਹੋ ਗਏ ਸਨ। ਬੱਚਿਆਂ ਦੇ ਸਕੂਲ ਬੈਗ ਚੁੱਕ ਕੇ ਚੱਲਣ ਵਾਲੀਆਂ ਮਾਂਵਾਂ ਦੇ ਵਾਲਾਂ ਵਿਚ ਚਾਂਦੀ ਦੇ ਤਾਰ ਚਮਕਣ ਲੱਗੇ ਸਨ। ਉਛਲ ਉਛਲ ਕੇ, ਭੱਜ ਭੱਜ ਕੇ 'ਦੇਰ ਹੋ ਗਈ' ਕਹਿਣ ਵਾਲੀ ਮਿਸਿਜ਼ ਨੀਲਮ ਦੇ ਗੋਡੇ ਬਿਮਾਰੀ ਨਾਲ ਟੇਢੇ ਹੋ ਗਏ ਸਨ। ਉਸ ਨੂੰ ਅਪਰੇਸ਼ਨ ਤੋਂ ਡਰ ਲਗਦਾ ਸੀ। ਮਿਸਿਜ਼ ਅਹਿਮਦ ਸਮਝਦਾਰ ਸੀ। ਉਸ ਨੇ ਦੋਹਾਂ ਗੋਡਿਆਂ ਦਾ ਅਪਰੇਸ਼ਨ ਕਰਵਾ ਲਿਆ ਸੀ। ਸਾਲ ਭਰ ਤਾਂ ਜ਼ਰੂਰ ਲੱਗਿਆ ਠੀਕ ਹੋਣ ਵਿਚ ਪਰ ਹੁਣ ਤਾਂ ਉਹ ਦੂਜੀ ਮੰਜ਼ਿਲ ਉਤੇ ਆਪਣੇ ਫਲੈਟ ਵਿਚੋਂ ਬੜੇ ਆਰਾਮ ਨਾਲ ਹੇਠਾਂ ਉਤਰ ਆਉਂਦੀ।

ਮਿਸਿਜ਼ ਨੀਲਮ ਨੇ ਚਹਿਕ ਕੇ ਇਹ ਐਲਾਨ ਕੀਤਾ ਸੀ ਕਿ ਸ਼ਾਂਤਨੂ ਅਤੇ ਛੈਲ ਦੋਵੇਂ ਆ ਰਹੇ ਹਨ। ਅਪਰੇਸ਼ਨ ਦੀ ਤਾਰੀਖ਼ ਤੈਅ ਹੋ ਚੁੱਕੀ ਹੈ। ਉਹ ਵਿਸ਼ਵਾਸ ਨਾਲ ਭਰੀ ਖੁਸ਼ ਨਜ਼ਰ ਆ ਰਹੀ ਸੀ। ਪਰ ਐਨ ਮੌਕੇ 'ਤੇ ਉਹ ਦੋਵੇਂ ਨਹੀਂ ਆਏ ਸਨ। ਉਨ੍ਹਾਂ ਫੋਨ 'ਤੇ ਕਹਿ ਦਿੱਤਾ ਸੀ, "ਪਲੀਜ਼ ਇਕ ਨਰਸ ਰੱਖ ਲਓ। ਪੈਸੇ ਦੀ ਚਿੰਤਾ ਨਾ ਕਰਨਾ, ਵੂਈ ਲਵ ਯੂ ਮੰਮਾ। ਪਲੀਜ਼ ਟੇਕ ਕੇਅਰ।"

ਪਹਿਲੀ ਨਰਸ ਸਵੇਰੇ 8 ਵਜੇ ਆਉਂਦੀ, ਸ਼ਾਮ ਨੂੰ 8 ਵਜੇ ਜਾਂਦੀ ਅਤੇ ਦੂਜੀ ਰਾਤ ਨੂੰ 8 ਵਜੇ ਤੋਂ ਸਵੇਰੇ 8 ਵਜੇ ਤਕ ਰਹਿੰਦੀ। ਨੀਲਮ ਦੀਆਂ ਅੱਖਾਂ ਨਮ ਸਨ। ਰਾਤ ਵਾਲੀ ਨਰਸ ਅਕਸਰ ਸੌਂ ਜਾਂਦੀ ਹੈ। ਆਵਾਜ਼ਾਂ ਮਾਰ ਕੇ ਥੱਕ ਜਾਂਦੀ ਹਾਂ। ਬਾਥਰੂਮ ਜਾਣਾ ਸੀ ਉਹ ਉਠ ਹੀ ਨਹੀਂ ਰਹੀ। ਏਨਾ ਕਹਿਣ 'ਤੇ ਨਰਸ ਭੜਕੀ ਸੀ, "ਤੁਹਾਨੂੰ ਰੁਕਣਾ ਚਾਹੀਦਾ ਸੀ। ਦੇਖੋ ਸਾਰਾ ਫਰਸ਼ ਬੱਚਿਆਂ ਵਾਂਗ ਗੰਦਾ ਕਰ ਦਿੱਤਾ।"

ਰਾਤ ਭਰ ਬੇਚੈਨੀ ਰਹੀ। ਨੀਂਦ ਨਹੀਂ ਆ ਰਹੀ ਸੀ। ਸ਼ਾਇਦ ਸਵੇਰੇ ਸਵੇਰੇ ਅੱਖ ਲੱਗ ਗਈ ਸੀ। ਫੋਨ ਦੀ ਘੰਟੀ ਵੱਜਣ ਕਾਰਨ ਉਹ ਉਠ ਬੈਠੀ ਸੀ। 'ਜਲਦੀ ਆਓ ਮਿਸਿਜ਼ ਜਾਰਜ ਸ਼ਾਇਦ ਨਹੀਂ ਰਹੀ।' ਕਾਲੋਨੀ ਵੈਲਫੇਅਰ ਐਸੋਸੀਏਸ਼ਨ ਦਾ ਪ੍ਰਧਾਨ ਤੇ ਸਕੱਤਰ ਦੋਵੇਂ ਖੜ੍ਹੇ ਸਨ। ਟੌਮ ਤਾਂ ਅਜੇ ਪੁੱਜਿਆ ਨਹੀਂ, ਰਸਤੇ ਵਿਚ ਹੈ। ਉਸ ਨੇ ਕਹਿ ਦਿੱਤਾ ਹੈ, "ਫੋਨ 'ਤੇ ਚਰਚ ਵਿਚ ਸੂਚਨਾ ਦੇ ਦਿਓ। ਉਹ ਆ ਜਾਵੇਗਾ। ਬਾਕੀ ਤੁਸੀਂ ਸਾਰੇ ਹੋ। ਪਲੀਜ਼ ਡੂ ਦਾ ਨੀਡਫੁਲ।" ਕਾਲੋਨੀ ਦੇ ਲੋਕਾਂ ਨੇ ਚਰਚ 'ਚੋਂ ਆਏ ਬੰਦਿਆਂ ਨਾਲ ਮਿਲ ਕੇ ਆਖਰੀ ਰਸਮਾਂ ਕਰ ਦਿੱਤੀਆਂ ਸਨ। ਕੁਝ ਲੋਕ ਨਾਲ ਗਏ ਸਨ, ਕੁਝ ਉਥੇ ਹੀ ਰੁਕ ਗਏ ਸਨ। ਉਹ ਵੀ ਘਰ ਆ ਗਈ ਸੀ। ਮੋਬਾਈਲ 'ਤੇ ਬੇਟੇ ਦਾ ਸੁਨੇਹਾ ਸੀ। ਆਖਰ ਵਿਚ ਲਿਖਿਆ ਸੀ, "ਆਈ ਲਵ ਯੂ ਮੰਮਾ, ਪਲੀਜ਼ ਟੇਕ ਕੇਅਰ।"

# ਨਾਰੀ ਮਨ ਦੀ ਹੂਕ ਤੇ ਹਾਕ 'ਕੱਚੇ ਕੋਠੇ ਦੀ ਛੱਤ'

ਨਵੀਂ ਕਾਵਿ ਪੁਸਤਕ

ਮੈਂ ਕੱਚੇ ਕੋਠੇ ਦੀ ਛੱਤ ਹਾਂ
ਹਰ ਮੌਸਮ ਹੰਢਾਇਆ ਮੈਂ
ਕਦੀ ਧੁੱਪਾਂ ਨੇ ਉਖੇੜਿਆ
ਕਦੀ ਬੁਛਾੜਾਂ ਨੇ ਰੋੜ੍ਹਿਆ
ਮੈਂ ਡਿੱਗੀ ਟੁੱਟੀ ਤੇ ਖਿੰਡੀ
ਪਰ ਮੇਰੀ ਹੋਂਦ ਨਾ ਮਰੀ...
ਮੈਂ ਮਿੱਟੀ ਹਾਂ ਜਿਸ ਨੂੰ ਗੋਹ ਕੇ
ਦੁਬਾਰਾ ਛੱਤ ਬਣ ਜਾਂਦੀ ਏ
ਛੱਤ ਨਾਲ ਘਰ ਬਣ ਜਾਂਦੇ ਏ
ਕੰਧਾਂ ਘਰ ਨਹੀਂ ਅਖਵਾਉਂਦੀਆਂ
ਖੋਲੇ ਨੇ ਛੱਤਾਂ ਤੋਂ ਬਿਨਾਂ ਘਰ
ਮੈਂ ਕੱਚੇ ਕੋਠੇ ਦੀ ਛੱਤ ਹਾਂ...

ਦਵਿੰਦਰ ਕੌਰ ਗੁਰਾਇਆ ਦੀ ਕਵਿਤਾ ਦੀਆਂ ਇਹ ਸਤਰਾਂ ਔਰਤ ਦੀ ਹੋਂਦ ਅਤੇ ਕਰਤਾਰੀ ਜ਼ਿੰਮੇਵਾਰੀ ਦਾ ਬੇਹੱਦ ਖੂਬਸੂਰਤ ਚਿਤਰਨ ਹਨ। ਨਾਰੀ ਸਦਾ ਹੀ ਪੁਰਸ਼ ਤੋਂ ਦੁਜੈਲੀ ਅਵਸਥਾ ਵਿਚ ਰਹੀ ਹੈ। ਕਬੀਲਾ ਸਮਾਜਾਂ ਨੂੰ ਛੱਡ ਕੇ ਔਰਤ ਦੀ ਦਸ਼ਾ ਕਿਸੇ ਘਰ ਦੇ ਕੱਚੇ ਕੋਠੇ ਦੀ ਛੱਤ ਵਰਗੀ ਰਹੀ ਹੈ। ਛੱਤ ਬਿਨਾਂ ਘਰ ਖੋਲੇ ਹੋ ਜਾਂਦੇ ਹਨ, ਛੱਤ ਬਿਨਾਂ ਸਿਰ ਨਹੀਂ ਢਕੇ ਜਾਂਦੇ। ਛੱਤ ਸਦਾ ਬਰਸਾਤਾਂ ਵਿਚ ਰੁੜ੍ਹਦੀ ਅਤੇ ਧੁੱਪਾਂ ਵਿਚ ਸੜਦੀ ਰਹਿੰਦੀ ਹੈ। ਛੱਤ ਲੰਮੀਆਂ ਬਰਸਾਤਾਂ ਵਿਚ ਚੋਂਦੀ ਹੈ। ਜਦ ਵੀ ਚੋਂਦੀ ਹੈ ਛੱਤ, ਤਾਂ ਛੱਤ ਨੂੰ ਕੁੱਟਿਆ ਜਾਂਦਾ ਹੈ। ਔਰਤ ਭਾਵੇਂ ਕਿੰਨੇ ਵੀ ਦੁੱਖ ਵਿਚ ਹੋਵੇ, ਮਰਦ ਚਾਹੁੰਦਾ ਹੈ ਕਿ ਉਹ ਰੋਵੇ ਨਾ, ਬੱਸ ਹੱਸਦੀ ਰਹੇ, ਫੁੱਲ ਵਾਂਗ ਮਹਿਕਦੀ ਰਹੇ ਤਾਂ ਕਿ ਮਰਦ ਨੂੰ ਛੱਤ ਨਾ ਹੋਣ ਦਾ ਦੁੱਖ ਸਹਿਣ ਨਾ ਕਰਨਾ ਪਵੇ।

ਦਵਿੰਦਰ ਬੜੀ ਸਿਰੜੀ, ਸਿਦਕਵਾਨ ਅਤੇ ਦਲੇਰ ਕੁੜੀ ਹੈ। ਉਸ ਨੇ ਵਕਤ ਦੀਆਂ ਧੂੜਾਂ ਵਿਚ ਕਿੱਧਰੇ ਗੁੰਮ ਗੁਆਚ ਜਾਣਾ ਸੀ ਪਰ ਉਸ ਦੇ ਸਿਰੜ, ਮਿਹਨਤ, ਲਗਨ ਅਤੇ ਕੁਝ ਬਣਨ ਦੇ ਚਾਉ ਨੇ ਉਸ ਨੂੰ ਰੌਸ਼ਨੀ ਵਿਚ ਲਿਆਂਦਾ। ਇਸ ਕੁੜੀ ਨੇ 12 ਸਾਲ ਤੱਕ ਊੜਾ ਵੀ ਨਹੀਂ ਸੀ ਪੜ੍ਹਿਆ। ਇਕ ਹੋਰ ਬੜਾ ਹੈਰਾਨੀ ਭਰਿਆ ਸੱਚ ਹੈ ਕਿ ਦਵਿੰਦਰ ਨੇ ਕਿਸੇ ਸਕੂਲ ਵਿਚ ਦਾਖ਼ਲਾ ਨਹੀਂ ਲਿਆ ਪਰ ਕਾਲਜਾਂ ਵਿਚ ਯੂ.ਜੀ.ਸੀ. ਦੇ ਇਮਤਿਹਾਨਾਂ ਵਿਚ ਬੈਠੀ। ਉਸ ਨੂੰ ਜ਼ਿੰਦਗੀ ਨੇ ਬੜੇ ਉਤਰਾ-ਚੜ੍ਹਾ ਦਿਖਾਏ ਪਰ ਉਸ ਦੀ ਸਾਵੀਂ ਤੋਰ ਨੇ ਉਸ ਨੂੰ ਥਿੜਕਣ ਨਹੀਂ ਦਿੱਤਾ।

ਦਵਿੰਦਰ ਕੌਰ ਦੀਆਂ ਕਵਿਤਾਵਾਂ ਉਸ ਦੀ ਜ਼ਿੰਦਗੀ ਅਤੇ ਉਸ ਦੀ ਸੋਚ ਬਾਰੇ ਬਹੁਤ ਕੁਝ ਕਹਿੰਦੀਆਂ ਹਨ। ਉਹ ਜ਼ਿੰਦਗੀ ਨੂੰ ਕੋਈ ਅਰਥ ਦੇਣ ਵਿਚ ਹੀ ਆਪਣੀ ਸਫ਼ਲਤਾ ਸਮਝਦੀ ਹੈ। ਜੇ ਕਿਸੇ ਜੀਵ ਵਿਚ ਵਿਸ਼ੇਸ਼ਤਾ ਨਹੀਂ, ਵੱਖਰਾ ਅੰਦਾਜ਼ ਨਹੀਂ ਤਾਂ ਉਹ ਜੀਣ ਨਹੀਂ। ਇਸੇ ਕਰ ਕੇ ਉਹ ਆਪਣੀ ਆਤਮਾ ਦੀ ਆਵਾਜ਼ ਡਾਲਰਾਂ ਹੇਠ ਦਫ਼ਨ ਨਹੀਂ ਹੋਣ ਦਿੰਦੀ। ਆਤਮਾ ਦੀ ਆਵਾਜ਼ ਹੀ ਉਸ ਦੀਆਂ ਕਵਿਤਾਵਾਂ ਦਾ ਕੇਂਦਰ ਬਿੰਦੂ ਹੈ। ਉਹ ਸਰੀਰਕ ਪੱਖੋਂ ਭਾਵੇਂ 'ਜੌਬਾਂ' ਵਿਚ ਮਸਰੂਫ ਰਹਿੰਦੀ ਹੈ ਪਰ ਆਪਣੇ ਅੰਤਹਕਰਣ 'ਚੋਂ ਉਠਦੀ ਰੱਬੀ ਅਤੇ ਕਰਤਾਰੀ ਆਵਾਜ਼ ਕਵਿਤਾ ਨਾਲ ਆਸ਼ਕ-ਮਾਸ਼ੂਕ ਵਰਗਾ ਰਿਸ਼ਤਾ ਰੱਖਦੀ ਹੈ। ਜ਼ਿੰਦਗੀ ਦੇ ਨਿੱਕੇ ਨਿੱਕੇ ਵਰਤਾਰਿਆਂ ਨੂੰ ਉਹ ਜੀਵਨ ਫ਼ਲਸਫੇ ਨਾਲ ਜੋੜ ਕੇ ਸ਼ਬਦਾਂ ਨੂੰ ਮਾਲਾ ਦੇ ਮੋਤੀਆਂ ਵਾਂਗ ਪਰੋਂਦੀ ਹੈ। ਮਾਲਾ ਮਨੁੱਖ ਖ਼ੁਦ ਬਣਾਉਂਦਾ ਹੈ ਤੇ ਫਿਰ ਉਸ ਮਾਲਾ ਨੂੰ ਰੱਬ ਨਾਲ ਮਿਲਾਪ ਦਾ ਪਵਿੱਤਰ ਜਰੀਆ ਸਮਝਣ ਲਗਦਾ ਹੈ।

ਦਵਿੰਦਰ ਦੇ ਕਾਵਿ-ਬੋਲ ਉਸ ਨੂੰ ਜ਼ਿੰਦਗੀ




ਦੇ ਅਮਰ ਤੇ ਕਰਤਾਰੀ ਰਿਸ਼ਤਿਆਂ ਨਾਲ ਜੋੜਦੇ ਹਨ। ਉਹ ਜਿਵੇਂ ਮਹਿਸੂਸ ਕਰਦੀ ਹੈ, ਉਸੇ ਤਰ੍ਹਾਂ ਹੀ ਦੱਸਣਾ ਲੋਚਦੀ ਹੈ ਪਰ ਉਸ ਨੂੰ ਕਾਵਿ ਕਲਾ ਦਾ ਪਾਸ ਹੈ। ਕਲਾ ਕੋਈ ਵੀ ਹੋਵੇ, ਜੇ ਉਹ ਜ਼ਿੰਦਗੀ ਦੀ ਬਿਹਤਰੀ ਵਾਸਤੇ ਕਾਰਜਸ਼ੀਲ ਨਹੀਂ ਹੁੰਦੀ ਤਾਂ ਉਹ ਕਲਾ ਨਹੀਂ, ਅਨਾੜੀਪਣ ਦੀ ਰਚਨਾ ਹੈ। ਉਸ ਦੀਆਂ ਸਮੁੱਚੀਆਂ ਕਾਵਿ ਕਿਰਤਾਂ ਵਿਚੋਂ ਲੋਕ ਸਰੋਕਾਰ ਝਲਕਦੇ ਹਨ, ਕਾਵਿ ਸਿਰਜਣਾ ਉਸ ਦਾ ਧਰਮ ਹੈ ਤੇ ਦੁਨੀਆਂਦਾਰੀ ਫ਼ਰਜ਼ਾਂ ਦੀ ਪੂਰਤੀ।

ਦਵਿੰਦਰ ਦੇ ਅਵਚੇਤਨ ਵਿਚ ਜ਼ਿੰਦਗੀ ਦਾ ਓਬੜ-ਖਾਬੜ ਪੈਂਡਾ, ਟਿੱਬੇ-ਟੋਏ ਅਤੇ ਧੁੱਪਾਂ-ਛਾਂਵਾਂ ਚੇਤਨ ਰਿਸ਼ਤਿਆਂ ਵਜੋਂ ਉਭਰਦੇ ਨਕਸ਼ ਹਨ। ਬੜਾ ਕੁਝ ਜ਼ਿੰਦਗੀ ਦੇ ਨਕਸ਼ਾਂ ਵਿਚ ਚੰਗਾ ਘੁਲ ਰਿਹਾ ਹੈ ਪਰ ਬੜੀਆਂ ਕਾਲਖਾਂ ਵੀ ਨੇ ਜਿਹੜੀਆਂ ਜ਼ਿੰਦਗੀ ਦਾ ਮੱਥਾ ਡੰਗਣਾ ਚਾਹੁੰਦੀਆਂ ਨੇ ਜਿਨ੍ਹਾਂ ਦਾ ਚੇਤਨ ਵਿਰੋਧ ਜ਼ਰੂਰੀ ਹੈ। ਉਹ ਜ਼ਿੰਦਗੀ ਦੇ ਵਿਡੰਬਕ ਵਰਤਾਰਿਆਂ ਨੂੰ ਸੰਘਰਸ਼ ਦੇ ਰਾਹ ਪੈ ਕੇ ਵੀ ਨਿੰਦਦੀ ਤੇ ਰੱਦਦੀ ਰਹੀ ਹੈ। ਹੁਣ ਉਹ ਅਮਰੀਕਾ ਵਿਚ ਚਮਕ-ਦਮਕ ਦੀ ਜ਼ਿੰਦਗੀ ਵਿਚ ਵਿਚਰਦਿਆਂ ਵੀ ਕਾਵਿਕਾਰੀ ਦੇ ਚਿੰਤਨ ਅਤੇ ਮਨਨ ਵਿਚ ਲੀਨ ਰਹਿੰਦੀ ਹੈ। ਕਵਿਤਾ ਉਸ ਦਾ ਨਾ ਤਾਂ ਪੇਸ਼ਾ ਹੈ, ਨਾ ਰੁਜ਼ਗਾਰ ਸਗੋਂ ਉਸ ਦੀ ਇਬਾਦਤ ਹੈ। ਮਨ ਦੀ ਸ਼ਾਂਤੀ ਅਤੇ ਦਿਲ ਦੀ ਖੁਸ਼ੀ ਵਾਸਤੇ ਉਹ ਕਵਿਤਾ ਦੇ ਅੰਬਰਾਂ ਵਿਚੋਂ ਤਾਰੇ ਚੁਣ ਕੇ ਵਰਕਿਆਂ 'ਤੇ ਸਜਾਉਂਦੀ ਹੈ। ਉਸ ਵਿਚ ਜੋ ਇਲਾਹੀ ਗੁਣ ਹੈ ਤਾਂ ਉਹ ਇਹੀ ਹੈ ਕਿ ਉਹ ਆਪਣੇ ਆਲੇ-ਦੁਆਲੇ ਘਰ, ਪਰਿਵਾਰ ਅਤੇ ਸੰਸਾਰ ਤੋਂ ਕਦੇ ਬੇਖ਼ਬਰ ਨਹੀਂ ਹੁੰਦੀ ਅਤੇ ਇਸ ਖ਼ਬਰਸਾਰੀ ਨੂੰ ਉਹ ਕਰਤਾਰੀ ਪਲ ਬਣਾਉਣ ਦੇ ਸਦਾ ਆਹਰ ਵਿਚ ਰਹਿੰਦੀ ਹੈ। ਉਸ ਨੂੰ ਆਪਣੇ ਸੱਭਿਆਚਾਰ, ਰਹਿਤਲ, ਧਰਮ ਅਤੇ ਅਕੀਦਿਆਂ ਨਾਲ ਮੋਹ ਹੈ। ਉਹ ਅਮਰੀਕਾ ਵੱਸਦਿਆਂ ਵੀ ਆਪਣੇ ਪਿੰਡ ਨਾਲ ਜੁੜੀ ਹੋਈ ਹੈ। ਏ.ਸੀ. ਕਮਰਿਆਂ ਵਿਚ ਉਸ ਨੂੰ ਪਿੰਡ ਦੇ ਉਹ ਪਿੱਪਲ ਤੇ ਬੋਹੜ ਕਦੇ ਨਹੀਂ ਭੁੱਲਦੇ ਜਿਨ੍ਹਾਂ ਹੇਠਾਂ ਮੱਕੀ ਦੀਆਂ ਛੱਲੀਆਂ ਕੱਢਦਿਆਂ ਅਤੇ ਬਾਜਰੇ ਦੇ ਸਿੱਟੇ ਲਾਹੁੰਦਿਆਂ ਦਿਲਾਂ ਦੀਆਂ ਧੜਕਣਾਂ ਨੂੰ ਆਵਾਜ਼ਾਂ ਤੇ ਬੋਲਾਂ ਵਿਚ ਬਦਲਦਿਆਂ ਸੁਣਿਆ ਵੇਖਿਆ ਹੈ। ਜ਼ਿੰਦਗੀ ਨੂੰ ਉਹ ਸਵਰਗ ਬਣਾਉਣਾ ਚਾਹੁੰਦੀ ਹੈ। ਅਗਲੇ ਲਾਰਿਆਂ ਮਾਰੇ ਸੁਰਗ ਸੁਰਗ ਕਿਸ ਨੇ ਵੇਖੇ? ਇਥੇ ਹੀ ਸਵਰਗ ਤੇ ਨਰਕ ਨੇ। ਉਸ ਦੀ ਕਵਿਤਾ ਬੜੇ ਹੀ ਸਲੀਕੇ ਵਾਲੀ ਅਤੇ ਲੋਕਾਂ ਦੁਆਲਿਉਂ ਮੂਜੀ ਦਾਇਰੇ ਕੱਟਣ ਵਾਲੀ ਸੰਨ੍ਹੀ ਅਤੇ ਛੈਣੀ ਹੈ।

ਦਵਿੰਦਰ ਦੀਆਂ ਕਾਵਿ-ਕਿਰਤਾਂ ਅਜੋਕੀ ਪੰਜਾਬੀ ਕਵਿਤਾ ਦੀਆਂ ਸੰਵੇਦਨਾਵਾਂ ਨਾਲ ਭਰਪੂਰ ਹਨ। ਉਹ ਬੁੱਸੇ ਪਲਾਂ ਤੇ ਪੁਰਾਣੇ ਰਾਹਾਂ ਨੂੰ ਨਫਰਤ ਕਰਦੀ ਹੈ। ਉਹ ਰਿਸ਼ਤਿਆਂ ਦੀ ਪਾਕੀਜ਼ਗੀ ਵਿਚ ਰਹਿੰਦਿਆਂ ਵੀ ਰਿਸ਼ਤਿਆਂ ਨਾਲ ਖਹਿਬੜ ਪੈਂਦੀ ਹੈ ਤੇ ਨਵੀਆਂ ਨਕੋਰ ਮਾਨਤਾਵਾਂ ਤੇ ਨੈਤਿਕਤਾਵਾਂ ਦੀ ਹੋਂਦ ਉਜਾਗਰ ਕਰਦੀ ਹੈ।

ਨਾਰੀ ਦੀ ਦੁਜੈਲ ਤੇ ਹਾਸ਼ੀਏ ਵਾਲੀ ਹਾਲਤ, ਮਰਦ ਦੀ ਹਰ ਖੇਤਰ ਵਿਚ ਸਭਿਆਚਾਰਕ ਤਾਨਾਸ਼ਾਹੀ ਅਤੇ ਹਰ ਗੱਲ ਵਿਚ ਔਰਤ ਨੂੰ ਦੋਸ਼ੀ ਕਰਾਰ ਦੇਣ ਦੀ ਮਾਨਸਿਕਤਾ ਦੇ ਵਿਰੋਧ ਵਿਚ ਉਹ ਖੁੱਲ੍ਹ ਕੇ ਬੋਲਦੀ ਹੈ। 'ਕੱਚੇ ਕੋਠੇ ਦੀ ਛੱਤ' ਨੂੰ ਮੈਂ ਕੁੱਟਣ ਦੇ ਹੱਕ ਵਿਚ ਨਹੀਂ, ਲਿੱਪਣ ਦੇ ਹੱਕ ਵਿਚ ਹਾਂ। ਇਹ ਕਾਵਿ ਪੁਸਤਕ ਪੰਜਾਬੀ ਕਾਵਿ-ਖੇਤਰ ਵਿਚ ਆਪਣਾ ਸਥਾਨ ਬਣਾਏਗੀ।...ਆਮੀਨ!

**-ਸੁਲੱਖਣ ਸਰਹੱਦੀ**
**ਫੋਨ: 91-94174-84337**

# ਆਫੀਆ ਸਦੀਕੀ ਦਾ ਜਹਾਦ

## ਕਿਸ਼ਤ ਸੱਤਵੀਂ

1972 ਵਿਚ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਇਹ ਕਹਾਣੀ 'ਆਫੀਆ ਸਦੀਕੀ ਦਾ ਜਹਾਦ' ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ, ਪਰ ਉਸ ਦੇ ਜ਼ਿਹਨ ਵਿਚ ਉਸ ਸਿੱਖਿਆ ਨੇ ਵਾਹਵਾ ਉਥਲ-ਪੁਥਲ ਮਚਾਈ ਜੋ ਉਸ ਨੇ ਆਪਣੀ ਅੰਮੜੀ ਦੀਆਂ ਮਜ਼ਹਬੀ ਤਕਰੀਰਾਂ ਤੋਂ ਗ੍ਰਹਿਣ ਕੀਤੀ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਈ। ਅੱਜਕੱਲ੍ਹ ਇਹ ਕੁੜੀ ਅਮਰੀਕੀ ਜੇਲ੍ਹ ਵਿਚ ਬੰਦ ਹੈ ਅਤੇ ਉਸ ਨੂੰ 86 ਸਾਲ ਦੀ ਸਜ਼ਾ ਮਿਲੀ ਹੋਈ ਹੈ। ਲੇਖਕ ਹਰਮਹਿੰਦਰ ਚਾਹਲ ਨੇ ਆਫੀਆ ਦੀ ਇਸ ਕਹਾਣੀ ਦੇ ਬਹਾਨੇ ਉਸ ਉਬਾਲੇ ਮਾਰਦੇ ਵਕਤ ਦੀ ਬਾਤ ਪਾਈ ਹੈ ਜਦੋਂ ਆਲਾ-ਦੁਆਲਾ ਬਹੁਤ ਤੇਜ਼ੀ ਨਾਲ ਕਰਵਟਾਂ ਲੈ ਰਿਹਾ ਸੀ ਅਤੇ ਮਾਸੂਮ ਜਿੰਦਾਂ ਇਨ੍ਹਾਂ ਕਰਵਟਾਂ ਦੇ ਰੂ-ਬ-ਰੂ ਹੋ ਰਹੀਆਂ ਸਨ। ਹਰਮਹਿੰਦਰ ਚਹਿਲ ਦੀ ਇਹ ਲੰਮੀ ਰਚਨਾ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪ੍ਰਕਾਸ਼ਤ ਕਰ ਰਹੇ ਹਾਂ। -ਸੰਪਾਦਕ



### ਤੁਸੀਂ ਪੜ੍ਹ ਚੁਕੇ ਹੋ...

*ਲੇਖਕ ਹਰਮਹਿੰਦਰ ਚਾਹਲ ਨੇ 'ਆਫੀਆ ਸਦੀਕੀ ਦਾ ਜਹਾਦ' ਦੇ ਬਹਾਨੇ 20ਵੀਂ ਸਦੀ ਦੇ ਪਿਛਲੇ ਦਹਾਕਿਆਂ ਦੌਰਾਨ ਉਬਾਲੇ ਮਾਰਦੇ ਵਕਤ ਦੀ ਬਾਤ ਪਾਈ ਹੈ। 1972 ਵਿਚ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਇਹ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਸੁਨੱਖੀ ਸੂਰਤ ਅਤੇ ਬੁਲੰਦ ਸੀਰਤ ਦੀ ਮਾਲਕ ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ।...ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ ਸੀ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਮੁੱਖ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। ਇਨ੍ਹਾਂ ਨੇ 26 ਫਰਵਰੀ 1993 ਨੂੰ ਵਰਲਡ ਟਰੇਡ ਸੈਂਟਰ ਦੀ ਪਾਰਕਿੰਗ ਵਿਚ ਧਮਾਕਾ ਕੀਤਾ। ਛੇਤੀ ਹੀ ਧਮਾਕੇ ਦਾ ਮੁੱਖ ਸੂਤਰਦਾਰ ਸ਼ੇਖ ਉਮਰ ਅਬਦੁਲ ਰਹਿਮਾਨ ਫੜਿਆ ਗਿਆ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਸੁਣਨ ਵਾਲੇ ਅਸ਼-ਅਸ਼ ਕਰ ਉਠੇ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ 'ਤੇ ਉਸ ਦਾ ਨਿਕਾਹ ਫੋਨ ਉਤੇ ਹੀ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ ਜੋ ਪਾਕਿਸਤਾਨ ਰਹਿੰਦਾ ਸੀ।...ਹੁਣ ਅੱਗੇ ਪੜ੍ਹੋ...*

ਅਕਤੂਬਰ 1995 'ਚ ਅਮਜਦ ਅਮਰੀਕਾ ਪਹੁੰਚਿਆ। ਉਸ ਦੀ ਨਵੀਂ ਨਵੇਲੀ ਦੁਲਹਨ ਆਫੀਆ ਸ਼ਿਕਾਗੋ ਏਅਰਪੋਰਟ 'ਤੇ ਉਸ ਨੂੰ ਉਡੀਕ ਰਹੀ ਸੀ। ਉਥੋਂ ਉਹ ਅਮਜਦ ਨੂੰ ਲੈ ਕੇ ਫੌਜ਼ੀਆ ਦੇ ਅਪਾਰਟਮੈਂਟ ਆ ਗਈ। ਫਿਰ ਉਹ ਹੋਟਲ ਚਲੇ ਗਏ। ਤਕਰੀਬਨ ਦੋ ਹਫਤਿਆਂ ਦਾ ਵਕਤ ਉਨ੍ਹਾਂ ਹੋਟਲ 'ਚ ਹੀ ਗੁਜ਼ਾਰਿਆ। ਅਗਲੇ ਦੋ ਕੁ ਮਹੀਨੇ ਉਹ ਫੌਜ਼ੀਆ ਦੇ ਘਰ ਰਹੇ। ਫਿਰ ਉਹ ਬੋਸਟਨ (ਮੈਸਾਚੂਸੈਟਸ) ਚਲੇ ਆਏ। ਇੱਥੇ ਆ ਕੇ ਉਨ੍ਹਾਂ ਕਿਸੇ ਵੱਡੀ ਬਿਲਡਿੰਗ ਦੇ ਹੇਠਲੇ ਲੈਵਲ 'ਤੇ ਨਿੱਕਾ



ਹਰਮਹਿੰਦਰ ਚਹਿਲ
ਫੋਨ: 703-362-3239
e-mail: chahals57@yahoo.com

ਜਿਹਾ ਅਪਾਰਟਮੈਂਟ ਲੈ ਲਿਆ ਤੇ ਆਪਣੀ ਜ਼ਿੰਦਗੀ ਸ਼ੁਰੂ ਕਰ ਦਿੱਤੀ। ਅਮਜਦ ਨੂੰ ਇਹ ਛੋਟਾ ਜਿਹਾ ਅਪਾਰਟਮੈਂਟ ਬਿਲਕੁਲ ਵੀ ਨਾ ਭਾਇਆ। ਉਹ ਵੱਡੇ ਪਰਿਵਾਰ ਅਤੇ ਚੰਗੇ ਖਾਂਦੇ ਪੀਂਦੇ ਘਰ 'ਚੋਂ ਆਇਆ ਸੀ। ਪਾਕਿਸਤਾਨ 'ਚ ਉਹ ਤਿੰਨ ਭਰਾ, ਮਾਂ ਪਿਉ ਨਾਲ ਭਰੇ ਪੂਰੇ ਪਰਿਵਾਰ 'ਚ ਰਹਿੰਦੇ ਸਨ। ਇੱਥੇ ਇਹ ਖੁੱਡ ਜਿਹੀ ਥਾਂ ਉਸ ਨੂੰ ਚੰਗੀ ਨਹੀਂ ਲੱਗਦੀ ਸੀ। ਸਮਾਂ ਪਾ ਕੇ ਉਨ੍ਹਾਂ ਸ਼ਹਿਰ ਤੋਂ ਬਾਹਰ ਛੋਟੇ ਜਿਹੇ ਕਸਬੇ ਮਾਲਡੇਨ ਵਿਚ ਵੱਡੇ ਹਾਈਵੇ 95 ਤੋਂ ਥੋੜ੍ਹਾ ਜਿਹਾ ਹਟਵਾਂ ਕਾਫੀ ਵੱਡਾ ਅਤੇ ਖੁੱਲ੍ਹਾ-ਡੁੱਲ੍ਹਾ ਅਪਾਰਟਮੈਂਟ ਲੈ ਲਿਆ। ਇੱਥੇ ਆ ਕੇ ਅਮਜਦ ਬਹੁਤ ਖੁਸ਼ ਹੋਇਆ। ਉਸ ਦੀ ਵਿਆਹੁਤਾ ਜ਼ਿੰਦਗੀ ਬਹੁਤ ਵਧੀਆ ਢੰਗ ਨਾਲ ਸ਼ੁਰੂ ਹੋਈ ਸੀ। ਉਹ ਆਫੀਆ ਨੂੰ ਜੀ ਜਾਨ ਨਾਲ ਚਾਹੁਣ ਲੱਗਿਆ ਸੀ ਤੇ ਆਫੀਆ ਵੀ ਅਮਜਦ ਨੂੰ ਡੂੰਘੀ ਮੁਹੱਬਤ ਕਰਨ ਲੱਗੀ ਸੀ। ਦੋਹਾਂ ਨੂੰ ਲੱਗਦਾ ਸੀ ਕਿ ਉਹ ਇੱਕ-ਦੂਜੇ ਲਈ ਹੀ ਬਣੇ ਹਨ। ਇਨ੍ਹੀਂ ਦਿਨੀਂ ਦੋਨਾਂ ਵਿਚਕਾਰ ਪਿਆਰ ਮੁਹੱਬਤ ਦੀਆਂ ਗੱਲਾਂ ਹੀ ਨਹੀਂ ਸਨ ਮੁੱਕਦੀਆਂ। ਅਮਜਦ ਨੂੰ ਲੱਗਦਾ ਸੀ ਕਿ ਇਹ ਭੋਲੀ ਭਾਲੀ ਜਿਹੀ ਕੁੜੀ ਕਦੇ ਗੁੱਸੇ ਤਾਂ ਹੁੰਦੀ ਹੀ ਨਹੀਂ ਹੋਣੀ। ਫਿਰ ਇੱਕ ਦਿਨ ਗੱਲਾਂ ਕਰਦਿਆਂ ਆਫੀਆ ਨੇ ਅਚਾਨਕ ਕੁਝ ਅਜਿਹਾ ਕਿਹਾ ਕਿ ਅਮਜਦ ਦੇ ਮੂੰਹ 'ਚ ਕੁੜੱਤਣ ਘੁਲ ਗਈ। ਉਹ ਬੋਲੀ, "ਅਮਜਦ, ਮੈਨੂੰ ਪਿਛਲੀਆਂ ਗਰਮੀਆਂ 'ਚ ਐਫ.ਬੀ.ਆਈ. ਲੱਭਦੀ ਰਹੀ ਸੀ।"

"ਕਿਸ ਸਿਲਸਿਲੇ ਵਿਚ?" ਉਹ ਹੈਰਾਨ ਹੋ ਕੇ ਆਫੀਆ ਵੱਲ ਝਾਕਿਆ।

"ਇਹ ਤਾਂ ਪਤਾ ਨ੍ਹੀਂ, ਪਰ ਮੈਂ ਇੱਕ ਗੱਲ ਦੱਸ ਦਿੰਨੀ ਆਂ ਕਿ ਜੇ ਅਜਿਹਾ ਕਦੇ ਦੁਬਾਰਾ ਹੋਇਆ ਤਾਂ ਮੈਂ ਅਮਰੀਕਾ 'ਚ ਨ੍ਹੀਂ ਰਹਿਣਾ।"

"ਪਰ ਪਤਾ ਤਾਂ ਲੱਗੇ ਕਿ ਗੱਲ ਕੀ ਐ। ਕੋਈ ਤਾਂ ਵਜ੍ਹਾ ਹੋਊਗੀ ਕਿ ਐਫ.ਬੀ.ਆਈ. ਤੇਰੇ ਮਗਰ ਆਈ। ਤੂੰ ਜੋ ਕਹਿ ਰਹੀ ਐਂ ਕਿ ਜੇ ਉਹ ਦੁਬਾਰਾ ਆਏ ਤਾਂ ਤੂੰ ਇੱਥੇ ਨ੍ਹੀਂ ਰਹਿਣਾ, ਤਾਂ ਤੈਨੂੰ ਮਾੜਾ ਮੋਟਾ ਤਾਂ ਸ਼ੱਕ ਹੋਊਗਾ ਈ ਕਿ ਉਹ ਕਿਸ ਗੱਲ ਕਰ ਕੇ ਤੈਨੂੰ ਲੱਭਣ ਆਏ ਸਨ।"

"ਮੈਂ ਕਹਿ ਦਿੱਤਾ ਨਾ ਕਿ ਮੈਨੂੰ ਪਤਾ ਨ੍ਹੀਂ ਐ।" ਇੰਨਾ ਕਹਿ ਕੇ ਆਫੀਆ ਉਠ ਕੇ ਤੁਰ ਗਈ। ਅਮਜਦ ਭੁਚੱਕਿਆਂ ਵਾਂਗੂੰ ਉਸ ਵੱਲ ਵੇਖਦਾ ਰਿਹਾ। ਪਹਿਲੀ ਵਾਰ ਉਹ ਆਫੀਆ ਨੂੰ ਗੁੱਸੇ 'ਚ ਵੇਖ ਰਿਹਾ ਸੀ। ਦੋ ਦਿਨ ਉਹ ਇਸੇ ਤਰ੍ਹਾਂ ਘੁੱਟੀ-ਵੱਟੀ ਜਿਹੀ ਤੁਰੀ ਫਿਰੀ। ਕੁਝ ਦਿਨਾਂ ਪਿੱਛੋਂ ਉਹ ਫਿਰ ਘੁਲ-ਮਿਲ ਗਈ। ਅਮਜਦ ਵੀ ਇਹ ਗੱਲ ਭੁੱਲ ਗਿਆ, ਪਰ ਅਗਲੀ ਵਾਰ ਉਸ ਨੇ ਆਫੀਆ ਦਾ ਹੋਰ ਭਿਆਨਕ ਰੂਪ ਵੇਖਿਆ। ਅਸਲ ਵਿਚ ਇਸ ਤੋਂ ਪਹਿਲਾਂ ਅਮਜਦ ਦਾੜ੍ਹੀ ਵਧਾ ਕੇ ਤੇ ਟ੍ਰਿਮ ਕਰ ਕੇ ਰੱਖਦਾ ਸੀ। ਉਸ ਨੇ ਪਾਕਿਸਤਾਨ ਵਿਚ ਰਹਿੰਦਿਆਂ ਸੁਣਿਆਂ ਹੋਇਆ ਸੀ ਕਿ ਅਮਰੀਕਾ ਵਿਚ ਅਜਿਹੀ ਦਿੱਖ ਵਾਲੇ ਆਦਮੀ ਨੂੰ ਵੱਖਰੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ। ਉਂਜ ਉਹ ਰੋਜ਼ੇ ਵੀ ਰੱਖਦਾ ਸੀ ਤੇ ਨਮਾਜ਼ ਵੀ ਪੜ੍ਹ ਲੈਂਦਾ ਸੀ, ਪਰ ਉਹ ਕੱਟੜ ਨਹੀਂ ਸੀ। ਇਸ ਲਈ ਉਸ ਨੇ ਆਪਣੀ ਸਹੂਲਤ ਲਈ ਇੱਕ ਦਿਨ ਸ਼ੇਵ ਕਰਵਾ ਦਿੱਤੀ। ਉਹ ਘਰ ਆਇਆ ਤਾਂ ਪਹਿਲਾਂ ਤਾਂ ਆਫੀਆ ਉਸ ਨੂੰ ਪਛਾਣ ਹੀ ਨਾ ਸਕੀ। ਫਿਰ ਇੱਕ ਦਮ ਭੜਕੀ, "ਤੈਨੂੰ ਸ਼ਰਮ ਨਾ ਆਈ ਦਾੜ੍ਹੀ ਕਟਵਾਉਂਦੇ ਨੂੰ?"

"ਕਿਉਂ ਇਸ ਵਿਚ ਸ਼ਰਮ ਵਾਲੀ ਕਿਹੜੀ ਗੱਲ ਐ। ਮੈਂ ਕੀ ਕੋਈ ਗੁਨਾਹ ਕਰ ਦਿੱਤਾ?"

"ਮੁਸਲਮਾਨ ਹੋ ਕੇ ਤੂੰ ਮੂੰਹ ਸਫਾ ਚੱਟ ਕਰਵਾਈ ਫਿਰਦਾ ਐਂ ਤੇ ਅਜੇ ਪੁੱਛਦਾ ਐਂ ਕਿ ਕੀ ਗੁਨਾਹ ਕਰ ਦਿੱਤਾ।"

"ਮੈਂ ਇੱਕ ਮਜ਼ਹਬੀ ਆਗੂ ਦੀ ਸਲਾਹ ਲਈ ਸੀ, ਉਸ ਦਾ ਕਹਿਣਾ ਹੈ ਕਿ ਕਿਸੇ ਚੰਗੇ ਕੰਮ ਲਈ ਤੁਹਾਨੂੰ ਦਾੜ੍ਹੀ ਕਟਵਾਉਣੀ ਪਵੇ ਤਾਂ ਤੁਸੀਂ ਕਟਵਾ ਸਕਦੇ ਓ। ਜਦੋਂ ਮੌਕਾ ਮਿਲੇ ਤਾਂ ਫਿਰ ਰੱਖ ਲਉ।"

"ਤੂੰ ਅਜਿਹਾ ਕਿਹੜਾ ਚੰਗਾ ਕੰਮ ਕਰਨ ਲੱਗ ਪਿਐਂ ਕਿ ਦਾੜ੍ਹੀ ਰੱਖਿਆਂ ਉਹ ਕੰਮ ਨ੍ਹੀਂ ਹੋ ਸਕਦਾ ਸੀ?"

"ਆਫੀਆ, ਮੈਂ ਪੜ੍ਹਾਈ ਸ਼ੁਰੂ ਕਰ ਲਈ ਐ, ਹਰ ਰੋਜ਼ ਕਾਲਜ ਜਾਂਦਾ ਹਾਂ। ਮੈਂ ਨ੍ਹੀਂ ਚਾਹੁੰਦਾ ਕਿ ਉਥੇ ਲੋਕ ਮੈਨੂੰ ਹੋਰ ਈ ਨਜ਼ਰਾਂ ਨਾਲ ਵੇਖਣ।"

"ਅੱਛਾ ਤੈਨੂੰ ਮੁਸਲਮਾਨ ਹੋਣ ਕਰ ਕੇ ਸ਼ਰਮ ਆਉਂਦੀ ਐ।"

"ਇਹ ਗੱਲ ਨ੍ਹੀਂ ਐ। ਤੂੰ ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਕਰ।"

ਬਹਿਸ ਵਧਦੀ ਗਈ। ਆਫੀਆ ਕੋਈ ਗੱਲ ਸੁਣਨ ਦੀ ਬਜਾਏ ਭਖਦੀ ਹੀ ਗਈ। ਆਖਰ ਉਹ ਇੰਨੇ ਗੁੱਸੇ 'ਚ ਆ ਗਈ ਕਿ ਨੇੜੇ ਹੁੰਦੀ ਅਮਜਦ ਦੀ ਛਾਤੀ 'ਚ ਮੁੱਕੀਆਂ ਮਾਰਦੀ ਚੀਕਣ ਚਿਲਾਉਣ ਲੱਗੀ। ਪਹਿਲਾਂ ਤਾਂ ਅਮਜਦ ਨੂੰ ਬਹੁਤ ਗੁੱਸਾ ਆਇਆ, ਪਰ ਜਦੋਂ ਉਸ ਨੇ ਵੇਖਿਆ ਕਿ ਆਫੀਆ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਉਸ ਨੂੰ ਜੁਆਕਾਂ ਵਾਂਗ ਕੁੱਟ ਰਹੀ ਹੈ ਤਾਂ ਮਨ ਹੀ ਮਨ ਉਸ ਨੂੰ ਹਾਸਾ ਆਇਆ। ਉਸ ਨੇ ਵਿਰੋਧ ਛੱਡ ਦਿੱਤਾ। ਆਖਰ ਆਫੀਆ ਮੁੱਕੀਆਂ ਮਾਰਦੀ ਹਫ ਗਈ। ਉਸ ਨੇ ਪਲ ਭਰ ਅਮਜਦ ਵੱਲ ਵੇਖਿਆ ਤੇ ਫਿਰ ਉਸ ਦੀ ਛਾਤੀ ਨਾਲ ਲੱਗ ਕੇ ਉਸ ਦੁਆਲੇ ਬਾਹਾਂ ਵਲਦੀ ਉਚੀ ਉਚੀ ਰੋਣ ਲੱਗੀ। ਅਮਜਦ ਨੇ ਉਸ ਨੂੰ ਛਾਤੀ ਨਾਲ ਘੁੱਟ ਲਿਆ। ਉਨ੍ਹਾਂ ਵਿਚਲੀ ਸਾਰੀ ਕੁੜੱਤਣ ਚਲੀ ਗਈ। ਇਸ ਦੇ ਨਾਲ ਹੀ ਅਮਜਦ ਨੂੰ ਉਸ ਦੇ ਰੁੱਸਣ ਅਤੇ ਇਸ ਤਰ੍ਹਾਂ ਆਪੇ ਮੰਨ ਜਾਣ ਦਾ ਨਿਰਾਲਾ ਢੰਗ ਪਿਆਰਾ ਲੱਗਿਆ। ਜ਼ਿੰਦਗੀ ਆਪਣੇ ਢੰਗ ਨਾਲ ਫਿਰ ਚੱਲਣ ਲੱਗੀ, ਪਰ ਆਫੀਆ ਨੇ ਅਮਜਦ ਤੋਂ ਇਹ ਵਾਇਦਾ ਲਿਆ ਕਿ ਉਹ ਛੇਤੀ ਹੀ ਫਿਰ ਤੋਂ ਦਾੜ੍ਹੀ ਵਧਾ ਲਵੇਗਾ। ਕੁਝ ਹੀ ਹਫਤੇ ਲੰਘੇ ਸਨ ਕਿ ਇੱਕ ਦਿਨ ਉਹ ਨਵੀਂ ਸਕੀਮ ਲੈ ਕੇ ਘਰ ਆਈ।

"ਅਮਜਦ, ਮੈਂ ਤੇ ਸੁਲੇਮਾਨ ਅਹਿਮਰ ਨੇ ਕੰਮ ਸੋਚਿਆ ਐ।"

"ਇਹ ਸੁਲੇਮਾਨ ਕੌਣ ਐਂ?"

"ਇਹ ਬੈਨੇਵੋਲੈਂਸ ਇੰਟਰਨੈਸ਼ਨਲ ਜਥੇਬੰਦੀ ਦਾ ਡਾਇਰੈਕਟਰ ਐ। ਤੈਨੂੰ ਪਤਾ ਐ ਕਿ ਮੈਂ ਚੈਰਿਟੀ ਦੇ ਕੰਮ ਦੇ ਸਿਲਸਿਲੇ ਵਿਚ ਅਜਿਹੇ ਲੋਕਾਂ ਨੂੰ ਮਿਲਦੀ ਰਹਿੰਦੀ ਆਂ।"

"ਕੀ ਐ ਤੁਹਾਡਾ ਇਹ ਨਵਾਂ ਖਿਆਲ?"



***ਉਸਾਮਾ ਬਿਨ-ਲਾਦਿਨ ਜਿਸ ਦੀ ਜੀਵਨਸ਼ੈਲੀ ਨੇ ਆਫੀਆ ਨੂੰ ਬਹੁਤ ਪ੍ਰਭਾਵਤ ਕੀਤਾ।***

## ਕੌੜਾ ਸੱਚ

ਅਮਜਦ ਨੇ ਸੋਚਿਆ ਕਿ ਆਫੀਆ ਉਸ ਨੂੰ ਫਿਰ ਤੋਂ ਦਾੜ੍ਹੀ ਵਧਾਉਣ ਜਾਂ ਕੋਈ ਅਜਿਹਾ ਹੀ ਕੰਮ ਕਹੂਗੀ।

"ਕਿਉਂ ਨਾ ਆਪਾਂ ਦੋਨੋਂ ਬੋਸਨੀਆ ਚੱਲੀਏ?"

"ਬੋਸਨੀਆ? ਉਹ ਕਿਉਂ?"

"ਮੈਂ ਉਥੇ ਜਾ ਕੇ ਅਨਾਥਾਂ ਲਈ ਸਕੂਲ ਖੋਲ੍ਹ ਲਊਂਗੀ ਤੇ ਤੂੰ ਕੋਈ ਹਸਪਤਾਲ ਚਲਾ ਲਈਂ। ਕੁਝ ਦੇਰ ਪਿੱਛੋਂ ਆਪਾਂ ਸੱਚਮੁੱਚ ਦੇ ਜਹਾਦ ਵਿਚ ਸ਼ਾਮਲ ਹੋਜਾਂਗੇ।"

ਉਸ ਦੀ ਗੱਲ ਸੁਣ ਕੇ ਅਮਜਦ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਸ ਨੂੰ ਕੋਈ ਗੱਲ ਹੀ ਨਾ ਅਹੁੜੀ। ਉਸ ਦੇ ਤਾਂ ਇਹ ਸੁਣ ਕੇ ਹੀ ਹੋਸ਼ ਗੁੰਮ ਹੋ ਗਏ ਕਿ ਉਸ ਦੀ ਘਰਵਾਲੀ ਜਹਾਦ ਵੱਲ ਇੰਨੀ ਉਲਾਰ ਹੈ। ਉਹ ਕੁਝ ਦੇਰ ਚੁੱਪ ਰਿਹਾ, ਫਿਰ ਬੋਲਿਆ, "ਆਫੀਆ, ਮੈਂ ਇੱਥੇ ਪੜ੍ਹਨ ਆਇਆਂ, ਲੜਨ ਨਹੀਂ। ਮੇਰਾ ਜ਼ਿੰਦਗੀ ਦਾ ਨਿਸ਼ਾਨਾ ਚੰਗੀ ਪੜ੍ਹਾਈ ਕਰ ਕੇ ਮੈਡੀਕਲ ਦੇ ਖੇਤਰ ਵਿਚ ਪ੍ਰੈਕਟਿਸ ਕਰਨ ਦਾ ਐ। ਮੈਂ ਅਜਿਹੇ ਕੰਮਾਂ 'ਚ ਹਿੱਸਾ ਲੈਣ ਵਾਲਾ ਇਨਸਾਨ ਨ੍ਹੀਂ ਆਂ।"

"ਪਰ ਵਿਆਹ ਤੋਂ ਪਹਿਲਾਂ ਤੂੰ ਜਹਾਦ 'ਚ ਸ਼ਾਮਲ ਹੋਣ ਲਈ ਹਾਮੀ ਕਿਉਂ ਭਰੀ ਸੀ ਫਿਰ?"

ਉਸ ਦੀ ਗੱਲ ਸੁਣ ਕੇ ਅਮਜਦ ਨੂੰ ਧੱਕਾ ਲੱਗਿਆ। ਉਸ ਨੂੰ ਉਹ ਵੇਲਾ ਯਾਦ ਆਇਆ ਜਦੋਂ ਮੁਫਤੀ ਸਾਹਿਬ ਨੇ ਉਸ ਨੂੰ ਪੁੱਛਿਆ ਸੀ ਕਿ ਲੋੜ ਪੈਣ 'ਤੇ, ਕੀ ਉਹ ਜਹਾਦ ਵਿਚ ਹਿੱਸਾ ਲਵੇਗਾ ਤੇ ਉਸ ਨੇ ਇਸ ਨੂੰ ਵਿਆਹ ਤੋਂ ਪਹਿਲਾਂ ਦੀ ਮਜ਼ਬੀ ਰਸਮ ਸਮਝਦਿਆਂ 'ਹਾਂ' ਕਹਿ ਦਿੱਤੀ ਸੀ। ਅੱਜ ਉਸ ਨੂੰ ਲੱਗਿਆ ਕਿ ਮੁਫਤੀ ਸਾਹਿਬ ਨੇ ਇਹ ਗੱਲ ਆਫੀਆ ਦੇ ਕਹਿਣ 'ਤੇ ਹੀ ਉਸ ਨੂੰ ਪੁੱਛੀ ਹੋਵੇਗੀ।

"ਤੂੰ ਬੋਲਦਾ ਕਿਉਂ ਨ੍ਹੀਂ? ਕੀ ਸੱਪ ਸੁੰਘ ਗਿਆ ਤੈਨੂੰ?" ਆਫੀਆ ਗਰਮ ਹੋਣ ਲੱਗੀ ਤਾਂ ਅਮਜਦ ਚੁੱਪ ਕਰ ਕੇ ਘਰੋਂ ਬਾਹਰ ਨਿਕਲ ਗਿਆ। ਅਗਲੇ ਦੋ ਦਿਨ ਉਨ੍ਹਾਂ ਵਿਚਕਾਰ ਤਣਾਅ ਰਿਹਾ, ਪਰ ਤੀਜੇ ਦਿਨ ਆਫੀਆ ਨੂੰ ਪਤਾ ਲੱਗਿਆ ਕਿ ਉਹ ਗਰਭਵਤੀ ਹੈ। ਇਸ ਗੱਲ ਨੇ ਉਨ੍ਹਾਂ ਵਿਚਲੀਆਂ ਸਭ ਕੁੜੱਤਣਾ ਦੂਰ ਕਰ ਦਿੱਤੀਆਂ। ਆਫੀਆ ਬੋਸਨੀਆ ਜਾਣ ਵਾਲੀ ਗੱਲ ਭੁੱਲ-ਭੁਲਾ ਗਈ। ਅਮਜਦ ਨੇ ਆਫੀਆ ਦੇ ਗਰਭ ਬਾਰੇ ਆਪਣੇ ਅਤੇ ਉਸ ਦੇ ਮਾਪਿਆਂ ਦੇ ਘਰ ਦੱਸਿਆ ਤਾਂ ਸਾਰੇ ਖੁਸ਼ੀ ਫੈਲ ਗਈ। ਇਸੇ ਦੌਰਾਨ ਆਫੀਆ ਦੀ ਮਾਂ ਨੇ ਅਮਜਦ ਨਾਲ ਆਫੀਆ ਦੇ ਭਵਿੱਖ ਨੂੰ ਲੈ ਕੇ ਗੱਲ ਸ਼ੁਰੂ ਕੀਤੀ, "ਅਮਜਦ, ਆਫੀਆ ਕਹਿ ਰਹੀ ਐ ਕਿ ਹੁਣ ਉਸ ਨੇ ਅੱਗੇ ਪੜ੍ਹਨਾ ਐ?"

"ਹੈਂ, ਇਸ ਹਾਲਤ ਵਿਚ? ਅੰਮੀ ਹੁਣ ਤਾਂ ਉਸ ਨੂੰ ਆਰਾਮ ਕਰਨਾ ਚਾਹੀਦਾ ਐ।"

"ਅਮਜਦ ਤੂੰ ਨ੍ਹੀਂ ਜਾਣਦਾ ਇਸ ਕੁੜੀ 'ਚ ਕਿੰਨੀ ਅਨਰਜੀ ਭਰੀ ਹੋਈ ਐ। ਤੂੰ ਇਸ ਦੀ ਜ਼ਿਦ ਵੀ ਜਾਣਦਾ ਐਂ। ਜੇ ਇਸ ਨੇ ਤੈਅ ਕਰ ਲਿਆ ਕਿ ਇਸ ਨੇ ਹੁਣੇ ਪੜ੍ਹਾਈ ਸ਼ੁਰੂ ਕਰਨੀ ਐਂ ਤਾਂ ਇਹ ਸ਼ੁਰੂ ਕਰ ਕੇ ਹੀ ਰਹੇਗੀ।"

"ਮੈਂ ਤਾਂ ਕਹਿੰਦਾ ਸੀ ਕਿ ਬੱਚੇ ਦੇ ਜਨਮ ਤੱਕ ਇਸ ਨੂੰ ਆਰਾਮ ਕਰਨਾ ਚਾਹੀਦਾ ਐ।"

"ਨ੍ਹੀਂ ਅਮਜਦ, ਇਹ ਜੋ ਕਰਨਾ ਚਾਹੁੰਦੀ ਐ ਕਰਨ ਦੇ। ਤੂੰ ਵੇਖੀਂ ਇਸ ਨੇ ਇਨ੍ਹਾਂ ਹਾਲਾਤ ਵਿਚ ਵੀ ਕਲਾਸ 'ਚੋਂ ਟਾਪ ਕਰ ਜਾਣਾ ਐਂ; ਪਰ ਤੂੰ ਇੱਕ ਗੱਲ ਜ਼ਰੂਰ ਕਰ।"

"ਹਾਂ ਦੱਸੋ?"

"ਮੈਂ ਚਾਹੁੰਨੀ ਆਂ ਕਿ ਇਹ ਡਾਕਟਰ ਬਣੇ, ਕਮ ਸੇ ਕਮ ਇਸ ਦੇ ਨਾਂ ਨਾਲ ਡਾਕਟਰ ਜ਼ਰੂਰ ਲੱਗੇ।"

"ਪਰ ਇਸ ਦਾ ਮੁਢਲਾ ਖੇਤਰ ਤਾਂ ਹੋਰ ਐ। ਫਿਰ ਇਸ ਸਟੇਜ 'ਤੇ ਆ ਕੇ...।"

"ਤੂੰ ਇਸ ਨੂੰ ਕਹਿ ਕਿ ਇਹ ਨਿਊਰੋਸਾਇੰਸ ਦੇ ਖੇਤਰ 'ਚ ਅੱਗੇ ਦੀ ਪੜ੍ਹਾਈ ਕਰੇ।"

"ਅੰਮੀ, ਉਸ ਖੇਤਰ 'ਚ ਤਾਂ ਦਿਮਾਗੀ ਮਿਹਨਤ ਬਹੁਤ ਕਰਨੀ ਪਵੇਗੀ।"

"ਜਦੋਂ ਇਸ ਦੇ ਸਾਹਮਣੇ ਚੈਲਿੰਜ ਹੋਵੇ, ਉਦੋਂ ਹੀ ਇਸ ਦੀ ਸਾਰੀ ਤਾਕਤ ਵਰਤੋਂ 'ਚ ਆਉਂਦੀ ਐ। ਬੱਸ ਤੂੰ ਇਸ ਨੂੰ ਮੇਰੀ ਕਹੀ ਗੱਲ ਮੰਨਵਾ।"

ਇਸ ਪਿੱਛੋਂ ਅਮਜਦ ਨੇ ਆਫੀਆ ਨਾਲ ਗੱਲ ਤੋਰੀ। ਉਸ ਨੇ ਪਹਿਲੀ ਗੱਲ ਤਾਂ ਇਹੀ ਕਹੀ ਕਿ ਉਸ ਨੂੰ ਅੱਗੇ ਪੜ੍ਹਨ ਤੋਂ ਨਾ ਰੋਕਿਆ ਜਾਵੇ। ਨਾਲ ਹੀ ਇਹ ਵੀ ਦੱਸ ਦਿੱਤਾ ਕਿ ਉਸ ਨੂੰ ਅੰਮੀ ਦੀ ਚਾਹਤ ਦਾ ਪਤਾ ਹੈ। ਇਸੇ ਲਈ ਉਸ ਨੇ ਨਿਊਰੋਸਾਇੰਸ ਦੇ ਕਾਗਨੇਟਿਵ ਖੇਤਰ 'ਚ ਪੀਐਚ.ਡੀ. ਕਰਨ ਦਾ ਮਨ ਬਣਾ ਲਿਆ ਹੈ। ਅਮਜਦ ਹੈਰਾਨ ਰਹਿ ਗਿਆ ਜਦੋਂ ਉਸ ਨੂੰ ਪਤਾ ਲੱਗਿਆ ਕਿ ਆਫੀਆ ਨੇ ਆਪਣੇ ਤੌਰ 'ਤੇ ਇਸ ਲਈ ਦਾਖਲਾ ਵੀ ਲੈ ਲਿਆ ਹੈ ਤੇ ਪੜ੍ਹਾਈ ਸ਼ੁਰੂ ਹੋਣ ਵਾਲੀ ਹੈ। ਉਸ ਨੂੰ ਆਪਣੀ ਪਤਨੀ ਦੀ ਕੁਸ਼ਲਤਾ 'ਤੇ ਮਾਣ ਮਹਿਸੂਸ ਹੋਇਆ।

"ਆਫੀਆ ਤੂੰ ਇਸ ਦੇ ਲਈ ਕਿਹੜਾ ਕਾਲਜ ਚੁਣਿਆਂ ਐ?"

"ਮੈਂ ਬਰੈਂਡੀਜ਼ ਯੂਨੀਵਰਸਿਟੀ ਚੁਣੀ ਐਂ। ਮੇਰਾ ਪੜ੍ਹਾਈ ਦਾ ਰਿਕਾਰਡ ਵੇਖਦਿਆਂ ਹੀ ਮੈਨੂੰ ਦਾਖਲਾ ਦਿੱਤਾ ਐ। ਤੈਨੂੰ ਪਤਾ ਈ ਐ ਕਿ ਮਾੜੇ ਮੋਟੇ ਨੂੰ ਤਾਂ ਉਹ ਨੇੜੇ ਦੀ ਵੀ ਨ੍ਹੀਂ ਲੰਘਣ ਦਿੰਦੇ।"

"ਪਰ ਆਫੀਆ ਤੂੰ ਉਥੇ ਕਿਵੇਂ ਅਡਜਸਟ ਕਰੇਂਗੀ? ਤੈਨੂੰ ਪਤਾ ਈ ਐ ਕਿ ਉਹ ਯੂਨੀਵਰਸਿਟੀ ਤਾਂ ਯਹੂਦੀਆਂ ਦੀ ਐ।"

"ਹਾਂ, ਮੈਨੂੰ ਪਤਾ ਐ; ਪਰ ਮੈਨੂੰ ਵੀ ਉਥੇ ਈ ਕੰਮ ਕਰਨ 'ਚ ਮਜ਼ਾ ਆਉਂਦਾ ਐ ਜਿੱਥੇ ਕੁਝ ਵੱਖਰਾ ਕਰਨ ਨੂੰ ਹੋਵੇ। ਤੂੰ ਵੇਖੀਂ ਸਹੀ, ਮੈਂ ਉਨ੍ਹਾਂ ਦੀ ਯੂਨੀਵਰਸਿਟੀ ਦੀ ਅਹੀ ਤਹੀ ਕਿਵੇਂ ਫੇਰਦੀ ਆਂ।"

"ਤੇਰੀ ਮਰਜ਼ੀ ਐ। ਵੈਸੇ ਮੈਨੂੰ ਪਤਾ ਐ ਕਿ ਤੇਰੇ ਲਈ ਦੁਨੀਆਂ 'ਚ ਕੁਝ ਵੀ ਔਖਾ ਨ੍ਹੀਂ ਐ।"

ਬਹਿਸ ਖਤਮ ਹੋ ਗਈ ਤੇ ਆਫੀਆ ਨੇ ਯੂਨੀਵਰਸਿਟੀ ਜਾਣਾ ਸ਼ੁਰੂ ਕਰ ਦਿੱਤਾ। ਬਰੈਂਡੀਜ਼ ਭਾਵੇਂ ਆਪਣੇ ਤੌਰ 'ਤੇ ਧਰਮ ਨਿਰਪੇਖ ਰਹਿਣ ਦੀ ਕੋਸ਼ਿਸ਼ ਕਰਦੀ ਸੀ, ਪਰ ਉਸ ਦੇ ਸਾਰੇ ਤਾਣੇ-ਬਾਣੇ 'ਤੇ ਯਹੂਦੀਆਂ ਦਾ ਸੱਭਿਆਚਾਰ ਭਾਰੂ ਸੀ। ਆਫੀਆ ਵਰਗੀ ਕੱਟੜ ਮੁਸਲਮਾਨ ਲਈ ਤਾਂ ਇੱਥੇ ਅਡਜਸਟ ਕਰਨਾ ਔਖਾ ਹੀ ਸੀ। ਉਂਜ, ਆਫੀਆ ਅੰਦਰੋਂ ਖੁਸ਼ ਸੀ ਕਿਉਂਕਿ ਅਜਿਹੇ

*(ਅਗਲੇ ਸਫੇ 'ਤੇ ਜਾਰੀ)*

ਵਿਰੋਧਾਭਾਸ ਵਿਚੋਂ ਹੀ ਉਸ ਨੂੰ ਮਜ਼ਾ ਆਉਂਦਾ ਸੀ। ਖੈਰ, ਜਦੋਂ ਉਸ ਨੇ ਯੂਨੀਵਰਸਿਟੀ ਜਾਣਾ ਸ਼ੁਰੂ ਕੀਤਾ ਤਾਂ ਉਸ ਵੇਲੇ ਉਹ ਸੱਤ ਮਹੀਨਿਆਂ ਦੀ ਗਰਭਵਤੀ ਸੀ। ਪੜ੍ਹਾਈ ਸ਼ੁਰੂ ਹੁੰਦਿਆਂ ਹੀ ਆਫੀਆ ਨੇ ਯਹੂਦੀ ਸੱਭਿਆਚਾਰ ਬਾਰੇ ਪੜ੍ਹਨਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਉਸ ਨੇ ਇਜ਼ਰਾਇਲ ਦੀ ਇੰਟੈਲੀਜੈਂਸ ਏਜੰਸੀ ਮੁਸਾਦ ਬਾਰੇ ਵੀ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਸ਼ਾਇਦ ਉਹ ਆਪਣੇ ਹੋਣ ਵਾਲੇ ਦੁਸ਼ਮਣ ਬਾਰੇ ਪੂਰੀ ਜਾਣਕਾਰੀ ਲੈ ਲੈਣੀ ਚਾਹੁੰਦੀ ਸੀ। ਉਹ ਇਸਲਾਮੀ ਲਿਬਾਸ 'ਚ ਲਿਪਟੀ ਹੋਈ ਪਹਿਲੇ ਦਿਨ ਕਾਲਜ ਪਹੁੰਚੀ। ਉਸ ਦਾ ਇਸ ਤਰ੍ਹਾਂ ਦਾ ਪਹਿਰਾਵਾ ਜਾਂ ਉਸ ਦਾ ਮੁਸਲਮਾਨ ਹੋਣਾ ਉਸ ਲਈ ਕੋਈ ਮੁਸ਼ਕਿਲ ਪੈਦਾ ਨਹੀਂ ਸੀ ਕਰਦਾ, ਸਗੋਂ ਇੱਕ ਗੱਲ ਹੋਰ ਸੀ।

ਆਫੀਆ ਦੀ ਸੋਚਣੀ ਸੀ ਕਿ ਇਹ ਯੂਨੀਵਰਸਿਟੀ ਆਪਣੇ ਆਪ ਨੂੰ ਧਰਮ ਨਿਰਪੇਖ ਕਹਿੰਦੀ ਹੈ ਜਦੋਂ ਕਿ ਅੰਦਰੋਂ ਇਹ ਬਿਲਕੁਲ ਯਹੂਦੀ ਰੰਗ ਵਿਚ ਰੰਗੀ ਹੋਈ ਹੈ। ਬੱਸ, ਇਸੇ ਗੱਲ ਨੂੰ ਆਧਾਰ ਬਣਾ ਕੇ ਉਹ ਯੂਨੀਵਰਸਿਟੀ ਨਾਲ ਆਢਾ ਲਾਉਣ ਲਈ ਤਿਆਰ ਹੋ ਰਹੀ ਸੀ। ਇਸ ਦਾ ਪਹਿਲਾ ਰੰਗ ਉਸ ਨੇ ਆਪਣੀ ਪਹਿਲੀ ਤਕਰੀਰ ਵਿਚ ਹੀ ਵਿਖਾ ਦਿੱਤਾ। ਹੋਰਨਾਂ ਦੀ ਤਰ੍ਹਾਂ ਉਸ ਨੂੰ ਵੀ ਕਿਸੇ ਖਾਸ ਖੇਤਰ ਵਿਚ ਰਿਸਰਚ ਕਰ ਕੇ ਪਰਚਾ ਲਿਖਣ ਅਤੇ ਪੜ੍ਹਨ ਲਈ ਕਿਹਾ ਗਿਆ। ਉਸ ਦੇ ਪਰਚੇ ਦਾ ਵਿਸ਼ਾ ਸੀ, 'ਪਰੈਗਨੈਂਟ ਵੋਮੈਨ ਐਂਡ ਅਲਕੋਹਲ।' ਉਸ ਨੇ ਆਪਣੇ ਪਰਚੇ 'ਚ ਕਿਹਾ ਕਿ ਗਰਭਵਤੀ ਔਰਤ ਦੇ ਸ਼ਰਾਬ ਪੀਣ ਨਾਲ ਹੋਣ ਵਾਲੇ ਬੱਚੇ ਦੇ ਦਿਮਾਗ 'ਤੇ ਅਸਰ ਪੈਂਦਾ ਹੈ। ਇੱਥੋਂ ਤੱਕ ਤਾਂ ਠੀਕ ਸੀ, ਪਰ ਉਸ ਨੇ ਅੱਗੇ ਕਿਹਾ ਕਿ ਇਸੇ ਕਰ ਕੇ ਤਾਂ ਅੱਲਾ ਨੇ ਕੁਰਾਨ ਵਿਚ ਸ਼ਰਾਬ ਪੀਣ ਦੀ ਮਨਾਹੀ ਕੀਤੀ ਹੋਈ ਹੈ। ਉਸ ਦੇ ਪ੍ਰੋਫੈਸਰ ਇਸ ਗੱਲ ਤੋਂ ਨਾਰਾਜ਼ ਹੋ ਗਏ। ਉਹ ਉਸ ਨੂੰ ਸਮਝਾਉਂਦੇ ਹੋਏ ਬੋਲੇ, "ਵੇਖ ਆਫੀਆ, ਆਪਾਂ ਸਾਇੰਟਿਸਟ ਆਂ। ਆਪਾਂ ਉਹੀ ਗੱਲ ਕਹਿ ਸਕਦੇ ਆਂ ਜੋ ਸਿੱਧ ਕਰ ਸਕਦੇ ਹੋਈਏ। ਡਾਕਟਰਾਂ ਨੇ ਸ਼ਰਾਬ ਪੀਣ ਵਾਲੀਆਂ ਤੇ ਨਾ ਪੀਣ ਵਾਲੀਆਂ, ਗਰਭਵਤੀ ਔਰਤਾਂ 'ਤੇ ਸਟੱਡੀ ਕੀਤੀ ਹੈ। ਇੱਥੋਂ ਹੀ ਇਹ ਗੱਲ ਸਾਬਤ ਹੋ ਕੇ ਸਾਹਮਣੇ ਆਈ ਕਿ ਸ਼ਰਾਬ ਪੀਣ ਵਾਲੀਆਂ ਦੇ ਬੱਚੇ ਦਿਮਾਗੀ ਤੌਰ 'ਤੇ ਸਹੀ ਡਿਵੈਲਪ ਨ੍ਹੀਂ ਹੁੰਦੇ। ਆਪਾਂ ਇਸੇ ਸਟੱਡੀ ਦੇ ਆਧਾਰ 'ਤੇ ਇਹ ਗੱਲ ਕਹਿ ਸਕਦੇ ਆਂ ਕਿ ਪਰੈਗਨੈਂਸੀ ਦੌਰਾਨ ਸ਼ਰਾਬ, ਬੱਚੇ 'ਤੇ ਮਾੜਾ ਅਸਰ ਪਾਉਂਦੀ ਐ।"

"ਨ੍ਹੀਂ ਇਹ ਇਸ ਤਰ੍ਹਾਂ ਨ੍ਹੀਂ ਐ...।" ਉਹ ਉਨ੍ਹਾਂ ਦੀਆਂ ਗੱਲਾਂ ਦਾ ਉਤਰ ਦਿੰਦੀ ਪਲ ਭਰ ਰੁਕੀ ਤੇ ਫਿਰ ਬੋਲਣ ਲੱਗੀ, "ਜੋ ਕੁਛ ਵੀ ਹੈ, ਉਹ ਸਭ ਕੁਰਾਨ ਅੰਦਰ ਦਰਜ ਐ। ਸਾਨੂੰ ਸਾਇੰਟਿਸਟਾਂ ਨੂੰ ਚਾਹੀਦਾ ਐ ਕਿ ਕੁਰਾਨ ਦੀ ਪੜ੍ਹਾਈ ਕਰ ਕੇ ਉਸੇ ਹਿਸਾਬ ਆਪਣੇ ਅੱਗੇ ਦੇ ਕੰਮਾਂ ਨੂੰ ਸੇਧ ਦੇਈਏ।"

ਉਸ ਦੀ ਗੱਲ ਸੁਣ ਕੇ ਪ੍ਰੋਫੈਸਰ ਹੋਰ ਵੀ ਪ੍ਰੇਸ਼ਾਨ ਹੋ ਗਏ। ਉਨ੍ਹਾਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਟੱਸ ਤੋਂ ਮੱਸ ਨਾ ਹੋਈ। ਅਗਾਂਹ ਵੀ ਉਹ ਆਪਣੇ ਪਰਚਿਆਂ 'ਚ ਕੁਰਾਨ 'ਚੋਂ ਲਏ ਕੁਟੇਸ਼ਨ ਵਰਤਦੀ ਰਹੀ। ਇਸ ਨਾਲ ਉਸ ਦਾ ਡਿਪਾਰਟਮੈਂਟ ਉਸ ਨਾਲ ਹੋਰ ਨਾਰਾਜ਼ ਹੁੰਦਾ ਗਿਆ। ਇਸ ਤੋਂ ਵੀ ਅੱਗੇ ਲੰਘਦਿਆਂ ਆਫੀਆ ਨੇ ਇਸ ਯੂਨੀਵਰਸਿਟੀ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ ਕਿ ਮਜ਼ਹਬ ਦੇ ਮਾਮਲੇ ਬਾਰੇ ਆਪਣੇ ਆਪ ਨੂੰ ਨਿਰਲੇਪ ਦੱਸਣ ਵਾਲੀ ਇਹ ਯੂਨੀਵਰਸਿਟੀ ਅਤਿ ਦਰਜੇ ਦੀ ਕੱਟੜ ਹੈ। ਆਖਰ ਉਸ ਨੂੰ ਨੋਟਿਸ ਮਿਲ ਗਿਆ ਕਿ ਜਾਂ ਤਾਂ ਉਹ ਆਪਣੀ ਹੱਦ ਅੰਦਰ ਰਹੇ, ਨਹੀਂ ਤਾਂ ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ। ਉਹ ਡਰੀ ਨਹੀਂ, ਸਗੋਂ ਸਿੱਧੀ ਡੀਨ ਦੇ ਦਫਤਰ ਪਹੁੰਚੀ। ਡੀਨ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਅੱਗਿਓਂ ਹੋਰ ਚਿੜ੍ਹਦੀ ਹੋਈ ਬੋਲੀ, "ਜਾਂ ਤਾਂ ਮੈਨੂੰ ਚੁੱਪ ਕਰ ਕੇ ਮੇਰੀ ਡਾਕਟਰੇਟ ਕਰਨ ਦਿਉ, ਨਹੀਂ ਤਾਂ ਫਿਰ ਮੈਂ ਤੁਹਾਡੇ ਖਿਲਾਫ ਅਜਿਹਾ ਮੋਰਚਾ ਖੋਲਾਂਗੀ ਕਿ ਤੁਹਾਡੀ ਰੈਪੂਟੇਸ਼ਨ ਦੀ ਐਸੀ ਤੈਸੀ ਫੇਰ ਦਿਆਂਗੀ।"

ਉਸ ਦੀ ਗੱਲ ਸੁਣ ਕੇ ਡੀਨ ਨੇ ਪਲ ਭਰ ਸੋਚਿਆ ਤੇ ਫਿਰ ਬੋਲਿਆ, "ਮਿਸ ਆਫੀਆ, ਜੇ ਤੂੰ ਵਾਅਦਾ ਕਰੇਂ ਕਿ ਚੁੱਪ-ਚਾਪ ਆਪਣੀ ਪੜ੍ਹਾਈ ਤੱਕ ਹੀ ਸੀਮਤ ਰਹੇਂਗੀ ਤਾਂ ਮੈਂ ਤੇਰੇ ਡਿਪਾਰਟਮੈਂਟ ਨੂੰ ਹਦਾਇਤ ਕਰ ਦਿੰਦਾ ਆਂ ਕਿ ਤੈਨੂੰ ਨਾਜਾਇਜ਼ ਤੰਗ ਨਾ ਕੀਤਾ ਜਾਵੇ।"

ਆਪਸੀ ਸਹਿਮਤੀ ਤੋਂ ਬਾਅਦ ਗੱਲ ਠੰਢੀ ਤਾਂ ਪੈ ਗਈ, ਪਰ ਡੀਨ ਨੇ ਉਸ ਦੇ ਡਿਪਾਰਟਮੈਂਟ ਨੂੰ ਅੰਦਰ ਖਾਤੇ ਕਹਿ ਦਿੱਤਾ ਕਿ ਜਿਵੇਂ ਕਿਵੇਂ ਕਰ ਕੇ ਵਕਤ ਕਟੀ ਕਰੋ ਤੇ ਇਸ ਆਫਤ ਤੋਂ ਖਹਿੜਾ ਛੁਡਾਉ। ਉਦੋਂ ਨੂੰ ਆਫੀਆ ਦੀ ਮਾਂ ਇਸਮਤ ਪਾਕਿਸਤਾਨ ਤੋਂ ਉਨ੍ਹਾਂ ਕੋਲ ਆ ਗਈ। ਉਹ ਆਫੀਆ ਦੇ ਹੋਣ ਵਾਲੇ ਬੱਚੇ ਕਰ ਕੇ ਉਸ ਦੀ ਮਦਦ ਲਈ ਆਈ ਸੀ। ਇਸ ਕਰ ਕੇ ਆਫੀਆ ਦਾ ਵੀ ਧਿਆਨ ਵੰਡਿਆ ਗਿਆ। ਇਸਮਤ ਨੂੰ ਬੱਚੇ ਦੀ ਸੰਭਾਲ ਕਰਨ ਲਈ ਸਪੈਸ਼ਲ ਵੀਜ਼ਾ ਮਿਲਿਆ ਸੀ ਜਿਸ ਕਰ ਕੇ ਅੱਗੇ ਜਾ ਕੇ ਉਸ ਨੂੰ ਗਰੀਨ ਕਾਰਡ ਵੀ ਮਿਲ ਗਿਆ। ਆਫੀਆ ਨੇ ਮਿੱਥੇ ਵਕਤ ਤੋਂ ਪਹਿਲਾਂ ਹੀ ਆਪਣੀ ਪੜ੍ਹਾਈ ਚੰਗੇ ਨੰਬਰਾਂ 'ਚ ਪਾਸ ਕਰ ਲਈ। ਉਸ ਦਾ ਸਿਰਫ ਲੈਬਾਰਟਰੀ ਕੰਮ ਮੁਕਾਉਣਾ ਰਹਿ ਗਿਆ ਸੀ। ਇਸ ਦੇ ਲਈ ਉਹ ਰਾਤਾਂ ਦੀਆਂ ਸ਼ਿਫਟਾਂ 'ਚ ਆਉਂਦੀ ਜਾਂ ਫਿਰ ਐਤਵਾਰ ਦੇ ਦਿਨ ਆ ਜਾਂਦੀ। ਇੱਥੇ ਜੋ ਉਸ ਦਾ ਇੰਚਾਰਜ ਸੀ, ਉਹ ਪੁਰਾਣੇ ਖਿਆਲਾਂ ਦਾ ਵਡੇਰੀ ਉਮਰ ਦਾ ਯਹੂਦੀ ਸੀ। ਉਸ ਨੂੰ ਆਫੀਆ ਨੇ ਕਿਹਾ ਕਿ ਬੱਚੇ ਕਰ ਕੇ ਉਸ ਲਈ ਦਿਨ ਦੇ ਟਾਈਮ ਆਉਣਾ ਔਖਾ ਹੈ। ਉਸੇ ਨੇ ਆਫੀਆ ਨੂੰ ਆਪਣਾ ਲੈਬ ਵਰਕ ਰਾਤ ਦੀ ਸ਼ਿਫਟ 'ਚ ਜਾਂ ਵੀਕ ਐਂਡ 'ਤੇ ਕਰਨ ਦੀ ਇਜਾਜ਼ਤ ਦੇ ਦਿੱਤੀ। ਆਫੀਆ ਨੇ ਉਸ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ, "ਸਰ, ਤੁਹਾਡੀ ਬੜੀ ਮਿਹਰਬਾਨੀ ਜੋ ਤੁਸੀਂ ਮੇਰੀ ਸਕੈਜੂਅਲ ਬਦਲਣ ਵਿਚ ਮਦਦ ਕੀਤੀ ਐ।"

"ਕੋਈ ਗੱਲ ਨ੍ਹੀਂ ਆਫੀਆ, ਤੂੰ ਮੇਰੀ ਧੀ ਵਰਗੀ ਐਂ। ਤੇਰੀ ਮੱਦਦ ਕਰਨਾ ਮੇਰਾ ਫਰਜ਼ ਐ।"

"ਸਰ ਤੁਸੀਂ, ਤੁਹਾਡੀ ਸੋਚ ਕਰ ਕੇ ਕਿਸੇ ਬਹੁਤ ਹੀ ਮਜ਼੍ਹਬੀ ਮੁਸਲਮਾਨ ਵਰਗੇ ਲੱਗਦੇ ਓ।"

"ਅੱਛਾ, ਇਸਲਾਮ ਵਿਚ ਵੀ ਇਸ ਤਰ੍ਹਾਂ ਹੀ ਸੋਚਿਆ ਜਾਂਦਾ ਹੈ?"

"ਹਾਂ ਸਰ, ਤੁਸੀਂ ਇਸਲਾਮ ਬਾਰੇ ਕੋਈ ਕਿਤਾਬ ਪੜ੍ਹ ਕੇ ਤਾਂ ਵੇਖੋ।"

"ਚੰਗਾ, ਕਦੇ ਤੈਨੂੰ ਕੋਈ ਚੰਗੀ ਜਿਹੀ ਕਿਤਾਬ ਮਿਲੀ ਤਾਂ ਮੇਰੇ ਲਈ ਲੈਂਦੀ ਆਵੀਂ। ਮੈਂ ਜ਼ਰੂਰ ਪੜ੍ਹਾਂਗਾ।"

ਇਸ ਪਿੱਛੋਂ ਆਫੀਆ ਨੇ ਉਸ ਦੇ ਘਰ ਵੱਡੇ ਵੱਡੇ ਮੁਸਲਮਾਨ ਸਕਾਲਰਾਂ ਦੀਆਂ ਕਿਤਾਬਾਂ ਦੇ ਢੇਰ ਲਾ ਦਿੱਤੇ, ਪਰ ਉਸ ਨੂੰ ਪੜ੍ਹਨ ਦੀ ਵਿਹਲ ਕਿੱਥੇ ਸੀ! ਉਧਰ ਆਫੀਆ ਸਮਝਦੀ ਸੀ ਕਿ ਉਹ ਇਹ ਸਾਰੀਆਂ ਕਿਤਾਬਾਂ ਬੜੀ ਰੁਚੀ ਨਾਲ ਪੜ੍ਹ ਰਿਹਾ ਹੈ। ਇੱਕ ਦਿਨ ਉਸ ਨੇ ਪੁੱਛ ਲਿਆ, "ਸਰ, ਤੁਹਾਨੂੰ ਕਿਵੇਂ ਲੱਗੀਆਂ ਇਹ ਕਿਤਾਬਾਂ?"

"ਚੰਗੀਆਂ ਹਨ। ਚੰਗੇ ਵਿਚਾਰ ਹਨ ਇਨ੍ਹਾਂ ਲੇਖਕਾਂ ਦੇ।" ਉਸ ਨੇ ਪੜ੍ਹੀ ਭਾਵੇਂ ਇਕ ਵੀ ਕਿਤਾਬ ਨਹੀਂ ਸੀ ਪਰ ਆਫੀਆ ਦਾ ਦਿਲ ਰੱਖਣ ਲਈ ਇਹ ਗੱਲ ਕਹਿ ਦਿੱਤੀ। ਇਸ ਤੋਂ ਉਤਸ਼ਾਹਤ ਹੋ ਕੇ ਆਫੀਆ ਉਸ ਦੇ ਘਰ ਜਾਣ ਲੱਗ ਪਈ। ਟੀਚਰ ਨੂੰ ਉਸ ਬਾਰੇ ਜ਼ਿਆਦਾ ਪਤਾ ਨਹੀਂ ਸੀ ਪਰ ਉਸ ਦਾ ਭੋਲਾਪਣ ਚੰਗਾ ਲੱਗਦਾ ਸੀ। ਉਹ ਉਸ ਨੂੰ ਆਮ ਹੀ ਕਹਿ ਦਿੰਦਾ ਕਿ ਤੂੰ ਤਾਂ ਮੇਰੀ ਧੀ ਐਂ। ਜਦੋਂ ਲੈਬ ਵਰਕ ਖਤਮ ਹੋ ਗਿਆ ਤਾਂ ਆਫੀਆ ਇੱਕ ਦਿਨ ਉਸ ਦੇ ਘਰ ਗਈ। ਆਮ ਗੱਲਾਂ-ਬਾਤਾਂ ਹੋਈਆਂ। ਫਿਰ ਉਹ ਬੋਲੀ, "ਸਰ, ਤੁਸੀਂ ਮੈਨੂੰ ਆਪਣੀ ਧੀ ਮੰਨਦੇ ਓਂ?"

"ਹਾਂ, ਮੈਂ ਤੈਨੂੰ ਆਪਣੀ ਧੀ ਸਮਝਦਾ ਆਂ।"

"ਸਰ ਫਿਰ ਆਪਣੀ ਧੀ ਦੀ ਇੱਕ ਗੱਲ ਮੰਨ ਲਉ।"

"ਹਾਂ, ਬੋਲ ਬੇਟੇ।"

"ਤੁਸੀਂ ਇਸਲਾਮ ਅਪਨਾ ਲਉ।"

"ਹੈਂ!!" ਇਹ ਗੱਲ ਸੁਣ ਕੇ ਉਸ ਦਾ ਰੰਗ ਉਡ ਗਿਆ। ਉਸ ਨੂੰ ਪਲ ਭਰ ਕੋਈ ਗੱਲ ਈ ਨਾ ਅਹੁੜੀ। ਉਹ ਭੁਚੱਕਾ ਜਿਹਾ ਆਫੀਆ ਵੱਲ ਝਾਕਿਆ। ਉਹ ਮੁਸਕਰਾ ਰਹੀ ਆਫੀਆ ਦੇ ਚਿਹਰੇ ਵੱਲ ਵੇਖ ਰਿਹਾ ਸੀ। ਨਾਲ ਹੀ ਉਹ ਇਸ ਮਾਸੂਮ ਮੁਸਕਰਾਹਟ ਦੇ ਪਿੱਛੇ ਛੁਪੇ ਚਿਹਰੇ ਨੂੰ ਪਛਾਣ ਰਿਹਾ ਸੀ।

"ਮਿਸ ਆਫੀਆ, ਹੁਣ ਤੂੰ ਜਾ ਸਕਦੀ ਐਂ। ਆਪਣਾ ਲੈਬ ਵਰਕ ਮੁੱਕ ਗਿਆ ਐ। ਆਪਣਾ ਟੀਚਰ ਅਤੇ ਵਿਦਿਆਰਥੀ ਦਾ ਨਾਤਾ ਵੀ ਖਤਮ ਹੋ ਚੁੱਕਿਆ ਐ। ਮੈਂ ਚਾਹੂੰਗਾ ਕਿ ਤੂੰ ਮੈਨੂੰ ਅੱਗੇ ਜ਼ਿੰਦਗੀ 'ਚ ਕਦੇ ਵੀ ਨਾ ਮਿਲੇਂ।" ਇੰਨਾ ਕਹਿੰਦਿਆਂ ਉਹ ਉਠਿਆ। ਆਫੀਆ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲੀ ਤਾਂ ਟੀਚਰ ਨੇ ਭੜਾਕ ਦੇਣੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ।




***ਵਾਚ ਸਿਟੀ ਵਜੋਂ ਮਸ਼ਹੂਰ ਸ਼ਹਿਰ ਵਾਲਦਮ (ਮੈਸਾਚੂਸੈਟਸ) ਵਿਖੇ 1948 ਵਿਚ ਸਥਾਪਤ ਹੋਈ ਬਰੈਂਡੀਜ਼ ਯੂਨੀਵਰਸਿਟੀ ਜਿੱਥੇ ਆਫੀਆ ਨੇ ਦਾਖਲਾ ਲਿਆ। ਇਹ ਯੂਨੀਵਰਸਿਟੀ ਯਹੂਦੀਆਂ ਦੀ ਖੋਲ੍ਹੀ ਹੋਈ ਸੀ।***

ਉਧਰ, ਅਫਗਾਨਿਸਤਾਨ ਵਿਚ ਬਹੁਤ ਕੁਝ ਬਦਲ ਰਿਹਾ ਸੀ। ਸੋਵੀਅਤ ਯੂਨੀਅਨ ਦੇ ਉਥੋਂ ਨਿਕਲ ਜਾਣ ਤੋਂ ਬਾਅਦ ਵੱਖੋ-ਵੱਖਰੇ ਗਰੁੱਪਾਂ ਦੇ ਸਿਪਾਹ-ਸਲਾਰ ਰਲ-ਮਿਲ ਕੇ ਸਰਕਾਰ ਚਲਾ ਰਹੇ ਸਨ। ਫਿਰ ਉਥੇ ਨਵੀਂ ਜਥੇਬੰਦੀ ਪੈਦਾ ਹੋ ਗਈ। ਇਸ ਨਵੀਂ ਜਥੇਬੰਦੀ ਨੂੰ ਤਾਲਿਬਾਨ ਯਾਨਿ ਵਿਦਿਆਰਥੀ ਚਲਾ ਰਹੇ ਸਨ। ਅਫਗਾਨਿਸਤਾਨ ਤੋਂ ਆਏ ਰਿਫਊਜੀਆਂ ਦੇ ਬੱਚਿਆਂ ਲਈ ਪਾਕਿਸਤਾਨ ਵਿਚ ਜੋ ਮਦਰੱਸੇ ਖੋਲ੍ਹੇ ਗਏ ਸਨ, ਇਨ੍ਹਾਂ ਅੰਦਰ ਉਨ੍ਹਾਂ ਨੂੰ ਮਜ਼ਹਬੀ ਤਾਲੀਮ ਦੇਣ ਦੇ ਨਾਲ-ਨਾਲ ਲੜਾਈ ਲਈ ਵੀ ਤਿਆਰ ਕੀਤਾ ਗਿਆ ਸੀ। ਅਫਗਾਨਿਸਤਾਨ ਦੇ ਜਿਸ ਮੰਨੇ-ਪ੍ਰਮੰਨੇ ਮਜ਼ਹਬੀ ਰਹਿਨੁਮਾ ਦੀ ਅਗਵਾਈ ਵਿਚ ਇਹ ਕੰਮ ਹੋਇਆ ਸੀ, ਉਸ ਦਾ ਨਾਂ ਸੀ ਮੁੱਲਾ ਉਮਰ। ਮੁੱਲਾ ਉਮਰ ਨੇ ਸੋਵੀਅਤ ਯੂਨੀਅਨ ਨਾਲ ਲੜਾਈ ਵੇਲੇ ਵੱਡਾ ਰੋਲ ਅਦਾ ਕੀਤਾ ਸੀ। ਮੁੱਲਾ ਉਮਰ ਦੇ ਤਾਲਿਬਾਨ ਨੂੰ ਪਾਕਿਸਤਾਨ ਤੋਂ ਬਿਨਾਂ ਸਾਊਦੀ ਅਰਬ ਸਰਕਾਰ ਦੀ ਪੂਰੀ ਹਮਾਇਤ ਹਾਸਲ ਸੀ। ਖੈਰ, ਜਦੋਂ ਉਸ ਨੇ ਆਪਣੇ ਤਾਲਿਬਾਨ ਦੀ ਫੌਜ, ਅਫਗਾਨਿਸਤਾਨ ਅੰਦਰ ਉਤਾਰੀ ਤਾਂ ਉਥੇ ਦੇ ਵਾਰ ਲੌਰਡਾਂ ਨੂੰ ਭਾਜੜਾਂ ਪੈ ਗਈਆਂ। ਤਾਲਿਬਾਨ ਨੌਜਵਾਨ ਅਤੇ ਬੜੇ ਜੋਸ਼ੀਲੇ ਸਨ ਜੋ ਇਨ੍ਹਾਂ ਵਾਰ ਲੌਰਡਾਂ ਦੀਆਂ ਫੌਜਾਂ ਨੂੰ ਹਰ ਫਰੰਟ 'ਤੇ ਹਾਰ ਦਿੰਦੇ ਚਲੇ ਗਏ। ਆਖਰ 1995 'ਚ ਆ ਕੇ ਤਾਲਿਬਾਨ ਨੇ ਵਾਰ ਲੌਰਡਾਂ ਦਾ ਲੱਕ ਤੋੜ ਦਿੱਤਾ ਅਤੇ ਅਫਗਾਨਿਸਤਾਨ ਦੇ ਉਤਰ ਵੱਲ ਦੇ ਥੋੜ੍ਹੇ ਜਿਹੇ ਇਲਾਕੇ ਨੂੰ ਛੱਡ ਕੇ ਸਾਰੇ ਅਫਗਾਨਿਸਤਾਨ 'ਤੇ ਆਪਣਾ ਕਬਜ਼ਾ ਜਮਾ ਲਿਆ। ਲੋਕਾਂ ਨੂੰ ਲੱਗਿਆ ਕਿ ਹੁਣ ਪੁਰਾਣੇ ਲੀਡਰਾਂ ਦੀਆਂ ਵਹਿਸ਼ੀ ਕਾਰਵਾਈਆਂ ਤੋਂ ਖਹਿੜਾ ਛੁੱਟ ਜਾਵੇਗਾ, ਪਰ ਇਹ ਉਨ੍ਹਾਂ ਦਾ ਭੁਲੇਖਾ ਸਾਬਤ ਹੋਇਆ। ਤਾਲਿਬਾਨ ਨੇ ਆਉਂਦਿਆਂ ਹੀ ਅਜਿਹੇ ਸ਼ਰੀਅਤ ਕਾਨੂੰਨ ਲਾਗੂ ਕੀਤੇ ਕਿ ਲੋਕਾਂ ਦਾ ਸਾਹ ਲੈਣਾ ਵੀ ਔਖਾ ਹੋ ਗਿਆ। ਇਨ੍ਹਾਂ ਨਵੇਂ ਕਾਨੂੰਨਾਂ ਨੇ ਖਾਸ ਕਰ ਔਰਤ ਦਾ ਤਾਂ ਗਲਾ ਹੀ ਦਬਾ ਦਿੱਤਾ। ਹਰ ਖੇਤਰ ਵਿਚ ਉਨ੍ਹਾਂ ਦੀ ਆਜ਼ਾਦੀ ਖਤਮ ਕਰ ਦਿੱਤੀ ਗਈ। ਔਰਤਾਂ ਦੇ ਸਕੂਲ ਕਾਲਜ ਬੰਦ ਕਰ ਦਿੱਤੇ ਗਏ। ਔਰਤਾਂ ਨੂੰ ਨੌਕਰੀ ਕਰਨ ਤੋਂ ਰੋਕ ਦਿੱਤਾ ਗਿਆ। ਇਕੱਲੀ ਔਰਤ ਦੇ ਘਰੋਂ ਨਿਕਲਣ 'ਤੇ ਪਾਬੰਦੀ ਲਾ ਦਿੱਤੀ ਗਈ। ਬਿਨਾਂ ਕਿਸੇ ਨੇੜਲੇ ਰਿਸ਼ਤੇਦਾਰ ਦੇ ਉਹ ਘਰੋਂ ਬਾਹਰ ਨਹੀਂ ਜਾ ਸਕਦੀ ਸੀ। ਔਰਤਾਂ ਉਤੇ ਬੱਸ ਪਾਬੰਦੀਆਂ ਹੀ ਪਾਬੰਦੀਆਂ ਸਨ। ਹਾਰ-ਸ਼ਿੰਗਾਰ 'ਤੇ ਪਾਬੰਦੀ, ਚੰਗਾ ਪਹਿਨਣ 'ਤੇ ਪਾਬੰਦੀ। ਉਚੀ ਅੱਡੀ ਦੇ ਸੈਂਡਲ ਪਾਉਣ 'ਤੇ ਪਾਬੰਦੀ। ਬਾਹਰ ਕਿਧਰੇ ਵੀ ਉਚੀ ਹੱਸਣ 'ਤੇ ਪਾਬੰਦੀ। ਗੀਤ-ਸੰਗੀਤ ਦੇ ਸਟੋਰ ਵਗੈਰਾ ਅੱਗ ਲਾ ਕੇ ਸਾੜ ਦਿੱਤੇ ਗਏ। ਖ਼ਬਰਾਂ ਤੋਂ ਬਿਨਾਂ ਰੇਡੀਉ ਤੋਂ ਹੋਰ ਪ੍ਰੋਗਰਾਮ ਰੋਕ ਦਿੱਤੇ ਗਏ ਅਤੇ ਸਿਨੇਮਾ ਘਰ ਬੰਦ ਕਰ ਦਿੱਤੇ ਗਏ। ਗਾਉਣਾ ਨੱਚਣਾ ਬੰਦ। ਸਾਹਿਤ, ਕਵਿਤਾ ਆਦਿ ਦੀਆਂ ਕਿਤਾਬਾਂ ਬੰਦ। ਗੱਲ ਕੀ, ਕੋਈ ਅਜਿਹਾ ਖੇਤਰ ਨਹੀਂ ਸੀ ਜਿੱਥੇ ਮਜ਼ਹਬੀ ਪਾਬੰਦੀ ਨਾ ਲੱਗੀ ਹੋਵੇ।

ਤਾਲਿਬਾਨ ਦੀ ਇਸ ਲੀਡਰਸ਼ਿਪ ਨੂੰ ਪਾਕਿਸਤਾਨ ਦੀ ਪੂਰੀ ਸਰਪ੍ਰਸਤੀ ਹਾਸਲ ਸੀ। ਪਾਕਿਸਤਾਨ ਦਾ ਮਜ਼ਹਬੀ ਗਰੁਪ ਦਿਉਬੰਦੀ ਇਸ ਸਾਰੀ ਲਹਿਰ ਦੇ ਪਿੱਛੇ ਸੀ। ਆਫੀਆ ਦੇ ਪਰਿਵਾਰ ਦਾ ਇਸੇ ਦਿਉਬੰਦੀ ਨਾਲ ਸਬੰਧ ਸੀ। ਸੋ, ਆਫੀਆ ਇਸ ਸਭ ਨੂੰ ਬੜੀ ਰੁਮਾਂਚਤਕਾ ਨਾਲ ਵੇਖ ਰਹੀ ਸੀ। ਜਦੋਂ ਤਾਲਿਬਾਨ ਨੇ ਮਨੁੱਖੀ ਹੱਕਾਂ ਦਾ ਘਾਣ ਕਰਨ ਦੀ ਕੋਈ ਕਸਰ ਨਾ ਛੱਡੀ ਤਾਂ ਯੂ.ਐਨ.ਓ. ਨੇ ਅਫਗਾਨਿਸਤਾਨ ਨੂੰ ਸਾਰੀ ਮੱਦਦ ਬੰਦ ਕਰ ਦਿੱਤੀ। ਇਸ ਤੋਂ ਚਿੜ੍ਹ ਕੇ ਕੱਟੜ ਲੀਡਰਾਂ ਨੇ ਅਲ-ਰਸ਼ੀਦ ਨਾਂ ਦੀ ਜਥੇਬੰਦੀ ਸ਼ੁਰੂ ਕਰ ਲਈ ਜਿਸ ਦਾ ਕੰਮ ਤਾਲਿਬਾਨ ਲਈ ਫੰਡਾਂ ਦਾ ਪ੍ਰਬੰਧ ਕਰਨਾ ਸੀ। ਇਸ ਨੇ ਆਪਣੇ ਅਖਬਾਰ ਵੀ ਕੱਢ ਦਿੱਤੇ। ਆਫੀਆ ਇਸ ਸਭ ਦੇ ਹੱਕ ਵਿਚ ਸੀ। ਉਸ ਨੇ ਇਨ੍ਹਾਂ ਅਖਬਾਰਾਂ ਲਈ ਕਈ ਲੇਖ ਵੀ ਲਿਖੇ। ਇਸੇ ਦਰਮਿਆਨ ਅਮਰੀਕਾ ਨੇ ਅਫਗਾਨ ਸਰਕਾਰ ਨੂੰ ਆਗਾਹ ਕੀਤਾ ਕਿ ਉਹ ਸਾਊਦੀ ਅਰਬ ਦੇ ਕਰੋੜਪਤੀ ਇੰਤਹਾਪਸੰਦ ਉਸਾਮਾ ਬਿਨ-ਲਾਦਿਨ ਨੂੰ ਪਨਾਹ ਦੇਣੀ ਬੰਦ ਕਰੇ, ਪਰ ਤਾਲਿਬਾਨ ਸਰਕਾਰ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਾ ਕੀਤੀ। ਆਫੀਆ ਇਸ ਗੱਲ ਕਰ ਕੇ ਵੀ ਤਾਲਿਬਾਨ ਦੇ ਹੱਕ ਵਿਚ ਨਿੱਤਰੀ। ਉਸ ਦੇ ਲਈ ਉਸਾਮਾ ਬਿਨ-ਲਾਦਿਨ ਹੀਰੋ ਸੀ।

ਉਸਾਮਾ ਬਿਨ-ਲਾਦਿਨ ਪਹਿਲੀ ਵਾਰ ਅਮਰੀਕਾ ਦੀਆਂ ਨਜ਼ਰਾਂ ਵਿਚ 1993 'ਚ ਉਦੋਂ ਆਇਆ ਜਦੋਂ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਅੰਦਰ ਰਮਜ਼ੀ ਯੂਸਫ ਦੁਆਰਾ ਕੀਤੇ ਗਏ ਬੰਬ ਧਮਾਕੇ ਵਾਲਾ ਕੇਸ ਸ਼ੁਰੂ ਹੋਇਆ। ਜਾਂਚ ਵਿਚ ਪਤਾ ਲੱਗਾ ਕਿ ਆਪਣੀ ਰੂਪੋਸ਼ ਜ਼ਿੰਦਗੀ ਦੌਰਾਨ ਰਮਜ਼ੀ ਯੂਸਫ, ਉਸਾਮਾ ਦੇ ਗੈਸਟ ਹਾਊਸ ਵਿਚ ਠਹਿਰਦਾ ਰਿਹਾ ਸੀ। ਉਸਾਮਾ ਸਾਊਦੀ ਅਰਬ ਦਾ ਅਮੀਰ ਬੰਦਾ ਸੀ ਅਤੇ ਅਫਗਾਨਿਸਤਾਨ ਵਿਚ ਸੋਵੀਅਤ ਯੂਨੀਅਨ ਖਿਲਾਫ ਲੜਦਾ ਰਿਹਾ ਸੀ। ਪਿੱਛੋਂ ਉਸ ਨੂੰ ਉਸ ਦੀ ਆਪਣੀ, ਸਾਊਦੀ ਅਰਬ ਦੀ ਸਰਕਾਰ ਨੇ ਬਗਾਵਤੀ ਕਾਰਵਾਈਆਂ ਕਾਰਨ ਮੁਲਕ 'ਚੋਂ ਕੱਢ ਦਿੱਤਾ ਸੀ। ਉਹ ਕੁਝ ਦੇਰ ਸੁਡਾਨ ਰਿਹਾ ਅਤੇ ਮੁੱਲਾਂ ਉਮਰ ਦੀ ਤਾਲਿਬਾਨ ਸਰਕਾਰ ਬਣਨ ਪਿੱਛੋਂ ਉਸ ਨੇ ਅਫਗਾਨਿਸਤਾਨ ਵਿਚ ਡੇਰੇ ਲਾ ਲਏ।

ਆਫੀਆ ਨੂੰ ਉਸਾਮਾ ਬਿਨ-ਲਾਦਿਨ ਦੀ ਜੀਵਨ ਸ਼ੈਲੀ ਨੇ ਬਹੁਤ ਪ੍ਰਭਾਵਤ ਕੀਤਾ। ਜਦੋਂ ਉਹ ਭੁੰਝੇ ਬੈਠ ਕੇ ਖਾ ਰਿਹਾ ਹੁੰਦਾ ਜਾਂ ਆਪਣੇ ਸਾਥੀਆਂ ਨਾਲ ਜੰਗਲਾਂ 'ਚ ਭਟਕ-ਭੌਂ ਰਿਹਾ ਹੁੰਦਾ ਤਾਂ ਆਫੀਆ ਦੀਆਂ ਅੱਖਾਂ ਭਰ ਆਉਂਦੀਆਂ। ਉਹ ਸੋਚਦੀ ਕਿ ਜੇ ਇਹ ਚਾਹੇ ਤਾਂ ਕਿਸੇ ਸ਼ਹਿਜਾਦੇ ਵਾਲੀ ਜ਼ਿੰਦਗੀ ਬਤੀਤ ਕਰ ਸਕਦਾ ਹੈ, ਪਰ ਇਸ ਨੇ ਸਭ ਕੁਝ ਮਜ਼ਹਬ ਨੂੰ ਅਰਪਣ ਕਰ ਦਿੱਤਾ ਹੈ। ਆਫੀਆ ਦੇ ਦਿਲ 'ਚ ਮੁਹੰਮਦ ਸਾਹਿਬ ਤੋਂ ਪਿੱਛੋਂ ਜੇ ਕਿਸੇ ਦੀ ਇੱਜ਼ਤ ਸੀ ਤਾਂ ਉਹ ਉਸਾਮਾ ਬਿਨ-ਲਾਦਿਨ ਦੀ ਸੀ।

***(ਚਲਦਾ)***

# ਕਾਵਿ-ਜਗਤ

## ਕਬਿਤ

ਨਿੱਕੇ ਹੁੰਦੇ ਕੋਟਲਾ ਛਪਾਕੀ ਜਦੋਂ ਖੇਡਦੇ ਸੀ
ਕਦੀ ਨਾ ਸੀ ਸੋਚਿਆ ਕਿ ਇਹ ਵੀ ਦਿਨ ਆਉਣਗੇ।
ਤਾਏ, ਚਾਚੇ, ਭੂਆ, ਮਾਮੇ, ਭੈਣਾਂ ਤੇ ਭਰਾਵਾਂ ਵਿਚ
ਟੁੱਟਣੇ ਨੇ ਰਿਸ਼ਤੇ ਤੇ ਨਾਤੇ ਮੁੱਕ ਜਾਣਗੇ।
ਉਦੋਂ ਇਵੇਂ ਲੱਗਦਾ ਸੀ ਸਾਰਾ ਕੁਝ ਈ ਚੰਗਾ ਰਹਿਣੈ,
ਇਵੇਂ ਈ ਸਾਰੇ ਹੱਸਾਂਗੇ ਤੇ ਇਵੇਂ ਹੀ ਸਾਰੇ ਗਾਉਣਗੇ।
'ਕੱਠਿਆਂ ਹੀ ਬੈਠ ਕੇ ਮਨਾਵਾਂਗੇ ਵਿਸਾਖੀ ਸਦਾ,
'ਕੱਠੇ ਸਾਰੇ ਦੀਵੇ ਵੀ ਦੀਵਾਲੀ ਦੇ ਜਗਾਉਣਗੇ।

'ਕੱਠੀਆਂ ਧਰੇਕਾਂ ਅਤੇ 'ਕੱਠੇ ਸਦਾ ਵਿਹੜੇ ਰਹਿਣੇ
'ਕੱਠੀਆਂ ਜ਼ਮੀਨਾਂ ਅਤੇ 'ਕੱਠੇ ਰਹਿਣਾ ਖੂਹਾਂ ਨੇ।
ਧੀਆਂ ਸਾਰੇ ਪਿੰਡ ਦੀਆਂ ਸਭ ਦੀਆਂ ਸਾਂਝੀਆਂ
ਤੇ ਇੱਜ਼ਤਾਂ ਵਧਾਉਣੀਆਂ ਨੇ ਪਿੰਡ ਦੀਆਂ ਨੂੰਹਾਂ ਨੇ।
'ਕੱਠੀਆਂ ਹੀ ਕੰਧਾਂ ਅਤੇ 'ਕੱਠੇ ਹੀ ਬਨੇਰੇ ਰਹਿਣੇ,
'ਕੱਠੀਆਂ ਹੀ ਰਹਿਣੈ ਸਦਾ ਰੱਬ ਜਹੀਆਂ ਰੂਹਾਂ ਨੇ।
'ਕੱਠੀਆਂ ਹੀ ਰੂੜੀਆਂ ਤੇ ਪਿੱਪਲਾਂ ਵੀ 'ਕੱਠੇ ਰਹਿਣਾ,
'ਕੱਠੇ ਰਹਿਣੈ ਮੇਰੇ ਪਿੰਡ ਦੀਆਂ ਜੂਹਾਂ ਨੇ।

ਸਾਂਝੇ ਰਹਿਣੇ ਹਾਸੇ ਤੇ ਦਿਲਾਸੇ ਭਰਵਾਸੇ ਸਾਰੇ,
ਸਾਂਝੀਆਂ ਹੀ ਪੀੜਾਂ ਅਤੇ ਸਾਂਝੇ ਰਹਿਣੇ ਦੁੱਖ ਨੇ।
ਸਾਂਝੇ ਰਹਿਣੇ ਭੰਗੜੇ ਤੇ ਗਿੱਧੇ ਸਾਡੇ ਸਾਂਝੇ ਰਹਿਣੇ,
ਸਾਂਝੀਆਂ ਹੀ ਸੱਧਰਾਂ ਤੇ ਸਾਂਝੇ ਰਹਿਣੇ ਸੁੱਖ ਨੇ।
ਨਿੰਮਾਂ ਅਤੇ ਟਾਹਲੀਆਂ ਦੀ ਛਾਂ ਸਦਾ ਸਾਂਝੀ ਰਹਿਣੀ,
ਸਾਂਝੇ ਰਹਿਣੇ ਥੜ੍ਹੇ ਅਤੇ ਸਾਂਝੇ ਰਹਿਣੇ ਰੁੱਖ ਨੇ।

ਰੱਬ ਸਾਡਾ ਸਾਂਝਾ ਅਤੇ ਸਾਂਝੇ ਪਰਿਵਾਰ ਸਾਡੇ,
ਪਿੰਡ ਅਤੇ ਦੇਸ਼ ਸਾਂਝਾ, ਸਾਂਝੇ ਹੀ ਮਨੁੱਖ ਨੇ।

ਐਸੀ ਕੋਈ ਹਵਾ ਚੱਲੀ ਚੰਦਰੀ ਕੁਲਹਿਣੀ ਜਿਹੀ,
ਸੁੱਕ ਗਈ ਧਰਤੀ ਅਤੇ ਮੁੱਕ ਗਏ ਨੇ ਰਿਸ਼ਤੇ।
ਭੈਣ ਨਾ ਕੋਈ ਭਾਈ ਬਚੇ ਸਹੁਰਾ ਨਾ ਜਵਾਈ ਬਚੇ,
ਬਾਪ ਤੇ ਨਾ ਮਾਈ ਬਚੇ ਟੁੱਟ ਗਏ ਨੇ ਰਿਸ਼ਤੇ।
ਜੇਲ੍ਹਾਂ ਵਾਂਗ ਘਰਾਂ ਵਿਚ ਮਾਪੇ ਹੁਣ ਕੈਦ ਹੋਏ,
ਬੱਚੇ ਨੇ ਅਵਾਰਾ ਅਤੇ ਟੁੱਟ ਰਹੇ ਨੇ ਰਿਸ਼ਤੇ।
ਮਾਇਆ ਨੇ ਵਿਛਾਇਆ ਜਾਲ ਬੰਦਾ ਹੈ ਕੰਗਾਲ ਹੋਇਆ,
ਆਪਣੀਆਂ ਜੜ੍ਹਾਂ ਆਪੇ ਪੁੱਟ ਰਹੇ ਨੇ ਰਿਸ਼ਤੇ।

ਜਦੋਂ ਕਦੀ ਯਾਦ ਕਰਾਂ ਵੱਡੇ ਵੱਡੇ ਹਉਕੇ ਭਰਾਂ,
ਪਤਾ ਨਹੀਂ ਗਵਾਚ ਗਿਐ ਕਿਥੇ ਮੇਰਾ ਬਚਪਨ।
ਉਚੀ ਉਚੀ 'ਵਾਜ਼ਾਂ ਮਾਰਾਂ ਹਰ ਵੇਲੇ ਦਿਆਂ ਟਾਹਰਾਂ,
ਜਾਵੇ ਕੋਈ ਲੱਭ ਕੇ ਲਿਆਵੇ ਮੇਰਾ ਬਚਪਨ।
ਠੰਢੀ ਠੰਢੀ ਹਵਾ ਚੱਲੇ ਨਦੀ ਦੇ ਕਿਨਾਰੇ ਉਤੇ,
ਬਹਿ ਕੇ ਘਰ ਰੇਤ ਦੇ ਬਣਾਵੇ ਮੇਰਾ ਬਚਪਨ।
ਘਰ ਦੇਵਾਂ ਬਾਹਰ ਦੇਵਾਂ ਸਾਰਾ ਸੰਸਾਰ ਦੇਵਾਂ,
ਜੇ ਕੋਈ ਮੈਨੂੰ ਆਣ ਕੇ ਮਿਲਾਵੇ ਮੇਰਾ ਬਚਪਨ।

ਬੰਦਾ ਬੇ-ਈਮਾਨ ਹੋਇਆ ਰੱਜ ਕੇ ਸ਼ੈਤਾਨ ਹੋਇਆ,
ਕਰਦੈ ਦਿਖਾਵਾ ਪਰ ਰੱਬ ਵੱਲ ਕੰਡ ਹੈ।
ਸ਼ਕਲ ਹੈ ਮੋਮਨਾਂ ਦੀ ਕੰਮ ਕਰੇ ਕਾਫ਼ਰਾਂ ਦੇ,
ਹਉਮੈ ਤੇ ਹੰਕਾਰ ਵਾਲੀ ਅੱਗ ਪ੍ਰਚੰਡ ਹੈ।
ਨਰਕ ਅਠਾਰ੍ਹਾਂ ਸਾਰੇ ਧਰਤੀ 'ਤੇ ਆ ਗਏ ਨੇ।
ਨਰਕਾਂ ਦੇ ਵਿਚ ਸੜ ਰਿਹਾ ਬ੍ਰਹਿਮੰਡ ਹੈ।
ਆਪਣੇ ਹੀ ਕਰਮਾਂ ਦਾ ਫਲ ਬੰਦਾ ਭੋਗ ਰਿਹੈ,
ਇਹੋ ਇਹਦੀ ਸਜ਼ਾ ਹੈ ਤੇ ਇਹੋ ਇਹਦਾ ਦੰਡ ਹੈ।

ਪਤਾ ਨਹੀਂ ਕੀ ਹੋ ਗਿਆ ਹੈ ਅੱਜ ਦੇ ਜ਼ਮਾਨੇ ਤਾਈਂ,
ਹਰ ਇਕ ਬੰਦਾ ਹੋਈ ਜਾਂਦਾ ਬੇਲਿਹਾਜ ਹੈ।
ਨਿੱਕੇ ਅਤੇ ਵੱਡੇ ਸਾਰੇ ਇਕੋ ਰਾਹੇ ਪੈ ਗਏ ਨੇ,
ਨਾ ਹੀ ਕੋਈ ਸ਼ਰਮ ਤੇ ਨਾ ਹੀ ਕੋਈ ਲਾਜ ਹੈ।
ਰਾਜ ਇਥੇ ਗੁੰਡਿਆਂ ਦੇ ਤਾਜ ਇਥੇ ਗੁੰਡਿਆਂ ਦੇ,
ਗੁੰਡਿਆਂ ਨੇ ਦੱਸੋ ਕੀ ਬਚਾਵਣਾ ਸਮਾਜ ਹੈ।
ਰੱਬ ਕੋਲੋਂ ਡਰੋ ਰੱਬ ਮਾਰਦਾ ਹੈ ਮਾਰ ਬੁਰੀ,
ਰੱਬ ਦੀ ਜੋ ਡਾਂਗ ਉਹਦੀ ਹੁੰਦੀ ਨਾ ਆਵਾਜ਼ ਹੈ।

ਲੱਖਾਂ ਅਹਿਸਾਨ ਕਰੋ ਲੱਖਾਂ ਤਕਲੀਫ਼ਾਂ ਜਰੋ,
ਫਿਰ ਵੀ ਕਿਸੇ ਦਾ ਕੋਈ ਬਣਦਾ ਨਾ ਮੀਤ ਹੈ।
ਝੂਠਾ ਹੈ ਸਮਾਜ ਇਥੇ ਝੂਠਿਆਂ ਦੇ ਰਾਜ ਇਥੇ,
ਝੂਠੇ ਸਾਰੇ ਰਿਸ਼ਤੇ ਤੇ ਝੂਠੀ ਇਥੇ ਪ੍ਰੀਤ ਹੈ।
ਸੱਚ ਸਦਾ 'ਕੱਲਾ ਸੀ ਤੇ ਸਦਾ ਇਹਨੇ 'ਕੱਲਾ ਰਹਿਣੈ,
ਸੱਚ ਹੈ ਗ਼ਜ਼ਲ ਮੇਰੀ ਸੱਚ ਮੇਰਾ ਗੀਤ ਹੈ।
ਗੁਰੂ ਤੇਰੇ ਨਾਲ ਉਹਦਾ ਹੱਥ ਤੇਰੇ ਸਿਰ 'ਤੇ ਹੈ,
ਸਦਾ ਸੱਚ ਬੋਲ ਤੇਰਾ ਨਾਮ 'ਸੁਰਜੀਤ' ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਜੋ ਹਰਿ ਪ੍ਰਭ ਭਾਣਾ ਸੋ ਥੀਆ...

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਜਿਵੇਂ ਪੰਛੀ ਉਡਦੇ ਤਾਂ ਅਸਮਾਨ ਵਿਚ ਨੇ, ਪਰ ਉਨ੍ਹਾਂ ਦਾ ਰੈਣ-ਬਸੇਰਾ ਧਰਤੀ ਉਤੇ ਹੁੰਦਾ ਹੈ; ਇਸੇ ਤਰ੍ਹਾਂ ਇਨਸਾਨ ਜਿੰਨੀਆਂ ਮਰਜ਼ੀ ਪ੍ਰਵਾਜ਼ਾਂ ਭਰ ਲਵੇ ਪਰ ਉਹ ਹਮੇਸ਼ਾ ਜੁੜਿਆ ਆਪਣੀ ਜਨਮ ਭੋਇੰ ਨਾਲ ਹੁੰਦਾ ਹੈ। ਅੱਜ ਤੱਕ ਕੋਈ ਵੀ ਆਪਣੀ ਜ਼ਿੰਦਗੀ ਵਿਚ ਖੁਸ਼ੀ ਨਾਲ ਨੱਚਦਾ ਨਹੀਂ ਮਿਲੇਗਾ। ਗੱਲਾਂ ਕਰਦੇ-ਕਰਦੇ ਅਖੀਰ ਵਿਚ ਕਹਿ ਦੇਵੇਗਾ, "ਬਾਕੀ ਤਾਂ ਪਰਮਾਤਮਾ ਨੇ ਸਭ ਕੁਝ ਦੇ ਦਿੱਤਾ, ਬੱਸ ਆਹ ਛੋਟੇ ਦੇ ਰੱਬ ਮੁੰਡਾ ਦੇ ਦੇਵੇ, ਫਿਰ ਸਭ ਠੀਕ ਹੋ ਜਾਊ।" ਇਕ ਦਾ ਨਹੀਂ, ਸਾਡਾ ਸਾਰਿਆਂ ਦਾ ਇਹੀ ਹਾਲ ਹੈ। ਇਕ ਮੰਗ ਪੂਰੀ ਹੋਈ ਤਾਂ ਅਗਲੀ ਤਿਆਰ ਹੋ ਜਾਂਦੀ ਹੈ, ਤੇ ਮੰਗਦਿਆਂ ਦੀ ਸਾਡੀ ਜ਼ਿੰਦਗੀ ਮੁੱਕ ਜਾਂਦੀ ਹੈ। ਦੁੱਖਾਂ ਦੀ ਜਿਹੜੀ ਕਹਾਣੀ ਅੱਜ ਲਿਖਣ ਲੱਗਿਆ ਹਾਂ, ਸ਼ਾਇਦ ਤੁਸੀਂ ਵੀ ਪੜ੍ਹ ਕੇ ਇਹੀ ਸੋਚੋਗੇ ਕਿ ਹੇ ਪਰਮਾਤਮਾ! ਹੋਰ ਦੇਣ ਨਾਲੋਂ ਜਿਹੜੀਆਂ ਦਾਤਾਂ ਦਿੱਤੀਆਂ ਨੇ, ਉਨ੍ਹਾਂ ਦੀ ਸਲਾਮਤੀ ਬਖ਼ਸ਼ੀਂ!!

ਰੋਜ਼ੀ ਰੋਟੀ ਦੇ ਹੀਲੇ ਲੱਗਾ ਪ੍ਰਗਟ ਕੈਨੇਡਾ ਤੋਂ ਅਮਰੀਕਾ ਟਰੱਕ ਲੈ ਕੇ ਆਉਂਦਾ ਹੈ। ਤਿੰਨ ਸਾਲ ਪਹਿਲਾਂ ਕਿਸੇ ਪੰਜਾਬੀ ਢਾਬੇ ਤੋਂ ਉਸ ਦੇ ਹੱਥ 'ਪੰਜਾਬ ਟਾਈਮਜ਼' ਅਖ਼ਬਾਰ ਲੱਗ ਗਿਆ ਅਤੇ ਉਹ ਵੀ ਇਸ ਦਾ ਪੱਕਾ ਪਾਠਕ ਬਣ ਗਿਆ। ਹੁਣ ਜਿੱਥੇ ਵੀ ਹੁੰਦੈ, ਆਪਣੇ ਨਵੇਂ ਤਕਨੀਕ ਵਾਲੇ ਫੋਨ 'ਤੇ ਅਖ਼ਬਾਰ ਪੜ੍ਹ ਲੈਂਦਾ ਹੈ। ਪ੍ਰਗਟ ਮੈਨੂੰ ਪਿਛਲੇ ਹਫਤੇ ਇਕ ਟਰੱਕ ਸਟਾਪ 'ਤੇ ਮਿਲਿਆ ਅਤੇ ਆਪਣੀ ਦੁੱਖਾਂ ਭਰੀ ਕਹਾਣੀ ਇੰਜ ਸੁਣਾਈ:

ਮੇਰੀ ਵੱਡੀ ਭੈਣ ਗਿਆਨੋ, ਮੈਂ ਤੇ ਛੋਟੀ ਭੈਣ ਤਾਰੋ ਤਿੰਨੇ ਜਣੇ ਅਜੇ ਛੋਟੇ-ਛੋਟੇ ਹੀ ਸਾਂ ਜਦੋਂ ਬੇਬੇ ਅੱਖਾਂ ਮੀਟ ਗਈ। ਇਕ ਸਾਲ ਤਾਂ ਬਾਪੂ, ਬੇਬੇ ਨੂੰ ਯਾਦ ਕਰ ਕੇ ਰੋਂਦਾ ਰਿਹਾ ਤੇ ਸਾਨੂੰ ਹਿੱਕ ਨਾਲ ਲਾਉਂਦਾ ਰਿਹਾ, ਫਿਰ ਬਾਪੂ ਨੇ ਦੂਜਾ ਵਿਆਹ ਕਰਵਾਉਣ ਦੀ ਸਲਾਹ ਬਣਾ ਲਈ। ਸਾਡੇ ਪਿੰਡੋਂ ਹੀ ਕਿਸੇ ਨੇ ਬਾਪੂ ਦਾ ਦੂਜਾ ਵਿਆਹ ਕਰਵਾ ਦਿੱਤਾ। ਮਤਰੇਈ ਮਾਂ ਦੇ ਦੋ ਨਿਆਣੇ ਵੀ ਨਾਲ ਆ ਗਏ। ਸਾਡੇ ਹਾਣੀ ਹੀ ਮੁੰਡਾ ਜੰਟਾ ਤੇ ਕੁੜੀ ਸ਼ਿੰਦੋ। ਹੁਣ ਬਾਪੂ ਤੇ ਮਤਰੇਈ ਮਾਂ ਦੇ ਦੋ ਹੋ ਗਏ, ਤੇ ਅਸੀਂ ਨਿਆਣੇ ਪੰਜ। ਮਹੀਨਾ ਤਾਂ ਮਤਰੇਈ ਨੇ ਵਧੀਆ ਕੱਢਿਆ ਪਰ ਬਾਅਦ ਵਿਚ ਫਿਰ ਮਤਰੇਈਆਂ ਵਾਲਾ ਆਦਾ ਲਾਉਣਾ ਸ਼ੁਰੂ ਕਰ ਦਿੱਤਾ। ਮਤਰੇਈ ਮਾਂ ਬੇਬੇ ਨਾਲੋਂ ਸਨੁੱਖੀ ਤਾਂ ਕੁਝ ਜ਼ਿਆਦਾ ਸੀ, ਪਰ ਬੇਬੇ ਨਾਲੋਂ ਸਚਿਆਰੀ ਕਿਤੇ ਘੱਟ ਸੀ। ਰੋਟੀ ਟੁੱਕ ਦੇ ਆਹਰ ਵਿਚ ਮੇਰੀਆਂ ਭੈਣਾਂ ਅੱਗੇ ਹੁੰਦੀਆਂ ਤੇ ਖਾਣ ਵਕਤ ਜੰਟਾ ਤੇ ਸ਼ਿੰਦੋ। ਗਿਆਨੋ ਨੇ ਕਈ ਵਾਰ ਕਹਿਣਾ, "ਬੇਬੇ, ਪਹਿਲਾਂ ਰੋਟੀ ਪ੍ਰਗਟ ਵੀਰ ਨੂੰ ਦੇ ਆਵਾਂ?" ਅੱਗਿਓਂ ਮਤਰੇਈ ਮਾਂ ਨੇ ਪੰਜਾਹ ਬੋਲ ਬੋਲਣੇ। ਜਿਹੜੇ ਵਕਤ ਗਿਆਨੋ ਦੇ ਹੱਥ ਕਿਤਾਬਾਂ ਹੋਣੀਆਂ ਚਾਹੀਦੀਆਂ ਸਨ, ਉਸ ਵਕਤ ਵਿਚਾਰੀ ਦੇ ਸਿਰ ਗੋਹੇ ਦੀ ਟੋਕਰੀ ਰੱਖ ਦਿੱਤੀ। ਬਾਪੂ ਨੇ ਮੈਨੂੰ ਤਾਂ ਪੰਜ ਸੱਤ ਸਾਲ ਪੜ੍ਹਨ ਭੇਜ ਦਿੱਤਾ, ਪਰ ਗਿਆਨੋ ਤੇ ਤਾਰੋ ਤਾਂ ਵਿਚਾਰੀਆਂ ਕਾਇਦਾ ਵੀ ਨਾ ਟੱਪੀਆਂ। ਬਾਪੂ ਮੇਰਾ ਮੇਰੇ ਨਾਨਕਿਆਂ ਤੋਂ ਡਰਦਾ ਸੀ ਪਰ ਮਤਰੇਈ ਦੇ ਪੇਕਿਆਂ ਦੀ ਸ਼ਹਿ 'ਤੇ ਸਾਨੂੰ ਕੁੱਟਣੋਂ ਬਾਜ਼ ਨਹੀਂ ਸੀ ਆਉਂਦਾ। ਦੁੱਖਾਂ ਦੀ ਭੱਠੀ ਵਿਚ ਤੜਫਦਿਆਂ ਅਸੀਂ ਵੱਡੇ ਹੋ ਗਏ। ਹੁਣ ਮੈਨੂੰ ਪੂਰੀ ਸਮਝ ਆ ਗਈ ਸੀ। ਮੈਂ ਮਤਰੇਈ ਮਾਂ ਦਾ ਪਹਿਲਾ ਸਹੁਰਾ ਪਿੰਡ ਘੁੰਮ ਆਇਆ। ਅੜਬ ਸੁਭਾਅ ਕਰ ਕੇ ਮਤਰੇਈ ਦਾ ਉਥੋਂ ਛੱਡ-ਛਡਾ ਹੋ ਗਿਆ ਸੀ।

ਜੰਟਾ ਤੇ ਸ਼ਿੰਦੋ ਤਾਂ ਸਕੂਲ ਜਾਂਦੇ ਪਰ ਅਸੀਂ ਤਿੰਨੇ ਜਣੇ ਪਿਓ ਨਾਲ ਖੇਤੀ ਦਾ ਕੰਮ ਕਰਵਾਉਂਦੇ। ਬਾਈ! ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ, ਮੇਰੀਆਂ ਭੈਣਾਂ ਜਦੋਂ ਮੀਂਹ ਵਿਚ ਪੱਠੇ ਵੱਢਦੀਆਂ, ਬਿਜਲੀ ਗੜ੍ਹਕਦੀ, ਉਹ ਦੋਵੇਂ ਮੈਨੂੰ ਆਪਣੀ ਬੁੱਕਲ ਵਿਚ ਲੈ ਲੈਂਦੀਆਂ ਕਿ ਬਿਜਲੀ ਸਾਡੇ 'ਤੇ ਡਿੱਗ ਪਵੇ, ਪਰ ਪ੍ਰਗਟ ਵੀਰ ਨੂੰ ਕੁਝ ਨਾ ਹੋਵੇ। ਗਿਆਨੋ ਭੈਣ ਮੁਟਿਆਰ ਹੋ ਗਈ, ਮੇਰੀ ਬੇਬੇ ਵਾਂਗ ਉਹ ਬੜੀ ਸਚਿਆਰੀ ਨਿਕਲੀ। ਇਕ ਦਿਨ ਮਤਰੇਈ ਮਾਂ ਨੇ ਗਿਆਨੋ ਦੇ ਥੱਪੜ ਮਾਰਿਆ ਤੇ ਮੈਂ ਮਤਰੇਈ ਦਾ ਭੂਤ ਕੱਢ ਦਿੱਤਾ। ਉਸ ਦਿਨ ਤੋਂ ਮਤਰੇਈ ਮਾਂ ਮੇਰੀ ਮਾਂ ਤੋਂ ਵੀ ਸਿਆਣੀ ਹੋ ਗਈ।

ਹੁਣ ਬੇਬੇ ਗਿਆਨੋ ਦਾ ਦਾਜ ਬਣਾਉਣ ਲਈ ਗਿਆਨੋ ਨੂੰ ਕਹਿੰਦੀ। ਦਾਜ ਬਣਾਉਂਦਿਆਂ ਹੀ ਗਿਆਨੋ ਵਾਸਤੇ ਫੌਜੀ ਮੁੰਡਾ ਮਿਲ ਗਿਆ। ਗਿਆਨੋ ਰੋਂਦੀ ਕੁਰਲਾਉਂਦੀ ਡੋਲੀ ਬੈਠ ਸਹੁਰੇ ਘਰ ਤੁਰ ਗਈ। ਅਜੇ ਗਿਆਨੋ ਦੇ ਸਹੁਰਿਆਂ ਨਾਲ ਘੁਲੇ-ਮਿਲੇ ਵੀ ਨਹੀਂ ਸੀ ਕਿ ਸਾਡਾ ਬਾਪੂ ਪੂਰਾ ਹੋ ਗਿਆ। ਬਾਪੂ ਦੇ ਹਲ ਦੀ ਮੁੰਨੀ ਮੇਰੇ ਹੱਥ ਆ ਗਈ। ਅਜੇ ਮੈਂ ਕਬੀਲਦਾਰੀ ਦੇ ਟੇਢੇ-ਮੇਢੇ ਸਿਆੜ ਕੱਢ ਕੇ ਕਬੀਲਦਾਰੀ ਦਾ ਹਲ ਸਿੱਖ ਹੀ ਰਿਹਾ ਸੀ ਕਿ ਕਾਰਗਿਲ ਦੀ ਜੰਗ ਲੱਗ ਗਈ। ਗਿਆਨੋ ਦਾ ਪ੍ਰਾਹੁਣਾ ਇਸ ਜੰਗ ਵਿਚ ਸ਼ਹੀਦ ਹੋ ਗਿਆ। ਸਿਖਰ ਦੁਪਹਿਰੇ ਸਾਡੇ 'ਤੇ ਬਿਜਲੀ ਡਿੱਗ ਪਈ। ਪ੍ਰਾਹੁਣੇ ਦਾ ਜੋ ਕੁਝ ਮਿਲਿਆ, ਉਸ ਦੇ ਭਰਾ ਰੱਖ ਗਏ ਜਾਂ ਬੇਬੇ-ਬਾਪੂ ਨੇ ਸਾਂਭ ਲਿਆ। ਗਿਆਨੋ ਫਿਰ ਵਾਪਸ ਆ ਗਈ। ਗਿਆਨੋ ਨੂੰ ਦੇਖ ਕੇ ਮਨ ਬਹੁਤ ਦੁਖੀ ਹੁੰਦਾ, ਪਰ ਬੰਦਾ ਕੀ ਕਰੇ? ਸਭ ਮੁਕੱਦਰਾਂ ਦੀ ਖੇਡ ਹੁੰਦੀ ਹੈ!

ਗਿਆਨੋ ਦਾ ਦੁੱਖ ਹਿੱਕ 'ਤੇ ਰੱਖ ਕੇ ਤਾਰੋ ਲਈ ਮੁੰਡਾ ਲੱਭਿਆ। ਉਨ੍ਹਾਂ ਕੋਲ ਦੋ ਮਿੰਨੀ ਬੱਸਾਂ ਸਨ। 'ਚੱਲੋ ਕੁੜੀ ਮੌਜ ਕਰੇਗੀ', ਕਹਿੰਦਿਆਂ ਤਾਰੋ ਦੇ ਹੱਥ ਪੀਲੇ ਕੀਤੇ। ਤਾਰੋ ਦਾ ਵਿਆਹ ਕਰ ਕੇ ਮੈਂ ਗਿਆਨੋ ਨੂੰ ਦੁਬਾਰਾ ਤੋਰਨਾ ਚਾਹੁੰਦਾ ਸੀ, ਪਰ ਉਹ ਅਜੇ ਦੁਬਾਰਾ ਵਿਆਹ ਕਰਵਾਉਣ ਨੂੰ ਮੰਨਦੀ ਨਹੀਂ ਸੀ। ਤਾਰੋ ਨੂੰ ਵਿਆਹਿਆਂ ਸਾਲ ਕੁ ਹੋਇਆ ਕਿ ਉਸ ਦੇ ਦੋ ਜੋੜੀਆਂ ਕੁੜੀਆਂ ਹੋ ਗਈਆਂ। ਰੱਬ ਨੇ ਦੁੱਖਾਂ 'ਤੇ ਮਲ੍ਹਮਾਂ ਨਹੀਂ ਲਾਈਆਂ ਸਗੋਂ ਲੂਣ ਪਾਇਆ। ਅਜੇ ਤਾਂ ਪੰਜੀਰੀ ਦੇ ਕੇ ਆਏ ਹੀ ਸੀ ਕਿ ਤਾਰੋ ਦੇ ਕਰੰਟ ਲੱਗਣ ਨਾਲ ਉਸ ਦੀ ਮੌਤ ਹੋ ਗਈ। ਛੇ ਮਹੀਨਿਆਂ ਦੀਆਂ ਕੁੜੀਆਂ ਸੰਭਾਲਣੀਆਂ ਔਖੀਆਂ ਹੋ ਗਈਆਂ। ਫਿਰ ਇਕ ਦਿਨ ਤਾਰੋ ਦਾ ਸੱਸ-ਸਹੁਰਾ ਆਏ ਤੇ ਉਨ੍ਹਾਂ ਨੇ ਹੱਥ ਜੋੜਦਿਆਂ ਗਿਆਨੋ ਦਾ ਰਿਸ਼ਤਾ ਮੰਗ ਲਿਆ।

ਗਿਆਨੋ ਪਹਿਲਾਂ ਤਾਂ ਮੰਨਦੀ ਨਹੀਂ ਸੀ, ਛੋਟੀਆਂ ਬੱਚੀਆਂ ਦਾ ਵਾਸਤਾ ਪਾ ਕੇ ਉਸ ਨੂੰ ਵਿਆਹ ਲਈ ਮਨਾ ਲਿਆ। ਚਾਰ ਲਾਵਾਂ ਦੇ ਕੇ ਗਿਆਨੋ ਤੋਰ ਦਿੱਤੀ। ਤਾਰੋ ਦੇ ਸਹੁਰੇ ਵੀ ਚੰਗੇ ਸਨ, ਜਿਨ੍ਹਾਂ ਨੇ ਇਹ ਕਾਰਜ ਸਿਰੇ ਲਾਇਆ ਸੀ। ਹੁਣ ਸ਼ਿੰਦੋ ਵੀ ਪੜ੍ਹਨੋਂ ਹਟ ਗਈ। ਮਾਂ ਕਹਿੰਦੀ, 'ਪ੍ਰਗਟਾ, ਇਹਦੇ ਲਈ ਮੁੰਡਾ ਲੱਭ ਤੇ ਇਹਨੂੰ ਵੀ ਤੋਰ ਦੇਈਏ। ਭੈਣਾਂ ਵਿਆਹੁੰਦਿਆਂ ਮੈਂ ਸੋਚਦਾ ਕਿ ਜਿੰਨਾ ਦੁੱਖ ਮੈਨੂੰ ਹੁਣ ਮਿਲ ਰਿਹਾ ਹੈ, ਇੰਨਾ ਦੁੱਖ ਤਾਂ ਮਾਂ ਮਰੀ ਦਾ ਵੀ ਨਾ ਹੁੰਦਾ, ਜੇ ਬਾਪੂ ਦੂਜਾ ਵਿਆਹ ਨਾ ਕਰਾਉਂਦਾ। ਬਹੁਤਾ ਜ਼ਿਆਦਾ ਸੁੱਖ ਤਾਂ ਬਾਪੂ ਨੇ ਵੀ ਨਹੀਂ ਭੋਗਿਆ, ਉਹ ਵੀ ਜ਼ਿੰਦਗੀ ਨਾਲ ਦੋ-ਚਾਰ ਹੁੰਦਾ ਹੋਇਆ ਮੈਨੂੰ ਕਬੀਲਦਾਰੀ ਦੇ ਭਾਰ ਹੇਠ ਦੱਬ ਗਿਆ।

ਖ਼ੈਰ! ਮੈਂ ਸ਼ਿੰਦੋ ਲਈ ਡੁਬਈ ਤੋਂ ਆਇਆ ਮੁੰਡਾ ਪਸੰਦ ਕਰ ਲਿਆ। ਸ਼ਿੰਦੋ ਦੇ ਵਿਆਹ 'ਤੇ ਮੈਂ ਖਰਚਾ ਆਪਣੀਆਂ ਭੈਣਾਂ ਨਾਲੋਂ ਜ਼ਿਆਦਾ ਕੀਤਾ। ਮਾਂ ਵੀ ਇਸ ਸਭ ਨੂੰ ਦੇਖ ਰਹੀ ਸੀ ਕਿ ਮੈਂ ਇਨ੍ਹਾਂ ਨਾਲ ਕੀ ਕਰਦੀ ਰਹੀ, ਤੇ ਇਹ ਮੇਰੀ ਧੀ 'ਤੇ ਜਾਨ ਵਾਰਨ ਤੱਕ ਜਾਂਦਾ ਹੈ। ਸ਼ਿੰਦੋ ਆਪਣੇ ਘਰ ਖੁਸ਼ ਸੀ। ਸਾਨੂੰ ਉਸ ਵੱਲੋਂ ਠੰਢੀ ਹਵਾ ਆਉਂਦੀ ਸੀ। ਮਾਂ ਤਾਂ ਠੀਕ ਰਹਿੰਦੀ ਸੀ, ਪਰ ਜੰਟਾ ਕਈ ਵਾਰ ਸ਼ਰਾਬ ਪੀ ਕੇ ਤੂੰ-ਤੂੰ, ਮੈਂ-ਮੈਂ ਕਰਨ ਲੱਗ ਜਾਂਦਾ ਸੀ। ਮਨ ਬੜਾ ਦੁਖੀ ਹੁੰਦਾ ਕਿ 'ਬਾਪੂ, ਤੇਰੇ ਬੀਜੇ ਕੰਡੇ ਮੈਨੂੰ ਚੁਗਣੇ ਪੈ ਰਹੇ ਨੇ।' ਮਾਂ ਮੁੜ-ਮੁੜ ਕਹਿੰਦੀ, "ਪ੍ਰਗਟਾ! ਮੈਨੂੰ ਨਹੀਂ ਲੱਗਦਾ ਜੰਟੇ ਨੂੰ ਕੋਈ ਰਿਸ਼ਤਾ ਦੇਊ। ਪੁੱਤ, ਤੂੰ ਹੀ ਵਿਆਹ ਕਰਾ ਲੈ। ਮੈਨੂੰ ਵੀ ਕੰਮ ਤੋਂ ਛੁੱਟੀ ਮਿਲ ਜਾਊਗੀ।" ਮੈਂ ਮਾਂ ਨੂੰ ਬਹਾਨੇ ਲਾ ਛੱਡਦਾ।

ਫਿਰ ਮੈਂ ਡੇਅਰੀ ਦੁੱਧ ਪਾਉਣ ਗਿਆ ਤਾਂ ਪਿੰਡ ਦਾ ਪੰਚ ਕਹਿੰਦਾ, "ਪ੍ਰਗਟ, ਆਹ ਦੇਖ ਅਖ਼ਬਾਰ ਵਿਚ ਕੈਨੇਡਾ ਦਾ ਰਿਸ਼ਤਾ ਤੇਰੇ ਲਈ।" ਇਸ਼ਤਿਹਾਰ ਵਿਚਲੇ ਫੋਨ 'ਤੇ ਮੈਂ ਕਾਲ ਕਰ ਦਿੱਤੀ। ਕੁੜੀ ਵਾਲਿਆਂ ਨੇ ਗੱਲਬਾਤ ਕਰਨ ਲਈ ਦਿਨ ਰੱਖ ਲਿਆ। ਪੰਚ ਵਿਚੋਲਾ ਬਣ ਗਿਆ। ਗੱਲ ਸ਼ਾਇਦ ਹਾਸੇ ਮਜ਼ਾਕ 'ਚ ਹੋ ਰਹੀ ਸੀ, ਪਰ ਕਹਿੰਦੇ ਨੇ ਸੰਜੋਗ ਜ਼ੋਰਾਵਰ ਹੁੰਦੇ ਨੇ...ਸਾਡਾ ਵਿਆਹ ਹੋ ਗਿਆ।

ਮੇਰੀ ਇਸ ਘਰਵਾਲੀ ਦਾ ਪਹਿਲਾਂ ਵੀ ਵਿਆਹ ਹੋ ਚੁੱਕਾ ਸੀ। ਘਰਵਾਲਾ ਇਸ ਨੂੰ ਕੈਨੇਡਾ ਤਾਂ ਲੈ ਆਇਆ ਪਰ ਉਹ ਨਿੱਤ ਦਾ ਸ਼ਰਾਬੀ ਬੰਦਾ ਸੀ। ਦੋ ਸਾਲ ਬਾਅਦ ਤਲਾਕ ਹੋ ਗਿਆ। ਬੱਚਾ ਅਜੇ ਕੋਈ ਨਹੀਂ ਸੀ, ਫਿਰ ਦੋ ਸਾਲ ਬਾਅਦ ਇਹ ਇੰਡੀਆ ਗਈ ਤਾਂ ਸਾਡੇ ਘਰ ਦੇ ਹਾਲਾਤ ਦੇਖ ਕੇ, ਤੇ ਮੇਰੇ ਵੱਲ ਦੇਖ ਕੇ ਪਤਾ ਨਹੀਂ ਇਹਦੇ ਮਨ ਕੀ ਮਿਹਰ ਪਈ, ਇਹ ਮੇਰੇ ਨਾਲ ਵਿਆਹ ਕਰਵਾ ਕੇ ਮੈਨੂੰ ਇਥੇ ਲੈ ਆਈ। ਮਾਂ ਨੇ ਵੀ ਬਥੇਰੀ ਖੁਸ਼ੀ ਮਨਾਈ, ਭੈਣਾਂ ਨੇ ਵੀ ਤੇ ਪਿੰਡ ਵਾਲਿਆਂ ਨੇ ਵੀ। ਬਾਈ ਜੀ, ਜਿਵੇਂ ਕਈ ਵਾਰ ਬੰਦਾ ਪਰਮਾਤਮਾ ਵੱਲੋਂ ਦਿੱਤੀਆਂ ਦਾਤਾਂ ਦਾ ਸ਼ੁਕਰਾਨਾ ਨਹੀਂ ਕਰਦਾ, ਸਗੋਂ ਜਿਹੜੀ ਦਾਤ ਨਾ ਮਿਲੀ ਹੋਵੇ, ਉਸ ਵਾਸਤੇ ਪਰਮਾਤਮਾ ਨਾਲ ਗਿਲਾ ਕਰਦਾ ਹੈ; ਪਰ ਮੇਰੇ 'ਤੇ ਦੁੱਖਾਂ ਦੇ ਪਹਾੜ ਡਿੱਗਦੇ ਰਹੇ ਤੇ ਮੇਰੇ ਹੱਥ ਭਾਣੇ ਵਿਚ ਜੁੜਦੇ ਰਹੇ। ਸਾਲ ਬਾਅਦ ਮੇਰੇ ਘਰ ਪੁੱਤਰ ਹੋਇਆ। ਸੋਚਿਆ ਲੋਹੜੀ 'ਤੇ ਪਿੰਡ ਜਾਵਾਂਗੇ। ਸਭ ਨੂੰ ਬੁਲਾ ਕੇ ਇਕੱਠ ਕਰ ਕੇ ਪਰਮਾਤਮਾ ਦਾ ਸ਼ੁਕਰਾਨਾ ਕਰਾਂਗੇ, ਪਰ ਰੱਬ ਤਾਂ ਉਲਟਾ ਮੇਰੇ ਵੱਲ ਨਿਸ਼ਾਨੇ ਲਾਉਣ ਨੂੰ ਤਿਆਰ ਬੈਠਾ ਸੀ। ਗਿਆਨੋ ਤੇ ਉਸ ਦਾ ਪ੍ਰਾਹੁਣਾ, ਸੱਸ ਤੇ ਸਹੁਰਾ-ਚਾਰਾਂ ਜਣਿਆਂ ਦਾ ਐਕਸੀਡੈਂਟ ਹੋ ਗਿਆ ਤੇ ਚਾਰਾਂ ਨੇ ਪਾਣੀ ਵੀ ਨਾ ਮੰਗਿਆ। ਮੈਨੂੰ ਪਤਾ ਲੱਗਿਆ ਤਾਂ ਅਸੀਂ ਗਏ। ਫਿਰ ਪੁੱਤ ਦੀ ਖੁਸ਼ੀ ਕੀ ਮਨਾਉਣੀ ਸੀ? ਸਾਰੇ ਘਰ 'ਚੋਂ ਸਿਰਫ਼ ਮੇਰੀਆਂ ਦੋ ਭਾਣਜੀਆਂ ਬਚੀਆਂ ਜੋ ਉਸ ਦਿਨ ਗੁਆਂਢਣ ਕੋਲ ਸਨ। ਘਰ ਉਜੜ ਚੁਕਾ ਸੀ।

ਮੈਂ ਸਸਕਾਰ 'ਤੇ ਨਹੀਂ ਸੀ ਪਹੁੰਚ ਸਕਿਆ, ਪਰ ਅੰਤਿਮ ਅਰਦਾਸ ਵਿਚ ਹਾਜ਼ਰ ਹੋ ਕੇ ਮਨ ਨੂੰ ਭਾਣਾ ਮੰਨਣ ਲਈ ਕਹਿੰਦਾ ਰਿਹਾ। ਮੈਂ ਅੱਜ ਤੱਕ ਸੋਚਦਾ ਹਾਂ ਕਿ ਮੇਰੇ ਅਤੇ ਮੇਰੀਆਂ ਭੈਣਾਂ ਦੇ ਰੱਬ ਨੇ ਕਿਹੋ ਜਿਹੇ ਲੇਖ ਲਿਖੇ ਸਨ। ਘਰ ਸਾਡਾ ਵੀ ਉਜੜਿਆਂ ਵਰਗਾ ਹੀ ਹੋਇਆ ਪਿਆ ਸੀ। ਦੋਹਾਂ ਭਾਣਜੀਆਂ ਨੂੰ ਘਰ ਲਿਆਂਦਾ। ਜੰਟੇ ਦਾ ਵਿਆਹ ਕਰ ਦਿੱਤਾ। ਮਾਂ ਵੀ ਹੁਣ ਕੁੱਬੀ ਹੋਈ ਪਈ ਸੀ। ਫਿਰ ਰੋਂਦੇ ਹੋਏ ਜਹਾਜ਼ ਚੜ੍ਹ ਆਏ। ਹੁਣ ਪਿੰਡ ਵਾਲੇ ਘਰ ਦਾ ਖਰਚਾ ਵੀ ਇਥੋਂ ਭੇਜਦਾ ਹਾਂ। ਭਾਣਜੀਆਂ ਨੂੰ ਪੜ੍ਹਾ ਰਿਹਾ ਹਾਂ। ਦੁੱਖ ਤਾਂ ਜ਼ਿੰਦਗੀ ਵਿਚ ਬਹੁਤ ਮਿਲੇ, ਪਰ ਪਰਮਾਤਮਾ ਅੱਗੇ ਇਹੀ ਅਰਦਾਸ ਕੀਤੀ ਕਿ ਇਹ ਸਭ ਤੇਰੇ ਹੁਕਮ ਵਿਚ ਹੀ ਹੋ ਰਿਹਾ ਹੈ। ਅਰਦਾਸ ਅਤੇ ਬਾਣੀ ਨਾਲ ਮਨ ਟਿਕਾਉ ਵਿਚ ਰਹਿੰਦਾ ਹੈ। ਹਰ ਸਾਲ ਪਿੰਡ ਜਾ ਆਉਂਦਾ ਹਾਂ। ਪਰਮਾਤਮਾ ਕਿਰਪਾ ਕਰੇ, ਐਤਕੀ ਪੰਜਾਬ ਗਏ ਤਾਂ ਹਜ਼ੂਰ ਸਾਹਿਬ ਤੋਂ ਅੰਮ੍ਰਿਤ ਛਕ ਕੇ ਸਿੰਘ ਸਜ ਜਾਣਾ ਹੈ, ਇਹੀ ਮੇਰੀ ਤਮੰਨਾ ਹੈ...ਪਰਮਾਤਮਾ ਜਲਦੀ ਪੂਰੀ ਕਰ ਦੇਵੇ।

ਪ੍ਰਗਟ ਦੀ ਕਹਾਣੀ ਸੁਣਦਾ ਮੈਂ ਦੋ-ਤਿੰਨ ਵਾਰ ਰੋ ਪਿਆ ਤੇ ਇਹ ਕਹਾਣੀ ਲਿਖਦਾ ਤਾਂ ਕਈ ਵਾਰ ਰੋਇਆ ਹਾਂ। ਪ੍ਰਗਟ ਦੀ ਕਹਾਣੀ ਸੁਣ ਕੇ ਮੈਨੂੰ ਲੱਗਦਾ ਹੈ ਕਿ ਪਰਮਾਤਮਾ ਨੇ ਸਾਡੇ 'ਤੇ ਬਹੁਤ ਕਿਰਪਾ ਰੱਖੀ ਹੋਈ ਹੈ। ਰੱਬ ਰਾਖਾ...।

# ਉਲੰਪਿਕ ਵਿਚ ਕਿੱਸਾ ਕੁਸ਼ਤੀ ਦਾ

**ਖੇਡ-ਸੰਸਾਰ**



ਦਲਬਾਰਾ ਸਿੰਘ ਮਾਂਗਟ
ਫੋਨ:269-267-9621

ਅੱਜ ਕੱਲ੍ਹ ਖੇਡ ਜਗਤ ਵਿਚ 'ਕੁਸ਼ਤੀ ਤੋਂ ਬਿਨਾਂ ਓਲੰਪਿਕ' ਭਖਦੇ ਕੋਲੇ ਵਰਗਾ ਵਿਸ਼ਾ ਬਣਿਆ ਹੋਇਆ ਹੈ। ਕੌਮਾਂਤਰੀ ਉਲੰਪਿਕ ਕਮੇਟੀ (ਆਈ.ਓ.ਸੀ.) ਨੇ ਸੰਨ 2020 ਦੀਆਂ ਖੇਡਾਂ, ਜੋ ਅਜੇ ਤੈਅ ਹੀ ਨਹੀਂ ਹੋਈਆਂ ਕਿ ਕਿਹੜੇ ਸ਼ਹਿਰ ਹੋਣਗੀਆਂ, ਵਿਚੋਂ ਕੁਸ਼ਤੀ ਨੂੰ ਬਾਹਰ ਰੱਖਣ ਲਈ ਮਤਾ ਪਾਸ ਕੀਤਾ ਹੈ। ਇਹ ਖਬਰ ਸੁਣ ਕੇ ਹਰ ਖੇਡ ਪ੍ਰੇਮੀ, ਖਾਸ ਤੌਰ 'ਤੇ ਪਹਿਲਵਾਨਾਂ ਦੇ ਚਿਹਰਿਆਂ ਉਤੇ ਨਿਰਾਸ਼ਾ ਨਜ਼ਰ ਆ ਰਹੀ ਹੈ। ਕੁਸ਼ਤੀ ਪੁਰਾਤਨ ਸਮੇਂ ਤੋਂ ਪ੍ਰਚਲਿਤ ਹੈ ਜਿਸ ਨੂੰ ਰਾਜੇ-ਮਹਾਰਾਜੇ ਵੀ ਪਸੰਦ ਕਰਦੇ ਆਏ ਹਨ ਅਤੇ ਮੰਗੋਲੀਆ ਦੇਸ਼ ਦੀ ਇਹ ਕੌਮੀ ਖੇਡ ਹੈ। ਕੁਸ਼ਤੀ 1896 ਦੀਆਂ ਏਥਨਜ਼ (ਯੂਨਾਨ-ਗਰੀਸ) ਤੋਂ ਸ਼ੁਰੂ ਹੋਈਆਂ ਪਹਿਲੀਆਂ ਉਲੰਪਿਕ ਖੇਡਾਂ ਤੋਂ ਲੈ ਕੇ ਲਗਾਤਾਰ ਚਲਦੀ ਆ ਰਹੀ ਹੈ। ਇਸ ਵਿਚ ਸੱਤ ਮਹਾਂਦੀਪਾਂ ਦੇ ਪਹਿਲਵਾਨ ਵੱਖੋ-ਵੱਖ ਭਾਰ ਅਤੇ ਸਟਾਈਲ ਵਿਚ ਆਪਣੇ ਜੌਹਰ ਦਿਖਾਉਂਦੇ ਹਨ ਅਤੇ ਜਿੱਤਾਂ ਹਾਸਲ ਕਰ ਕੇ ਆਪਣੇ ਦੇਸ਼ ਦਾ ਨਾਂ ਰੋਸ਼ਨ ਕਰਦੇ ਹਨ ਕਿਉਂਕਿ ਇਨਾਮਾਂ ਦੀ ਵੰਡ ਮੌਕੇ ਖਿਡਾਰੀ ਦੇ ਦੇਸ਼ ਦਾ ਝੰਡਾ ਅਤੇ ਕੌਮੀ ਗੀਤ ਬਾਕਾਇਦਾ ਪੇਸ਼ ਕੀਤਾ ਜਾਂਦਾ ਹੈ।

ਪਿਛਲੇ ਸਾਲ ਲੰਡਨ ਵਿਚ ਹੋਈਆਂ ਉਲੰਪਿਕ ਖੇਡਾਂ ਵਿਚ ਭਾਰਤੀ ਪਹਿਲਵਾਨਾਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ, ਬਲਕਿ 2004 ਏਥਨਜ਼ ਉਲੰਪਿਕ ਵਿਚ ਪਹਿਲੀ ਵਾਰ ਮਹਿਲਾ ਵਰਗ ਨੂੰ ਵੀ ਕੁਸ਼ਤੀ ਮੁਕਾਬਲਿਆਂ ਲਈ ਸ਼ਾਮਲ ਕੀਤਾ ਗਿਆ ਅਤੇ ਵਧੀਆ ਨਤੀਜੇ ਵੀ ਦੇਖਣ ਵਿਚ ਆਏ। ਜੇ ਹੁਣ ਇਸ ਖੇਡ ਨੂੰ ਉਲੰਪਿਕ ਵਿਚੋਂ ਕੱਢ ਦਿੱਤਾ ਗਿਆ ਤਾਂ ਇਸ ਦਾ ਆਉਣ ਵਾਲੀ ਖੇਡ-ਪਨੀਰੀ ਉਤੇ ਭੈੜਾ ਅਸਰ ਪਵੇਗਾ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ, ਜਿਥੋਂ ਹਰ ਖੇਡ ਦੀ ਪਿਉਂਦ ਸ਼ੁਰੂ ਹੁੰਦੀ ਹੈ, ਵਿਚ ਕੀ ਇਹ ਖੇਡ ਬੰਦ ਕਰ ਦਿੱਤੀ ਜਾਵੇਗੀ? ਕੀ ਚੰਦਗੀ ਰਾਮ ਅਤੇ ਗੁਰੂ ਹਨੂੰਮਾਨ ਦੇ ਅਖਾੜੇ ਖ਼ਤਮ ਹੋ ਜਾਣਗੇ? ਕੀ ਮੰਨਣਹਾਣੇ ਦੀਆਂ ਕੁਸ਼ਤੀਆਂ ਲੋਪ ਹੋ ਜਾਣਗੀਆਂ? ਕੀ ਪਹਿਲਵਾਨ ਆਪਣਾ 'ਉਲੰਪਿਕ ਸੁਪਨਾ' ਨਹੀਂ ਲੈ ਸਕਣਗੇ? ਲਗਦਾ ਹੈ ਜਿਵੇਂ ਆਈ.ਓ.ਸੀ. ਮੈਂਬਰਾਂ ਦੀ ਸੋਚ ਕਿਲਾ ਰਾਏਪੁਰ ਦੀਆਂ ਖੇਡਾਂ ਵਿਚੋਂ ਬੈਲਗੱਡੀਆਂ ਦੀਆਂ ਦੌੜਾਂ ਬੰਦ ਕਰਵਾਉਣ ਵਰਗੀ ਹੋ ਗਈ ਹੋਵੇ ਅਤੇ ਨੌਬਤ ਕੋਰਟ-ਕਚਹਿਰੀ ਦਾ ਦਰਵਾਜ਼ਾ ਖੜਕਾਉਣ ਤੱਕ ਦੀ ਬਣ ਜਾਵੇ!

ਕੁਸ਼ਤੀ ਇਤਿਹਾਸ ਦੇ ਪੰਨੇ ਫਰੋਲ ਕੇ ਦੇਖੀਏ ਤਾਂ ਪਹਿਲਵਾਨ ਦਾਰਾ ਸਿੰਘ, ਜਿਸ ਦਾ ਸਟਾਈਲ ਭਾਵੇਂ ਵੱਖਰਾ ਸੀ, ਦਾ ਨਾਂ ਹਰ ਇਕ ਦੀ ਜ਼ੁਬਾਨ 'ਤੇ ਉਭਰ ਕੇ ਆਉਂਦਾ ਹੈ ਅਤੇ ਗਾਮੇ ਪਹਿਲਵਾਨ ਦੇ ਬੁੱਤ ਨੂੰ ਅੱਜ ਵੀ ਇੰਗਲੈਂਡ ਦੀਆਂ ਸੜਕਾਂ ਸਲਾਮ ਕਰਦੀਆਂ ਹਨ। ਇਹੋ ਨਹੀਂ, ਪੰਜਾਬ ਦੇ ਖੇਡ ਮਹਿਕਮੇ ਦੇ ਸਾਬਕਾ ਡਾਇਰੈਕਟਰ ਕਰਤਾਰ ਸਿੰਘ ਨੇ ਅਣਗਿਣਤ ਤਮਗੇ ਜਿੱਤ ਕੇ ਕੌਮ ਦਾ ਨਾਂ ਉਚਾ ਕੀਤਾ। ਭਾਰਤੀ ਰਾਜਧਾਨੀ ਵਿਚ 1969 ਦੇ ਵਿਸ਼ਵ ਕੁਸ਼ਤੀ ਮੁਕਾਬਲਿਆਂ ਵਿਚ ਉਤਰ ਪ੍ਰਦੇਸ਼ ਦੇ ਗਰੀਬ ਘਰਾਣੇ ਦੇ ਵਸਨੀਕ ਬਿਸ਼ੰਬਰ ਸਿੰਘ ਨੇ ਇਕੋ ਇਕ ਮੈਡਲ ਜਿੱਤ ਕੇ ਦੇਸ਼ ਦੀ ਇੱਜ਼ਤ ਬਚਾਈ ਸੀ।

ਇਸ ਮੁੱਦੇ 'ਤੇ ਲੇਖਕ ਨੇ ਕੈਲੀਫੋਰਨੀਆ ਰਹਿੰਦੇ ਪੁਰਾਣੇ ਮਿੱਤਰ ਬਾਲ ਭਗਵਤ ਦਾ ਕਹਿਣਾ ਹੈ ਕਿ ਮੇਰੀ ਜ਼ਿੰਦਗੀ ਵਿਚ ਬਹੁਤ ਉਤਰਾਅ-ਚੜ੍ਹਾਅ ਆਏ, ਪਰ ਉਲੰਪਿਕ ਵਿਚੋਂ ਕੁਸ਼ਤੀ ਨੂੰ ਬਾਹਰ ਰੱਖਣ ਦੀ ਖਬਰ ਸੁਣ ਕੇ ਵੱਡੀ ਸੱਟ ਵੱਜੀ ਹੈ। ਬਾਲ ਭਗਵਤ ਨੇ ਪਟਿਆਲਾ ਦੇ ਸਪੋਰਟਸ ਇੰਸਟੀਚਿਊਟ ਵਿਚ ਆਪਣਾ ਕੈਰੀਅਰ ਵਿਦੇਸ਼ੀ ਮਾਹਿਰ ਹਮੇਦੀ ਨਾਲ ਰੈਸਲਿੰਗ ਕੋਚ ਦੇ ਤੌਰ 'ਤੇ ਸ਼ੁਰੂ ਕੀਤਾ ਤੇ 30 ਸਾਲ ਅਨੇਕਾਂ ਪਹਿਲਵਾਨਾਂ ਨੂੰ ਮਿੱਟੀ ਦੇ ਅਖਾੜੇ ਤੋਂ ਲੈ ਕੇ ਗੱਦੇ ਵਾਲੀ ਕੁਸ਼ਤੀ ਦੇ ਨਾਇਕ ਬਣਾਇਆ ਅਤੇ ਦੇਸ਼ ਦੇ ਪਹਿਲੇ 'ਹਾਲ ਆਫ਼ ਫੇਮ', 'ਦਰੋਣਾਚਾਰੀਆ ਐਵਾਰਡੀ ਕੋਚ' ਤੇ 'ਕੌਮਾਂਤਰੀ ਰੈਫਰੀ' ਹੋਣ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਕੁਸ਼ਤੀ ਸ਼ਤਰੰਜ ਵਰਗੀ ਖੇਡ ਨਾਲੋਂ ਕਿਤੇ ਵੱਧ ਅਹਿਮ ਹੈ ਕਿਉਂਕਿ ਸ਼ਤਰੰਜ ਵਿਚ ਤਾਂ ਖੇਡਣ ਵਾਲੇ ਔਜ਼ਾਰ ਮੌਜੂਦ ਹੁੰਦੇ ਹਨ ਪਰ ਕੁਸ਼ਤੀ ਵਿਚ ਸਵੈ-ਭਰੋਸਾ, ਤਾਕਤ, ਹੌਲਾ, ਲਚਕ ਆਦਿ ਜਿੱਤਾਂ-ਹਾਰਾਂ ਦਾ ਫੈਸਲਾ ਕਰਨ ਵਿਚ ਰੋਲ ਅਦਾ ਕਰਦੇ ਹਨ। ਕੋਚ ਭਗਵਤ ਦਾ ਕਹਿਣਾ ਹੈ ਕਿ ਹਰ ਮੁਲਕ ਦੀ ਕੁਸ਼ਤੀ ਸੰਸਥਾ ਦੇ ਨਾਲ-ਨਾਲ ਉਲੰਪਿਕ ਸੰਘ ਨੂੰ ਵੀ ਇਕੱਠਿਆਂ ਹੋ ਕੇ ਢੁੱਕਵੀਂ ਅਤੇ ਜ਼ੋਰਦਾਰ ਅਪੀਲ ਕਰਨੀ ਚਾਹੀਦੀ ਹੈ, ਇਹ ਸਮੇਂ ਦੀ ਲੋੜ ਹੈ ਕਿਉਂਕਿ ਸੰਚਾਰ ਐਸਾ ਹਥਿਆਰ ਹੈ ਜਿਸ ਅੱਗੇ ਵੱਡੇ ਵੱਡਿਆਂ ਨੇ ਹਾਰ ਮੰਨੀ ਹੈ। ਕੁਝ ਦੇਸ਼ਾਂ-ਇਰਾਨ, ਰੂਸ, ਜਰਮਨੀ, ਕੋਰੀਆ ਨੇ ਆਪਣਾ ਰੋਸ ਪ੍ਰਗਟ ਕੀਤਾ ਹੈ ਅਤੇ ਅਮਰੀਕੀ ਕੌਮੀ ਕੋਚ ਨੇ ਸ਼ਿਕਾਇਤ ਦਰਜ ਕਰਾਈ ਹੈ। ਕੁਸ਼ਤੀ ਉਲੰਪਿਕ ਦੇ ਸ਼ੁਰੂ ਤੋਂ ਸੀ ਅਤੇ ਕੱਲ੍ਹ ਵੀ ਰਹਿਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਕੁਸ਼ਤੀ ਨੂੰ ਪਹਿਲਾਂ ਹੀ ਮੀਡੀਆ ਵਿਚ ਪ੍ਰਚਾਰ ਪੱਖੋਂ ਪਛਾੜਿਆ ਗਿਆ ਹੈ ਪਰ ਇਹ ਕਿਸੇ ਨੇ ਕਦੀ ਨਹੀਂ ਸੀ ਸੋਚਿਆ ਕਿ ਕਦੀ ਉਲੰਪਿਕ ਵਿਚ ਵੀ ਇਸ ਨੂੰ ਗ੍ਰਹਿਣ ਲੱਗ ਜਾਵੇਗਾ। ਸਮਾਂ ਕਿਸੇ ਦਾ ਵੀ ਇੰਤਜ਼ਾਰ ਨਹੀਂ ਕਰਦਾ ਪਰ ਕਿਤੇ ਐਸਾ ਨਾ ਹੋ ਜਾਵੇ ਕਿ ਹਾ...ਹਾ, ਹੀ...ਹੀ ਵਿਚ ਹੀ ਵਕਤ ਖ਼ਤਮ ਹੋ ਜਾਵੇ; ਭਾਵ ਕੁਸ਼ਤੀ ਜਗਤ ਨੂੰ ਆਈ.ਓ.ਸੀ. ਦੀ ਪੀਟਰਸਬਰਗ (ਰੂਸ) ਵਿਚ ਹੋਣ ਵਾਲੀ ਬੈਠਕ ਵਿਚ ਧੜੱਲੇਦਾਰ ਅਪੀਲ ਰੱਖਣੀ ਚਾਹੀਦੀ ਹੈ ਜਿਸ ਵਿਚ ਇਹ ਵਿਚਾਰ ਕੀਤੀ ਜਾਵੇ ਕਿ ਕਿਹੜੀ ਖੇਡ-ਬੇਸਬਾਲ, ਸਾਫਟਬਾਲ, ਕਰਾਟੇ, ਸਕੁਐਸ਼, ਰੋਲਰ ਸਪੋਰਟਸ, ਕਲਾਈਬਿੰਗ, ਸਪੋਰਟਸ ਅਤੇ ਵੇਕ ਬੋਰਡਿੰਗ 2020 ਦੀਆਂ ਉਲੰਪਿਕ ਖੇਡਾਂ ਵਿਚ ਸ਼ਾਮਲ ਕਰਨਾ ਹੈ? ਅੰਤਿਮ ਫੈਸਲਾ ਸਤੰਬਰ ਵਿਚ ਅਰਜਨਟਾਈਨਾ ਦੇ ਸ਼ਹਿਰ ਬਿਉਨਸ ਏਅਰਜ਼ ਵਿਚ ਵੋਟਾਂ ਜ਼ਰੀਏ ਕੀਤਾ ਜਾਣਾ ਹੈ।

ਕੌਮਾਂਤਰੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਰੈਫਲ ਮਾਰਟੀਨਜ਼ ਨੇ ਇਸ ਫੈਸਲੇ ਦੇ ਵਿਰੋਧ ਕਰਦਿਆਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਜੇ ਕੁਸ਼ਤੀ ਨੂੰ ਉਲੰਪਿਕ ਵਿਚੋਂ ਬਾਹਰ ਕੱਢ ਦਿੱਤਾ ਗਿਆ ਤਾਂ ਪਹਿਲਵਾਨ ਆਪਣੇ ਆਪ ਨੂੰ ਉਲੰਪਿਕ ਖਿਡਾਰੀ ਕਿਵੇਂ ਸਾਬਤ ਕਰ ਸਕਣਗੇ? ਇਸ ਖੇਡ ਨਾਲ ਜੁੜੇ ਅਨੇਕਾਂ ਕੋਚ, ਰੈਫਰੀ ਅਤੇ ਸਬੰਧਤ ਕਾਮਿਆਂ ਨੂੰ ਆਪਣੇ ਰੁਜ਼ਗਾਰ ਦਾ ਹੀ ਖਤਰਾ ਖੜ੍ਹਾ ਹੋ ਗਿਆ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪਹਿਲਵਾਨ ਦੇ ਖੂਨ ਨੇ ਕਦੇ ਹਾਰ ਹੁੰਦਿਆਂ ਵੀ ਹਾਰ ਨਹੀਂ ਮੰਨੀ, ਬਲਕਿ ਜਿੱਤ ਦੀ ਖਾਤਰ ਉਸ ਦਾ ਖੂਨ ਹਮੇਸ਼ਾ ਉਬਾਲੇ ਖਾਂਦਾ ਰਿਹਾ ਹੈ, ਹੁਣ ਲੋੜ ਕੇਵਲ ਇਕਜੁੱਟ ਹੋ ਕੇ ਤਕੜਾ ਹੰਭਲਾ ਮਾਰਨ ਦੀ ਹੈ ਤਾਂ ਕਿ ਆਈ.ਓ.ਸੀ. ਨੂੰ ਫੈਸਲਾ ਵਾਪਸ ਲੈਣ ਲਈ ਮਜਬੂਰ ਹੋਣਾ ਪਵੇ।

## ਬੁਲਗਾਰੀਆ ਦਾ ਕੋਚ ਭੁੱਖ ਹੜਤਾਲ 'ਤੇ

ਬੁਲਗਾਰੀਆ ਦਾ 38 ਸਾਲਾ ਕੁਸ਼ਤੀ ਕੋਚ ਆਰਮਨ ਨਜ਼ਰਯਾਨ ਜਿਸ ਨੇ ਕੁਸ਼ਤੀ ਨੂੰ ਉਲੰਪਿਕ ਵਿਚੋਂ ਕੱਢਣ ਖਿਲਾਫ ਤਿੰਨ ਮਾਰਚ ਨੂੰ ਆਪਣੀ ਲੰਮੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਉਸ ਨੇ ਐਲਾਨ ਕੀਤਾ ਹੈ ਕਿ ਉਹ ਕੌਮਾਂਤਰੀ ਉਲੰਪਿਕ ਕਮੇਟੀ ਦਾ ਧਿਆਨ ਕੁਸ਼ਤੀ ਵੱਲ ਦਿਵਾਉਣ ਲਈ 22 ਮਾਰਚ ਤੱਕ ਅੰਨ ਮੂੰਹ ਨਹੀਂ ਲਾਵੇਗਾ। ਯਾਦ ਰਹੇ ਕਿ 22 ਮਾਰਚ ਨੂੰ ਤਬਲਿਸੀ (ਜਾਰਜੀਆ) ਵਿਚ ਯੂਰਪੀ ਚੈਂਪੀਅਨਸ਼ਿਪ ਸ਼ੁਰੂ ਹੋ ਰਹੀ ਹੈ।



ਆਰਮਨ ਨਜ਼ਰਯਾਨ

ਨਜ਼ਰਯਾਨ 1996 ਅਤੇ 2000 ਵਿਚ ਦੋ ਵਾਰ ਉਲੰਪਿਕ ਚੈਂਪੀਅਨ ਰਹਿ ਚੁੱਕਾ ਹੈ। ਉਹ ਛੇ ਵਾਰ ਯੂਰਪੀ ਚੈਂਪੀਅਨ (1994, 1995, 1998, 1999, 2002 ਤੇ 2003) ਅਤੇ ਤਿੰਨ ਵਾਰ ਵਿਸ਼ਵ ਚੈਂਪੀਅਨ (2002, 2003 ਤੇ 2005) ਰਿਹਾ ਹੈ। 2007 ਵਿਚ ਕੌਮਾਂਤਰੀ ਕੁਸ਼ਤੀ ਫੈਡਰੇਸ਼ਨ ਨੇ ਉਸ ਨੂੰ 'ਹਾਲ ਆਫ ਫੇਮ' ਦਾ ਮਾਣ ਦਿੱਤਾ। ਬੁਲਗਾਰੀਆ ਦੇ ਕੁਸ਼ਤੀ ਸੰਘ ਦੇ ਮੁਖੀ ਵੈਲੇਨਟਾਈਨ ਯਰਦਾਨੋਵ ਪਹਿਲਾਂ ਹੀ ਆਪਣਾ ਰੋਸ ਪ੍ਰਗਟ ਕਰ ਚੁੱਕੇ ਹਨ। ਉਨ੍ਹਾਂ 1996 ਵਿਚ ਜਿੱਤਿਆ ਆਪਣਾ ਉਲੰਪਿਕ ਸੋਨ ਤਗਮਾ ਕੌਮਾਂਤਰੀ ਉਲੰਪਿਕ ਕਮੇਟੀ ਨੂੰ ਇਸ ਦੇ ਲਾਸੇਨ (ਸਵਿਟਜ਼ਰਲੈਂਡ) ਵਿਖੇ ਸਥਿਤ ਹੈਡਕੁਆਰਟਰ ਜਾ ਕੇ ਮੋੜ ਦਿੱਤਾ ਸੀ। ਬੁਲਗਾਰੀਆ ਦੀ ਕੁੜੀਆਂ ਦੀ ਕੁਸ਼ਤੀ ਦੇ ਕੋਚ ਸੇਰਾਫਮ ਬਰਜ਼ਾਕੋਵ ਨੇ ਵੀ ਐਲਾਨ ਕੀਤਾ ਹੈ ਕਿ ਉਹ ਵੀ ਨਜ਼ਰਯਾਨ ਦੇ ਨਾਲ ਭੁੱਖ ਹੜਤਾਲ 'ਤੇ ਬੈਠੇਗਾ।

# ਪਾਏਦਾਰ ਫਿਲਮਾਂ ਦੀ ਤਲਾਸ਼ 'ਚ ਪ੍ਰਿਅੰਕਾ ਚੋਪੜਾ

ਆਪਣੀ ਆਕਰਸ਼ਕ ਮੁਸਕਰਾਹਟ ਤੇ ਪ੍ਰਭਾਵਸ਼ਾਲੀ ਅਭਿਨੈ ਸ਼ੈਲੀ ਸਦਕਾ ਹਰ ਉਮਰ



ਵਰਗ ਦੇ ਦਰਸ਼ਕਾਂ ਦੀ ਚਹੇਤੀ ਅਭਿਨੇਤਰੀ ਬਣ ਚੁੱਕੀ ਪ੍ਰਿਅੰਕਾ ਚੋਪੜਾ ਭਾਵੇਂ ਇਸ ਸਮੇਂ ਇੰਡਸਟਰੀ ਦੀਆਂ ਮਹਿੰਗੀਆਂ ਤੇ ਚਰਚਿਤ ਹੀਰੋਇਨਾਂ ਵਿਚੋਂ ਇਕ ਹੈ ਪਰ ਇਸ ਦੇ ਬਾਵਜੂਦ ਉਸ ਦਾ ਆਖਣਾ ਹੈ ਕਿ ਆਪਣੇ ਕੈਰੀਅਰ ਦੀ ਸਥਿਤੀ ਨੂੰ ਲੈ ਕੇ ਉਹ ਹਮੇਸ਼ਾ ਫਿਕਰਮੰਦ ਰਹਿੰਦੀ ਹੈ ਤੇ ਇਸ ਨੂੰ ਮਜ਼ਬੂਤ ਰੱਖਣ ਲਈ ਪਾਏਦਾਰ ਫ਼ਿਲਮਾਂ ਦੀ ਭਾਲ ਵਿਚ ਰਹਿੰਦੀ ਹੈ। ਬਹੁਤੇ ਹੋਰਾਂ ਕਲਾਕਾਰਾਂ ਵਾਂਗ ਸਿਆਣਪ ਵਰਤਦੇ ਹੋਏ ਪ੍ਰਿਅੰਕਾ ਵੀ ਐਕਟਿੰਗ ਜ਼ਰੀਏ ਕਮਾਈ ਕਰਨ ਦੇ ਨਾਲ-ਨਾਲ ਨਾਲ ਹੋਰ ਸਾਧਨਾਂ ਰਾਹੀਂ ਵੀ ਮਾਇਆ ਇਕੱਠੀ ਕਰਨ ਵੱਲ ਤਵੱਜੋ ਦੇ ਰਹੀ ਹੈ।

ਇਸ ਸਬੰਧ ਵਿਚ ਉਸ ਦਾ ਕਹਿਣਾ ਹੈ ਕਿ ਨੇੜ-ਭਵਿੱਖ ਵਿਚ ਜਦੋਂ ਉਸ ਕੋਲ ਫ਼ਿਲਮਾਂ ਦਾ ਕੰਮ ਘੱਟ ਹੋਵੇਗਾ ਤਾਂ ਇਹ ਪੈਸਾ ਉਸ ਦੇ ਜੀਵਨ ਨਿਰਬਾਹ ਲਈ ਕੰਮ ਆਵੇਗਾ। ਆਪਣੀਆਂ ਹੋਰ ਨਿਰਮਾਣ ਅਧੀਨ ਫ਼ਿਲਮਾਂ ਤੋਂ ਇਲਾਵਾ ਪ੍ਰਿਅੰਕਾ ਇਨ੍ਹੀਂ ਦਿਨੀਂ ਨਿਰਦੇਸ਼ਕ ਅਪੂਰਵ ਲਖੀਆ ਦੀ ਫ਼ਿਲਮ 'ਜੰਜ਼ੀਰ' ਨਾਲ ਵੀ ਦਰਸ਼ਕਾਂ ਦੇ ਧਿਆਨ ਵਿਚ ਹੈ। ਅਮਿਤਾਭ ਬਚਨ ਦੀ ਮੁੱਖ ਭੂਮਿਕਾ ਵਾਲੀ 'ਜੰਜ਼ੀਰ' ਦੀ ਰਿਮੇਕ ਇਸ ਨਵੀਂ ਫ਼ਿਲਮ ਵਿਚ ਉਸ ਨਾਲ ਅਰਜੁਨ ਰਾਮਪਾਲ ਤੇ ਬਾਲੀਵੁੱਡ ਦੇ ਕਈ ਹੋਰ ਨਾਮਚੀਨ ਸਿਤਾਰੇ ਅਹਿਮ ਕਿਰਦਾਰਾਂ ਵਿਚ ਵਿਖਾਈ ਦੇਣਗੇ।

# ਕੈਟਰੀਨਾ ਕੈਫ ਦੀ ਕਾਮਯਾਬੀ

ਕੈਟਰੀਨਾ ਕੈਫ਼ 2012 ਵਿਚ ਕਾਮਯਾਬ ਰਹੀ ਸੀ। ਵੱਡੀ ਗੱਲ ਇਹ ਸੀ ਕਿ ਦੋ ਵਪਾਰਕ ਦੁਸ਼ਮਣ ਸਲਮਾਨ ਤੇ ਸ਼ਾਹਰੁਖ ਨਾਲ ਉਸ ਨੇ ਫ਼ਿਲਮਾਂ ਕੀਤੀਆਂ ਤੇ ਉਹ ਹਿੱਟ ਰਹੀਆਂ। ਮਤਭੇਦ ਆਮ ਗੱਲ ਹੈ ਪਰ ਕੈਟੀ ਨਹੀਂ ਚਾਹੁੰਦੀ ਕਿ ਨਿੱਜੀ ਪੱਧਰ 'ਤੇ ਵੀ ਦਿਲੋਂ ਇਸ ਨਾਲ ਨਫ਼ਰਤ ਹੋ ਜਾਵੇ। ਆਪਣੇ ਅਨੁਸਾਰ ਚੱਲਣ ਵਾਲੀ ਕੈਟਰੀਨਾ ਸਰੀਰਕ ਸੁੰਦਰਤਾ ਤੇ ਮੁਸਕਰਾਹਟ ਨਾਲ ਹਰ ਕਿਸੇ ਨੂੰ ਖਿੱਚ ਲੈਂਦੀ ਹੈ। ਹੁਣ ਕੈਟਰੀਨਾ ਫ਼ਿਲਮਾਂ ਦੀ ਮਾਰਕੀਟਿੰਗ ਵੀ ਕਰਨਾ ਚਾਹੁੰਦੀ ਹੈ।

ਡਾਂਸ ਦਾ ਅਭਿਆਸ ਉਹ ਰੋਜ਼ ਕਰ ਰਹੀ ਹੈ। ਡਾਂਸ ਕਰਨ ਦੇ ਨਾਲ-ਨਾਲ ਸਰੀਰਕ ਫਿਟਨੈੱਸ ਵੀ ਕਾਇਮ ਰੱਖਦੀ ਹੈ। ਗ਼ਲਤੀਆਂ ਦੇ ਸਬੰਧ ਵਿਚ ਉਹ ਕਹਿ ਰਹੀ ਹੈ ਕਿ ਉਹ ਵੀ ਇਨਸਾਨ ਹਨ, ਗ਼ਲਤੀ ਹੋ ਜਾਂਦੀ ਹੈ। ਅਸਲ ਵਿਚ ਆਪਣੀ ਨਵੀਂ ਫੋਟੋ ਦੇ ਸਬੰਧ ਵਿਚ ਉਹ ਸਪੱਸ਼ਟੀਕਰਨ ਦੇ ਰਹੀ ਹੈ। 'ਬੂਮ' ਵਾਲੀ ਕੈਟੀ ਅੱਜ ਹਰ ਸਟਾਰ ਨਾਲ ਫ਼ਿਲਮਾਂ ਕਰ ਰਹੀ ਹੈ। ਕੈਟ ਇਸ ਸਮੇਂ 'ਪਾਰਟਨਰ-2', 'ਦੋਸਤਾਨਾ-2' ਤੇ 'ਧੂਮ-3' ਤੋਂ ਇਲਾਵਾ 'ਆਸਮਾਨ' ਫ਼ਿਲਮਾਂ ਵੀ ਕਰ ਰਹੀ ਹੈ। ਫ਼ਿਲਮਾਂ ਤੋਂ ਇਲਾਵਾ ਸ਼ੋਅ ਵੀ ਜਾਰੀ ਹਨ।



# ਫਿਲਮੀ ਲਾਇਨ ਅਜੀਤ ਉਰਫ ਹਾਮਿਦ

ਹਿੰਦੀ ਫਿਲਮੀ ਦੁਨੀਆਂ ਵਿਚ ਲਾਇਨ (ਬੱਬਰ ਸ਼ੇਰ) ਦੇ ਫਿਲਮੀ ਨਾਮ ਨਾਲ ਪ੍ਰਸਿੱਧ ਰਹੇ ਖਲਨਾਇਕ ਅਜੀਤ ਦਾ ਅਸਲੀ ਨਾਂ ਹਾਮਿਦ ਅਲੀ ਖਾਂ ਸੀ। ਉਸ ਦੇ ਪਿਤਾ ਬਸ਼ੀਰ ਅਲੀ ਖਾਂ ਹੈਦਰਾਬਾਦ ਰਿਆਸਤ ਦੇ ਨਵਾਬ ਹੈਦਰ ਅਲੀ ਦੇ ਵਜ਼ੀਰ ਸਨ। ਅਜੀਤ ਦਾ ਜਨਮ 27 ਜਨਵਰੀ 1922 ਨੂੰ ਹੈਦਰਾਬਾਦ ਵਿਖੇ ਹੋਇਆ। ਅਜੀਤ ਦੇ ਘਰ ਤਿੰਨ ਬੇਟੇ ਪੈਦਾ ਹੋਏ ਜਿਨ੍ਹਾਂ ਨੂੰ ਉੱਚ ਸਿੱਖਿਆ ਦਿਵਾਈ ਗਈ। ਉਸ ਦੇ ਇਕ ਬੇਟੇ ਸਹਿਜ਼ਾਦ ਅਲੀ ਖਾਂ ਨੇ ਫਿਲਮਾਂ ਦਾ ਰਾਹ ਫੜਿਆ ਪਰ ਉਸ ਨੂੰ ਉਹ ਸਫ਼ਲਤਾ ਨਹੀਂ ਮਿਲੀ ਜੋ ਪਿਤਾ ਅਜੀਤ ਨੂੰ ਮਿਲੀ ਸੀ। ਅਜੀਤ ਦਾ ਕਈ ਫਿਲਮਾਂ ਵਿਚ ਬਤੌਰ ਖਲਨਾਇਕ ਬੋਲਿਆ ਫਿਲਮੀ ਸੰਵਾਦ 'ਡਾਰਲਿੰਗ ਮੋਨਾ, ਨਾਂ ਹੈ ਸੋਨਾ' ਅਤੇ 'ਦੁਨੀਆ ਮੁਝੇ ਲਾਇਨ ਕੇ ਨਾਮ ਸੇ ਜਾਨਤੀ ਹੈ' ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ ਸੀ।

ਅਜੀਤ ਨੇ ਫਿਲਮੀ ਸ਼ੁਰੂਆਤ ਛੋਟੀਆਂ ਫਿਲਮਾਂ ਰਾਹੀਂ ਘੱਟ ਚਰਚਿੱਤ ਹੀਰੋਇਨਾਂ ਨਾਲ ਬਤੌਰ ਹੀਰੋ ਕੀਤੀ ਜੋ ਅਸਫ਼ਲ ਹੀ ਰਹੀਆਂ। ਫਿਰ ਸਾਈਡ ਹੀਰੋ ਤੋਂ ਬਾਅਦ ਜਦੋਂ ਅਜੀਤ ਖਨਨਾਇਕ ਵਜੋਂ ਆਏ ਤਾਂ ਛਾ ਗਏ। ਉਸ ਨੇ ਉਸ ਸਮੇਂ ਦੀ ਤਕਰੀਬਨ ਹਰ ਪ੍ਰਸਿੱਧ ਹੀਰੋਇਨ ਨਾਲ ਯਾਦਗਾਰੀ ਅਤੇ ਖਤਰਨਾਕ ਭੂਮਿਕਾਵਾਂ ਨਿਭਾਈਆਂ। 'ਮੁਗਲ-ਏ-ਆਜ਼ਮ' ਦਾ ਸੈਨਾਪਤੀ ਮਾਨ ਸਿੰਘ ਅਨਾਰਕਲੀ ਨੂੰ ਕੈਦ ਵਿਚੋਂ ਬਚਾ ਕੇ ਸਹਿਜ਼ਾਦੇ ਸਲੀਮ (ਦਲੀਪ ਕੁਮਾਰ) ਕੋਲ ਲੈ ਕੇ ਤਾਂ ਆ ਜਾਂਦਾ ਹੈ ਪਰ ਵਿਰੋਧੀ ਫੌਜ ਤੋਂ ਸਖ਼ਤ



ਜ਼ਖ਼ਮੀ ਹੋਣ ਕਾਰਨ ਪ੍ਰਾਣ ਤਿਆਗ ਕੇ ਵੀ ਦਿੱਤਾ ਵਚਨ ਪੂਰਾ ਕਰਦਾ ਹੈ। ਫਿਲਮ 'ਨਯਾ ਦੌਰ' ਦੇ ਗੀਤ 'ਯੇ ਦੇਸ਼ ਹੈ, ਵੀਰ ਜਵਾਨੋਂ ਕਾ...' ਵਿਚ ਹੀਰੋ ਦਲੀਪ ਕੁਮਾਰ ਤੋਂ ਵੀ ਵਧੀਆ ਭੰਗੜਾ ਪਾ ਕੇ ਅਜੀਤ ਨੇ ਦਰਸ਼ਕਾਂ ਤੋਂ ਤਾੜੀਆਂ ਦੀ ਦਾਦ ਪ੍ਰਾਪਤ ਕੀਤੀ। ਅਜੀਤ ਦੀ ਮੌਤ 76 ਸਾਲ ਦੀ ਉਮਰ ਵਿਚ ਹੈਦਰਾਬਾਦ ਵਿਚ 1998 ਨੂੰ ਦਿਲ ਫੇਲ੍ਹ ਹੋਣ ਕਾਰਨ ਹੋਈ। ਅਜੀਤ ਦੀ ਪਹਿਲੀ ਫਿਲਮ 'ਬੇਕਸੂਰ' (1940) ਸੀ ਜਿਸ ਦੇ ਨਿਰਦੇਸ਼ਕ ਕੇ. ਅਮਰਨਾਥ ਸਨ ਤੇ ਇਸ ਦਾ ਗੀਤ 'ਐ ਹਸੀਨਾ ਐ ਬੇਖਬਰ, ਮੁਝੇ ਤੁਝ ਸੇ ਪਿਆਰ ਹੈ' ਲੋਕਾਂ ਨੇ ਬਹੁਤ ਪਸੰਦ ਕੀਤਾ ਸੀ। ਫ਼ਿਲਮ 'ਬਾਰਾਂਦਰੀ' (1955) ਦਾ ਗੀਤ 'ਜ਼ਮਾਨਾ ਖਰਾਬ ਹੈ, ਭੁਲਾ ਨਹੀਂ ਦੇਨਾ ਜੀ ਭੁਲਾ ਨਹੀਂ ਦੇਨਾ', ਫਿਲਮ 'ਹਲਾਕ' (1956) ਦਾ ਗੀਤ 'ਆ ਜਾ ਕਿ ਇੰਤਜ਼ਾਰ ਹੈ, ਜਾਨੇ ਕੋ ਭੀ ਬਹਾਰ ਹੈ', ਫਿਲਮ 'ਬਾਰਾਤ' (1960) ਦਾ ਗੀਤ 'ਮੁਫ਼ਤ ਹੂਏ ਬਦਨਾਮ ਕਿਸੀ ਸੇ ਦਿਲ ਕੋ ਲਗਾ ਕੇ', ਫਿਲਮ 'ਟਾਵਰ ਹਾਊਸ' (1962) ਵਿਚਲਾ ਗੀਤ 'ਮੈਂ ਖੁਸ਼ਨਸੀਬ ਹੂੰ, ਮੁਝ ਕੋ ਕਿਸੀ ਕਾ ਪਿਆਰ ਮਿਲਾ', ਫਿਲਮ 'ਸ਼ਿਕਾਰੀ' (1963) ਦੇ ਨਿਰਦੇਸ਼ਕ ਮੁਹੰਮਦ ਹੁਸੈਨ ਦੁਆਰਾ ਅਜੀਤ ਉਤੇ ਫਿਲਮਾਇਆ ਗੀਤ 'ਅਗਰ ਮੈਂ ਪੁਛੂੰ ਜਵਾਬ ਦੋਗੇ' ਆਦਿ ਸਾਰੇ ਗੀਤ ਅਜੀਤ ਉਪਰ ਬਤੌਰ ਹੀਰੋ ਫਿਲਮਾਏ ਗਏ।

*-ਜੁਗਰਾਜ ਗਿੱਲ, ਸ਼ਾਰਲਟ*
*ਫ਼ੋਨ: 704-257-6693*





## ਦੋਸਤੀ ਦੀ ਡੋਰ
# ਕਾਏ ਪੋ ਸ਼ੇ




ਗੁਜਰਾਤ ਦਾ ਸ਼ਹਿਰ ਅਹਿਮਦਾਬਾਦ...ਫਿਲਮਸਾਜ਼ ਅਭਿਸ਼ੇਕ ਕਪੂਰ ਦੀ ਫਿਲਮ 'ਕਾਏ ਪੋ ਸ਼ੇ' ਇਸ ਸ਼ਹਿਰ ਵਿਚ ਹੋਏ ਫਿਰਕੂ ਦੰਗਿਆਂ ਦੀ ਸਿਆਸਤ ਆਲੇ-ਦੁਆਲੇ ਘੁੰਮਦੀ ਹੈ। ਫਿਲਮ 'ਚ ਜਿੱਥੇ ਗੁਜਰਾਤ ਦੰਗੇ, ਸਾਬਰਮਤੀ ਐਕਸਪ੍ਰੈਸ ਕਾਂਡ ਵਰਗੇ ਬੇਹੱਦ ਨਾਜ਼ੁਕ ਮੁੱਦਿਆਂ ਨੂੰ ਛੂਹਿਆ ਗਿਆ ਹੈ, ਉਥੇ ਇਸ ਫਿਲਮ ਦੇ ਤਿੰਨ ਲੀਡ ਨੌਜਵਾਨ ਕਿਰਦਾਰ ਅਜੋਕੇ ਭਾਰਤ ਦੇ ਤਿੰਨ ਚਿਹਰਿਆਂ ਦੀ ਨੁਮਾਇੰਦਗੀ ਕਰਦੇ ਨੇ...ਗੋਵਿੰਦ ਪੈਸਾ-ਪਸੰਦ, ਓਮਕਾਰ ਸ਼ਾਸਤਰੀ ਸਿਆਸੀ ਵਿਚਾਰ ਰੱਖਣ ਵਾਲਾ ਅਤੇ ਇਸ਼ਾਨ ਬੇਹੱਦ ਭਾਵੁਕ ਨੌਜਵਾਨ ਹੈ। ਉਂਜ, ਵਿਚਾਰਾਂ ਦੇ ਵਖਰੇਵਿਆਂ ਦੇ ਬਾਵਜੂਦ ਕਈ ਗੱਲਾਂ ਨੇ ਜੋ ਇਨ੍ਹਾਂ ਤਿੰਨਾਂ ਨੌਜਵਾਨਾਂ ਨੂੰ ਦੋਸਤੀ ਦੀ ਡੋਰ ਨਾਲ ਬੰਨ੍ਹੀ ਰੱਖਦੀਆਂ ਨੇ। ਤਿੰਨੇ ਹੀ ਪੜ੍ਹੇ-ਲਿਖੇ ਤੇ ਬੇਰੁਜ਼ਗਾਰ ਨੇ...ਪਰ ਸੁਪਨੇ ਕੁੱਝ ਵੱਖਰਾ ਅਤੇ ਕੁੱਝ ਵੱਡਾ ਕਰਨ ਦੇ ਰੱਖਦੇ ਨੇ। ਭਾਰਤ ਦੇ ਮੱਧਵਰਗੀ ਪਰਿਵਾਰਾਂ ਦੇ ਸੰਘਰਸ਼ ਵਿਚ ਇਹ ਨੌਜਵਾਨ ਆਪਣੀ ਪਛਾਣ ਬਣਾਉਣ ਲਈ ਅਹੁਲਦੇ ਨੇ ਅਤੇ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਦਾ ਉਨ੍ਹਾਂ ਦਾ ਸਫ਼ਰ ਮੁਸੀਬਤਾਂ ਭਰਿਆ ਹੈ। ਅੱਖਾਂ ਵਿਚ ਸੁਪਨੇ ਸਜਾਈ ਬੈਠੇ ਨੌਜਵਾਨਾਂ ਨੂੰ ਕਿਸ ਤਰ੍ਹਾਂ ਸਿਆਸਤਦਾਨ ਆਪਣੇ ਫਿਰਕੂ ਮਕਸਦਾਂ ਲਈ ਵਰਤਦੇ ਨੇ, ਇਹ ਫਿਲਮ ਵਿਚ ਬੜੇ ਹੀ ਸ਼ਾਨਦਾਰ ਤਰੀਕੇ ਨਾਲ ਦਿਖਾਇਆ ਗਿਆ ਹੈ। ਗੁਜਰਾਤ ਦੇ ਫਿਰਕੂ ਦੰਗਿਆਂ ਸਮੇਂ ਸਿਆਸੀ ਪਾਰਟੀਆਂ ਨੇ ਲੋਕਾਂ, ਖਾਸ ਕਰ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਦੇ ਜਜ਼ਬਾਤ ਨਾਲ ਖਿਲਵਾੜ ਹੋਇਆ; ਪਰ ਫਿਲਮ ਦੇ ਕਲਾਕਾਰ ਸਭ ਤੋਂ ਵੱਡੇ ਧਰਮ, ਭਾਵ ਇਨਸਾਨੀਅਤ ਅਤੇ ਆਪਣੀ ਦੋਸਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਨੇ। ਫਿਲਮ ਵਿਚ ਕਿਸੇ ਸਿਆਸੀ ਪਾਰਟੀ ਦਾ ਨਾਂ ਲਏ ਬਗੈਰ ਸਭ ਕੁਝ ਪੇਸ਼ ਕੀਤਾ ਗਿਆ ਹੈ। ਫਿਲਮ ਦੇ ਤਿੰਨੇ ਮੁੱਖ ਕਲਾਕਾਰਾਂ ਨੇ ਵੀ ਆਪਣਾ ਕਿਰਦਾਰ ਜਨੂੰਨ ਅਤੇ ਜਜ਼ਬੇ ਨਾਲ ਨਿਭਾਏ ਹਨ। ਇਹ ਤਿੰਨੇ ਕਲਾਕਾਰ ਭਾਵੇਂ ਫਿਲਮ ਇੰਡਸਟਰੀ 'ਚ ਨਵੇਂ ਹਨ, ਪਰ ਇਨ੍ਹਾਂ ਨੇ ਫਿਲਮ ਵਿਚ ਆਪੋ-ਆਪਣੀ ਅਦਾਕਾਰੀ ਦੀ ਛਾਪ ਛੱਡੀ ਹੈ। ਲਗਦਾ ਹੈ ਜਿਵੇਂ ਇਹ ਕਲਾਕਾਰ ਨਹੀਂ, ਬਲਿਕ ਲੰਮੇ ਸਮੇਂ ਤੋਂ ਇਹੋ ਜ਼ਿੰਦਗੀ ਜੀਅ ਰਹੇ ਹੋਣ। ਇੰਨੀ ਜਾਨ ਹੈ ਫਿਲਮ ਦੇ ਇਨ੍ਹਾਂ ਕਿਰਦਾਰਾਂ ਵਿਚ। 'ਕਾਏ ਪੋ ਸ਼ੇ' ਫਿਲਮ ਚੇਤਨ ਭਗਤ ਦੇ ਨਾਵਲ 'ਦ ਥ੍ਰੀ ਮਿਸਟੇਕਸ ਆਫ ਮਾਈ ਲਾਈਫ' ਉਤੇ ਆਧਾਰਤ ਹੈ। ਚੇਤਨ ਨੇ ਆਪਣੇ ਇਸ ਨਾਵਲ ਵਿਚ ਜਿੰਨੀ ਖੂਬਸੂਰਤੀ ਨਾਲ ਕਿਰਦਾਰ ਅਤੇ ਘਟਨਾਵਾਂ ਪੇਸ਼ ਕੀਤੀਆਂ ਹਨ, ਉਨੀ ਹੀ ਖੂਬਸੂਰਤੀ ਨਾਲ ਇਹ ਫਿਲਮ ਅਭਿਸ਼ੇਕ ਕਪੂਰ ਨੇ ਬਣਾਈ ਹੈ। ਫਿਲਮ ਦੇ ਕਲਾਕਾਰ ਨਵੇਂ ਹਨ, ਕਹਾਣੀ ਨਵੀਂ ਹੈ, ਦੋਸਤੀ 'ਤੇ ਬਣੀਆਂ ਹੁਣ ਤੱਕ ਦੀਆਂ ਬਾਲੀਵੁੱਡ ਦੀਆਂ ਸਭ ਫਿਲਮਾਂ ਨਾਲੋਂ 'ਕਾਏ ਪੋ ਸ਼ੇ' ਦੋਸਤੀ ਉਤੇ ਤਾਜ਼ਾ ਰੋਸ਼ਨੀ ਪਾਉਂਦੀ ਹੈ। ਬਿਨਾਂ ਕਿਸੇ ਖੱਬੀਖਾਨ ਸਟਾਰ ਦੇ, ਬਿਨਾਂ ਕਿਸੇ ਆਇਟਮ ਸੌਂਗ ਦੇ, ਬਿਨਾਂ ਵੱਡੇ ਤੇ ਨਕਲੀ ਸੈਟ ਦੇ...ਫਿਲਮ ਤੁਹਾਨੂੰ ਆਪਣੇ ਨਾਲ ਲੈ ਤੁਰਦੀ ਹੈ। ਕਿਤੇ ਕੁਝ ਨਕਲੀ ਨਹੀਂ, ਸਭ ਕੁਝ ਅਸਲੀ...ਜਿਵੇਂ ਤੁਸੀਂ ਆਪ ਇਸ ਫਿਲਮ ਦਾ ਹਿੱਸਾ ਹੋਵੋ। ਇਹ ਫਿਲਮ ਦਰਸ਼ਕਾਂ ਨੂੰ ਟਿਕਟ ਖਿੜਕੀ ਤੱਕ ਖਿੱਚਣ ਵਿਚ ਕਾਮਯਾਬ ਰਹੀ ਹੈ, ਪੈਸੇ ਪੱਖੋਂ ਕਮਾਈ ਵੀ ਚੋਖੀ ਕਰ ਰਹੀ ਹੈ। ਇਸ ਨੂੰ 2013 ਦੀ ਪਹਿਲੀ ਸੁਪਰਹਿੱਟ ਫਿਲਮ ਕਿਹਾ ਜਾ ਸਕਦਾ ਹੈ। ਇਹ ਫਿਲਮ ਉਨ੍ਹਾਂ ਫਿਲਮਕਾਰਾਂ ਲਈ ਵੱਡਾ ਸੰਕੇਤ ਹੈ ਜੋ ਇਸ ਤਰ੍ਹਾਂ ਦੀਆਂ ਫਿਲਮਾਂ ਸਿਰਫ ਇਸ ਲਈ ਨਹੀਂ ਬਣਾਉਂਦੇ ਕਿਅਜਿਹੀ ਫਿਲਮਾਂ ਟਿਕਟ ਖਿੜਕੀ 'ਤੇ ਬਿਜ਼ਨਸ ਨਹੀਂ ਕਰਦੀਆਂ। 'ਕਾਏ ਪੋ ਸ਼ੇ' ਨੇ ਇਹ ਸਾਬਿਤ ਕਰ ਦਿਤਾ ਕਿ ਜੇ ਵਿਸ਼ਾ ਤੇ ਕਹਾਣੀ ਵਧੀਆ ਹੋਵੇ ਤਾਂ ਇਹ ਫਰਕ ਨਹੀਂ ਪੈਂਦਾ ਕਿ ਫਿਲਮ 'ਚ ਕੋਈ ਸਟਾਰ ਹੈ ਜਾਂ ਕੋਈ ਨਵਾਂ ਕਲਾਕਾਰ।

*-ਨਿਰਮਲਪ੍ਰੀਤ ਕੌਰ, ਫੋਨ:91-98919-90088*



ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ ਮੌਕੇ
ਪੰਜਾਬ ਟਾਈਮਜ਼ ਨਾਈਟ-2013
ਗੀਤ ਸੰਗੀਤ ਭਰੀ ਇਕ ਸ਼ਾਮ
6 ਅਪਰੈਲ 2013
(ਸਨਿਚਰਵਾਰ ਸ਼ਾਮ 6:30 ਵਜੇ)
ਇੰਡੀਆ ਹਾਊਸ, ਸ਼ਾਮਬਰਗ
1521 W. Schaumburg Rd., Schaumburg, IL 60194, Ph:847-895-5501
ਗਾਇਕ ਜਤਿੰਦਰ ਜਰਗੀਆ
ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ
ਸਵਰਨਜੀਤ ਸਿੰਘ ਢਿਲੋਂ
ਪ੍ਰੋ ਜੋਗਿੰਦਰ ਸਿੰਘ ਰਮਦੇਵ
ਅਮੋਲਕ ਸਿੰਘ ਗਾਖਲ
ਡਾ. ਨਵਦੀਪ ਕੌਰ ਸੰਧੂ
ਬਲਵਿੰਦਰ ਕੌਰ (ਨਿੱਕੀ) ਸੇਖੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਦਿਆਲ ਸਿੰਘ ਦਿਓਲ
ਹਰਜੀਤ ਸਿੰਘ ਸਾਹੀ
ਬਲਵਿੰਦਰ ਸਿੰਘ ਸੰਧੂ
ਸਰਵਣ ਸਿੰਘ ਟਿਵਾਣਾ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਜੈਦੇਵ ਸਿੰਘ ਭੱਠਲ
ਜੱਸੀ ਗਿੱਲ
ਦਰਸ਼ਨ ਸਿੰਘ ਗਰੇਵਾਲ
ਡਾ. ਹਰਗੁਰਮੁਖਪਾਲ ਸਿੰਘ
ਮਨਦੀਪ ਸਿੰਘ ਭੂਰਾ
ਜਗਦੀਸ਼ਰ ਸਿੰਘ ਕਲੇਰ
ਹੈਪੀ ਹੀਰ
ਗੁਰਿੰਦਰ ਸਿੰਘ ਗਿੱਲ
ਸਰਬਜੀਤ ਥਿਆੜਾ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਾਡੇ ਕਾਲਮਨਵੀਸ ਅਤੇ ਲੇਖਕ
ਤਰਲੋਚਨ ਸਿੰਘ, ਅਸ਼ੋਕ ਭੌਰਾ, ਡਾ. ਗੁਰਨਾਮ ਕੌਰ, ਸੁਰਜੀਤ ਕੌਰ, ਬਲਜੀਤ ਬਾਸੀ, ਜਤਿੰਦਰ ਪਨੂੰ, ਕੁਲਵੰਤ ਸਿੰਘ ਰੋਮਾਣਾ, ਮੇਜਰ ਕੁਲਾਰ, ਇਕਬਾਲ ਜੱਬੋਵਾਲ, ਸਵਰਨ ਟਹਿਣਾ, ਨਿੰਮਾ ਡੱਲੇਵਾਲਾ, ਬੌਬ ਖਹਿਰਾ, ਚਰਨਜੀਤ ਪੰਨੂ, ਜਸਵੰਤ ਸ਼ਾਦ
ਪੰਜਾਬ ਟਾਈਮਜ਼ ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
ਹੋਰ ਜਾਣਕਾਰੀ ਲਈ 847-359-0746 e-mail: punjabtimes1@sbcglobal.net, website: www.punjabtimesusa.com


WATCH A NEW MOVIE EVERYDAY
1000+ SOUTH ASIAN MOVIES ON DEMAND FOR FREE
SUBSCRIBE TO THE PUNJABI PACK FOR $24.99/MO
AND GET MOVIES ON DEMAND FREE FOR A YEAR
BIG MAGIC INTERNATIONAL + BIGFLIX
PTC PUNJABI
jus punjabi
GET ਪੰਜਾਬੀ
gPunjab
MHONE
JUS one
CHANNEL SELECTION WILL VARY BY PACKAGE
PACKAGES STARTING FROM $24.99/MO
1.888.242.2276
Facebook.com/DishPunjabiTV
www.DishSouthAsianTV.com/MOD
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Offer valid with activation of new DISH residential service with a qualifying South Asian package ($19.99/mo or higher) between 2/01/13 and 04/30/13. You must separately sign up for Big Magic by calling 1.888.723.0197, and visit www.dish.com/southasianmod by 5/15/13 to redeem offer; your account will be credited on or about 7/01/13. You must maintain qualifying South Asian package for the duration. After promotional period Big Magic add-on package will continue at then-current price unless you call or go online to downgrade. May not be combined with other special offers. Depending on qualifying plan, one or more of the following will apply – activation fee (minimum $79), Social Security Number, credit approval, 24-month Agreement, early cancellation fee. Upgrade fees will apply for select receivers based on model. Monthly fees for receivers may apply. Some plans require all payments to be made in advance, including monthly programming, pay-per-view (prior to event), equipment upgrades and other one-time charges. New and qualifying former customers only. Offer is subject to the terms of the Promotional and Residential Customer Agreements. All prices, packages, programming, features, functionality and offers subject to change without notice. ©2013, DISH Network L.L.C. All rights reserved.